ਹੱਕ, ਸੱਚ, ਇਨਸਾਫ਼ ਅਤੇ ਮਨੁੱਖਤਾ ਲਈ ਲੜ ਰਹੇ ਲੋਕ ਕਿਤੇ ਵੀ ਹੋਣ ਉਹ ਸਾਡੇ ਲੋਕ ਹਨ

# ਸਾਡੇ ਲੋਕ

SADE LOK

sadelok.com

3-9 ਦਸੰਬਰ 2025

ਸਾਲ 16ਵਾਂ - ਅੰਕ 49

email : info@sadelok.com

Ph. : 510-706-1300

Fax : 925-373-1300

## ਇੰਡੋਨੇਸ਼ੀਆ 'ਚ ਕੁਦਰਤੀ ਕਹਿਰ

## ਹੜ੍ਹ ਅਤੇ ਜ਼ਮੀਨ ਖਿਸਕਣ ਕਾਰਨ 1300 ਤੋਂ ਵੱਧ ਮੌਤਾਂ, ਸੈਂਕੜੇ ਲਾਪਤਾ



(ਫੋਟੋ : ਧੰਨਵਾਦ ਸਹਿਤ ਸੋਸ਼ਲ ਮੀਡੀਆ)

(ਦੇਖੋ ਸ਼ਫਾ 30 'ਤੇ)

## ਜਲੰਧਰ ਦੇ ਸਵਰਨਜੀਤ ਸਿੰਘ ਖਾਲਸਾ ਬਣੇ ਨੌਰਵਿਚ ਦੇ ਪਹਿਲੇ ਸਿੱਖ ਮੇਅਰ, ਚੁੱਕੀ ਸਹੁੰ



ਜਲੰਧਰ ਦੇ ਰਹਿਣ ਵਾਲੇ ਸਵਰਨਜੀਤ ਸਿੰਘ ਖਾਲਸਾ ਨੌਰਵਿਚ ਸ਼ਹਿਰ ਦੇ ਪਹਿਲੇ ਸਿੱਖ ਮੇਅਰ ਬਣ ਗਏ ਹਨ।

(ਦੇਖੋ ਸਫ਼ਾ 32 'ਤੇ)

## ਕਿਸੇ ਹੈਵਾਨ ਵਲੋਂ ਬੱਚੇ ਦੀ ਜਨਮ ਦਿਨ ਪਾਰਟੀ 'ਤੇ ਗੋਲੀਬਾਰੀ

### 3 ਬੱਚਿਆਂ ਸਮੇਤ 4 ਦੀ ਮੌਤ, ਕਈ ਜ਼ਖਮੀ; ਕਾਤਲ ਅਜੇ ਤੱਕ ਪੁਲਿਸ ਦੀ ਗ੍ਰਿਫਤ ਤੋਂ ਬਾਹਰ

### ਸੈਨ ਜੋਕਿਨ ਕਾਉਂਟੀ ਵਿੱਚ 'ਕੈਂਡਲਲਾਈਟ ਵਿਜਿਲ': ਬੱਚਿਆਂ ਦੇ ਕਤਲੇਆਮ ਕਾਰਨ ਛਾਇਆ ਗਹਿਰਾ ਸੋਗ

ਸਟਾਕਟਨ (ਕੈਲੀਫੋਰਨੀਆ): ਸੈਨ ਜੋਕਿਨ ਕਾਉਂਟੀ ਦੇ ਡਿਸਟ੍ਰਿਕਟ ਅਟਾਰਨੀ ਰੌਨ ਫਰੀਟਾਸ (Ron Freitas), ਵਿਕਟਿਮ ਵਿਟਨੈੱਸ ਯੂਨਿਟ ਅਤੇ 'ਵਿਕਟਿਮਜ਼ ਆਫ਼ ਵਾਇਲੈਂਟ ਕ੍ਰਾਈਮ' ਸੰਸਥਾ ਵੱਲੋਂ ਬੀਤੀ ਰਾਤ ਇੱਕ ਸਾਲਾਨਾ 'ਕੈਂਡਲਲਾਈਟ ਵਿਜਿਲ' (ਮੋਮਬੱਤੀ ਮਾਰਚ) ਦਾ ਆਯੋਜਨ ਕੀਤਾ ਗਿਆ। ਹਰ ਸਾਲ ਹੋਣ ਵਾਲੇ ਇਸ ਸਮਾਗਮ ਵਿੱਚ ਇਸ ਵਾਰ ਮਾਹੌਲ ਬੇਹੱਦ ਗਮਗੀਨ ਸੀ, ਕਿਉਂਕਿ ਪਿਛਲੇ ਹਫ਼ਤੇ ਇੱਕ ਜਨਮ ਦਿਨ ਪਾਰਟੀ ਦੌਰਾਨ ਹੋਈ ਗੋਲੀਬਾਰੀ ਵਿੱਚ ਮਾਸੂਮ ਬੱਚਿਆਂ ਦੀ ਜਾਨ ਚਲੀ ਗਈ ਸੀ।



(ਫੋਟੋਆਂ : ਧੰਨਵਾਦ ਸਹਿਤ ਸੋਸ਼ਲ ਮੀਡੀਆ)

- ਸੋਗਮਈ ਮਾਹੌਲ: ਇਹ ਸਮਾਗਮ ਹਿੰਸਕ ਅਪਰਾਧਾਂ ਦੇ ਪੀੜਤਾਂ ਨੂੰ ਯਾਦ ਕਰਨ ਲਈ ਰੱਖਿਆ ਜਾਂਦਾ ਹੈ, ਪਰ ਇਸ ਵਾਰ ਪਿਛਲੇ ਹਫ਼ਤੇ ਹੋਏ ਕਤਲੇਆਮ ਨੇ ਸਭ ਨੂੰ ਝੰਜੋੜ ਕੇ ਰੱਖ ਦਿੱਤਾ।
- ਪਿਛੋਕੜ: ਪਿਛਲੇ ਹਫ਼ਤੇ ਸਟਾਕਟਨ ਵਿੱਚ ਇੱਕ ਜਨਮ ਦਿਨ ਦੀ ਪਾਰਟੀ ਦੌਰਾਨ ਹੋਈ ਅੰਨ੍ਹੇਵਾਹ ਫਾਇਰਿੰਗ ਵਿੱਚ ਨਿਹੱਥੇ ਅਤੇ ਮਾਸੂਮ ਬੱਚੇ ਮਾਰੇ ਗਏ ਸਨ। ਇਸ ਘਟਨਾ ਨੇ ਪੂਰੇ ਭਾਈਚਾਰੇ ਵਿੱਚ ਡਰ ਅਤੇ ਸੋਗ ਦੀ ਲਹਿਰ ਦੌੜਾ ਦਿੱਤੀ ਹੈ।

(ਦੇਖੋ ਸਫ਼ਾ 27 'ਤੇ)

## ਕੈਨੇਡਾ ਦੇ ਕਿਊਬਿਕ ਸੂਬੇ 'ਚ ਧਾਰਮਿਕ ਚਿੰਨ੍ਹ ਵਰਤਣ ਉੱਤੇ ਲਾਈ ਪਾਬੰਦੀ

### ਸਿੱਖ ਵੀ ਨਹੀਂ ਸਜਾ ਸਕਣਗੇ ਕਕਾਰ ਤੇ ਦਸਤਾਰ

ਕਿਊਬੈਕ ਸਿਟੀ : ਕੈਨੇਡਾ ਦੇ ਕਿਊਬੈਕ ਸੂਬੇ ਵਿਚ ਹੁਣ ਦਸਤਾਰਧਾਰੀ ਵਿਦਿਆਰਥੀ ਨਜ਼ਰ ਨਹੀਂ ਆਉਣਗੇ ਅਤੇ ਸਿੱਖਾਂ ਵਾਸਤੇ ਵੱਡਾ ਧਾਰਮਿਕ ਸੰਕਟ ਪੈਦਾ ਹੋ ਗਿਆ ਹੈ। ਜੀ ਹਾਂ,




ਸੂਬਾ ਸਰਕਾਰ ਵੱਲੋਂ ਸਿੱਖਾਂ ਅਤੇ ਮੁਸਲਮਾਨਾਂ ਦੀ ਧਾਰਮਿਕ ਆਜ਼ਾਦੀ ਪੂਰੀ ਤਰ੍ਹਾਂ ਖ਼ਤਮ ਕਰਨ ਦੇ ਮਕਸਦ ਤਹਿਤ ਯੂਨੀਵਰਸਿਟੀਆਂ ਸਣੇ ਹੋਰਨਾਂ ਸਰਕਾਰੀ ਵਿਦਿਅਕ ਸੰਸਥਾਵਾਂ ਵਿਚ ਧਾਰਮਿਕ ਪਛਾਣ ਵਾਲੇ ਚਿੰਨ੍ਹ ਧਾਰਨ ਕਰਨ 'ਤੇ ਪਾਬੰਦੀ ਲਾਗੂ ਕੀਤੀ ਜਾ ਰਹੀ ਹੈ। ਇਥੋਂ ਤੱਕ ਕਿ ਮੁਸਲਮਾਨ ਵਿਦਿਆਰਥੀ ਯੂਨੀਵਰਸਿਟੀ ਕੰਪਲੈਕਸ ਵਿਚ ਨਮਾਜ਼ ਅਦਾ ਵੀ ਨਹੀਂ ਕਰ ਸਕਣਗੇ। ਕਿਊਬੈਕ ਸਿਟੀ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਧਰਮ ਨਿਰਪੱਖਤਾ ਮਾਮਲਿਆਂ ਬਾਰੇ ਮੰਤਰੀ ਸ਼ੌਨ ਫਰਾਂਸਵਾ ਰੌਬਰਜ ਨੇ ਕਿਹਾ ਕਿ 2019 ਵਿਚ ਬਿਲ 21 ਪਾਸ ਹੋਣ ਮਗਰੋਂ ਕਈ ਹੋਰ ਸੁਧਾਰਾਂ ਦੀ ਜ਼ਰੂਰਤ ਮਹਿਸੂਸ ਕੀਤੀ ਜਾ ਰਹੀ ਸੀ ਜਿਨ੍ਹਾਂ

(ਦੇਖੋ ਸਫ਼ਾ 15 'ਤੇ)

## ਸੈਨੇਟਰ ਬਰਨੀ ਮੋਰੇਨੋ ਵਲੋਂ ਅਮਰੀਕਾ 'ਚ ਦੋਹਰੀ ਨਾਗਰਿਕਤਾ ਖਤਮ ਕਰਨ ਲਈ ਬਿੱਲ ਪੇਸ਼



ਓਹਾਇਓ : ਓਹਾਇਓ ਦੇ ਰਿਪਬਲੀਕਨ ਸੈਨੇਟਰ ਬਰਨੀ ਮੋਰੇਨੋ ਨੇ ਅਮਰੀਕੀਆਂ ਲਈ ਦੋਹਰੀ ਨਾਗਰਿਕਤਾਂ ਨੂੰ ਖਤਮ ਕਰਨ ਲਈ ਇਕ ਬਿੱਲ ਪੇਸ਼ ਕੀਤਾ ਹੈ। ਬਿੱਲ ਅਨੁਸਾਰ "2025 ਦਾ ਵਿਸ਼ੇਸ਼ ਨਾਗਰਿਕਤਾ ਐਕਟ" ਇਹ ਸਥਾਪਿਤ ਕਰੇਗਾ ਕਿ ਹੁਣ ਜੇ ਕਿਸੇ ਕੋਲ ਅਮਰੀਕਾ ਦੀ

(ਦੇਖੋ ਸਫ਼ਾ 5 'ਤੇ)

## ਬਦਲ ਰਹੇ ਅਮਰੀਕਾ ਦੀ ਇੱਕ ਝਲਕ

## ਟਰੰਪ ਨੇ ਸੋਮਾਲੀ ਲੋਕਾਂ ਨੂੰ ਕਿਹਾ 'ਕੂੜਾ ਬਦਬੂਦਾਰ', ਸਾਨੂੰ ਅਮਰੀਕਾ 'ਚ ਇਨ੍ਹਾਂ ਦੀ ਕੋਈ ਲੋੜ ਨਹੀਂ



### ਉਪ ਰਾਸ਼ਟਰਪਤੀ ਵੈਂਸ ਨੇ ਮੇਜ਼ ਥਪਥਪਾ ਕੇ ਕੀਤੀ ਹਮਾਇਤ

ਵਾਸ਼ਿੰਗਟਨ: ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇੱਕ ਵਾਰ ਫਿਰ ਇਮੀਗ੍ਰੇਸ਼ਨ ਦੇ ਮੁੱਦੇ 'ਤੇ ਵਿਵਾਦਿਤ ਬਿਆਨ ਦਿੱਤਾ ਹੈ। ਵ੍ਹਾਈਟ ਹਾਊਸ ਵਿੱਚ ਹੋਈ ਇੱਕ ਕੈਬਨਿਟ ਮੀਟਿੰਗ ਦੌਰਾਨ, ਟਰੰਪ ਨੇ ਸੋਮਾਲੀ ਪ੍ਰਵਾਸੀਆਂ 'ਤੇ ਤਿੱਖਾ

(ਦੇਖੋ ਸਫ਼ਾ 32 'ਤੇ)

Bhatia & Co, Inc
Bhatia & Co, Inc Certified Public Accountants
Certified Public Accountants
AICPA
Our Services :
Business Tax (C crop/S corp/LLC etc)
Individual Tax
Estate Tax
Internation Tax (FBAR/FATCA/5471/5472 etc)
Non-Profit entities (Formation,IRS,FTB&DOJ approval)
Accounting & Payroll
Sales & Other Taxes
Financial Audit & Review
Tax Audit & Representation (IRS/FTB/BOE etc)
Collection, Lien & Back Taxes
Offer in Compromise
Santa Clara-Pleasanton-Merced
(844) 4USTAX (209)-354-8696
info@bhatiaco.com,www.bhatiaco.com

Bhatia Law Associates
Attorney at Law
Immigration and Business Services
IMMIGRATION
Immigrant Visas (Green Card)
Green Card : Employment based/PERM/NIW
Green Card : Family based
Green Card through refugee or asylee
Green Card : Investor & other categories
PERM
Nonimmigrant Visas
Fiancee visas
H1/L1/H4/L2/NAFTA TN/E2/E3
Student Visa
B-1/B-2 Visitor Visas and
Other Categories of nonimmigrant visas
Other Immigrantion Services
Citizenship
e-Verify, 1-9 and
Other Compliance
Other service -B-1/B-2 Visitor Visasextension and other Services
Santa Clara-Pleasanton-Merced
(844) 4USATAX (209)-354-8696
info@bhatiaco.com,www.Smoothimmigration.com

Jaspreet Singh
Attorney at law
ਅਮਰੀਕਾ 'ਚ ਕਾਨੂੰਨੀ ਸਹਾਇਤਾ ਲਈ ਭਰੋਸੇਮੰਦ ਨਾਮ
ਇਮੀਗ੍ਰੇਸ਼ਨ, ਬੈਂਕਰਪਸੀ, ਫੈਮਿਲੀ ਲਾਅ



Over 18 Years of Legal Experience
Specializes In :
- USA Immigration
- Citizenship
- Green Card
- Deportation Defense
- Political Asylum
- Detentaion Cases
- Artists
- Sin gers P3 Visas
- Priest R1 Visas
- Investors EB 5 Visas
- L1 Business Visas
- Fmily Law
- Criminal Defense Cases
44808 S. Grimmer Vlvd. #208 Fremont, CA 94538 Tel. : 510-657-6444
2951 W. Capital Ave. W. Sacramento CA 95691
4491 West Shaw Ave.# 131 Fresno. CA 93711 Tel : 559-271-5511
37-1873 Street Suite #401. Jackson Heights NY 11372 Tel : 718-533-844

Padam Builders
ਅਸੀਂ ਘਰ, ਗੈਸ ਸਟੇਸ਼ਨ, ਮੌਲ, ਸ਼ੋਮਰੂਮ ਅਤੇ ਹਰ ਤਰ੍ਹਾਂ ਦੀ ਕੰਸਟਰਕਸ਼ਨ ਦਾ ਕੰਮ foundation ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।



ਸਾਡੇ ਕੰਮ ਦੀ 100 ਪ੍ਰਤੀਸ਼ਤ ਗਾਰੰਟੀ
email:padambuilders@gmail.com
Licensed # 1019803
Bhupinder S. Padam
PH : 510-565-6667

KW LAKE WASHINGTON SO
KELLERWILLIAMS. REALTY
CJ Singh
Realtor
License # 24012019
Real Estate Broker



CJ Singh
ਜੇਕਰ ਤੁਸੀਂ ਬਿਜਨਸ ਅਤੇ ਆਪਣੇ ਸੁਪਨਿਆਂ ਦਾ ਘਰ ਖਰੀਦਣਾ ਚਹੁੰਦੇ ਹੋ ਤਾਂ ਸਾਨੂੰ ਇੱਕ ਕਾਲ ਕਰੋ ਅਤੇ ਤੁਸੀਂ ਸਾਡੇ ਉਪਰ 100% ਭਰੋਸਾ ਕਰ ਸਕਦੇ ਹੋ।
(206) 295-5993 | c.singh@kw.com | realtorcjsingh.com
bellevueareahomefinder.com
707 S Grady Way Suit 730, Renton, WA 98057

SAN RAMON
Lathrop & Mani Street Manteca
URGENT CARE & CLINIC
Call US : 209-637-0210 | 612-578-8078 | 925-495-0207
CITIZENSHIP ELIGIBILITY AND GREEN CARD APPLICATION
Visit Us Now! Dr. Rajesh Maheshwari, MD
9140 Alcosta Boulevard Ste D San Ramon, CA 94583 (925) 361-5959
15810 Harlan Road #A Lathrop, CA 95330 (209) 983-9000
1040 North Main Street Manteca, CA 95336 (209) 825-51155
San Ramon URGENT CARE & CLINIC
Lathrop URGENT CARE
Main Street URGENT CARE
https :.//www.sanramonurgentcare.com | Email us at info@sanramonucc.com



ਪੋਲੀਟੀਕਲ ਅਸਾਈਲਮ Political Asylum
Deportation of Defense BIA Appeal
9 Circuit Court Federal Court
ਗਰੀਨਕਾਰਡ ਸਿਟੀਜਨਸ਼ਿਪ
Green Card Citizenship
ਡਾਈਵੋਰਸ ਸਿਵਲ ਐਂਡ ਕਰੀਮੀਨਲ ਕੇਸ
Divorce Civil and Criminal Cases
Family Petition Immigration
Travel document Work Permit
Harminder Singh Samana
Office Manager
239 West Yosemite Ave Manteca CA 95336 | hsrotal.64@gmail.com
ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ
LAW OFFICES OF EMMANUEL ENYINWA
All Services Under One Roof
ESQ, Abogado
ਨੋਟ : ਇਥੇ ਸਪੈਨਿਸ਼ ਵੀ ਬੋਲੀ ਜਾਂਦੀ ਹੈ ਅਤੇ ਸਪੈਨਿਸ਼ ਵਿਚ ਲੋਕਾਂ ਦੇ ਕੇਸ ਵੀ ਲਏ ਜਾਂਦੇ ਹਨ।
369 Pine Street, Suite 420, San Francisco, CA 94104
Enyinwalaw@gmail.com
209-481-7750
209-624-3919
ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।
ਅਸੀਂ ਤਿੰਨ ਥਾਵਾਂ ਤੋਂ ਆਪ ਜੀ ਦੀਆਂ ਸੇਵਾਵਾਂ ਲਈ ਹਾਜ਼ਰ ਹਾਂ Manteca-Arizona- San Francisco



EMMANUEL ENYINWA
Attorney of Law
Tel. 415-956-6100
Fax. 415-956-6111

# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

For agriculture and almond Farm, office building, Farm House and for Truck Yard in Tracy, Manteca, Lathrop and Stockton

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing

Total 35.5 Young Three Years old Tree Padre and Nonpareil Variety. With Riparian Right From the San Joaquin River. With a Single Family Small Home, IT's Very Desirable Property





Property Address : 27022 River Roadm, Newman CA 95260.

## RANJIT SINGH

VALLEY REAL ESTATE CENTER (OFFICE LIC.: 01392267)
68 E 11TH STREET STE 109, TRACY, CA 95376
OFFICE : 209-956-1000 CELL : 408-355-5700, GBSINGH84@GMAIL.COM

# ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਸਭਾ ਫ਼ਰਿਜ਼ਨੋਂ 'ਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ ਦਿਹਾੜਾ ਤੇ ਗੁਰਦੁਆਰਾ ਸਾਹਿਬ ਦਾ 21ਵਾਂ ਸਥਾਪਨਾ ਦਿਵਸ ਸਮਾਗਮ ਕਰਵਾਏ

## ਗੁਰਦੁਆਰਾ ਸਾਹਿਬ ਦੀ ਸਥਾਪਨਾ ਦੇ ਮੋਢੀ ਮੈਂਬਰਾਂ ਦਾ ਕੀਤਾ ਗਿਆ ਸਨਮਾਨ ਤੇ ਵਿਛੜੇ ਮੈਂਬਰਾਂ ਨੂੰ ਕੀਤਾ ਯਾਦ



ਫ਼ਰਿਜ਼ਨੋ (ਕੁਲਵੀਰ ਹੇਅਰ) : ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ ਦਿਹਾੜਾ ਅਤੇ ਗੁਰਦੁਆਰਾ ਰਵਿਦਾਸ ਸਭਾ ਦਾ 21ਵਾਂ ਸਥਾਪਨਾ ਦਿਵਸ ਸਮਾਗਮ ਸਮੂਹ ਸੰਗਤ ਵਲੋਂ ਸ਼ਰਧਾ ਅਤੇ ਭਾਵਨਾ ਨਾਲ ਕਰਵਾਏ ਗਏ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੇ ਅਖੰਡ ਜਾਪ ਦੇ ਭੋਗ ਪਾਏ ਗਏ, ਉਪਰੰਤ ਕੀਰਤਨ ਦੀਵਾਨ ਸਜਾਏ ਗਏ। ਗੁਰੂਘਰ ਦੇ ਹੈੱਡ ਗ੍ਰੰਥੀ ਭਾਈ ਸਾਹਿਬ ਰਾਮ ਸਿੰਘ ਜੀ ਵਲੋਂ ਆਪਣੀ ਕਥਾ ਨਾਲ ਸੰਗਤ ਨੂੰ ਨਿਹਾਲ ਕੀਤਾ ਗਿਆ। ਇਸ ਦੌਰਾਨ ਭਾਈ ਹਰਵਿੰਦਰ ਸਿੰਘ ਰਸੀਆ, ਭਾਈ ਸੁਖਚੈਨ ਸਿੰਘ ਅਤੇ ਅਮਰਜੀਤ ਸਿੰਘ ਜੀ ਦੇ ਜਥੇ ਵਲੋਂ ਇਲਾਹੀ ਕੀਰਤਨ ਨਾਲ ਸੰਗਤ ਨੂੰ ਗੁਰਬਾਣੀ ਅਤੇ ਗੁਰਇਤਿਹਾਸ ਨਾਲ ਜੋੜਿਆ ਗਿਆ ਭਾਈ ਹਰਬਲਾਸ ਸਿੰਘ ਝਿੰਗੜ ਅਤੇ ਸਾਥੀਆਂ ਦੇ ਜਥੇ ਵਲੋਂ ਕੀਰਤਨ ਨਾਲ ਹਾਜ਼ਰੀ ਲਗਾਈ ਗਈ, ਰਾਜ ਬਰਾੜ ਵਲੋਂ ਯਮਲਾ ਜੱਟ ਦੇ ਧਾਰਮਿਕ ਗੀਤ ਨਾਲ ਸਾਂਝ ਪਾਈ ਗਈ। ਬੁਲਾਰਿਆਂ ਵਿਚ ਸ੍ਰੀ ਦੇਸ ਰਾਜ ਬੰਗੜ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਰਵਿਦਾਸ ਮਹਾਰਾਜ ਜੀ ਦੇ ਚਰਨਾ ਨਾਲ ਜੁੜਨ ਲਈ ਸੰਦੇਸ਼ ਦਿੱਤਾ ਅਤੇ ਰਵਿਦਾਸ ਸਭਾ ਦੇ 21ਵੇਂ ਸਥਾਪਨਾ ਦਿਵਸ ਤੇ ਸੰਗਤ ਨੂੰ ਵਧਾਈ ਦਿੱਤੀ। ਰਵਿਦਾਸ ਸਭਾ ਦੇ ਮੋਢੀ ਮੈਂਬਰ ਸ਼੍ਰੀ ਬੰਸੀ ਲਾਲ ਬੰਗੜ ਅਤੇ ਸ੍ਰੀ ਪਿਆਰਾ ਸਿੰਘ ਬਿਰਦੀ ਵਲੋਂ ਸੰਗਤਾਂ ਨੂੰ ਵਧਾਈ ਦਿੰਦਿਆਂ ਦੱਸਿਆ ਗਿਆ ਕਿ ਗੁਰੂਘਰ ਦੀ ਸਥਾਪਨਾ ਅਰੰਭ ਕਰਨ ਸਮੇਂ ਬਹੁਤ ਹੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ ਪਰ ਸੰਗਤਾਂ ਦੇ ਸਹਿਯੋਗ ਨਾਲ ਸਭ ਔਕੜਾ ਹੱਲ ਹੋ ਗਈਆਂ। ਗੁਰੂਘਰ ਦੇ ਪ੍ਰਧਾਨ ਸ੍ਰੀ ਅਮਰ ਦੜੋਚ ਨੇ ਜਿੱਥੇ ਸੰਗਤਾਂ ਦਾ ਧੰਨਵਾਦ ਕੀਤਾ, ਉੱਥੇ ਉਨ੍ਹਾਂ ਗੁਰੂ ਰਵਿਦਾਸ ਸਭਾ ਗੁਰੂਘਰ ਬਣਾਉਣ ਵਾਲੇ ਬਜ਼ੁਰਗਾਂ ਦਾ ਧੰਨਵਾਦ ਵੀ ਕੀਤਾ। ਨਾਲ ਹੀ ਨਵੀਂ ਬਿਲਡਿੰਗ ਦੀ ਉਸਾਰੀ ਸਬੰਧੀ ਜਾਣਕਾਰੀ ਵੀ ਦਿੱਤੀ। ਉਹਨਾਂ ਗੁਰੂਘਰ ਦੀ ਸਥਾਪਨਾ ਕਰਨ ਵਾਲੇ ਜਿਹੜੇ ਫ਼ਾਊਂਡਰ ਮੈਂਬਰ ਸਦੀਵੀ ਵਿਛੋੜਾ ਦੇ ਗਏ, ਉਨ੍ਹਾਂ ਨੂੰ ਯਾਦ ਵੀ ਕੀਤਾ। ਉਪਰੰਤ ਗੁਰੂਘਰ ਦੇ ਫਾਊਂਡਰ ਮੈਂਬਰਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ ਜਿਨ੍ਹਾਂ ਵਿਚ ਸ੍ਰੀ ਬੰਸੀ ਲਾਲ ਬੰਗੜ ਅਤੇ ਬੀਬੀ ਨਸੀਬ ਕੌਰ ਬੰਗੜ, ਸ੍ਰੀ ਪਿਆਰਾ ਸਿੰਘ ਬਿਰਦੀ ਅਤੇ ਬੀਬੀ ਸੁਰਿੰਦਰ ਕੌਰ ਬਿਰਦੀ, ਕਰਮ ਸਿੰਘ ਬੰਗੜ ਅਤੇ ਬੀਬੀ ਹਰਬੰਸ ਕੌਰ ਬੰਗੜ, ਰਾਮ ਲਾਲ ਮਹਿਮੀ ਅਤੇ ਬੀਬੀ ਹਰਬੰਸ ਕੌਰ ਮਹਿੰਮੀ, ਕੇਵਲ ਚੌਹਾਨ ਅਤੇ ਬੀਬੀ ਸੁਕੰਤਲਾ ਦੇਵੀ, ਦੇਸ ਰਾਜ ਬੰਗੜ ਅਤੇ ਪਰਿਵਾਰ, ਮਲਕੀਤ ਸਿੰਘ ਬੰਗੜ ਅਤੇ ਬੀਬੀ ਸੁਰਿੰਦਰ ਕੌਰ ਬੰਗੜ, ਪ੍ਰਮੋਦ ਲੋਈ ਅਤੇ ਬੀਬੀ ਉਸ਼ਾ ਰਾਣੀ ਲੋਈ, ਪ੍ਰਿਥੀ ਮਹਿਮੀ ਅਤੇ ਪਰਿਵਾਰ, ਸੁੱਚਾ ਸਿੰਘ ਝੰਮਟ ਅਤੇ ਬਲਵਿੰਦਰ ਕੌਰ ਝੰਮਟ, ਰਣਜੀਤ ਸਿੰਘ ਚੀਮਾ ਅਤੇ ਪਰਿਵਾਰ, ਅਮਰਜੀਤ ਸਿੰਘ ਬੰਗੜ ਅਤੇ ਬੀਬੀ ਸੁਰਿੰਦਰ ਕੌਰ ਬੰਗੜ, ਲਸ਼ਕਰ ਸਿੰਘ ਬੰਗੜ ਅਤੇ ਬੀਬੀ ਕੇਵਲ ਕੌਰ ਬੰਗੜ ਦੇ ਨਾਮ ਵਿਸ਼ੇਸ਼ ਤੌਰ 'ਤੇ ਸ਼ਾਮਲ ਹਨ। ਸਾਰੀਆਂ ਸ਼ਖ਼ਸੀਅਤਾਂ ਨੂੰ ਸਨਮਾਨ ਚਿੰਨ੍ਹ ਅਤੇ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਤਿੰਨੇ ਦਿਨ ਸੰਗਤਾਂ ਨੇ ਭਾਰੀ ਗਿਣਤੀ 'ਚ ਹਾਜ਼ਰੀ ਭਰੀ ਅਤੇ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ। ਸ੍ਰੀ ਅਖੰਡ ਪਾਠ ਅਤੇ ਲੰਗਰ ਦੀ ਸੇਵਾ ਸੁਖਵਿੰਦਰ ਸਿੰਘ ਅਤੇ ਬੀਬੀ ਦਲਜੀਤ ਕੌਰ ਵਲੋਂ ਕੀਤੀ ਗਈ।






# ARE YOU IN COMPLIANCE WITH FMCSA REGULATIONS?

Trust your compliance needs to us! Say goodbye to those Google-educated DOT consultants and experience the difference with our certified experts. They've honed their skills under the same entity that is conducting your audits and issuing tickets. Whether you're gearing up for a CHP or Federal Audit, or aiming to improve your DOT safety score for those coveted big clients, our consultants are your partners every step of the way, equipping you with the knowledge and tools for success. Our comprehensive services go beyond the basics listed below, ensuring your peace of mind.



OUR EXPERT COMPLIANCE DRIVING YOUR SUCCESS



## DOT AUDIT PREP

Be prepared for DOT audits with our comprehensive audit preparation services, minimizing risks and ensuring compliance.

Already had an audit, but failed? Don't worry, we can create and submit a corrective action plan (CAP) to prevent your DOT number from being revoked.

**YOUR SAFETY COMPLIANCE**

ਪੇਸ਼ ਕੀਤੀਆਂ ਸੇਵਾਵਾਂ:

## 45 ਦਿਨ, 90 ਦਿਨ, ਅਤੇ ਸਾਲਾਨਾ ਨਿਰੀਖਣ:

ਕੋਚ, ਸਕੂਲ ਲਈ 45 ਦਿਨਾਂ ਦਾ ਨਿਰੀਖਣ,
ਟੂਰ, ਯੂਥ, ਅਤੇ SPAB ਬੱਸਾਂ।

ਟਰੈਕਟਰਾਂ ਲਈ 90 ਦਿਨ ਅਤੇ ਸਾਲਾਨਾ ਨਿਰੀਖਣ ਅਤੇ ਟਰੇਲਰ
ਸਾਰੇ ਇੰਸਪੈਕਟਰ DOT ਪ੍ਰਮਾਣਿਤ ਹਨ

## ਕਲੀਅਰਿੰਗਹਾਊਸ ਅਤੇ FMCSA ਪੋਰਟਲ

ਅਸੀਂ ਡਰਾਈਵਰਾਂ ਅਤੇ ਕੈਰੀਅਰਾਂ ਲਈ ਤੁਹਾਡੇ ਕਲੀਅਰਿੰਗਹਾਊਸ ਅਤੇ FMCSA ਪੋਰਟਲ ਨੂੰ ਸਥਾਪਤ ਕਰਨ ਵਿੱਚ ਤੁਹਾਡੀ ਮਦਦ ਕਰ ਸਕਦੇ ਹਾਂ

## ਡਰੱਗ ਅਤੇ ਅਲਕੋਹਲ ਮਾਨਾ ਜੀਮੈਂਟ

ਪੂਰਵ-ਰੁਜ਼ਗਾਰ, ਬੇਤਰਤੀਬ, ਅਤੇ ਦੁਰਘਟਨਾ ਤੋਂ ਬਾਅਦ ਡਰੱਗ ਟੈਸਟਿੰਗ।
ਰਿਕਾਰਡ ਰੱਖਣ ਅਤੇ ਪਦਾਰਥਾਂ ਦੀ ਦੁਰਵਰਤੋਂ ਪ੍ਰੋਗਰਾਮ (SAP) ਪਾਲਣਾ

## ਰੁਜ਼ਗਾਰਦਾਤਾ ਫੁੱਲ ਨੋਟਿਸ (EPN)

ਡਰਾਈਵਰ ਰਿਕਾਰਡਾਂ ਦੇ ਸਿਖਰ 'ਤੇ ਰਹੋ ਅਤੇ ਸਾਡੇ ਨਾਲ ਪਾਲਣਾ ਕਰੋ ਰੁਜ਼ਗਾਰਦਾਤਾ ਫੁੱਲ ਨੋਟਿਸ (EPN) ਸੇਵਾਵਾਂ, ਇਹ ਯਕੀਨੀ ਬਣਾਉਂਦੇ ਹੋਏ ਕਿ ਤੁਹਾਡੀ ਡਰਾਈਵਰ ਸਾਰੀਆਂ ਜ਼ਰੂਰੀ ਲੋੜਾਂ ਪੂਰੀਆਂ ਕਰਦੇ ਹਨ।

## ਡਰਾਈਵਰ ਲੌਗ ਬੁੱਕ ਆਡਿਟ

ਸਾਡੀ ਸੁਚੇਤ ਡਰਾਈਵਰ ਲੌਗਬੁੱਕ ਨਾਲ ਜੁਰਮਾਨੇ ਅਤੇ ਜੁਰਮਾਨੇ ਤੋਂ ਬਚੋ ਆਡਿਟ, ਨਿਯਮਾਂ ਦੀ ਸ਼ੁੱਧਤਾ ਅਤੇ ਪਾਲਣਾ ਨੂੰ ਯਕੀਨੀ ਬਣਾਉਣਾ।

## ਟਿਕਟਾਂ ਲਈ ਦੇਸ਼ ਵਿਆਪੀ ਅਟਾਰਨੀ ਸੇਵਾਵਾਂ

ਆਉ ਅਸੀਂ ਤੁਹਾਡੀ ਕੰਪਨੀ ਦੇ ਸੁਰੱਖਿਆ ਸਕੋਰ ਅਤੇ ਡ੍ਰਾਈਵਰ ਨੂੰ ਰੱਖਣ ਵਿੱਚ ਤੁਹਾਡੀ ਮਦਦ ਕਰੀਏ CDL ਸਾਡੀ ਗਾਹਕੀ ਅਧਾਰਤ ਅਟਾਰਨੀ ਸੇਵਾਵਾਂ ਨਾਲ ਸੁਰੱਖਿਅਤ ਹੈ।

## ਕੈਲੀਫੋਰਨੀਆ ਕਾਰਬ ਕਲੀਨ ਟਰੱਕ ਚੈੱਕ 'ਸਮੋਗ ਟੈਸਟ'

ਕੈਲੀਫੋਰਨੀਆ ਦੇ ਕੈਰੀਅਰਾਂ ਨੂੰ ਟਰੱਕ ਦੀ ਸਾਫ਼ ਜਾਂਚ ਕਰਨ ਦੀ ਲੋੜ ਹੁੰਦੀ ਹੈ ਕੈਲੀਫੋਰਨੀਆ ਕਾਰਬੋਹਾਈਡਰੇਟ ਦੀ ਪਾਲਣਾ ਕਰਨ ਲਈ ਹਰ 6 ਮਹੀਨਿਆਂ ਬਾਅਦ ਸਮੋਕ ਟੈਸਟ ਕਰੋ

## ਡਰਾਈਵਰ ਅਤੇ ਮੇਨਟੇਨੈਂਸ ਫਾਈਲ ਮਾਨਾ ਜੀਮੈਂਟ ਸਿਸਟਮ

ਤੁਹਾਡੇ ਸਾਰੇ ਡਰਾਈਵਰ ਅਤੇ ਰੱਖ-ਰਖਾਅ ਦੇ ਪ੍ਰਬੰਧਨ ਲਈ ਔਨਲਾਈਨ ਸਿਸਟਮ ਤੁਹਾਡੇ ਨਾਲ ਸੰਗਠਿਤ ਅਤੇ ਅਪ ਟੂ ਡੇਟ ਰਹਿਣ ਲਈ ਫਾਈਲਾਂ ਦੀ ਪਾਲਣਾ ਕਰੋ

## ਸਿਖਲਾਈ ਪ੍ਰੋਗਰਾਮ ਅਤੇ ਨੀਤੀਆਂ ਬਣਾਓ

ਅਸੀਂ ਵਿਅਕਤੀਗਤ ਸਿਖਲਾਈ ਪ੍ਰੋਗਰਾਮ ਅਤੇ ਨੀਤੀਆਂ ਬਣਾਉਂਦੇ ਹਾਂ ਤੁਹਾਡੀ ਕੰਪਨੀ ਦੀਆਂ ਲੋੜਾਂ ਅਤੇ FMCSA ਲੋੜਾਂ ਦੇ ਆਧਾਰ 'ਤੇ

## ਸਾਡੀਆਂ ਪੂਰੀ ਸੇਵਾ ਸਬਸਕ੍ਰਿਪਸ਼ਨ ਅਧਾਰਤ ਡਾਟ ਪਾਲਣਾ ਯੋਜਨਾਵਾਂ ਬਾਰੇ ਪੁੱਛੋ

888-896-9407
209-200-8308

info@yoursafetycompliance.com

www.yoursafetycompliance.com

ਸਾਡੇ ਸਲਾਹਕਾਰ ਸਾਬਕਾ ਜਾਂ ਮੌਜੂਦਾ DOT/ਕਾਨੂੰਨੀ ਹਨ ਇਨਫੋਰਸਮੈਂਟ ਅਫਸਰ ਅਤੇ ਇਹਨਾਂ ਵਿੱਚ ਵਿਆਪਕ ਸਿਖਲਾਈ ਹੈ DOT ਪਾਲਣਾ।

LET YOUR SAFETY COMPLIANCE BE YOUR TRUSTED PARTNER IN ENSURING COMPLIANCE AND SAFETY FOR YOUR BUSINESS!

# ਟਰੰਪ ਵੱਲੋਂ 19 ਦੇਸ਼ਾਂ ਦੇ ਨਾਗਰਿਕਾਂ ਦੇ ਗਰੀਨ ਕਾਰਡਾਂ ਬਾਰੇ ਮੁੜ ਨਰੀਖਣ ਕਰਨ ਦੇ ਆਦੇਸ਼

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ) : ਵ੍ਹਾਈਟ ਹਾਊਸ ਨੇੜੇ ਇੱਕ ਅਫ਼ਗਾਨਸਤਾਨੀ ਮੂਲ ਦੇ ਵਿਅਕਤੀ ਵੱਲੋਂ ਗੋਲੀਆਂ ਮਾਰ ਕੇ 2 ਨੈਸ਼ਨਲ ਗਾਰਡਾਂ ਨੂੰ ਗੰਭੀਰ ਜ਼ਖ਼ਮੀ ਕਰ ਦੇਣ ਉਪਰੰਤ ਰਾਸ਼ਟਰਪਤੀ ਡੋਨਾਲਡ ਟਰੰਪ ਨੇ 19 ਵਿਵਾਦਤ ਦੇਸ਼ਾਂ ਦੇ ਨਾਗਰਿਕਾਂ ਦੇ ਗਰੀਨ ਕਾਰਡਾਂ ਬਾਰੇ ਮੁੜ ਨਰੀਖਣ ਕਰਨ ਦੇ ਆਦੇਸ਼ ਦਿੱਤੇ ਹਨ। ਇਹ ਪ੍ਰਗਟਾਵਾ ਅਮਰੀਕਾ ਦੇ ਗ੍ਰਹਿ ਸੁਰੱਖਿਆ ਵਿਭਾਗ ਦੇ ਡਾਇਰੈਕਟਰ ਜੋਸਫ ਐਡਲੋਅ ਨੇ ਕੀਤਾ ਹੈ। ਐਡਲੋਅ ਨੇ ਐਕਸ ਉਪਰ ਲਿਖਿਆ ਹੈ ਕਿ ਰਾਸ਼ਟਰਪਤੀ ਦੇ ਆਦੇਸ਼ 'ਤੇ ਗਰੀਨ ਕਾਰਡਾਂ ਧਾਰਕਾਂ ਦੀ ਨਵੇਂ ਸਿਰੇ ਤੋਂ ਬਹੁਤ ਬਰੀਕੀ ਨਾਲ ਜਾਂਚ ਪੜਤਾਲ ਕੀਤੀ ਜਾਵੇਗੀ। ਗੋਲੀਬਾਰੀ ਤੋਂ ਬਾਅਦ ਯੂ ਐਸ ਸਿਟੀਜਨਸ਼ਿੱਪ ਐਂਡ ਇਮੀਗ੍ਰੇਸ਼ਨ ਸਰਵਿਸਜ ਵਿਭਾਗ ਪਹਿਲਾਂ ਹੀ ਅਫਗਾਨਿਸਤਾਨ ਨਾਗਰਿਕਾਂ ਦੀਆਂ ਦਰਖਾਸਤਾਂ ਉਪਰ ਰੋਕ ਲਾ ਚੁੱਕਾ ਹੈ। ਅਫਗਾਨਿਸਤਾਨ ਉਨ੍ਹਾਂ ਦੇਸ਼ਾਂ ਵਿੱਚ ਸ਼ਾਮਿਲ ਹੈ ਜਿਸ ਦੇ ਨਾਗਰਿਕਾਂ ਉਪਰ ਟਰੰਪ ਇਸ ਸਾਲ ਜੂਨ ਵਿੱਚ ਅਮਰੀਕਾ ਆਉਣ 'ਤੇ ਪਾਬੰਦੀ ਲਾ ਚੁੱਕੇ ਹਨ। ਨੈਸ਼ਨਲ ਗਾਰਡਾਂ ਉਪਰ ਹਮਲਾ ਕਰਨ ਵਾਲਾ ਰਹਿਮਾਨਉਲਾ ਲਕਨਵਾਲ ਅਫਗਾਨਿਸਤਾਨ ਵਿੱਚ ਸੀ ਆਈ ਏ ਸਮੇਤ ਅਮਰੀਕਾ ਦੀਆਂ ਅਨੇਕਾਂ ਸਰਕਾਰੀ ਏਜੰਸੀਆਂ ਨਾਲ ਕੰਮ ਕਰ ਚੁੱਕਾ ਹੈ। ਨਿਊਯਾਰਕ ਟਾਈਮਜ਼ ਤੇ ਵਾਲ ਸਟਰੀਟ ਜਰਨਲ ਦੀ ਰਿਪੋਰਟ ਅਨੁਸਾਰ 29 ਸਾਲਾ ਲਕਨਵਾਲ ਨੇ ਕੰਧਾਰ ਵਿੱਚ ਸੀ ਆਈ ਏ ਸਮਰਥਕ ਮਿਲਟਰੀ ਯੂਨਿਟ ਲਈ ਕੰਮ ਕੀਤਾ ਸੀ। ਉਹ 2021 ਵਿੱਚ ਅਫਗਾਨਿਸਤਾਨ ਵਿਚੋਂ ਅਮਰੀਕੀ ਫੌਜਾਂ ਕੱਢਣ ਉਪਰੰਤ ਅਮਰੀਕਾ ਆਇਆ ਸੀ। ਜਿਨ੍ਹਾਂ ਵਿਵਾਦਤ 19 ਦੇਸ਼ਾਂ ਦੇ ਨਾਗਰਿਕਾਂ ਦੇ ਗਰੀਨ ਕਾਰਡਾਂ 'ਤੇ ਮੁੜ ਵਿਚਾਰ ਕੀਤਾ ਜਾਣਾ ਹੈ ਉਨਾਂ ਵਿੱਚ ਅਫਗਾਨਿਸਤਾਨ, ਬਰਮਾ, ਚਾਡ, ਰਿਪਬਲਿਕ ਆਫ ਕਾਂਗੋ, ਇਕੂਆਟੋਰੀਅਲ ਗੁਇਨੀਆ, ਈਰੀਟਰੀ, ਹੈਤੀ, ਇਰਾਨ, ਲੀਬੀਆ, ਸੋਮਾਲੀਆ, ਸੂਡਾਨ, ਯਮਨ, ਬਰੂੰਡੀ, ਕਿਊਬਾ, ਲਾਓਸ, ਸੀਏਰਾ ਲਿਓਨ, ਤੁਰਕਮੇਨਿਸਤਾਨ, ਟੋਗੋ ਤੇ ਵੈਂਜ਼ੁਏਲਾ ਸ਼ਾਮਿਲ ਹਨ।

# ਮਸਕ ਵਲੋਂ ਐਚ-1ਬੀ ਵੀਜ਼ਾ ਦਾ ਸਮਰਥਨ

ਨਿਊਯਾਰਕ : ਸਪੇਸਐਕਸ ਦੇ ਸੀ.ਈ.ਓ. ਐਲੋਨ ਮਸਕ ਨੇ ਕਿਹਾ ਹੈ ਕਿ ਅਮਰੀਕਾ ਭਾਰਤ ਤੋਂ ਪ੍ਰਤਿਭਾ ਦਾ ਬਹੁਤ ਜਿਆਦਾ ਲਾਭਪਾਤਰੀ ਰਿਹਾ ਹੈ, ਤੇ ਐਚ-1 ਬੀ ਵੀਜ਼ਾ ਪ੍ਰੋਗਰਾਮ ਲਈ ਜ਼ੋਰਦਾਰ ਸਮਰਥਨ ਦਾ ਪ੍ਰਗਟਾਵਾ ਕੀਤਾ ਹੈ। ਚਿਤਾਵਨੀ ਦਿੰਦੇ ਹੋਏ ਉਨ੍ਹਾਂ ਕਿਹਾ ਕਿ ਇਸਨੂੰ ਬੰਦ ਕਰਨਾ ਅਮਰੀਕਾ ਲਈ ਅਸਲ ਵਿਚ ਬਹੁਤ ਬੁਰਾ ਹੋਵੇਗਾ। ਅਮਰੀਕੀ ਤਕਨੀਕੀ ਅਰਬਪਤੀ ਨੇ ਇਹ ਟਿੱਪਣੀਆਂ ਨਿਵੇਸ਼ਕ ਅਤੇ ਉੱਦਮੀ ਨਿਖਿਲ ਕਾਮਥ ਨਾਲ ਐਤਵਾਰ ਨੂੰ ਜਾਰੀ ਕੀਤੇ ਗਏ ਆਪਣੇ ਪੋਡਕਾਸਟ 'ਪੀਪਲ ਬਾਏ ਡਬਲਯੂ.ਟੀ.ਐਫ.' 'ਤੇ ਇੱਕ ਇੰਟਰਵਿਊ ਵਿਚ ਕੀਤੀਆਂ। ਉਨ੍ਹਾਂ ਕਿਹਾ ਕਿ ਮੈਨੂੰ ਲੱਗਦਾ ਹੈ ਕਿ ਅਮਰੀਕਾ ਨੂੰ ਅਮਰੀਕਾ ਆਏ ਪ੍ਰਤਿਭਾਸ਼ਾਲੀ ਭਾਰਤੀਆਂ ਤੋਂ ਬਹੁਤ ਜਿਆਦਾ ਲਾਭ ਹੋਇਆ ਹੈ। ਐਚ-1ਬੀ ਵੀਜ਼ਾ 'ਤੇ, ਟੇਸਲਾ ਦੇ ਸੀ.ਈ.ਓ. ਨੇ ਕਿਹਾ, ਜਦੋਂਕਿ ਵਰਕ ਵੀਜ਼ਾ ਪ੍ਰੋਗਰਾਮ ਦੀ ਕੁਝ ਦੁਰਵਰਤੋਂ ਹੋਈ ਹੈ, ਉਹ ਦ੍ਰਿੜਤਾ ਨਾਲ ਮੰਨਦੇ ਹਨ ਕਿ ਇਸਨੂੰ ਬੰਦ ਨਹੀਂ ਕੀਤਾ ਜਾਣਾ ਚਾਹੀਦਾ। ਇਹ ਕਹਿਣਾ ਸਹੀ ਹੋਵੇਗਾ ਕਿ ਕੁਝ ਆਊਟਸੋਰਸਿੰਗ ਕੰਪਨੀਆਂ ਨੇ ਐਚ-1ਬੀ ਮੋਰਚੇ 'ਤੇ ਸਿਸਟਮ ਨੂੰ ਗੇਮ ਕੀਤਾ ਹੈ ਤੇ ਸਾਨੂੰ ਸਿਸਟਮ ਦੀ ਗੇਮਿੰਗ ਨੂੰ ਰੋਕਣ ਦੀ ਲੋੜ ਹੈ। ਪਰ ਮੈਂ ਨਿਸ਼ਚਤ ਤੌਰ 'ਤੇ ਇਸ ਵਿਚਾਰ ਨਾਲ ਸਹਿਮਤ ਨਹੀਂ ਹਾਂ ਕਿ ਸਾਨੂੰ ਐਚ-1ਬੀ ਪ੍ਰੋਗਰਾਮ ਨੂੰ ਬੰਦ ਕਰ ਦੇਣਾ ਚਾਹੀਦਾ ਹੈ। ਉਨ੍ਹਾਂ ਦੀਆਂ ਟਿੱਪਣੀਆਂ ਅਜਿਹੇ ਸਮੇਂ ਆਈਆਂ, ਜਦੋਂ ਅਮਰੀਕਾ ਨੇ ਐਚ-1ਬੀ ਵੀਜ਼ਾ ਪ੍ਰੋਗਰਾਮ ਦੀ ਦੁਰਵਰਤੋਂ ਨੂੰ ਰੋਕਣ ਲਈ ਇੱਕ ਵੱਡੇ ਪੱਧਰ 'ਤੇ ਕਾਰਵਾਈ ਸ਼ੁਰੂ ਕੀਤੀ। ਭਾਰਤੀ ਪੇਸ਼ੇਵਰ, ਜਿਨ੍ਹਾਂ ਵਿਚ ਤਕਨਾਲੋਜੀ ਕਰਮਚਾਰੀ ਅਤੇ ਡਾਕਟਰ ਸ਼ਾਮਿਲ ਹਨ, ਐਚ-1ਬੀ ਵੀਜ਼ਾ ਧਾਰਕਾਂ ਦੇ ਸਭ ਤੋਂ ਵੱਡੇ ਸਮੂਹਾਂ ਵਿਚੋਂ ਇੱਕ ਹਨ। ਸਤੰਬਰ ਵਿਚ, ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਐਚ-1ਬੀ ਗੈਰ-ਪ੍ਰਵਾਸੀ ਵੀਜ਼ਾ ਪ੍ਰੋਗਰਾਮ ਵਿਚ ਸੁਧਾਰ ਲਈ ਇੱਕ ਮਹੱਤਵਪੂਰਨ ਸ਼ੁਰੂਆਤੀ ਕਦਮ ਵਜੋਂ ਕੁਝ ਗੈਰ-ਪ੍ਰਵਾਸੀ ਕਾਮਿਆਂ ਦੇ ਦਾਖਲੇ 'ਤੇ ਪਾਬੰਦੀ ਸਿਰਲੇਖ ਵਾਲਾ ਐਲਾਨ ਜਾਰੀ ਕੀਤਾ ਸੀ।



# 2 ਗੁਜਰਾਤੀਆਂ ਨੇ ਸੰਘੀ ਏਜੰਟ ਬਣ ਕੇ 6 ਲੱਖ ਡਾਲਰ ਤੋਂ ਵਧ ਦੀ ਮਾਰੀ ਠੱਗੀ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ) : ਭਾਰਤੀ ਮੂਲ ਦੇ 2 ਵਿਅਕਤੀਆਂ ਵੱਲੋਂ ਸੰਘੀ ਏਜੰਟ ਬਣ ਕੇ ਇਕ ਬਜ਼ੁਰਗ ਔਰਤ ਨਾਲ 6,53,000 ਡਾਲਰ ਦੀ ਠੱਗੀ ਮਾਰਨ ਦੀ ਖਬਰ ਹੈ। ਇਹ ਮਾਮਲਾ ਕੇਨੋਸ਼ਾ ਕਾਊਂਟੀ ਦੇ ਅਧਿਕਾਰੀਆਂ ਦੀ ਜਾਂਚ ਉਪਰੰਤ ਸਾਹਮਣੇ ਆਇਆ ਹੈ। ਵਿਸਕਾਨਸਿਨ ਅਧਿਕਾਰੀਆਂ ਅਨੁਸਾਰ ਦੋਵਾਂ ਵਿਅਕਤੀਆਂ ਦਾ ਕੌਮਾਂਤਰੀ ਪੱਧਰ 'ਤੇ ਸੰਪਰਕ ਹੈ ਤੇ ਇਨਾਂ ਵੱਲੋਂ ਠੱਗੇ ਗਏ ਜਿਆਦਾਤਰ ਪੈਸੇ ਅਮਰੀਕਾ ਤੋਂ ਬਾਹਰ ਭੇਜੇ ਜਾ ਚੁੱਕੇ ਹਨ। ਜਗਦੀਸ਼ ਕੁਮਾਰ ਨੰਦਨੀ ਤੇ ਚਿੰਤਨ ਠਾਕਰ ਜੋ ਮੂਲ ਰੂਪ ਵਿੱਚ ਗੁਜਰਾਤ ਨਾਲ ਸਬੰਧਤ ਹਨ,ਵਿਰੁੱਧ ਦਾਇਰ ਮਾਮਲੇ ਵਿੱਚ 1 ਲੱਖ ਡਾਲਰ ਤੋਂ ਵਧ ਦੀ ਮਨੀ ਲਾਂਡਰਿੰਗ ਤੇ 1 ਲੱਖ ਡਾਲਰ ਤੋਂ ਵਧ ਚੱਲ ਜਾਇਦਾਦ ਦੀ ਚੋਰੀ ਕਰਨ ਦੇ ਦੋਸ਼ ਆਇਦ ਕੀਤੇ ਗਏ ਹਨ। ਜਾਂਚਕਾਰਾਂ ਅਨੁਸਾਰ ਪੀੜਤਾ ਨੂੰ ਇਕ ਵਿਅਕਤੀ ਨੇ ਫੋਨ ਉਪਰ ਆਪਣੇ ਆਪ ਨੂੰ ਸੰਘੀ ਏਜੰਟ ਦਸ ਕੇ ਕਿਹਾ ਕਿ ਉਸ ਦਾ ਬੈਂਕ ਅਕਾਊਂਟ ਹੈਕ ਹੋ ਗਿਆ ਹੈ ਤੇ ਬੇਹਤਰੀ ਇਸ ਵਿੱਚ ਹੈ ਕਿ ਉਹ ਆਪਣੇ ਪੈਸੇ ਨੂੰ ਸੋਨੇ ਵਿੱਚ ਨਿਵੇਸ਼ ਕਰ ਦੇਵੇ। ਔਰਤ ਇਨਾਂ ਦੇ ਝਾਂਸੇ ਵਿੱਚ ਆ ਗਈ ਤੇ ਉਸ ਨੇ 1 ਮਾਰਚ ਨੂੰ ਸੋਨੇ ਦੇ ਰੂਪ ਵਿੱਚ 3,32,750 ਡਾਲਰ ਤੇ 15 ਮਾਰਚ ਨੂੰ 1,39,500 ਡਾਲਰ ਸੋਨੇ ਦੇ ਰੂਪ ਵਿੱਚ ਆਪਣੇ ਕੇਨੋਸ਼ਾ ਸਥਿੱਤ ਘਰ ਵਿੱਚ ਇਨਾਂ ਨੂੰ ਸੌਂਪ ਦਿੱਤੇ। ਔਰਤ ਦਾ ਕੁਲ ਨੁਕਸਾਨ 6,53,000 ਡਾਲਰ ਤੋਂ ਵਧ ਦਾ ਹੋਇਆ। ਐਡੀਸਨ, ਇਲੀਨੋਇਸ ਪੁਲਿਸ ਨੇ ਨੰਦਨੀ ਨੂੰ ਗ੍ਰਿਫਤਾਰ ਕਰ ਲਿਆ ਹੈ ਜਿਸ ਨੇ ਮੰਨਿਆ ਕਿ ਉਸ ਨੇ ਔਰਤ ਦੇ ਘਰੋਂ ਸੋਨਾ ਲਿਆ ਹੈ। ਉਸ ਨੇ ਆਪਣੇ ਦੂਜੇ ਸਾਥੀ ਦਾ ਨਾਂ ਠਾਕਰ ਦੱਸਿਆ ਜੋ ਅਜੇ ਪੁਲਿਸ ਦੀ ਪਹੁੰਚ ਤੋਂ ਬਾਹਰ ਹੈ।




# ਸਿੱਖ ਵਕੀਲ ਜਸਪ੍ਰੀਤ ਸਿੰਘ ਅਨੁਸ਼ਾਸਨੀ ਸਲਾਹਕਾਰ ਟਾਸਕ ਫੋਰਸ ਦਾ ਹੋਣਗੇ ਹਿੱਸਾ

ਸਾਨ ਫਰਾਂਸਿਸਕੋ : ਨਿਊਜਰਸੀ ਦੀ ਗਵਰਨਰ ਮਿਕੀ ਸ਼ੈਰਿਲ ਤੇ ਲੈਫਟੀਨੈਂਟ ਗਵਰਨਰ ਡੇਲ ਕੈਲਡਵੈਲ ਨੇ 400 ਤੋਂ ਵੱਧ ਮੈਂਬਰੀ ਪਰਿਵਰਤਨ ਅੰਤਰ-ਅਨੁਸ਼ਾਸਨੀ ਸਲਾਹਕਾਰ ਟਾਸਕ ਫੋਰਸ ਦਾ ਐਲਾਨ ਕੀਤਾ, ਜਿਸ 'ਚ ਨਿਊਜਰਸੀ ਬਿਜਨਸ ਐਂਡ ਇੰਡਸਟਰੀ ਐਸੋਸੀਏਸ਼ਨ (ਐਨ. ਜੇ. ਬੀ. ਆਈ. ਏ.) ਦੇ ਪ੍ਰਧਾਨ ਤੇ ਸੀ.ਈ.ਓ. ਮਿਸ਼ੇਲ ਸੀਕਰਕਾ ਤੇ ਐਸੋਸੀਏਸ਼ਨ ਦੇ ਸਰਕਾਰੀ ਮਾਮਲਿਆਂ ਦੇ ਉਪ-ਪ੍ਰਧਾਨ ਅਲਥੀਆ ਡੀ. ਫੋਰਡ ਸ਼ਾਮਲ ਹਨ। ਪੰਜਾਬੀਆਂ ਖਾਸ ਕਰ ਸਿੱਖ ਭਾਈਚਾਰੇ ਲਈ ਮਾਣ ਵਾਲੀ ਗੱਲ ਇਹ ਹੀ ਕਿ ਅਮਰੀਕਾ ਦੇ ਨਾਮਵਰ ਸਿੱਖ ਵਕੀਲ ਜਸਪ੍ਰੀਤ ਸਿੰਘ ਨੂੰ ਇਸ ਟਾਸਕ ਫੋਰਸ ਦਾ ਮੈਂਬਰ ਨਿਯੁਕਤ ਕੀਤਾ ਹੈ। ਜਸਪ੍ਰੀਤ ਸਿੰਘ ਕੌਮਾਂਤਰੀ ਸਿੱਖ ਮਸਲਿਆਂ, ਅਮਰੀਕਾ 'ਚ ਭਾਈਚਾਰੇ ਦੀਆਂ ਸਮੱਸਿਆਵਾਂ ਸੁਲਝਾਉਣ 'ਚ ਮੋਹਰੀ ਰਹੇ ਹਨ ਤੇ ਪੰਥਕ ਹਲਕਿਆਂ 'ਚ ਵੀ ਅਟਾਰਨੀ ਦਾ ਬੇਹੱਦ ਸਤਿਕਾਰ ਹੈ। ਸੰਸਥਾ ਦੀ ਨੁਮਾਇੰਦਗੀ ਕਰਨ ਵਾਲੇ ਉਹ ਇਕਲੌਤੇ ਭਾਰਤੀ ਹੋਣਗੇ। ਇਹ ਟਾਸਕ ਤੇ ਸਲਾਹਕਾਰ ਫੋਰਸ ਆਉਣ ਵਾਲੇ ਸਮੇਂ ਵਿਚ ਸ਼ੈਰਿਲ-ਕੈਲਡਵੈਲ ਪ੍ਰਸ਼ਾਸਨ ਦੀਆਂ ਨੀਤੀਗਤ ਤਰਜੀਹਾਂ ਨੂੰ ਆਕਾਰ ਦੇਣ ਵਿਚ ਮੁੱਖ ਭੂਮਿਕਾ ਨਿਭਾਉਣਗੇ ਤੇ ਅੰਤਰ-ਅਨੁਸ਼ਾਸਨੀ ਸਮੂਹ ਜਿਸ ਵਿਚ ਕਿਰਤ, ਕਾਰੋਬਾਰ, ਸਾਬਕਾ ਸੈਨਿਕ, ਵਾਤਾਵਰਣ, ਸਿਹਤ ਸੰਭਾਲ, ਸਿੱਖਿਆ ਤੇ ਹੋਰ ਬਹੁਤ ਸਾਰੇ ਹਿੱਸੇਦਾਰਾਂ ਦੇ ਕਰਾਸ-ਸੈਕਸ਼ਨ ਵਿਚ ਵਿਭਿੰਨ ਅਤੇ ਵਿਆਪਕ ਮੁਹਾਰਤ ਤੇ ਪ੍ਰਤੀਨਿਧਤਾ ਵੀ ਕਰਨਗੇ। ਚੁਣੇ ਮੈਂਬਰਾਂ ਨੂੰ ਸੰਬੋਧਨ ਕਰਦਿਆਂ ਗਵਰਨਰ ਸ਼ੈਰਿਲ ਨੇ ਕਿਹਾ ਕਿ ਸਾਡੀ ਟੀਮ ਪਹਿਲੇ ਦਿਨ ਤੋਂ ਹੀ ਕੰਮ ਸ਼ੁਰੂ ਕਰੇਗੀ ਕਿਉਂਕਿ ਹਰ ਕੋਈ ਨਿਊ ਜਰਸੀ ਦੇ ਲੋਕਾਂ ਲਈ ਇਕ ਬਿਹਤਰ ਭਵਿੱਖ ਬਣਾਉਣ ਲਈ ਅੱਗੇ ਆ ਰਿਹਾ ਹੈ। ਇਹ ਟਾਸਕ ਫੋਰਸ, ਸਾਡੀਆਂ ਐਕਸ਼ਨ ਟੀਮਾਂ ਦੇ ਨਾਲ, ਨਿਊ ਜਰਸੀ 'ਚ ਜੀਵਨ ਨੂੰ ਹੋਰ ਕਿਫਾਇਤੀ ਬਣਾਉਣ ਤੇ ਪ੍ਰਦਾਨ ਕਰਨ ਦੇ ਸਾਡੇ ਮਿਸ਼ਨ ਵਿਚ ਇਕ ਮਹੱਤਵਪੂਰਨ ਕਦਮ ਹੈ।




ਨਿਊਜਰਸੀ ਦੀ ਗਵਰਨਰ ਮਿਕੀ ਸ਼ੈਰਿਲ ਨਾਲ ਅਟਾਰਨੀ ਜਸਪ੍ਰੀਤ ਸਿੰਘ।

# ਅਮਰੀਕੀ ਸਿੱਖ ਭਾਈਚਾਰੇ ਨੇ 'ਥੈਂਕਸਗਿਵਿੰਗ ਡੇਅ' ਮੌਕੇ ਇਲੀਨੋਇਸ ਸਾਲਵੇਸ਼ਨ ਫੌਜੀ ਸੈਂਟਰ ਵਿਖੇ ਕੀਤੀ ਭੋਜਨ ਦੀ ਸੇਵਾ

ਸਾਨ ਫਰਾਂਸਿਸਕੋ : ਸਿੱਖ ਭਾਈਚਾਰੇ ਦੇ ਮੈਂਬਰਾਂ ਨੇ ਅਮਰੀਕਾ ਦੇ ਇਲੀਨੋਇਸ ਵਿਚ 825 ਨੌਰਥ ਕ੍ਰਿਸਟੀਆਨਾ ਐਵੇਨਿਊ ਵਿਖੇ ਸਥਿਤ ਸੈਲਵੇਸ਼ਨ ਫੌਜੀ ਸੈਂਟਰ ਵਿਖੇ ਥੈਂਕਸਗਿਵਿੰਗ ਦਿਵਸ 'ਤੇ ਸਿੱਖ ਫਲਸਫਾ ਤੇ ਗੁਰੂ ਸਾਹਿਬ ਦੇ 'ਕਿਰਤ ਕਰਨਾ, ਨਾਮ ਜਪਣਾ, ਵੰਡ ਛਕਣਾ' ਦੇ ਸਿਧਾਂਤ ਅਨੁਸਾਰ ਲੋੜਵੰਦਾਂ ਲਈ ਭੋਜਨ ਦੀ ਸੇਵਾ ਪੂਰੀ ਸ਼ਰਧਾ ਨਾਲ ਕੀਤੀ ਗਈ। ਵੱਡੀ ਗਿਣਤੀ ਵਿਚ ਆਏ ਲੋਕਾਂ ਨੂੰ ਸੈਲਵੇਸ਼ਨ ਆਰਮੀ ਸੈਂਟਰ 'ਚ ਪੈਕ ਕੀਤਾ ਭੋਜਨ ਪ੍ਰਦਾਨ ਕੀਤਾ ਗਿਆ। ਇਸ ਸਮਾਗਮ ਲਈ ਹਰ ਧਰਮ ਦੇ ਲੋਕ ਸਵੈ-ਇੱਛਾ ਨਾਲ ਪੈਸੇ ਅਤੇ ਮਿਹਨਤ ਦਾ ਯੋਗਦਾਨ ਪਾਉਂਦੇ ਹਨ। ਇਹ ਥੈਂਕਸਗਿਵਿੰਗ ਲਈ ਇੱਕ ਰਵਾਇਤੀ ਭੋਜਨ ਹੈ। ਸਿੱਖ ਭਾਈਚਾਰੇ ਦੇ ਮੈਂਬਰਾਂ ਅਤੇ ਪਰਿਵਾਰਕ ਦੋਸਤਾਂ ਦੁਆਰਾ ਡੱਬਾਬੰਦ ਭੋਜਨ ਨਾਲ ਭਰੀ ਇੱਕ ਕਾਰਗੋ ਵੈਨ ਦਾਨ ਕੀਤੀ ਗਈ ਤੇ ਕੁਝ ਮੈਂਬਰਾਂ ਨੇ ਇਕੱਤਰ ਕੀਤੇ 1600 ਡਾਲਰ ਦਾ ਚੈੱਕ ਸੈਲਵੇਸ਼ਨ ਆਰਮੀ ਦੇ ਕੈਪਟਨ ਨਿੱਕੀ ਹਿਊਜ਼ ਅਤੇ ਕੈਪਟਨ ਕੋਰੀ ਹਿਊਜ਼ ਨੂੰ ਸੌਂਪਿਆ। ਕੈਪਟਨ ਨਿੱਕੀ ਹਿਊਜ਼ ਅਤੇ ਕੈਪਟਨ ਕੋਰੀ ਹਿਊਜ਼ ਨੇ ਸਿੱਖ ਭਾਈਚਾਰੇ ਦੇ ਮੈਂਬਰਾਂ ਦਾ ਉਨ੍ਹਾਂ ਦੀਆਂ ਨਿਰੰਤਰ ਸੇਵਾਵਾਂ, ਭੋਜਨ ਅਤੇ ਨਕਦ ਯੋਗਦਾਨ ਲਈ ਧੰਨਵਾਦ ਕੀਤਾ। ਸਿੱਖ ਭਾਈਚਾਰੇ ਦੇ ਮੈਂਬਰਾਂ ਵਲੋਂ ਸਿੱਖਾਂ ਅਤੇ ਹੋਰ ਭਾਈਚਾਰਿਆਂ ਦੇ ਹਰੇਕ ਮੈਂਬਰ ਦਾ ਧੰਨਵਾਦ ਕੀਤਾ ਜਿਨ੍ਹਾਂ ਨੇ ਇੱਕ ਨੇਕ ਕੰਮ ਲਈ ਆਪਣਾ ਸਮਾਂ ਅਤੇ ਮਿਹਨਤ ਦੀ ਕਮਾਈ ਦਾ ਯੋਗਦਾਨ ਪਾਇਆ ਤੇ ਅਹਿਦ ਕੀਤਾ ਕਿ ਉਹ ਆਉਣ ਵਾਲੇ ਸਾਲਾਂ ਵਿਚ ਆਪਣੀ ਸੇਵਾ ਜਾਰੀ ਇਵੇਂ ਜਾਰੀ ਰੱਖਣਗੇ।



# ਸੈਨੇਟਰ ਬਰਨੀ ਮੋਰੇਨੋ ਵਲੋਂ ਅਮਰੀਕਾ ਵਿਚ ਦੋਹਰੀ ਨਾਗਰਿਕਤਾ ਖਤਮ ਕਰਨ ਲਈ ਬਿੱਲ ਪੇਸ਼

ਓਹਾਇਓ : ਓਹਾਇਓ ਦੇ ਰਿਪਬਲੀਕਨ ਸੈਨੇਟਰ ਬਰਨੀ ਮੋਰੇਨੋ ਨੇ ਅਮਰੀਕੀਆਂ ਲਈ ਦੋਹਰੀ ਨਾਗਰਿਕਤਾਂ ਨੂੰ ਖਤਮ ਕਰਨ ਲਈ ਇਕ ਬਿੱਲ ਪੇਸ਼ ਕੀਤਾ ਹੈ। ਬਿੱਲ ਅਨੁਸਾਰ "2025 ਦਾ ਵਿਸ਼ੇਸ਼ ਨਾਗਰਿਕਤਾ ਐਕਟ" ਇਹ ਸਥਾਪਿਤ ਕਰੇਗਾ ਕਿ ਹੁਣ ਜੋ ਕਿਸੇ ਕੋਲ ਅਮਰੀਕਾ ਦੀ ਨਾਗਰਿਕਤਾ ਹੈ, ਤਾਂ ਉਹ ਕਿਸੇ ਹੋਰ ਦੇਸ਼ ਦੀ ਨਾਗਰਿਕਤਾ ਨਹੀਂ ਰੱਖ ਸਕਦਾ। ਹਰ ਨਾਗਰਿਕ ਨੂੰ ਅਮਰੀਕਾ ਪ੍ਰਤੀ ਹੀ ਵਫਾਦਾਰੀ ਰੱਖਣੀ ਪਵੇਗੀ।

ਇਹ ਕਾਨੂੰਨ ਬੜਾ ਮਾਇਨੇ ਰੱਖਦਾ ਹੈ। ਜੇਕਰ ਇਹ ਕਾਨੂੰਨ ਲਾਗੂ ਹੋ ਜਾਂਦਾ ਹੈ, ਤਾਂ ਇਸ ਦਾ ਮਤਲਬ ਇਹ ਹੋਵੇਗਾ ਕਿ ਕੋਈ ਵੀ ਵਿਅਕਤੀ ਅਮਰੀਕੀ ਨਾਗਰਿਕ ਨਹੀਂ ਹੋ ਸਕਦਾ, ਜੇਕਰ ਉਹ ਕਿਸੇ ਹੋਰ ਦੇਸ਼ ਦੀ ਨਾਗਰਿਕਤਾ ਨਹੀਂ ਛੱਡੇਗਾ। ਇੱਥੇ ਇਹ ਵੀ ਕਹਿਣਾ ਬਣਦਾ ਹੈ ਕਿ ਇਹ ਸਪੱਸ਼ਟ ਨਹੀਂ ਹੈ ਕਿ ਜੇਕਰ ਅਜਿਹਾ ਹੁੰਦਾ ਹੈ, ਤਾਂ ਕਿੰਨੇ ਅਮਰੀਕੀ ਪ੍ਰਭਾਵਿਤ ਹੋ ਸਕਦੇ ਹਨ। ਕਿਉਂਕਿ ਅਮਰੀਕੀ ਕਾਨੂੰਨ ਲੋਕਾਂ ਨੂੰ ਦੋਹਰੀ ਨਾਗਰਿਕਤਾ ਦਾ ਐਲਾਨ ਕਰਨ ਜਾਂ ਰਜਿਸਟਰਡ ਕਰਨ ਦੀ ਲੋੜ ਨਹੀਂ ਰੱਖਦਾ ਅਤੇ ਨਾ ਹੀ ਸਰਕਾਰ ਇਸ ਬਾਰੇ ਕੋਈ ਰਜਿਸਟਰੀ ਰੱਖਦੀ ਹੈ।

ਮਾਹਿਰਾਂ ਨੇ ਅੰਦਾਜ਼ਾ ਲਗਾਇਆ ਹੈ ਕਿ ਦੋਹਰੀ ਨਾਗਰਿਕਤਾ ਦੀ ਗਿਣਤੀ 5 ਲੱਖ ਤੋਂ 57 ਲੱਖ ਤੱਕ ਹੋ ਸਕਦੀ ਹੈ।

ਬਿੱਲ ਅਨੁਸਾਰ ਰਾਸ਼ਟਰੀ ਨਾਗਰਿਕਤਾ ਦੀ ਅਖੰਡਤਾ ਨੂੰ ਬਣਾਈ ਰੱਖਣ ਲਈ ਸੰਯੁਕਤ ਰਾਜ ਅਮਰੀਕਾ ਪ੍ਰਤੀ ਵਫਾਦਾਰੀ ਅਣਵੰਡੀ ਹੋਣੀ ਚਾਹੀਦੀ ਹੈ। ਇਹ ਬਿੱਲ ਦੋਹਰੀ ਜਾਂ ਬਹੁ ਨਾਗਰਿਕਤਾ 'ਤੇ ਪਾਬੰਦੀ ਲਗਾਏਗਾ ਅਤੇ ਸਥਾਪਿਤ ਕਰੇਗਾ ਕਿ ਕੋਈ ਵਿਅਕਤੀ ਸੰਯੁਕਤ ਰਾਜ ਅਮਰੀਕਾ ਦਾ ਨਾਗਰਿਕ ਹੋ ਸਕਦਾ ਹੈ ਜਾਂ ਨਹੀਂ, ਜਦੋਂਕਿ ਉਹ ਇੱਕੋ ਸਮੇਂ ਕੋਈ ਹੋਰ ਵਿਦੇਸ਼ੀ ਨਾਗਰਿਕਤਾ ਰੱਖਦਾ ਹੋਵੇ।

ਇਸ ਬਿੱਲ ਰਾਹੀਂ ਇਹ ਕਿਹਾ ਗਿਆ ਹੈ ਕਿ ਬਿੱਲ ਦੇ ਲਾਗੂ ਹੋਣ ਤੋਂ 1 ਸਾਲ ਦੇ ਅੰਦਰ ਅਮਰੀਕੀ ਨਾਗਰਿਕ ਜੋ ਵਿਦੇਸ਼ੀ ਨਾਗਰਿਕਤਾ ਵੀ ਰੱਖਦੇ ਹਨ, ਉਨ੍ਹਾਂ ਨੂੰ ਵਿਦੇਸ਼ ਮੰਤਰੀ ਜਾਂ ਘਰੇਲੂ ਸੁਰੱਖਿਆ ਸਕੱਤਰ ਨੂੰ ਆਪਣੀ ਵਿਦੇਸ਼ੀ ਨਾਗਰਿਕਤਾ ਦਾ ਲਿਖਤੀ ਤਿਆਗ ਜਮ੍ਹਾਂ ਕਰਵਾਉਣਾ ਪਵੇਗਾ।

ਜਿਹੜੇ ਲੋਕ ਇਸ ਨੂੰ ਸਮੇਂ ਸਿਰ ਪਾਲਨਾ ਕਰਨ ਵਿਚ ਅਸਫਲ ਰਹਿਣਗੇ, ਉਨ੍ਹਾਂ ਨੂੰ ਸਵੈ-ਇੱਛਾ ਨਾਲ ਸੰਯੁਕਤ ਰਾਜ ਅਮਰੀਕਾ ਦੀ ਨਾਗਰਿਕਤਾ ਤਿਆਗਣੀ ਪੈ ਸਕਦੀ ਹੈ। ਕੋਈ ਵੀ ਅਮਰੀਕੀ ਨਾਗਰਿਕ ਜੋ ਕਾਨੂੰਨ ਲਾਗੂ ਹੋਣ ਤੋਂ ਬਾਅਦ ਸਵੈ-ਇੱਛਾ ਨਾਲ ਵਿਦੇਸ਼ੀ ਨਾਗਰਿਕਤਾ ਪ੍ਰਾਪਤ ਕਰਦਾ ਹੈ, ਉਸ ਦੀ ਸੰਯੁਕਤ ਰਾਜ ਅਮਰੀਕਾ ਦੀ ਨਾਗਰਿਕਤਾ ਖਤਮ ਕਰ ਦਿੱਤੀ ਜਾਵੇਗੀ।

ਇਸ ਬਿੱਲ ਵਿਚ ਵਿਦੇਸ਼ ਮੰਤਰੀ ਨੂੰ ਵਿਸ਼ੇਸ਼ ਨਾਗਰਿਕਤਾ ਲਈ ਘੋਸ਼ਣਾ, ਤਸਦੀਕ ਅਤੇ ਰਿਕਾਰਡ ਰੱਖਣ ਲਈ ਨਿਯਮ ਅਤੇ ਅਟਾਰਨੀ ਜਨਰਲ ਅਤੇ ਹੋਮਲੈਂਡ ਸਕਿਓਰਿਟੀ ਦੇ ਸਕੱਤਰ ਨਾਲ ਤਾਲਮੇਲ ਕਰਨ ਦੀ ਲੋੜ ਹੋਵੇਗੀ।

ਇਥੇ ਇਹ ਕਹਿਣਾ ਬਣਦਾ ਹੈ ਕਿ ਇਹ ਬਿੱਲ ਪੇਸ਼ ਕਰਨ ਵਾਲੇ ਬਰਨੀ ਮੋਰੇਨੋ ਨੇ 2024 ਵਿਚ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਸਮਰਥਨ ਤੋਂ ਬਾਅਦ ਆਪਣੀ ਸੈਨੇਟ ਸੀਟ ਜਿੱਤੀ ਸੀ। ਉਹ ਖੁਦ ਕੋਲੰਬੀਆ ਵਿਚ ਪੈਦਾ ਹੋਇਆ ਸੀ ਅਤੇ ਉਸ ਨੇ ਕੋਲੰਬੀਆ ਦੀ ਨਾਗਰਿਕਤਾ ਤਿਆਗ ਦਿੱਤੀ ਹੈ।

ਜੇਕਰ ਇਹ ਕਾਨੂੰਨ ਲਾਗੂ ਹੋ ਜਾਂਦਾ ਹੈ, ਤਾਂ ਉਹ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਪਤਨੀ ਮਿਲਾਨੀਆ ਟਰੰਪ ਨੂੰ ਵੀ ਪ੍ਰਭਾਵਿਤ ਕਰ ਸਕਦੀ ਹੈ। ਕਿਉਂਕਿ ਉਸ ਕੋਲ ਅਮਰੀਕਾ ਤੋਂ ਇਲਾਵਾ ਸਲੋਵੇਨੀਆ ਦੀ ਦੋਹਰੀ ਨਾਗਰਿਕਤਾ ਵੀ ਬਣੀ ਹੋਈ ਹੈ।

ਹਾਲੇ ਇਹ ਸਪੱਸ਼ਟ ਨਹੀਂ ਹੈ ਕਿ ਮੋਰੇਨੋ ਦੇ ਇਸ ਬਿੱਲ ਨੂੰ ਕਿੰਨਾ ਸਮਰਥਨ ਪ੍ਰਾਪਤ ਹੁੰਦਾ ਹੈ। ਜੇ ਇਹ ਬਿੱਲ ਪਾਸ ਹੋ ਜਾਂਦਾ ਹੈ, ਤਾਂ ਇਸ ਨੂੰ ਕਾਨੂੰਨੀ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਕਿਉਂਕਿ ਯੂ.ਐੱਸ. ਸੁਪਰੀਮ ਕੋਰਟ ਨੇ ਪਹਿਲਾਂ ਹੀ ਪੁਸ਼ਟੀ ਕੀਤੀ ਹੈ ਕਿ ਦੋਹਰੀ ਨਾਗਰਿਕਤਾ ਕਾਨੂੰਨ ਵਿਚ ਲੰਮੇ ਸਮੇਂ ਤੋਂ ਮਾਨਤਾ ਪ੍ਰਾਪਤ ਸਥਿਤੀ ਹੈ ਅਤੇ ਇੱਕ ਅਮਰੀਕੀ ਨਾਗਰਿਕ ਆਪਣੀ ਨਾਗਰਿਕਤਾ ਨਹੀਂ ਗੁਆ ਸਕਦਾ, ਜਦੋਂ ਤੱਕ ਉਹ ਇਸ ਨੂੰ ਆਪਣੀ ਮਰਜ਼ੀ ਨਾਲ ਨਹੀਂ ਛੱਡਦੇ।



## ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ

# LAW OFFICES OF EMMANUEL ENYINWA

**ESQ, Abogado**

- ਪੋਲੀਟੀਕਲ ਅਸਾਈਲਮ
- Political Asylum
- Deportation of Defense
- BIA Appeal
- 9 Circuit Court
- Federal Court
- ਗਰੀਨਕਾਰਡ
- ਸਿਟੀਜਨਸ਼ਿਪ
- Green Card
- Citizenship
- ਡਾਈਵੋਰਸ
- ਸਿਵਲ ਐਂਡ ਕਰੀਮੀਨਲ ਕੇਸ
- Divorce
- Civil and Criminal Cases
- Family Petition Immigration
- Travel document
- Work Permit

ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।

ਨੋਟ : ਇਥੇ ਸਪੈਨਿਸ ਵੀ ਬੋਲੀ ਜਾਂਦੀ ਹੈ ਅਤੇ ਸਪੈਨਿਸ ਵਿਚ ਲੋਕਾਂ ਦੇ ਕੇਸ ਵੀ ਲਏ ਜਾਂਦੇ ਹਨ।

## ਅਸੀਂ ਤਿੰਨ ਥਾਵਾਂ ਤੋਂ ਆਪ ਜੀ ਦੀਆਂ ਸੇਵਾਵਾਂ ਲਈ ਹਾਜ਼ਰ ਹਾਂ

## Manteca-Arizona- San Francisco

239 West Yosemite Ave Manteca CA 95336
hsrotal.64@gmail.com
369 Pine Street, Suite 420, San Francisco, CA 94104
Enyinwalaw@gmail.com



## All Services Under One Roof

HARMINDER SINGH SAMANA
OFFICE MANAGER
209-481-7750
209-624-3919

EMMANUEL ENYINWA
Attorney of Law
Tel. 415-956-6100
Fax. 415-956-6111



# ਗੁਰਦੁਆਰਾ ਗੁਰ ਨਾਨਕ ਪ੍ਰਕਾਸ਼ ਫਰਿਜ਼ਨੋ ਵਿਖੇ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਹੋਏ ਸਮਾਗਮ

ਫਰਿਜ਼ਨੋ, ਕੈਲੀਫੋਰਨੀਆ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ): ਬੀਤੇ ਦਿਨੀ ਫਰਿਜ਼ਨੋ ਵਿਖੇ ਦਮਦਮੀ ਟਕਸਾਲ ਜੱਥਾ ਭਿੰਡਰਾ ਦੀ ਰਹਿਨੁਮਾਈ ਹੇਠ ਚਲਾਏ ਜਾ ਰਹੇ ਸਥਾਨਕ ਗੁਰਦੁਆਰਾ ਗੁਰ ਨਾਨਕ ਪ੍ਰਕਾਸ਼ ਸਾਹਿਬ ਵਿੱਚ ਗੁਰੂ ਤੇਗ ਬਹਾਦਰ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਮਨਾਉਂਦੇ ਹੋਏ ਵਿਸ਼ੇਸ਼ ਸਮਾਗਮ ਕਰਵਾਏ ਗਏ। ਜਿਨ੍ਹਾਂ ਵਿੱਚ ਇਲਾਕੇ ਭਰ ਤੋਂ ਸੰਗਤਾਂ ਨੇ ਬਹੁਤ ਹੀ ਸ਼ਰਧਾ ਤੇ ਭਾਵਨਾਂ ਨਾਲ ਹਾਜ਼ਰੀ ਭਰੀ। ਇਸ ਵਿਸ਼ੇਸ਼ ਸਮਾਗਮਾਂ ਦੇ ਸ਼ੁਰੂਆਤ ਵਿੱਚ ਚੱਲ ਰਹੇ ਅਖੰਡ ਪਾਠਾਂ ਦੇ ਭੋਗ ਪਾਏ ਗਏ। ਜਿਸ ਤੋਂ ਉਪਰੰਤ ਗੁਰੂਘਰ ਦੇ ਹਜ਼ੂਰੀ ਰਾਗੀ ਭਾਈ ਰਣਜੀਤ ਸਿੰਘ ਜੀ ਨੇ ਆਰਤੀ, ਆਰਤਾ ਅਤੇ ਹੋਰ ਸ਼ਬਦ ਕੀਰਤਨ ਕਰਦਿਆਂ ਸੰਗਤਾਂ ਨੂੰ ਰੂਹਾਨੀ ਗੁਰਬਾਣੀ ਨਾਲ ਜੋੜਿਆ।

ਇਸੇ ਲੜੀ ਅਧੀਨ ਕਥਾ ਵਾਚਕ ਗਿਆਨੀ ਜੋਬਨਪ੍ਰੀਤ ਸਿੰਘ (ਵਿਦਿਆਰਥੀ ਦਮਦਮੀ ਟਕਸਾਲ) ਨੇ ਗੁਰੂ ਤੇਗ ਬਹਾਦਰ ਜੀ ਦੇ ਸਲੋਕਾਂ ਨੂੰ ਸੁਣਾਉਂਦੇ ਹੋਏ ਉਨ੍ਹਾਂ ਦੀ ਵਿਆਖਿਆ ਕੀਤੀ।





ਇਸ ਤੋਂ ਬਾਅਦ ਕਥਾ ਵਾਚਕ ਗਿਆਨੀ ਫਤਿਹ ਸਿੰਘ (ਵਿਦਿਆਰਥੀ ਦਮਦਮੀ ਟਕਸਾਲ) ਨੇ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਜੀਵਨ ਦੀਆਂ ਸਾਖੀਆਂ ਸੁਣਾਉਂਦੇ ਹੋਏ ਸੰਗਤਾਂ ਨੂੰ ਗੁਰੂ ਜੀ ਦੇ ਵਡਮੁੱਲੇ ਇਤਿਹਾਸ ਨਾਲ ਜੋੜਿਆ।

ਇਸ ਵਿਸ਼ੇਸ਼ ਸਮਾਗਮ ਨੂੰ ਸਮਰਪਿਤ ਚੱਲ ਰਹੇ ਗੁਰਬਾਣੀ ਅਤੇ ਗੁਰ ਇਤਿਹਾਸ ਦੇ ਪ੍ਰਵਾਹ ਵਿੱਚ ਹਾਜ਼ਰੀ ਭਰਦੇ ਹੋਏ ਗਿਆਨੀ ਦਲੀਪ ਸਿੰਘ (ਵਿਦਿਆਰਥੀ ਦਮਦਮੀ ਟਕਸਾਲ) ਨੇ ਵੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦੀ ਕਥਾ ਕਰਕੇ ਸੰਗਤਾਂ ਨੂੰ ਗੁਰੂ ਜੀ ਦੀ ਬੇਮਿਸਾਲ ਕੁਰਬਾਨੀ ਬਾਰੇ ਜਾਣੂ ਕਰਵਾਇਆ। ਭਾਈ ਜਗਰੂਪ ਸਿੰਘ ਗਰੇਵਾਲ ਨੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਇੰਨ੍ਹਾਂ ਵਿਸ਼ੇਸ਼ ਸਮਾਗਮਾਂ ਵਿੱਚ ਭਾਰੀ ਗਿਣਤੀ ਵਿੱਚ ਸੰਗਤਾਂ ਨੇ ਹਾਜ਼ਰੀ ਭਰਦੇ ਹੋਏ ਜਿੱਥੇ ਗੁਰੂ ਜੀ ਦੀ ਲਾਸਾਨੀ ਸ਼ਹਾਦਤ ਨੂੰ ਸਿਜਦਾ ਕੀਤਾ, ਉੱਥੇ ਸਰਬੱਤ ਦੇ ਭਲੇ ਦੀ ਅਰਦਾਸ ਕਰਦੇ ਹੋਏ ਸੱਚੇ ਮਾਰਗ 'ਤੇ ਚੱਲਣ ਦੀ ਪ੍ਰੇਰਨਾ ਵੀ ਲਈ। ਸਮੁੱਚੇ ਸਮਾਗਮ ਦੌਰਾਨ ਗੁਰੂ ਕੇ ਲੰਗਰ ਅਤੁੱਟ ਵਰਤੇ।

## ਫੇਸਬੁੱਕ 'ਤੇ ਇੱਕ ਔਰਤ ਨੇ ਪਿਆਰ ਦਾ ਨਾਟਕ ਕਰਕੇ 2,80,000 ਡਾਲਰਾਂ ਦੀ ਮਾਰੀ ਠੱਗੀ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਵਾਲਿੰਗਟਨ, ਨਿਊਜਰਸੀ ਵਿੱਚ ਰਹਿੰਦੇ 52 ਸਾਲਾ ਜੋਸਫ ਨੋਵਾਕ ਦੀ ਫੇਸਬੁੱਕ ਉਪਰ ਇਕ ਔਰਤ ਨਾਲ ਸ਼ੁਰੂ ਹੋਈ ਦੋਸਤੀ ਦਾ ਅੰਤ ਉਸ ਦੀ ਜੀਵਨ ਭਰ ਦੀ ਕਮਾਈ ਦੇ ਖਾਤਮੇ ਨਾਲ ਹੋਇਆ ਹੈ। ਅਕਤੂਬਰ 2024 ਵਿੱਚ ਨੋਵਾਕ ਨੇ ਫੇਸਬੁੱਕ ਉਪਰ ਇਕ ਪੋਸਟ ਸਾਂਝੀ ਕੀਤੀ ਸੀ ਕਿ ਸੇਫ ਫਾਸਟ ਫੂਡ ਦੇ ਬਦਲ ਨਾ ਹੋਣ ਕਾਰਨ ਉਸ ਦਾ ਪੁੱਤਰ ਸੀਲੇਸ ਰੋਗ ਤੋਂ ਪੀੜਤ ਹੈ। ਇਸ 'ਤੇ ਬਹੁਤ ਸਾਰੀਆਂ ਟਿੱਪਣੀਆਂ ਆਈਆਂ ਜਿਨਾਂ ਵਿਚੋਂ ਇੱਕ ਟਿੱਪਣੀ ਇੱਕ ਔਰਤ ਜਿਸ ਨੇ ਆਪਣਾ ਨਾਂ ਏਲਿਸ ਡੈਨਰ ਦੱਸਿਆ, ਦੀ ਸੀ। ਉਸ ਨੇ ਆਪਣੀ ਟਿੱਪਣੀ ਵਿੱਚ ਕਿਹਾ ਸੀ 'ਮੈਂ ਨਹੀਂ ਜਾਣਦੀ ਕਿ ਤੁਸੀਂ ਮੇਰੇ ਫੇਸਬੁੱਕ ਉਪਰ ਸੰਭਾਵੀ ਮਿਤਰ ਹੋ.. ਮੈ ਤੁਹਾਨੂੰ ਸ਼ਾਮਿਲ ਕੀਤਾ ਹੈ ਤੇ ਆਸ ਕਰਦੀ ਹਾਂ ਕਿ ਇਸ ਨਾਲ ਤੁਸੀਂ ਗਲਤ ਮਹਿਸੂਸ ਨਹੀਂ ਕਰੋਗੇ।' ਉਸ ਨੇ ਹੋਰ ਲਿਖਿਆ 'ਮੈਨੂੰ ਤੁਹਾਡੀ ਪੁੱਤਰ ਬਾਰੇ ਦਿੱਲ ਨੂੰ ਛੂਹ ਲੈਣ ਵਾਲੀ ਪੋਸਟ ਮਿਲੀ ਹੈ, ਕੀ ਅਸੀਂ ਸੰਪਰਕ ਕਰ ਸਕਦੇ ਹਾਂ? ਇਹ ਸੁਨੇਹਾ ਸਧਾਰਨ ਸੀ ਤੇ ਇਸ ਵਿੱਚ ਕੁਝ ਵੀ ਨੁਕਸਾਨਦਾਇਕ ਨਹੀਂ ਲੱਗਦਾ ਸੀ। ਡੈਨਰ ਨੇ ਆਪਣੇ ਆਪ ਨੂੰ ਫੈਸ਼ਨ ਡਿਜਾਈਨਰ ਦੱਸਿਆ ਤੇ ਕਿਹਾ ਕਿ ਉਹ ਨਿਊਯਾਰਕ ਵਿੱਚ ਮੈਡੀਸਨ ਐਵੀਨਿਊ ਵਿੱਚ ਕੰਮ ਕਰਦੀ ਹੈ। ਉਨਾਂ ਵਿਚਾਲੇ ਦੋਸਤੀ ਫੇਸਬੁੱਕ ਤੋਂ ਬਦਲ ਕੇ ਵੱਟਸ ਐਪ ਉਪਰ ਆ ਗਈ ਤੇ ਆਪਸ ਵਿੱਚ ਨਿੱਜੀ ਗੱਲਾਂ ਵੀ ਸਾਂਝੀਆਂ ਕਰਨ ਲੱਗੇ। ਨੋਵਾਕ



ਜਿਸ ਦੀ ਇਨਫਰਮੇਸ਼ਨ ਟੈਕਨਾਲੋਜੀ ਦੇ ਉਪ ਪ੍ਰਧਾਨ ਵਜੋਂ ਨੌਕਰੀ ਜਾਂਦੀ ਰਹੀ ਸੀ ਤੇ ਉਹ ਪਤਨੀ ਨਾਲ ਦੋ ਬੱਚਿਆਂ ਦੀ ਸਾਂਭ ਸੰਭਾਲ ਨੂੰ ਲੈ ਕੇ ਕਾਨੂੰਨੀ ਲੜਾਈ ਲੜ ਰਿਹਾ ਸੀ। ਡੈਨਰ ਨੇ ਦਸਿਆ ਕਿ ਉਹ ਫੈਸ਼ਨ ਡਿਜਾਈਨਰ ਵਜੋਂ ਸ਼ਾਹੀ ਜਿੰਦਗੀ ਜੀ ਰਹੀ ਹੈ ਤੇ ਤਲਾਕਸ਼ੁਦਾ ਹੈ। ਇਸ ਸਾਲ ਫਰਵਰੀ ਵਿੱਚ ਉਨਾਂ ਨੇ ਇਕ ਦੂਸਰੇ ਨੂੰ ਪਿਆਰ ਕਰਨ ਦਾ ਐਲਾਨ ਕੀਤਾ। ਅਪ੍ਰੈਲ ਵਿੱਚ ਡੈਨਰ ਨੇ ਇਕ ਨਕਲੀ ਕ੍ਰਿਪਟੋ ਨਿਵੇਸ਼ ਸਕੀਮ ਵਿੱਚ ਪੈਸਾ ਲਾਉਣ ਦੀ ਸ਼ਿਫਾਰਿਸ਼ ਕੀਤੀ ਜਿਸ ਉਪਰੰਤ ਨੋਵਾਕ ਨੇ ਆਪਣੀ ਜੀਵਨ ਭਰ ਦੀ ਕਮਾਈ 2,80,000 ਡਾਲਰ ਇਸ ਨਕਲੀ ਸਕੀਮ ਵਿੱਚ ਨਿਵੇਸ਼ ਕਰ ਦਿੱਤੇ। ਇਸ ਤੋਂ ਬਾਅਦ ਡੈਨਰ ਆਪਣੀ ਪ੍ਰੋਫਾਈਲ ਸਮੇਤ ਫੇਸਬੁੱਕ ਤੋਂ ਗਾਇਬ ਹੋ ਗਈ। ਸਭ ਕੁਝ ਗਵਾਉਣ ਤੋਂ ਬਾਅਦ ਨੋਵਾਕ ਹੁਣ ਪਛਤਾ ਰਿਹਾ ਹੈ ਤੇ ਆਪਣੇ ਬੱਚਿਆਂ ਦੇ ਭਵਿੱਖ ਬਾਰੇ ਚਿੰਤਤ ਹੈ। ਉਸ ਕੋਲ ਆਪਣੀ 78 ਸਾਲਾ ਬਿਰਧ ਮਾਂ ਦੀ ਦਵਾਈ ਲਈ ਵੀ ਪੈਸੇ ਨਹੀਂ ਹਨ।

## ਆਪਣੇ ਦੇਸ਼ ਚਲੇ ਜਾਓ ਵਾਪਸ : ਰਾਸ਼ਟਰਪਤੀ ਡੋਨਾਲਡ ਟਰੰਪ

ਵਾਸ਼ਿੰਗਟਨ: ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇੱਕ ਵਾਰ ਫਿਰ ਦੇਸ਼ ਵਿੱਚ ਰਹਿ ਰਹੇ ਸੋਮਾਲੀ ਪ੍ਰਵਾਸੀਆਂ 'ਤੇ ਸਖ਼ਤ ਟਿੱਪਣੀਆਂ ਕੀਤੀਆਂ ਹਨ। ਟਰੰਪ ਨੇ ਕਿਹਾ ਕਿ ਉਹ ਦੇਸ਼ ਵਿੱਚ ਰਹਿ ਰਹੇ ਸੋਮਾਲੀ ਪ੍ਰਵਾਸੀਆਂ ਨੂੰ ਪਸੰਦ ਨਹੀਂ ਕਰਦੇ। ਰਾਸ਼ਟਰਪਤੀ ਟਰੰਪ ਨੇ ਦਲੀਲ ਦਿੱਤੀ ਕਿ ਯੁੱਧਗ੍ਰਸਤ ਪੂਰਬੀ ਅਫ਼ਰੀਕੀ ਦੇਸ਼ ਸੋਮਾਲੀਆ ਦੇ ਲੋਕ ਅਮਰੀਕੀ ਸਮਾਜਿਕ ਸੁਰੱਖਿਆ ਯੋਜਨਾਵਾਂ 'ਤੇ ਬਹੁਤ ਜ਼ਿਆਦਾ ਨਿਰਭਰ ਹਨ। ਉਨ੍ਹਾਂ ਕਿਹਾ ਕਿ ਬਦਲੇ ਵਿੱਚ ਅਮਰੀਕਾ ਨੂੰ ਉਨ੍ਹਾਂ ਤੋਂ ਸ਼ਾਇਦ ਹੀ ਕੁਝ ਮਿਲਦਾ ਹੋਵੇ।

ਟਰੰਪ ਲੰਬੇ ਸਮੇਂ ਤੋਂ ਅਮਰੀਕਾ ਵਿੱਚ ਰਹਿ ਰਹੇ ਸੋਮਾਲੀ ਪ੍ਰਵਾਸੀ ਭਾਈਚਾਰੇ 'ਤੇ ਨਿਸ਼ਾਨਾ ਸਾਧ ਰਹੇ ਹਨ। ਟਰੰਪ ਨੇ ਅਮਰੀਕੀ ਨਾਗਰਿਕ ਬਣ ਚੁੱਕੇ ਸੋਮਾਲੀ ਲੋਕਾਂ ਅਤੇ ਗੈਰ-ਨਾਗਰਿਕਾਂ ਦੋਵਾਂ ਲਈ ਇਹ ਟਿੱਪਣੀ ਕੀਤੀ। ਮੰਤਰੀ ਮੰਡਲ ਦੀ ਬੈਠਕ ਦੇ ਅੰਤ ਵਿੱਚ ਪੱਤਰਕਾਰਾਂ ਨਾਲ



ਗੱਲਬਾਤ ਕਰਦੇ ਹੋਏ ਟਰੰਪ ਨੇ ਕਿਹਾ, 'ਉਹ ਕੋਈ ਯੋਗਦਾਨ ਨਹੀਂ ਕਰਦੇ। ਮੈਂ ਉਨ੍ਹਾਂ ਨੂੰ ਆਪਣੇ ਦੇਸ਼ ਵਿੱਚ ਨਹੀਂ ਚਾਹੁੰਦਾ। ਉਨ੍ਹਾਂ ਦਾ ਦੇਸ਼ ਕਿਸੇ ਵੀ ਲਿਹਾਜ਼ ਨਾਲ ਚੰਗਾ ਨਹੀਂ ਹੈ। ਉਨ੍ਹਾਂ ਦਾ ਦੇਸ਼ ਬੇਕਾਰ ਹੈ ਅਤੇ ਅਸੀਂ ਉਨ੍ਹਾਂ ਨੂੰ ਆਪਣੇ ਦੇਸ਼ ਵਿੱਚ ਨਹੀਂ ਚਾਹੁੰਦੇ'। ਟਰੰਪ ਨੇ ਸੋਮਾਲੀਆਈ ਲੋਕਾਂ ਨੂੰ ਸਪੱਸ਼ਟ ਸੰਦੇਸ਼ ਦਿੰਦੇ ਹੋਏ ਕਿਹਾ ਕਿ ਉਨ੍ਹਾਂ ਨੂੰ 'ਵਾਪਸ ਉੱਥੇ ਹੀ ਜਾਣਾ ਚਾਹੀਦਾ ਹੈ, ਜਿੱਥੋਂ ਉਹ ਆਏ ਹਨ, ਅਤੇ ਉਸ ਨੂੰ (ਸੋਮਾਲੀਆ ਨੂੰ) ਠੀਕ ਕਰਨਾ ਚਾਹੀਦਾ ਹੈ'।

ਇਹ ਟਿੱਪਣੀਆਂ ਕੁਝ ਦਿਨਾਂ ਬਾਅਦ ਆਈਆਂ ਹਨ ਜਦੋਂ ਟਰੰਪ ਨੇ ਐਲਾਨ ਕੀਤਾ ਸੀ ਕਿ ਵਾਸ਼ਿੰਗਟਨ 'ਚ ਨੈਸ਼ਨਲ ਗਾਰਡ ਦੇ ਦੋ ਜਵਾਨਾਂ 'ਤੇ ਗੋਲੀਬਾਰੀ ਦੀ ਘਟਨਾ ਤੋਂ ਬਾਅਦ ਉਹ ਸਾਰੇ ਵਿਦੇਸ਼ੀਆਂ ਨੂੰ ਅਮਰੀਕਾ 'ਚ ਸ਼ਰਨ ਦਿੱਤੇ ਜਾਣ 'ਤੇ ਰੋਕ ਲਗਾ ਰਹੇ ਹਨ। ਹਾਲਾਂਕਿ, ਪਿਛਲੇ ਹਫ਼ਤੇ ਹੋਈ ਇਸ ਘਟਨਾ ਦਾ ਸ਼ੱਕੀ ਮੂਲ ਰੂਪ ਵਿੱਚ ਅਫਗਾਨਿਸਤਾਨ ਦਾ ਰਹਿਣ ਵਾਲਾ ਸੀ, ਪਰ ਟਰੰਪ ਨੇ ਇਸ ਘਟਨਾ ਦੇ ਆਧਾਰ 'ਤੇ ਸੋਮਾਲੀਆ ਸਮੇਤ ਵੱਖ-ਵੱਖ ਦੇਸ਼ਾਂ ਤੋਂ ਆਏ ਪ੍ਰਵਾਸੀਆਂ 'ਤੇ ਵੀ ਸਵਾਲ ਖੜ੍ਹੇ ਕਰ ਦਿੱਤੇ। ਸੋਮਾਲੀਆ ਦੇ ਲੋਕ 90 ਦੇ ਦਹਾਕੇ ਤੋਂ ਸ਼ਰਨਾਰਥੀਆਂ ਦੇ ਰੂਪ ਵਿੱਚ ਮਿਨੇਸੋਟਾ ਅਤੇ ਹੋਰ ਰਾਜਾਂ ਵਿੱਚ ਆਉਂਦੇ ਰਹੇ ਹਨ।

## ਖਾਲਸਾ ਦੀਵਾਨ ਅਫਗਾਨਿਸਤਾਨ ਵਲੋਂ ਨਰਪਿੰਦਰ ਮਾਨ ਦਾ 'ਲਾਈਫਟਾਈਮ ਅਚੀਵਮੈਂਟ ਐਵਾਰਡ' ਨਾਲ ਸਨਮਾਨ




ਲੰਡਨ : ਯੂਨਾਈਟਿਡ ਸਿੱਖਸ (ਹੈੱਡਕੁਆਰਟਰ) ਦੀ ਡਾਇਰੈਕਟਰ ਨਰਪਿੰਦਰ ਮਾਨ ਬੀ.ਈ.ਐਮ ਨੂੰ ਖਾਲਸਾ ਦੀਵਾਨ ਅਫਗਾਨਿਸਤਾਨ ਵਲੋਂ ਉਨ੍ਹਾਂ ਦੀ ਲੰਮੇ ਸਮੇਂ ਤੋਂ ਸੇਵਾ ਅਤੇ ਭਾਈਚਾਰੇ ਪ੍ਰਤੀ ਸਮਰਪਣ ਦੀ ਸ਼ਲਾਘਾ ਵਜੋਂ 'ਲਾਈਫਟਾਈਮ ਅਚੀਵਮੈਂਟ ਐਵਾਰਡ' ਨਾਲ ਸਨਮਾਨਤ ਕੀਤਾ ਗਿਆ ਸੀ। ਉਨ੍ਹਾਂ ਨੂੰ ਇਹ ਸਨਮਾਨ ਯੂਨਾਈਟਿਡ ਸਿੱਖਸ ਹੈੱਡਕੁਆਰਟਰ ਅਤੇ ਖਾਲਸਾ ਦੀਵਾਨ ਅਫਗਾਨਿਸਤਾਨ (ਬ੍ਰਿਟੇਨ) ਵਲੋਂ ਬਰਤਾਨੀਆਂ ਦੀ ਸੰਸਦ 'ਚ ਹੋਏ ਇਕ ਵਿਸ਼ੇਸ਼ ਮਾਨਤਾ ਸਮਾਰੋਹ ਵਿਚ ਕੀਤਾ ਗਿਆ ਸੀ। ਇਹ ਮਾਨਤਾ ਸਮਾਰੋਹ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਇਕ ਵਿਸ਼ੇਸ ਇਕੱਠ ਦਾ ਹਿੱਸਾ ਸੀ। ਇਸ ਇਕੱਠ ਵਿਚ ਸਿੱਖ ਆਗੂ, ਸੰਸਦ ਮੈਂਬਰ ਅਤੇ ਸਮਰਥਕ ਇਕੱਠਾ ਹੋਏ ਜਿਨ੍ਹਾਂ ਨੇ ਸਿੱਖ ਇਤਿਹਾਸ ਅਤੇ ਕਦਰਾਂ-ਕੀਮਤਾਂ ਨੂੰ ਸੰਭਾਲਣ ਲਈ ਵਚਨਬੱਧਤਾ ਸਾਂਝੀ ਕੀਤੀ। ਇਕੱਠ ਦੌਰਾਨ ਪਦਮ ਸ਼੍ਰੀ ਬੌਬ ਬਲੈਕਮੈਨ, ਸੀ.ਬੀ.ਈ., ਨੇ ਇਕ ਮੁੱਖ ਸਮਰਥਕ ਵਜੋਂ ਸ਼ਿਰਕਤ ਕੀਤੀ ਅਤੇ ਸੰਸਦ ਦੇ ਅੰਦਰ ਸਮਾਗਮ ਨੂੰ ਸੰਭਵ ਬਣਾਉਣ ਵਿਚ ਸਹਾਇਤਾ ਕੀਤੀ। ਪ੍ਰਬੰਧਕਾਂ ਨੇ ਉਨ੍ਹਾਂ ਦੀ ਮੌਜੂਦਗੀ ਨੂੰ ਗਰਮਜੋਸ਼ੀ ਨਾਲ ਸਵੀਕਾਰ ਕੀਤਾ। ਇਸ ਮੌਕੇ ਚਾਰ ਸੰਸਦ ਮੈਂਬਰ ਸ਼ਾਮਲ ਹੋਏ, ਜਿਨ੍ਹਾਂ ਵਿੱਚ ਤਿੰਨ ਸਿੱਖ ਸੰਸਦ ਮੈਂਬਰ ਵੀ ਸ਼ਾਮਲ ਸਨ। ਇਸ ਮੌਕੇ ਤਨਮਨਜੀਤ ਸਿੰਘ ਢੇਸੀ, ਗੁਰਿੰਦਰ ਸਿੰਘ ਜੋਸ਼ਨ, ਸੀ.ਬੀ.ਈ. ਅਤੇ ਵਰਿੰਦਰ ਜਸ ਐਮ.ਪੀ. ਹਾਜ਼ਰ ਸਨ। ਉਨ੍ਹਾਂ ਦੀ ਭਾਗੀਦਾਰੀ ਨੇ ਇਸ ਮੌਕੇ ਮਾਣ ਅਤੇ ਦਿੱਖ ਦੀ ਭਾਵਨਾ ਨੂੰ ਜੋੜਿਆ। ਪ੍ਰਬੰਧਕਾਂ ਨੇ ਸੰਸਦ, ਹਾਜ਼ਰ ਸੰਸਦ ਮੈਂਬਰਾਂ ਅਤੇ ਬਹੁਤ ਸਾਰੇ ਵਿਅਕਤੀਆਂ ਦੇ ਸਮਰਥਨ ਲਈ ਧੰਨਵਾਦ ਕੀਤਾ, ਜਿਨ੍ਹਾਂ ਨੇ ਇਕੱਠ ਨੂੰ ਸਿੱਖ ਵਿਰਾਸਤ ਅਤੇ ਕੁਰਬਾਨੀ ਦਾ ਸਾਰਥਕ ਪ੍ਰਤੀਬਿੰਬ ਬਣਾਉਣ ਵਿਚ ਯੋਗਦਾਨ ਪਾਇਆ।

## ਵੈਂਜ਼ੁਏਲਾ ਵਿੱਚ ਜ਼ਮੀਨੀ ਹਮਲਾ ਛੇਤੀ : ਟਰੰਪ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਥੈਂਕਸਗਿਵਿੰਗ ਮੌਕੇ ਫੌਜ ਨੂੰ ਦਿੱਤੇ ਇਕ ਸੰਦੇਸ਼ ਵਿੱਚ ਕਿਹਾ ਹੈ ਕਿ ਵੈਂਜ਼ੁਏਲਾ ਵਿੱਚ ਜ਼ਮੀਨੀ ਹਮਲਾ ਛੇਤੀ ਕੀਤਾ ਜਾਵੇਗਾ ਜਿਸ ਉਪਰੰਤ ਵੈਂਜ਼ੁਏਲਾ ਨੇੜੇ ਅਮਰੀਕੀ ਫੌਜਾਂ ਭਾਰੀ ਗਿਣਤੀ ਵਿੱਚ ਪੁੱਜਣੀਆਂ ਸ਼ੁਰੂ ਹੋ ਗਈਆਂ ਹਨ। ਟਰੰਪ ਨੇ ਫੌਜ ਦੇ ਨਾਂ ਇਕ ਫੋਨ ਸੰਦੇਸ਼ ਵਿੱਚ ਕਿਹਾ ਹੈ ਕਿ "ਹਾਲ ਹੀ ਦੇ ਹਫਤਿਆਂ ਦੌਰਾਨ ਤੁਸੀਂ ਵੈਂਜ਼ੁਏਲੀਅਨ ਡਰੱਗ ਤਸਕਰਾਂ ਨਾਲ ਨਜਿੱਠਣ ਲਈ ਕੰਮ ਕੀਤਾ ਹੈ ਤੇ ਸਮੁੰਦਰ ਵਿੱਚ ਡਰੱਗ ਤਸਕਰਾਂ ਦੀਆਂ ਕਿਸ਼ਤੀਆਂ ਨੂੰ ਨਿਸ਼ਾਨਾ ਬਣਾਇਆ ਹੈ। ਹੁਣ ਅਸੀਂ ਇਨਾਂ ਨੂੰ ਜ਼ਮੀਨੀ ਰਸਤੇ ਆਉਣ ਤੋਂ ਵੀ ਰੋਕਾਂਗੇ। ਇਹ ਕਾਰਵਾਈ ਛੇਤੀ ਸ਼ੁਰੂ ਹੋਵੇਗੀ।" ਸੰਤਬਰ ਦੇ ਸ਼ੁਰੂ ਤੋਂ ਲੈ ਕੇ ਫੌਜ ਨੇ ਕੈਰੀਬੀਅਨ ਸਮੁੰਦਰ ਤੇ ਪੂਰਬੀ ਪ੍ਰਸ਼ਾਂਤ ਮਹਾਂਸਾਗਰ ਦੇ ਕੌਮਾਂਤਰੀ ਪਾਣੀਆਂ ਵਿੱਚ ਘੱਟੋ ਘੱਟ 21 ਕਥਿਤ ਡਰੱਗ ਕਿਸ਼ਤੀਆਂ ਉਪਰ ਹਮਲੇ ਕੀਤੇ ਹਨ ਜਿਨ੍ਹਾਂ ਹਮਲਿਆਂ ਵਿੱਚ 83 ਲੋਕ ਮਾਰੇ ਗਏ ਹਨ ਜਿਨ੍ਹਾਂ ਵਿਚੋਂ ਜ਼ਿਆਦਾਤਰ ਲੋਕ ਵੈਂਜ਼ੁਏਲਾ ਦੇ ਹਨ।



# ‘ਵਧ ਰਿਹਾ ਰਿਸ਼ਵਤਖੋਰੀ ਦਾ ਰੋਗ’ ਕੁਝ ਪਟਵਾਰੀ ਵੀ ਲੈ ਰਹੇ ਹਨ ‘ਰਿਸ਼ਵਤ’!

ਦੇਸ਼ ’ਚ ਰਿਸ਼ਵਤਖੋਰੀ ਦਾ ਰੋਗ ਲਗਾਤਾਰ ਵਧ ਰਿਹਾ ਹੈ ਅਤੇ ਇਸ ’ਚ ਹੇਠਾਂ ਤੋਂ ਉੱਪਰ ਤਕ ਦੇ ਕਈ ਕਰਮਚਾਰੀ ਅਤੇ ਅਧਿਕਾਰੀ ਸ਼ਾਮਲ ਹਨ। ਇਥੋਂ ਤਕ ਕਿ ਜ਼ਮੀਨਾਂ ਦੀ ਰਜਿਸਟ ?ਰੇਸ਼ਨ ਦਾ ਕੰਮ ਕਰਵਾਉਣ ਵਾਲੇ ਕੁਝ ਪਟਵਾਰੀ ਅਤੇ ਉਨ੍ਹਾਂ ਦੇ ਕਰਿੰਦੇ ਵੀ ਇਸ ਕੰਮ ’ਚ ਸ਼ਾਮਲ ਪਾਏ ਜਾ ਰਹੇ ਹਨ, ਜਿਸਦੀਆਂ ਪਿਛਲੇ ਸਵਾ 2 ਮਹੀਨਿਆਂ ਦੀਆਂ ਉਦਾਹਰਣਾਂ ਹੇਠਾਂ ਦਰਜ ਹਨ :

16 ਸਤੰਬਰ, 2025 ਨੂੰ ‘ਡੂੰਗਰਪੁਰ’ (ਰਾਜਸਥਾਨ) ’ਚ ਭ੍ਰਿਸ਼ਟਾਚਾਰ ਰੋਕੂ ਬਿਊਰੋ ਦੀ ਟੀਮ ਨੇ ‘ਗਾਮਣਾ ਬ੍ਰਾਮਣੀਆਂ’ ਦੇ ਪਟਵਾਰੀ ‘ਹੇਮੰਤ ਕੁਮਾਰ’ ਨੂੰ ਜ਼ਮੀਨ ਸਬੰਧੀ ਇਕ ਦਸਤਾਵੇਜ਼ ਤੋਂ ਸ਼ਿਕਾਇਤਕਰਤਾ ਦੀ ਭੈਣ ਦਾ ਨਾਂ ਹਟਾਉਣ ਦੇ ਬਦਲੇ 5000 ਰੁਪਏ ਰਿਸ਼ਵਤ ਲੈਂਦੇ ਹੋਏ ਗ੍ਰਿਫਤਾਰ ਕੀਤਾ।

19 ਸਤੰਬਰ ਨੂੰ ‘ਪੁਂਛ’ (ਜੰਮੂ ਕਸ਼ਮੀਰ) ਦੇ ਪਟਵਾਰ ਹਲਕਾ ‘ਸ਼ਾਹਪੁਰ’ ’ਚ ਭ੍ਰਿਸ਼ਟਾਚਾਰ ਰੋਕੂ ਬਿਊਰੋ ਦੀ ਟੀਮ ਨੇ ਪਟਵਾਰੀ ‘ਜਮੀਲ ਅਹਿਮਦ ਭੱਟ ਨੂੰ ਸ਼ਿਕਾਇਕਰਤਾ ਤੋਂ 15,000 ਰੁਪਏ ਰਿਸ਼ਵਤ ਲੈਂਦੇ ਹੋਏ ਗ੍ਰਿਫਤਾਰ ਕੀਤਾ।

14 ਅਕਤੂਬਰ ਨੂੰ ਸੀ. ਬੀ.ਆਈ. ਨੇ ‘ਜੰਮੂ’ ਦੇ ‘ਕੋਟ ਭਲਵਾਲ’ ਇਲਾਕੇ ਦੇ ਪਟਵਾਰੀ ‘ਨਰਿੰਦਰ ਕੁਮਾਰ’ ਨੂੰ ਇਕ ਸ਼ਿਕਾਇਤਕਰਤਾ ਤੋਂ 20,000 ਰੁਪਏ ਰਿਸ਼ਵਤ ਲੈਣ ਦੇ ਦੋਸ਼ ’ਚ ਗ੍ਰਿਫਤਾਰ ਕੀਤਾ। ਉਸ ਦੀ ਕਾਰ ’ਚੋਂ 50,000 ਰੁਪਏ ਵੀ ਬਰਾਮਦ ਹੋਏ। ਪਟਵਾਰੀ ਨੇ ਜ਼ਮੀਨ ਦੀ ਫਰਦ ਜਾਰੀ ਕਰਨ ਲਈ ਇਹ ਰਿਸ਼ਵਤ ਲਈ ਸੀ।




4 ਨਵੰਬਰ ਨੂੰ ‘ਸਾਂਬਾ’ (ਜੰਮੂ-ਕਸ਼ਮੀਰ) ਜ਼ਿਲੇ ’ਚ ਭ੍ਰਿਸ਼ਟਾਚਾਰ ਰੋਕੂ ਬਿਊਰੋ ਨੇ ਪਟਵਾਰ ਹਲਕਾ ‘ਦਾਦੂਈ’ ਦੇ ਪਟਵਾਰੀ ‘ਸੁਨੀਲ ਕੁਮਾਰ’ ਨੂੰ ਸ਼ਿਕਾਇਤਕਰਤਾ ਦੀ ਗਿਰਦਾਵਰੀ ਸਹੀ ਕਰਨ ਦੇ ਬਦਲੇ ’ਚ 20,000 ਰੁਪਏ ਰਿਸ਼ਵਤ ਲੈਂਦੇ ਹੋਏ ਗ੍ਰਿਫਤਾਰ ਕੀਤਾ ਅਤੇ ਉਸ ਦੇ ਵਾਹਨ ’ਚੋਂ 35 ਲੱਖ ਤੋਂ ਵੱਧ ਰਕਮ ਬਰਾਮਦ ਕੀਤੀ।

20 ਨਵੰਬਰ ਨੂੰ ‘ਜੀਂਦ’ (ਹਰਿਆਣਾ) ’ਚ ਇਕ ਕਿਸਾਨ ਦੀ ਜ਼ਮੀਨ ਦੀ ਨਿਸ਼ਾਨਦੇਹੀ ਦੇ ਬਦਲੇ ’ਚ ਰਿਸ਼ਵਤ ਲੈਣ ਦੇ ਦੋਸ਼ ’ਚ ਪਿੰਡ ‘ਅਲੇਵਾ’ ਦੇ ਕਾਨੂੰਨਗੋ ‘ਸੁਰੇਸ਼’ ਨੂੰ ਜ਼ਿਲਾ ਅਦਾਲਤ ਨੇ ਦੋਸ਼ੀ ਕਰਾਰ ਦਿੰਦੇ ਹੋਏ 4 ਸਾਲ ਕੈਦ ਅਤੇ 20,000 ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ।

20 ਨਵੰਬਰ ਨੂੰ ਹੀ ‘ਪੰਜਾਬ ਚੌਕਸੀ ਬਿਊਰੋ’ ਨੇ ‘ਤਰਨਤਾਰਨ’ ਜ਼ਿਲੇ ਦੇ ਸਰਕਲ ਗੋਲਵਡ, ਪਿੰਡ ‘ਬਾਲਾ ਚੱਕ’ ਵਿਚ ਤਾਇਨਾਤ ਪਟਵਾਰੀ ‘ਸਰਬਜੀਤ ਸਿੰਘ’ ਨੂੰ ਸ਼ਿਕਾਇਤਕਰਤਾ ਤੋਂ 25,000 ਰੁਪਏ ਰਿਸ਼ਵਤ ਲੈਂਦੇ ਹੋਏ ਰੰਗੇ ਹੱਥੀਂ ਗ੍ਰਿਫਤਾਰ ਕੀਤਾ।

ਅੰਮ੍ਰਿਤਸਰ ਨਿਵਾਸੀ ਸ਼ਿਕਾਇਤਕਰਤਾ ਆਪਣੀ ਜ਼ਮੀਨ ਵੇਚਣਾ ਚਾਹੁੰਦਾ ਸੀ ਪਰ ਉਸ ਨੂੰ ਪਤਾ ਲੱਗਾ ਕਿ ਜ਼ਮੀਨ ਦਾ ਇੰਤਕਾਲ ਕਿਸੇ ਹੋਰ ਦੇ ਨਾਂ ’ਤੇ ਦਰਜ ਹੈ। ਪਟਵਾਰੀ ਨੇ ਰਿਕਾਰਡ ਠੀਕ ਕਰਨ ਲਈ ਕੁੱਲ ਇਕ ਲੱਖ ਰੁਪਏ ਦੀ ਰਿਸ਼ਵਤ ਮੰਗੀ ਸੀ।

ਸੌਦਾ 30,000 ਰੁਪਏ ’ਚ ਤੈਅ ਹੋਇਆ, ਜਿਸ ’ਚੋਂ ਪਟਵਾਰੀ 5,000 ਰੁਪਏ ਪਹਿਲਾਂ ਹੀ ਲੈ ਚੁੱਕਾ ਸੀ। ਵਿਜੀਲੈਂਸ ਟੀਮ ਨੇ ਸ਼ਿਕਾਇਤ ਦੇ ਆਧਾਰ ’ਤੇ ਜਾਲ ਵਿਛਾਇਆ ਅਤੇ ‘ਸਰਬਜੀਤ ਸਿੰਘ’ ਨੂੰ 25,000 ਰੁਪਏ ਦੀ ਦੂਜੀ ਕਿਸ਼ਤ ਲੈਂਦੇ ਹੋਏ 2 ਸਰਕਾਰੀ ਗਵਾਹਾਂ ਦੀ ਮੌਜੂਦਗੀ ’ਚ ਫੜ ਲਿਆ।

21 ਨਵੰਬਰ ਨੂੰ ‘ਕਨੀਨਾ’ (ਹਰਿਆਣਾ) ਸਬ-ਡਵੀਜ਼ਨ ’ਚ ਭ੍ਰਿਸ਼ਟਾਚਾਰ ਰੋਕੂ ਬਿਊਰੋ ‘ਗੁਰੂਗ੍ਰਾਮ’ ਦੀ ਟੀਮ ਨੇ ਪਟਵਾਰੀ ‘ਵਿਕਰਮ ਸਿੰਘ’ ਨੂੰ ਸ਼ਿਕਾਇਤਕਰਤਾ ਦੀ ਜ਼ਮੀਨ ਦੀ ਤਕਸੀਮ (ਵੰਡ) ਅਤੇ ਲੋਨ ਸਬੰਧੀ ਕੰਮ ਨਿਪਟਾਉਣ ਦੇ ਬਦਲੇ 10,000 ਰੁਪਏ ਰਿਸ਼ਵਤ ਲੈਂਦੇ ਹੋਏ ਗ੍ਰਿਫਤਾਰ ਕੀਤਾ।

ਰਾਮਬਾਸ ਪਿੰਡ ਦੇ ਇਕ ਨਿਵਾਸੀ ਨੇ ਸ਼ਿਕਾਇਤ ਕੀਤੀ ਸੀ ਕਿ ਪਟਵਾਰੀ ਇਨ੍ਹਾਂ ਕੰਮਾਂ ਨੂੰ ਨਜਿੱਠਣ ਦੇ ਬਦਲੇ ਉਸ ਤੋਂ ਕੁੱਲ 22,500 ਰੁਪਏ ਦੀ ਮੰਗ ਕਰ ਰਿਹਾ ਸੀ। ਅਧਿਕਾਰੀਆਂ ਨੇ ਸ਼ਿਕਾਇਤ ਦੀ ਪੁਸ਼ਟੀ ਕਰਨ ਤੋਂ ਬਾਅਦ ਜਾਲ ਵਿਛਾਇਆ ਅਤੇ ਜਿਉਂ ਹੀ ਪਟਵਾਰੀ ਨੇ 10,000 ਰੁਪਏ ਦੀ ਪਹਿਲੀ ਕਿਸ਼ਤ ਲਈ, ਟੀਮ ਨੇ ਉਸ ਨੂੰ ਰੰਗੇ ਹੱਥੀਂ ਦਬੋਚ ਲਿਆ।

ਅਤੇ ਹੁਣ 24 ਨਵੰਬਰ ਨੂੰ ‘ਸਵਾਈ ਮਾਧੋਪੁਰ’ (ਰਾਜਸਥਾਨ) ’ਚ ਭ੍ਰਿਸ਼ਟਾਚਾਰ ਰੋਕੂ ਬਿਊਰੋ ਦੀ ਟੀਮ ਨੇ ਜ਼ਮੀਨ ਦੇ ਇੰਤਕਾਲ ਦੇ ਬਦਲੇ ਤਹਿਸੀਲਦਾਰ ਦੇ ਸਹਾਇਕ ‘ਕੁਲਦੀਪ ਸਿੰਘ’ ਨੂੰ 18,500 ਰੁਪਏ ਰਿਸ਼ਵਤ ਲੈਂਦੇ ਹੋਏ ਗ੍ਰਿਫਤਾਰ ਕੀਤਾ ਹੈ।

ਉਕਤ ਉਦਾਹਰਣਾਂ ਤੋਂ ਸਪੱਸ਼ਟ ਹੈ ਕਿ ਪਟਵਾਰੀਆਂ ਦਾ ਇਕ ਵਰਗ ਕਿਸ ਕਦਰ ਰਿਸ਼ਵਤਖੋਰੀ ਦੇ ਮਹਾਰੋਗ ਦੀ ਚਪੇਟ ’ਚ ਆ ਚੁੱਕਾ ਹੈ। ਇਸ ਨੂੰ ਦੂਰ ਕਰਨ ਲਈ ਦੋਸ਼ੀਆਂ ਦੇ ਵਿਰੁੱਧ ਤੁਰੰਤ ਸਖਤ ਕਾਰਵਾਈ ਤੇਜ਼ ਕਰਨ ਦੀ ਲੋੜ ਹੈ।

ਇਸ ਦੇ ਨਾਲ ਹੀ ਦੇਸ਼ ’ਚ ਜ਼ਮੀਨਾਂ ਦਾ ਰਿਕਾਰਡ ਆਨਲਾਈਨ ਕਰਨ ਅਤੇ ਲੋਕਾਂ ਨੂੰ ਇਸ ਬਾਰੇ ਜਾਗਰੂਕ ਕਰਨ ਦੀ ਲੋੜ ਹੈ ਤਾਂਕਿ ਇਨ੍ਹਾਂ ਕੰਮਾਂ ’ਚ ਅਧਿਕਾਰੀਆਂ ਅਤੇ ਪਟਵਾਰੀਆਂ ਦੀ ਦਖਲਅੰਦਾਜ਼ੀ ਘਟ ਹੋ ਸਕੇ।

# ਲੋਕਤੰਤਰ ਦੀ ਸਿਹਤ ’ਤੇ ਸਵਾਲ



ਦਿੱਲੀ ਵਿਚ ਸਰਦੀ ਦੀ ਸ਼ੁਰੂਆਤ ਹੋ ਚੁੱਕੀ ਹੈ ਪਰ ਰਾਜਧਾਨੀ ਵਿਚ ਰਾਜਨੀਤਕ ਪਾਰਾ ਚੜ੍ਹਨ ਲੱਗਾ ਹੈ। ਸੋਮਵਾਰ ਤੋਂ ਸੰਸਦ ਦਾ ਸਰਦ ਰੁੱਤ ਦਾ ਸੈਸ਼ਨ ਸ਼ੁਰੂ ਹੋ ਗਿਆ ਹੈ ਜੋ ਕਾਫ਼ੀ ਹੰਗਾਮੇ ਨਾਲ ਆਰੰਭ ਹੋਇਆ। ਸੰਸਦ ਦਾ ਇਹ ਇਜਲਾਸ ਪਹਿਲੀ ਤੋਂ ਸ਼ੁਰੂ ਹੋ ਕੇ 19 ਦਸੰਬਰ ਤੱਕ ਚੱਲੇਗਾ।

ਇਸ ਦਾ ਮਤਲਬ ਹੈ ਕਿ ਸੰਸਦ ਲਗਪਗ 15 ਦਿਨ ਹੀ ਚੱਲੇਗੀ। ਇਹ ਜਾਣਕਾਰੀ ਭਾਵੇਂ ਪ੍ਰਸ਼ਾਸਨਿਕ ਕਾਗਜ਼ਾਂ ਵਿਚ ਦਰਜ ਹੋਵੇ ਪਰ ਇਸ ਦੇ ਅੰਦਰ ਦੇਸ਼ ਦੀ ਰਾਜਨੀਤੀ ਦੀ ਇਕ ਗਹਿਰੀ ਬੇਚੈਨੀ ਲੁਕੀ ਹੋਈ ਹੈ। ਇਸ ਦਾ ਕਾਰਨ ਇਹ ਹੈ ਕਿ ਜਦੋਂ ਸੰਸਦ ਦੇ ਸੈਸ਼ਨ ਛੋਟੇ ਹੋਣ ਲੱਗਦੇ ਹਨ ਤਾਂ ਇਹ ਕੁਝ ਹੋਰ ਨਹੀਂ ਸਗੋਂ ਜਨਤਾ ਦੀ ਆਵਾਜ਼ ਦਾ ਸੁੰਗੜਨਾ ਹੀ ਹੈ। ਜਦੋਂ ਜਨਤਾ ਦੀ ਆਵਾਜ਼ ਇੰਜ ਸੁੰਗੜਨ ਲੱਗਦੀ ਹੈ, ਉਦੋਂ ਲੋਕ ਮਸਲੇ ਵਧਦੇ ਹੀ ਜਾਂਦੇ ਹਨ ਕਿਉਂਕਿ ਉਨ੍ਹਾਂ ਦੇ ਹੱਲ ਵੱਲ ਸਰਕਾਰ ਵੱਲੋਂ ਧਿਆਨ ਹੀ ਨਹੀਂ ਦਿੱਤਾ ਜਾਂਦਾ।

ਭਾਰਤ ਜਿਹੇ ਵਿਸ਼ਾਲ ਲੋਕਤੰਤਰ ਵਿਚ ਜਿੱਥੇ ਪੰਜ ਸੌ ਤੋਂ ਵੱਧ ਲੋਕ ਸਭਾ ਦੇ ਮੈਂਬਰ ਅਤੇ ਦੋ ਸੌ ਦੇ ਕਰੀਬ ਰਾਜ ਸਭਾ ਦੇ ਮੈਂਬਰ ਜਨਤਾ ਦੀ ਆਵਾਜ਼ ਲੈ ਕੇ ਸਦਨ ਵਿਚ ਪਹੁੰਚਦੇ ਹਨ, ਉੱਥੇ ਸਵਾਲ ਇਹ ਹੈ ਕਿ ਕੀ ਇਨ੍ਹਾਂ ਸੱਤ ਸੌ ਅੱਸੀ ਤੋਂ ਵੱਧ ਪ੍ਰਤੀਨਿਧੀਆਂ ਨੂੰ ਸਿਰਫ਼ ਪੰਦਰਾਂ ਦਿਨਾਂ ਵਿਚ ਆਪਣੀ ਗੱਲ ਕਹਿਣ ਦਾ ਮੌਕਾ ਮਿਲੇਗਾ? ਇਹ ਗਣਿਤ ਜਿੰਨਾ ਸਾਧਾਰਨ ਦਿਖਾਈ ਦਿੰਦਾ ਹੈ, ਓਨਾ ਹੀ ਖ਼ਤਰਨਾਕ ਵੀ ਹੈ। ਜੇ ਹਰ ਸੰਸਦ ਮੈਂਬਰ ਨੂੰ ਆਪਣੇ ਖੇਤਰ ਵੱਲੋਂ ਸਿਰਫ਼ ਪੰਜ ਮਿੰਟ ਬੋਲਣ ਦਾ ਮੌਕਾ ਮਿਲੇ ਤਾਂ ਪੈਂਹਟ ਘੰਟਿਆਂ ਤੋਂ ਵੱਧ ਸਮਾਂ ਚਾਹੀਦਾ ਹੈ। ਜਦਕਿ ਪੂਰੇ ਸੈਸ਼ਨ ਵਿਚ ਮੁਸ਼ਕਲ ਨਾਲ ਨੱਬੇ ਘੰਟੇ ਦੀ ਕਾਰਵਾਈ ਹੁੰਦੀ ਹੈ। ਉਸ ਵਿਚ ਪ੍ਰਸ਼ਨਕਾਲ, ਬਿੱਲ, ਰਸਮੀ ਭਾਸ਼ਣ ਅਤੇ ਸਰਕਾਰ ਦੇ ਏਜੰਡੇ ਦਾ ਸਮਾਂ ਜੋੜ ਦਿਉ ਤਾਂ ਬਹਿਸ ਲਈ ਕੀ ਬਚਦਾ ਹੈ? ਸ਼ਾਇਦ ਉਹੀ, ਜੋ ਲੋਕਤੰਤਰ ਕੋਲ ਹੁਣ ਹੌਲੀ-ਹੌਲੀ ਬਚਿਆ ਰਹਿ ਗਿਆ ਹੈ ਬਹੁਤ ਘੱਟ ਸਮਾਂ ਅਤੇ ਬਹੁਤ ਲੰਬਾ ਮੌਨ।

ਸੰਸਦ ਨੂੰ ਲੋਕਤੰਤਰ ਦੀ ਆਤਮਾ ਕਿਹਾ ਜਾਂਦਾ ਹੈ। ਇਹ ਉਹ ਜਗ ?ਹਾ ਹੈ ਜਿੱਥੇ ਅਸਹਿਮਤੀ ਨੂੰ ਜਗ ?ਹਾ ਮਿਲਦੀ ਹੈ ਅਤੇ ਬਹਿਸ ਜ਼ਰੀਏ ਸੱਚਾਈ ਸਾਹਮਣੇ ਆਉਂਦੀ ਹੈ। ਇੱਥੇ ਜਨਤਾ ਦੇ ਸਵਾਲਾਂ ਨੂੰ ਸੱਤਾ ਧਿਰ ਦੇ ਸਾਹਮਣੇ ਰੱਖਿਆ ਜਾਂਦਾ ਹੈ ਪਰ ਪਿਛਲੇ ਕੁਝ ਸਾਲਾਂ ਵਿਚ ਇਹ ਆਤਮਾ ਥੱਕੀ ਜਿਹੀ ਮਹਿਸੂਸ ਹੋਣ ਲੱਗੀ ਹੈ।

ਸੰਸਦ ਹੁਣ ਬਹਿਸ ਦਾ ਨਹੀਂ, ਸਗੋਂ ਬਿੱਲ ਪਾਸ ਕਰਨ ਦਾ ਕੇਂਦਰ ਬਣਦੀ ਜਾ ਰਹੀ ਹੈ। ਕਈ ਵਾਰ ਤਾਂ ਲੱਗਦਾ ਹੈ ਕਿ ਬਿੱਲ ਪਹਿਲਾਂ ਤੋਂ ਹੀ ਤੈਅ ਹੋ ਕੇ ਆਉਂਦੇ ਹਨ ਅਤੇ ਸੰਸਦ ਸਿਰਫ਼ ਉਨ੍ਹਾਂ ’ਤੇ ਮੋਹਰ ਲਗਾਉਣ ਦੀ ਰਸਮ ਜਿਹੀ ਹੀ ਨਿਭਾਉਂਦੀ ਹੈ। ਲੋਕਤੰਤਰ ਵਿਚ ਸੰਵਾਦ ਸਭ ਤੋਂ ਵੱਡੀ ਤਾਕਤ ਹੁੰਦੀ ਹੈ ਪਰ ਜਦੋਂ ਸੰਵਾਦ ਘਟਦਾ ਹੈ ਤਾਂ ਲੋਕਤੰਤਰ ਸਿਰਫ਼ ਰਸਮੀ ਸ਼ਬਦ ਬਣ ਕੇ ਰਹਿ ਜਾਂਦਾ ਹੈ ਲੋਕਤੰਤਰੀ ਸਰਕਾਰ ਦਾ ਮਤਲਬ ਸਿਰਫ਼ ਸੱਤਾ ਪੱਖ ਨਹੀਂ ਹੁੰਦਾ, ਸਗੋਂ ਵਿਰੋਧੀ ਧਿਰ ਵੀ ਇਸ ਦਾ ਹਿੱਸਾ ਹੁੰਦਾ ਹੈ। ਵਿਰੋਧੀ ਧਿਰ ਕੋਈ ਵਿਰੋਧੀ ਪਾਰਟੀ ਨਹੀਂ ਸਗੋਂ ਲੋਕਤੰਤਰ ਦਾ ਦੂਜਾ ਫੇਫੜਾ ਹੈ। ਜਦੋਂ ਇਕ ਧਿਰ ਬੋਲਦੀ ਹੈ ਅਤੇ ਦੂਜੀ ਸੁਣਦੀ ਹੈ, ਤਦ ਹੀ ਇਹ ਪ੍ਰਣਾਲੀ ਸਾਹ ਲੈਂਦੀ ਹੈ ਪਰ ਹੁਣ ਉਹ ਸਾਹ ਘੁਟਣ ਲੱਗਾ ਹੈ।

ਸੰਸਦ ਵਿਚ ਵਿਰੋਧੀ ਧਿਰ ਦੇ ਬੋਲਣ ਦੇ ਸਮੇਂ ਨੂੰ ਸੀਮਤ ਕੀਤਾ ਜਾਣਾ, ਅਸਹਿਮਤੀ ਨੂੰ ਵਿਘਨ ਮੰਨਣਾ ਅਤੇ ਸਵਾਲ ਪੁੱਛਣ ਵਾਲਿਆਂ ਨੂੰ ‘ਅਵਿਵਸਥਤ’ ਕਰਾਰ ਦੇਣਾ, ਇਹ ਲੋਕਤੰਤਰ ਦੇ ਚਰਿੱਤਰ ਵਿਚ ਆਈ ਸਭ ਤੋਂ ਖ਼ਤਰਨਾਕ ਪ੍ਰਵਿਰਤੀ ਹੈ। ਸੱਤਾ ਧਿਰ ਨੂੰ ਹਮੇਸ਼ਾ ਸਵਾਲਾਂ ਦੀ ਲੋੜ ਹੁੰਦੀ ਹੈ ਕਿਉਂਕਿ ਸਵਾਲ ਹੀ ਉਸ ਨੂੰ ਜ਼ਮੀਨ ’ਤੇ ਰੱਖਦਾ ਹੈ ਪਰ ਜਦੋਂ ਸਵਾਲ ਪੁੱਛਣ ਵਾਲੇ ਘੱਟ ਹੋ ਜਾਂਦੇ ਹਨ ਜਾਂ ਉਨ੍ਹਾਂ ਦੀ ਆਵਾਜ਼ ਦਬਾ ਦਿੱਤੀ ਜਾਂਦੀ ਹੈ ਤਾਂ ਸੱਤਾ ਧਿਰ ਜਵਾਬਦੇਹ ਨਾ ਰਹਿ ਕੇ ਆਤਮ-ਸੰਤੁਸ਼ਟ ਹੋ ਜਾਂਦੀ ਹੈ। ਸੰਸਦ ਦੇ ਪਹਿਲੇ ਦਿਨ ਜਿੰਨਾ ਹੰਗਾਮਾ ਹੋਇਆ, ਉਹ ਲੋਕਤੰਤਰ ਦੀ ਸਿਹਤ ਲਈ ਸਹੀ ਨਹੀਂ ਹੈ। ਸਰਕਾਰ ਦਾ ਫ਼ਰਜ਼ ਬਣਦਾ ਹੈ ਕਿ ਉਹ ਵਿਰੋਧੀ ਧਿਰ ਦੀਆਂ ਚਿੰਤਾਵਾਂ ’ਤੇ ਢੁੱਕਵਾਂ ਧਿਆਨ ਦੇ ਕੇ ਉਨ੍ਹਾਂ ’ਚੋਂ ਜੋ ਵਾਜਬ ਹਨ, ਉਨ੍ਹਾਂ ਦਾ ਹੱਲ ਕੱਢਿਆ ਜਾਵੇ ਪਰ ਉਹ ਵਿਰੋਧੀ ਧਿਰ ਨੂੰ ਖੂੰਜੇ ਲਾ ਕੇ ਰੱਖਣਾ ਪਸੰਦ ਕਰ ਰਹੀ ਹੈ।

ਇਹ ਬਹੁਤ ਚਿੰਤਾਜਨਕ ਵਰਤਾਰਾ ਹੈ। ਜੇ ਸੰਸਦ ਦੇ ਇਜਲਾਸ ਇੰਜ ਹੀ ਉਦੇਸ਼ਹੀਣ ਜਿਹੇ ਹੁੰਦੇ ਰਹਿਣਗੇ ਤਾਂ ਲੋਕਾਂ ਦੇ ਪ੍ਰਤੀਨਿਧਾਂ ਦੀ ਆਵਾਜ਼ ਦੱਬੀ ਜਾਂਦੀ ਰਹੇਗੀ। ਸਰਕਾਰ ਅਤੇ ਵਿਰੋਧੀ ਧਿਰ, ਦੋਵਾਂ ਨੂੰ ਆਪਸੀ ਤਾਲਮੇਲ ਵਧਾਉਂਦੇ ਹੋਏ ਵਿਵਾਦਮਈ ਮੁੱਦਿਆਂ ’ਤੇ ਆਮ ਸਹਿਮਤੀ ਬਣਾਉਣ ਦਾ ਯਤਨ ਕਰਨਾ ਚਾਹੀਦਾ ਹੈ।

ਆਜ਼ਾਦੀ ਦੇ ਸ਼ੁਰੂਆਤੀ ਦੋ ਦਹਾਕਿਆਂ ਵਿਚ ਸੰਸਦ ਸਾਲ ਵਿਚ ਔਸਤਨ ਇਕ ਸੌ ਵੀਹ ਤੋਂ

**-ਰਾਜੀਵ ਸ਼ੁਕਲਾ**

ਵੱਧ ਦਿਨ ਚੱਲਦੀ ਸੀ। ਹੁਣ ਉਹ ਗਿਣਤੀ ਅੱਧੀ ਰਹਿ ਗਈ ਹੈ। ਸਰਦ ਰੁੱਤ ਦੇ ਇਜਲਾਸ ਦਾ ਪੰਦਰਾਂ ਦਿਨਾਂ ਤੱਕ ਸੀਮਤ ਰਹਿਣਾ ਉਸੇ ਗਿਰਾਵਟ ਦਾ ਹਿੱਸਾ ਹੈ। ਇਹ ਸਿਰਫ਼ ਸਮੇਂ ਦੀ ਕਮੀ ਨਹੀਂ, ਸਗੋਂ ਲੋਕਤੰਤਰੀ ਸੰਸਕ੍ਰਿਤੀ ਦੇ ਸੁੰਗੜਨ ਦੀ ਕਹਾਣੀ ਹੈ। ਸੰਸਦ ਨੂੰ ਹੁਣ ਜਨਤਾ ਦੇ ਸਵਾਲਾਂ ਤੋਂ ਵੱਧ ਆਪਣੇ ਕਾਰਜਕ੍ਰਮਾਂ ਦੀ ਚਿੰਤਾ ਹੈ। ਬੇਰੁਜ਼ਗਾਰੀ, ਮਹਿੰਗਾਈ, ਕਿਸਾਨਾਂ ਦੇ ਸੰਕਟ ਜਾਂ ਸਿੱਖਿਆ ’ਤੇ ਚਰਚਾ ਪਿੱਛੇ ਖਿਸਕ ਗਈ ਹੈ। ਸੰਸਦ ਉਹ ਜਗ੍ਹਾ ਸੀ ਜਿੱਥੇ ਜਨਤਾ ਬੋਲਦੀ ਸੀ, ਹੁਣ ਉਹ ਜਗ੍ਹਾ ਬਣ ਗਈ ਹੈ ਜਿੱਥੇ ਸਰਕਾਰ ਬੋਲਦੀ ਹੈ ਅਤੇ ਬਾਕੀ ਸਿਰਫ਼ ਸੁਣਦੇ ਹਨ। ਸਵਾਲ ਪੁੱਛਣਾ ਲੋਕਤੰਤਰ ਦਾ ਅਪਰਾਧ ਨਹੀਂ, ਉਸ ਦਾ ਸਭ ਤੋਂ ਵੱਡਾ ਕਰਤੱਵ ਹੈ। ਹਰ ਸੰਸਦ ਮੈਂਬਰ ਜਦੋਂ ਆਪਣੀ ਸੀਟ ਤੋਂ ਖੜ੍ਹਾ ਹੋ ਕੇ ਕੋਈ ਪ੍ਰਸ਼ਨ ਪੁੱਛਦਾ ਹੈ ਤਾਂ ਉਹ ਆਪਣੇ ਹਲਕੇ ਦੀ ਜਨਤਾ ਵੱਲੋਂ ਬੋਲਦਾ ਹੈ। ਜਦੋਂ ਉਸ ਨੂੰ ਬੋਲਣ ਤੋਂ ਰੋਕਿਆ ਜਾਂਦਾ ਹੈ ਤਾਂ ਇਹ ਇਕ ਤਰ੍ਹਾਂ ਨਾਲ ਉਸ ਜਨਤਾ ਨੂੰ ਚੁੱਪ ਕਰਵਾਉਣ ਵਰਗਾ ਹੈ ਜਿਸ ਨੇ ਆਪਣੀਆਂ ਵੋਟਾਂ ਨਾਲ ਉਸ ਨੂੰ ਸੰਸਦ ਤੱਕ ਪਹੁੰਚਾਇਆ ਹੋਇਆ ਹੁੰਦਾ ਹੈ।

ਇਹੀ ਕਾਰਨ ਹੈ ਕਿ ਸੰਸਦ ਵਿਚ ਘਟਦੇ ਸਵਾਲ, ਘਟਦੇ ਸੈਸ਼ਨ ਅਤੇ ਵਧਦਾ ਮੌਨ ਇਕ ਗਹਿਰੀ ਚਿੰਤਾ ਪੈਦਾ ਕਰਦੇ ਹਨ। ਲੋਕਤੰਤਰ ਦੀ ਤਾਕਤ ਬਹਿਸ ਵਿਚ ਹੁੰਦੀ ਹੈ ਅਤੇ ਜਦੋਂ ਬਹਿਸ ਸਿਮਟਣ ਲੱਗੇ ਤਾਂ ਸਮਝਣਾ ਚਾਹੀਦਾ ਹੈ ਕਿ ਲੋਕਤੰਤਰ ਦੀ ਸਿਹਤ ਵਿਚ ਗਿਰਾਵਟ ਆ ਰਹੀ ਹੈ। ਹੁਣ ਸੰਸਦ ਦਾ ਮੌਨ ਡਰਾਉਣ ਲੱਗਾ ਹੈ।

ਪਹਿਲਾਂ ਸੰਸਦ ਵਿਚ ਸ਼ੋਰ ਸੀ। ਗੁੱਸਾ ਵੀ ਸੀ। ਬਹਿਸਾਂ ਵੀ ਸਨ ਅਤੇ ਕਈ ਵਾਰ ਅਵਿਵਸਥਾ ਵੀ ਦੇਖਣ ਨੂੰ ਮਿਲਦੀ ਸੀ ਪਰ ਉਸ ਸ਼ੋਰ ਵਿਚ ਜੀਵੰਤਤਾ ਮਹਿਸੂਸ ਹੁੰਦੀ ਸੀ। ਅੱਜ ਬਹੁਤ ਕੁਝ ਸੁਚੱਜੇ ਤਰੀਕੇ ਨਾਲ ਵਿਵਸਥਤ ਹੈ, ਸ਼ਾਂਤ ਹੈ, ਤੈਅ ਹੈ। ਸ਼ਾਇਦ ਇਹੀ ਸ਼ਾਂਤੀ ਲੋਕਤੰਤਰ ਦੀ ਸਭ ਤੋਂ ਵੱਡੀ ਬਿਮਾਰੀ ਬਣ ਗਈ ਹੈ ਕਿਉਂਕਿ ਜੋ ਸੰਸਦ ਬੋਲਣਾ ਬੰਦ ਕਰ ਦਿੰਦੀ ਹੈ, ਉਹ ਜਨਤਾ ਤੋਂ ਸੁਣਨਾ ਵੀ ਬੰਦ ਕਰ ਦਿੰਦੀ ਹੈ। ਪੰਦਰਾਂ ਦਿਨਾਂ ਦਾ ਸੈਸ਼ਨ ਕਿਸੇ ਰਾਜਨੀਤਕ ਗਣਨਾ ਦਾ ਨਤੀਜਾ ਹੋ ਸਕਦਾ ਹੈ ਪਰ ਇਹ ਜਨਤਾ ਦੀ ਪ੍ਰਤੀਨਿਧਤਾ ਦੀ ਆਤਮਾ ’ਤੇ ਹਮਲਾ ਹੈ। ਇੰਨੇ ਘੱਟ ਸਮੇਂ ਵਿਚ ਨਾ ਕੋਈ ਡੂੰਘੀ ਚਰਚਾ ਹੋ ਸਕਦੀ ਹੈ, ਨਾ ਕਿਸੇ ਕਾਨੂੰਨ ਦੇ ਦੂਰਗਾਮੀ ਪ੍ਰਭਾਵਾਂ ’ਤੇ ਵਿਚਾਰ। ਇਹ ਲੋਕਤੰਤਰ ਦਾ ‘ਸੰਖੇਪ ਸੰਸਕਰਨ’ ਹੈ ਕਿ ਇਹ ਤੇਜ਼ ਤਾਂ ਹੈ ਪਰ ਆਤਮਾਹੀਣ ਵੀ ਹੈ।

ਲੋਕਤੰਤਰ ਨੂੰ ਚਲਾਉਣ ਲਈ ਸਿਰਫ਼ ਚੋਣਾਂ ਨਹੀਂ, ਸੰਵਾਦ ਵੀ ਚਾਹੀਦਾ ਹੈ। ਸੰਸਦ ਨੂੰ ਸਿਰਫ਼ ਬਿੱਲ ਨਹੀਂ, ਪ੍ਰਸ਼ਨ ਵੀ ਚਾਹੀਦੇ ਹਨ। ਜੋ ਸਰਕਾਰ ਸੰਵਾਦ ਤੋਂ ਡਰਦੀ ਹੈ, ਉਹ ਅੰਤ ਵਿਚ ਜਨਤਾ ਤੋਂ ਦੂਰ ਹੋ ਜਾਂਦੀ ਹੈ। ਸੰਸਦ ਨੂੰ ਹੁਣ ਸਮੇਂ ਦੀ ਨਹੀਂ, ਗੰਭੀਰਤਾ ਦੀ ਲੋੜ ਹੈ। ਇਹ ਉਹ ਜਗ ?ਹਾ ਨਹੀਂ ਹੋਣੀ ਚਾਹੀਦੀ ਜਿੱਥੇ ਸਰਕਾਰ ਸਿਰਫ਼ ਆਪਣੀ ਗੱਲ ਕਹੇ ਸਗੋਂ ਇਹ ਉਹ ਮੰਚ ਹੋਣਾ ਚਾਹੀਦਾ ਹੈ ਜਿੱਥੇ ਦੇਸ਼ ਦੀ ਹਰ ਆਵਾਜ਼, ਚਾਹੇ ਉਹ ਸੱਤਾ ਧਿਰ ਦੀ ਹੋਵੇ ਜਾਂ ਵਿਰੋਧੀ ਧਿਰ ਦੀ, ਉਸ ਨੂੰ ਬਰਾਬਰੀ ਅਤੇ ਗੰਭੀਰਤਾ ਨਾਲ ਸੁਣਿਆ ਜਾਵੇ।

ਲੋਕਤੰਤਰ ਦੀ ਸਭ ਤੋਂ ਖ਼ੂਬਸੂਰਤ ਗੱਲ ਇਹ ਹੈ ਕਿ ਇਹ ਬਹਿਸ ਨਾਲ ਚੱਲਦਾ ਹੈ, ਸਹਿਮਤੀ ਨਾਲ ਨਹੀਂ। ਜੇਕਰ ਸੰਸਦ ਵਿਚ ਹੁਣ ਸਿਰਫ਼ ਸਹਿਮਤੀ ਬਚੀ ਹੈ ਅਤੇ ਅਸਹਿਮਤੀ ਨੂੰ ਜਗ ?ਹਾ ਨਹੀਂ ਦਿੱਤੀ ਜਾ ਰਹੀ ਤਾਂ ਸਾਨੂੰ ਇਹ ਸਵੀਕਾਰ ਕਰਨਾ ਪਵੇਗਾ ਕਿ ਲੋਕਤੰਤਰ ਹੁਣ ਆਪਣੇ ਮੂਲ ਅਰਥ ਤੋਂ ਕਿਤੇ ਨਾ ਕਿਤੇ ਦੂਰ ਜਾ ਰਿਹਾ ਹੈ। ਲੋਕਤੰਤਰ ਦੀ ਹੋਂਦ ਸੰਸਦ ਦੇ ਸ਼ੋਰ ਵਿਚ ਹੈ, ਉਸ ਦੀ ਚੁੱਪੀ ਵਿਚ ਨਹੀਂ। ਸੰਸਦ ਨੂੰ ਚਲਾਉਣਾ ਹੀ ਕਾਫ਼ੀ ਨਹੀਂ, ਉਸ ਨੂੰ ਬੋਲਣਾ ਅਤੇ ਸੁਣਨਾ ਵੀ ਚਾਹੀਦਾ ਹੈ। ਯਾਦ ਰਹੇ ਕਿ ਜਦੋਂ ਸੰਸਦ ਚੁੱਪ ਹੁੰਦੀ ਹੈ ਤਦ ਜਨਤਾ ਬੋਲਦੀ ਹੈ ਅਤੇ ਜਦੋਂ ਜਨਤਾ ਬੋਲਦੀ ਹੈ, ਤਦ ਇਤਿਹਾਸ ਕਰਵਟ ਲੈਂਦਾ ਹੈ। ਇਸ ਲਈ, ਸਰਕਾਰ ਨੂੰ ਬਹੁਤ ਸੰਜੀਦਗੀ ਦਿਖਾਉਂਦੇ ਹੋਏ ਅਤੇ ਸੰਵਿਧਾਨ ਪ੍ਰਤੀ ਆਪਣੇ ਫ਼ਰਜ਼ ਨਿਭਾਉਂਦੇ ਹੋਏ ਸੰਸਦ ਦੀ ਕਾਰਵਾਈ ਬੜੇ ਸੁਚੱਜੇ ਤਰੀਕੇ ਨਾਲ ਚਲਾਉਣ ਦੀਆਂ ਪਹਿਲਕਦਮੀਆਂ ਕਰਨੀਆਂ ਚਾਹੀਦੀਆਂ ਹਨ।

ਸਾਡੇ ਲੋਕ
SADE LOK

ਸਤਨਾਮ ਸਿੰਘ ਖਾਲਸਾ

Office : (925) 243-1300 | Cell : (510) 706-1300 | Fax : (925) 373-1300 | India : 783 706 1300
1406 Janis CT Livermore CA 94551

Disclaimer : Sade Lok Weekly Punjabi Newspaper and People associated with it are not responsible are any chaims made advertisers and do not endorse any product or services advertised in the Sade Lok weekly Punjabi Newspaper. Please Consult your lawyer before buying-hiring-contracting throgh the advertisement. Publish in Sade Lok Weekly Newspaper. In the Business of selling Space and claims made by the advertiser are not tested.

ALL DISPUTES SUBJECTED TO THE COUNTY OF ALAMEDA CALIFORINA. ਲੇਖਕ ਦੇ ਵਿਚਾਰਾਂ ਨਾਲ ਸੰਪਾਦਕ ਦਾ ਅਤੇ ਅਦਾਰਾ ਸਾਡੇ ਲੋਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

# ‘ਨਾ ਲਓ ਚੀਨ ਨਾਲ ਪੰਗਾ..!’, ਤਾਈਵਾਨ ਮੁੱਦੇ ’ਤੇ ਟਰੰਪ ਨੇ ਜਾਪਾਨ ਨੂੰ ਦਿੱਤਾ ਸਖ਼ਤ ਸੰਦੇਸ਼



ਅਮਰੀਕੀ ਰਾਸ਼ਟਰਪਤੀ ਡੌਨਾਲਡ ਟਰੰਪ ਨੇ ਜਾਪਾਨ ਦੀ ਪ੍ਰਧਾਨ ਮੰਤਰੀ ਸਾਨੇ ਤਾਕਾਈਚੀ ਨੂੰ ਚੀਨ ਨਾਲ ਵਧ ਰਹੇ ਤਣਾਅ ਦੇ ਮੱਦੇਨਜ਼ਰ ਇੱਕ ਸਖ਼ਤ ਸੰਦੇਸ਼ ਦਿੱਤਾ ਹੈ। ਟਰੰਪ ਨੇ ਫ਼ੋਨ ’ਤੇ ਤਾਕਾਈਚੀ ਨੂੰ ਸਲਾਹ ਦਿੱਤੀ ਕਿ ਉਹ ਤਾਇਵਾਨ ਨੂੰ ਲੈ ਕੇ ਟਕਰਾਅ ਵਧਾਉਣ ਤੋਂ ਬਚਣ, ਕਿਉਂਕਿ ਇਹ ਕਦਮ ਏਸ਼ੀਆ ਵਿੱਚ ਹੋਰ ਅਸਥਿਰਤਾ ਪੈਦਾ ਕਰ ਸਕਦਾ ਹੈ।

ਟਰੰਪ ਨੇ ਜਾਪਾਨੀ ਪ੍ਰਧਾਨ ਮੰਤਰੀ ਨੂੰ ਕਿਹਾ ਕਿ ਉਨ੍ਹਾਂ ਦੇ ਤਾਜ਼ਾ ਬਿਆਨ ਨੇ ਪਹਿਲਾਂ ਹੀ ਟੋਕੀਓ ਅਤੇ ਬੀਜਿੰਗ ਦਰਮਿਆਨ ਸਬੰਧਾਂ ਵਿੱਚ ਤਣਾਅ ਵਧਾ ਦਿੱਤਾ ਹੈ, ਇਸ ਲਈ ਉਨ੍ਹਾਂ ਨੂੰ ਵਧੇਰੇ ਹਮਲਾਵਰ ਬਿਆਨਬਾਜ਼ੀ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਅਮਰੀਕੀ ਰਾਸ਼ਟਰਪਤੀ ਨੇ ਸੁਝਾਅ ਦਿੱਤਾ ਕਿ ਤਾਕਾਈਚੀ ਨੂੰ ਆਪਣੇ ਬਿਆਨ ਦਾ ‘ਟੋਨ ਹਕਾ’ ਕਰਨਾ ਚਾਹੀਦਾ ਹੈ।

ਇਹ ਗੱਲਬਾਤ ਤਾਕਾਈਚੀ ਦੇ ਉਸ ਬਿਆਨ ਤੋਂ ਬਾਅਦ ਹੋਈ ਹੈ, ਜਿਸ ਵਿੱਚ ਉਨ੍ਹਾਂ ਜਾਪਾਨੀ ਸੰਸਦ ਵਿੱਚ ਕਿਹਾ ਸੀ ਕਿ ਜੇਕਰ ਚੀਨ ਤਾਇਵਾਨ ’ਤੇ ਹਮਲਾ ਕਰਦਾ ਹੈ, ਤਾਂ ਇਹ ‘ਜਾਪਾਨ ਲਈ ਹੋਂਦ ਦਾ ਸੰਕਟ’ ਬਣ ਸਕਦਾ ਹੈ ਅਤੇ ਅਜਿਹੀ ਸਥਿਤੀ ਵਿੱਚ ਜਾਪਾਨ ਦੀਆਂ ਸੈਲਫ-ਡਿਫੈਂਸ ਫੋਰਸਿਜ਼ ਨੂੰ ਕਾਰਵਾਈ ਕਰਨੀ ਪੈ ਸਕਦੀ ਹੈ। ਚੀਨ ਨੇ ਇਸ ਬਿਆਨ ’ਤੇ ਤਿੱਖੀ ਪ੍ਰਤੀਕਿਰਿਆ ਦਿੱਤੀ ਸੀ।

ਰਿਪੋਰਟਾਂ ਵਿੱਚ ਦੱਸਿਆ ਗਿਆ ਹੈ ਕਿ ਜਾਪਾਨੀ ਅਧਿਕਾਰੀਆਂ ਨੇ ਟਰੰਪ ਦੀ ਸਲਾਹ ਨੂੰ ਇਸ ਸੰਕੇਤ ਵਜੋਂ ਲਿਆ ਕਿ ਟਰੰਪ ਨਹੀਂ ਚਾਹੁੰਦੇ ਕਿ ਤਾਇਵਾਨ ਦਾ ਮੁੱਦਾ ਚੀਨ ਨਾਲ ਉਨ੍ਹਾਂ ਦੇ ਹਾਲ ਹੀ ਦੇ ਨਰਮ ਹੋਏ ਸਬੰਧਾਂ ਨੂੰ ਖਰਾਬ ਕਰੇ। ਖਾਸ ਤੌਰ ’ਤੇ ਇਹ ਦੇਖਦੇ ਹੋਏ ਕਿ ਚੀਨ ਨੇ ਅਮਰੀਕੀ ਖੇਤੀ ਉਤਪਾਦਾਂ ਦੀ ਖਰੀਦ ਵਧਾਉਣ ਦਾ ਵਾਅਦਾ ਕੀਤਾ ਹੈ। ਫ਼ੋਨ ਕਾਲ ਤੋਂ ਬਾਅਦ, ਟਰੰਪ ਨੇ ਮੀਡੀਆ ਨਾਲ ਗੱਲ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਤਾਕਾਈਚੀ ਨਾਲ ‘ਬਹੁਤ ਚੰਗੀ ਗੱਲਬਾਤ’ ਹੋਈ ਹੈ ਅਤੇ ਉਹ ਮੰਨਦੇ ਹਨ ਕਿ ਜਾਪਾਨ ਅਤੇ ਚੀਨ ਦੋਵੇਂ ਠੀਕ ਹਨ।

# ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵੱਲੋਂ ਮੈਲਬੌਰਨ ਦੀ ਕਲਾਕਾਰ ਬੈਥਨੀ ਚੈਰੀ ਦਾ ਸਨਮਾਨ

ਮੈਲਬੌਰਨ : ਸਿੱਖਾਂ ਦੇ ਸਰਵਉੱਚ ਅਸਥਾਨ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਬੀਤੇ ਦਿਨੀਂ ਮੈਲਬੌਰਨ ਅਧਾਰਤ ਕਲਾਕਾਰ ਬੈਥਨੀ ਚੈਰੀ ਦਾ ਵਿਸ਼ੇਸ਼ ਸਨਮਾਨ ਕੀਤਾ। ਸ੍ਰੀ ਆਨੰਦਪੁਰ ਸਾਹਿਬ ’ਚ ਕਰਵਾਏ ਗਏ ਇਕ ਸੰਖੇਪ ਅਤੇ ਪ੍ਰਭਾਵਸ਼ਾਲੀ ਸਮਾਗਮ ਦੌਰਾਨ ਇਹ ਸਨਮਾਨ ਮੈਲਬੌਰਨ ਦੀ ਮਸ਼ਹੂਰ ‘ਹੋਜ਼ੀਅਰ ਲੇਨ’ ’ਚ ਮਨੁੱਖੀ ਅਧਿਕਾਰਾਂ ਦੇ ਰਾਖੇ, ਸ਼ਹੀਦ ਜਸਵੰਤ ਸਿੰਘ ਖਾਲੜਾ ਦੀ ਬਣਾਈ ਗਈ ਸ਼ਾਨਦਾਰ ਤਸਵੀਰ ਲਈ ਦਿੱਤਾ ਗਿਆ ਹੈ।



ਜਥੇਦਾਰ ਗਿਆਨੀ ਕੁਲਦੀਪ ਸਿੰਘ ਜੀ ਗੜਗੱਜ ਦਾ ਇਹ ਫੈਸਲਾ ਇਸ ਕੰਧ-ਚਿੱਤਰ ਦੀ ਵਿਸ਼ਵਵਿਆਪੀ ਮਹੱਤਤਾ ਨੂੰ ਦਰਸਾਉਂਦਾ ਹੈ, ਜਿਸਨੇ ਮਨੁੱਖੀ ਅਧਿਕਾਰਾਂ ਦੀ ਵਕਾਲਤ ਅਤੇ ਇਨਸਾਫ਼ ਦੀ ਮੰਗ ਨੂੰ ਅੰਤਰਰਾਸ਼ਟਰੀ ਪੱਧਰ ’ਤੇ ਪਹੁੰਚਾਇਆ ਹੈ। ਇਹ ਤਸਵੀਰ ਸੋਸ਼ਲ ਮੀਡੀਆ ’ਤੇ ਬਹੁਤ ਵਾਇਰਲ ਹੋਈ ਅਤੇ ਇਸ ਨੇ ਸ਼ਹੀਦ ਜਸਵੰਤ ਸਿੰਘ ਖਾਲੜਾ ਅਤੇ ‘ਯੂਨਾਈਟਿਡ ਡੇਅ’ ਮੌਕੇ ਜਬਰੀ ਲਾਪਤਾ ਕੀਤੇ ਗਏ ਸਿੱਖਾਂ ਦੇ ਮੁੱਦੇ ਪ੍ਰਤੀ ਜਾਗਰੂਕਤਾ ਪੈਦਾ ਕਰਨ ’ਚ ਵੱਡਾ ਯੋਗਦਾਨ ਪਾਇਆ।

ਇਸ ਮੌਕੇ ਜਥੇਦਾਰ ਸਾਹਿਬ ਨੇ ਕਿਹਾ ਕਿ ਬੈਥਨੀ ਚੈਰੀ ਦੀ ਕਲਾ ਸਿਰਫ਼ ਇਕ ਕੰਧ ’ਤੇ ਰੰਗ ਨਹੀਂ ਹੈ ਬਲਕਿ ਇਹ ਹਿੰਮਤ, ਕੁਰਬਾਨੀ ਅਤੇ ਮਨੁੱਖੀ ਅਧਿਕਾਰਾਂ ਦੀ ਲੜਾਈ ਬਾਰੇ ਦੁਨੀਆ ਨੂੰ ਦਿੱਤਾ ਗਿਆ ਇਕ ਸ਼ਕਤੀਸ਼ਾਲੀ ਸੰਦੇਸ਼ ਹੈ। ਸ਼ਹੀਦ ਜਸਵੰਤ ਸਿੰਘ ਖਾਲੜਾ ਦੀ ਤਸਵੀਰ ਅਤੇ ਮਿਸ਼ਨ ਨੂੰ ਅਜਿਹੀ ਜਨਤਕ ਅਤੇ ਅੰਤਰਰਾਸ਼ਟਰੀ ਥਾਂ ’ਤੇ ਅਮਰ ਕਰਕੇ, ਉਹ ਬੇਜ਼ੁਬਾਨਾਂ ਦੀ ਸਹਿਯੋਗੀ ਅਤੇ ਸੱਚ ਦੀ ਮਸ਼ਾਲ ਬਣ ਗਈ ਹੈ। ਉਨ੍ਹਾਂ ਦੀ ਇਹ ਸੇਵਾ, ਜੋ ਉਨ੍ਹਾਂ ਨੇ ਡੂੰਘੀ ਖੋਜ ਅਤੇ ਸਤਿਕਾਰ ਨਾਲ ਕੀਤੀ, ਸਿੱਖਾਂ ਦੇ ‘ਮੀਰੀ-ਪੀਰੀ’ ਦੇ ਸਿਧਾਂਤ ਦੀ ਵਿਸ਼ਵਵਿਆਪੀ ਸਾਂਝ ਦਾ ਪ੍ਰਤੀਕ ਹੈ।

**‘ਹੋਜ਼ੀਅਰ ਲੇਨ’ ਵਿੱਚ ਬਣਿਆ ਪ੍ਰਭਾਵਸ਼ਾਲੀ ਚਿੱਤਰ** : ਮੈਲਬੌਰਨ ਸ਼ਹਿਰ ਦੀ ਵਿਸ਼ਵ ਪ੍ਰਸਿੱਧ ਸਟਰੀਟ ਆਰਟ ਦੇ ਕੇਂਦਰ ਹੋਜ਼ੀਅਰ ਲੇਨ ’ਚ ਬਣੇ ਇਸ ਚਿੱਤਰ ਵਿੱਚ ਜਸਵੰਤ ਸਿੰਘ ਖਾਲੜਾ ਨੂੰ ਉਨ੍ਹਾਂ ਲੋਕਾਂ ਦੇ ਵਿਚਕਾਰ ਖੜ੍ਹੇ ਦਿਖਾਇਆ ਗਿਆ ਹੈ ਜਿਨ੍ਹਾਂ ਦੀ ਰਾਖੀ ਲਈ ਉਹ ਲੜੇ ਸਨ। ਤਿੰਨ ਦਹਾਕੇ ਪਹਿਲਾਂ ਪੰਜਾਬ ’ਚ ਹਜ਼ਾਰਾਂ ਸਿੱਖ ਨੌਜਵਾਨਾਂ ਦੇ ਝੂਠੇ ਮੁਕਾਬਲਿਆਂ ਅਤੇ ਜਬਰੀ ਲਾਪਤਾ ਹੋਣ ਦੇ ਮਾਮਲਿਆਂ ਦੀ ਜਾਂਚ ਕਰਦਿਆਂ ਖਾਲੜਾ ਸਾਹਿਬ ਲਾਪਤਾ ਹੋ ਗਏ ਸਨ, ਅਤੇ ਉਹ ਜ਼ੁਲਮ ਵਿਰੁੱਧ ਵਿਰੋਧ ਦਾ ਪ੍ਰਤੀਕ ਹਨ। ਇਸ ਦੇ ਉਦਘਾਟਨ ਤੋਂ ਬਾਅਦ, ਇਹ ਕਲਾਕ੍ਰਿਤੀ ਦੁਨੀਆ ਭਰ ਦੇ ਸਿੱਖ ਭਾਈਚਾਰੇ ਦੇ ਦਿਲਾਂ ’ਚ ਵਸ ਗਈ ਹੈ। ਇਸਨੇ ਇੱਕ ਕਲਾਤਮਕ ਗਲੀ ਨੂੰ ਡੂੰਘੇ ਇਤਿਹਾਸਕ ਅਤੇ ਸਮਾਜਿਕ ਮਹੱਤਵ ਵਾਲੀ ਥਾਂ ’ਚ ਬਦਲ ਦਿੱਤਾ ਹੈ। ਇਹ ਬਹੁਤ ਸਾਰੇ ਲੋਕਾਂ ਲਈ ਪ੍ਰੇਰਨਾ ਦਾ ਸਰੋਤ ਬਣੀ ਹੈ ਅਤੇ ਇਸ ਨੇ ਇਤਿਹਾਸਕ ਜਵਾਬਦੇਹੀ ’ਤੇ ਵਿਸ਼ਵ ਪੱਧਰ ’ਤੇ ਚਰਚਾ ਛੇੜੀ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਮਿਲੀ ਇਹ ਸ਼ਲਾਘਾ ਸ਼ਹੀਦ ਖਾਲੜਾ ਦੇ ਮਹਾਨ ਕਾਰਜਾਂ ਨੂੰ ਸੰਭਾਲਣ ਅਤੇ ਪ੍ਰਚਾਰਨ ਲਈ ਸ਼੍ਰੀਮਤੀ ਚੈਰੀ ਦੇ ਯੋਗਦਾਨ ਪ੍ਰਤੀ ਸਿੱਖ ਕੌਮ ਦੇ ਧੰਨਵਾਦ ਨੂੰ ਦਰਸਾਉਂਦੀ ਹੈ।

ਇਸ ਮੌਕੇ ਗੁਰਦੁਆਰਾ ਕੌਂਸਲ ਆਫ਼ ਵਿਕਟੋਰੀਆ ਅਤੇ ਆਸਟ ?ਰੇਲੀਅਨ ਸਿੱਖ ਕੌਂਸਲ ਦੇ ਬੁਲਾਰੇ ਸ. ਹਰਕੀਰਤ ਸਿੰਘ ਨੂੰ ਵੀ ਆਸਟ੍ਰੇਲੀਆਈ ਸਿੱਖ ਭਾਈਚਾਰੇ ਪ੍ਰਤੀ ਉਨ੍ਹਾਂ ਦੀਆਂ ਸੇਵਾਵਾਂ ਲਈ ਜਥੇਦਾਰ ਸਾਹਿਬ ਵੱਲੋਂ ਸਨਮਾਨਿਤ ਕੀਤਾ ਗਿਆ। ਹਰਕੀਰਤ ਸਿੰਘ ਨੇ ਕਿਹਾ ਕਿ ਸਿੱਖਾਂ ਦੀ ਸਰਵਉੱਚ ਸੰਸਥਾ ਤੋਂ ਇਹ ਸਨਮਾਨ ਪ੍ਰਾਪਤ ਕਰਨਾ ਇਕ ਮਾਣਮੱਤੀ ਪ੍ਰਾਪਤੀ ਹੈ ਅਤੇ ਓਹ ਧੰਨਵਾਦੀ ਹਨ ਕਿ ਖਾਲੜਾ ਸਾਹਿਬ ਦੀ ਕਹਾਣੀ ਨੂੰ ਵਿਸ਼ਵ ਪੱਧਰ ’ਤੇ ਉਜਾਗਰ ਕਰਨ ਦੀਆਂ ਸਾਡੀਆਂ ਕੋਸ਼ਿਸ਼ਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਪ੍ਰਵਾਨ ਕੀਤਾ ਗਿਆ ਹੈ।

# ਵੈਨਕੂਵਰ ਦੇ ਪੰਜਾਬੀ ਵਿਦਿਆਰਥੀ ਨੂੰ ਮਿਲਿਆ ਕਮਿਊਨਿਟੀ ਕਰੂਸਡਰ ਸਨਮਾਨ

ਐਬਟਸਫੋਰਡ : ਵੈਨਕੂਵਰ ਤੋਂ ਛਪਦੇ ਅੰਗਰੇਜ਼ੀ ਮੈਗਜ਼ੀਨ ‘ਦਰਪਨ’ ਦੇ ਪ੍ਰਬੰਧਕਾਂ ਵਲੋਂ ਉੱਘੇ ਸਮਾਜ ਸੇਵੀ 21 ਸਾਲਾ ਪੰਜਾਬੀ ਨੌਜਵਾਨ ਹਰਗੁਨ ਸਿੰਘ ਢਿੱਲੋਂ ਨੂੰ ਕਮਿਊਨਿਟੀ ਕਰੂਸਡਰ ਨਾਲ ਸਨਮਾਨਿਤ ਕੀਤਾ ਗਿਆ। ਹਰਗੁਨ ਸਿੰਘ ਨੂੰ ਇਹ ਸਨਮਾਨ ਉਸ ਵਲੋਂ ਸਮਾਜ ਸੇਵਾ ਦੇ ਖੇਤਰ ਵਿਚ ਕੀਤੀਆਂ ਜਾ ਰਹੀਆਂ ਸੇਵਾਵਾਂ ਬਦਲੇ ਦਿੱਤਾ ਗਿਆ ਹੈ। ਵੈਨਕੂਵਰ ਦੀ ਯੂਨੀਵਰਸਿਟੀ ਆਫ ਬ੍ਰਿ ?ਟਿਸ਼ ਕੋਲੰਬੀਆ ਵਿਖੇ ਕਿਨਸਾਇਓਲੌਜੀ ਦੀ ਪੜ੍ਹਾਈ ਕਰ ਰਿਹਾ ਹਰਗੁਨ ਸਿੰਘ ਢਿੱਲੋਂ ਸਮਾਜ ਸੇਵੀ ਸੰਸਥਾ ਏਜ਼ ਸਟਰੌਂਗ ਯੂਨਿਟੀ ਵੈਲਨੈਸ ਸੁਸਾਇਟੀ ਦਾ ਸੰਸਥਾਪਕ ਹੈ, ਜਿੱਥੇ ਉਹ ਸਮਤਾ ਤੇ ਨਿਆਂ ਦੇ ਐਡਵੋਕੇਟ ਵਜੋਂ ਬਜ਼ੁਰਗਾਂ ਨੂੰ ਸਿਹਤ ਨੂੰ ਕਿਵੇਂ ਤੰਦਰੁਸਤ ਰੱਖਿਆ ਜਾਵੇ, ਬਾਰੇ ਜਾਗਰੂਕ ਕਰਦਾ ਹੈ। ਇਹ ਦੱਖਣੀ ਏਸ਼ਿਆਈ ਬਜ਼ੁਰਗਾਂ ਦੀ ਪਹਿਲੀ ਸੰਸਥਾ ਹੈ, ਜਿੱਥੇ ਵੱਖ-ਵੱਖ ਦੇਸ਼ਾਂ ਤੋਂ ਕੈਨੇਡਾ ਰਹਿ ਰਹੇ ਬਜ਼ੁਰਗ ਇਕ ਥਾਂ ਇਕੱਠੇ ਸੇਵਾਵਾਂ ਲੈਂਦੇ ਹਨ। ਬ੍ਰਿਟਿਸ਼ ਕੋਲੰਬੀਆ ਸਰਕਾਰ ਵਲੋਂ 2022 ’ਚ ਹਰਗੁਨ ਸਿੰਘ ਨੂੰ ਬੀ.ਸੀ. ਐਕਸੀਲੈਂਸ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ ਸੀ। ਵਿਸਾਖੀ ਨਗਰ ਕੀਰਤਨ ’ਤੇ ਉਹ ਹਰ ਸਾਲ ਸਿਹਤ ਜਾਗਰੂਕ ਕੈਂਪ ਲਾਉਂਦਾ ਹੈ।



# ਮੈਨੂੰ ਨੋਬਲ ਪੁਰਸਕਾਰ ਮਿਲਣਾ ਹੀ ਚਾਹੀਦਾ ਹੈ : ਟਰੰਪ

ਨਿਊਯਾਰਕ/ਵਾਸ਼ਿੰਗਟਨ : ਅਮਰੀਕੀ ਰਾਸ਼ਟਰਪਤੀ ਡੌਨਾਲਡ ਟਰੰਪ ਨੇ ਭਾਰਤ ਅਤੇ ਪਾਕਿਸਤਾਨ ਵਿਚਕਾਰ ਫੌਜੀ ਟਕਰਾਅ ਨੂੰ ਰੋਕਣ ਦੇ ਆਪਣੇ ਦਾਅਵੇ ਨੂੰ ਮੁੜ ਦੁਹਰਾਇਆ। ਟਰੰਪ ਨੇ ਕਿਹਾ ਕਿ ਉਨ੍ਹਾਂ ਨੇ ਲੱਗਭਗ 8 ਯੁੱਧ/ਟਕਰਾਅ ਖਤਮ ਕਰਵਾਏ ਹਨ ਅਤੇ ਇਸ ਲਈ ਉਨ੍ਹਾਂ ਨੂੰ ਨੋਬਲ ਪੁਰਸਕਾਰ ਦਿੱਤਾ ਹੀ ਜਾਣਾ ਚਾਹੀਦਾ ਹੈ। ਕੈਬਨਿਟ ਮੀਟਿੰਗ ਵਿਚ ਰੂਸ-ਯੂਕ੍ਰੇਨ ਯੁੱਧ ਦਾ ਹਵਾਲਾ ਦਿੰਦੇ ਹੋਏ ਅਮਰੀਕੀ ਰਾਸ਼ਟਰਪਤੀ ਨੇ ਕਿਹਾ, ‘ਅਸੀਂ 8 ਯੁੱਧ ਖਤਮ ਕਰਵਾਏ ਅਤੇ ਹੁਣ ਅਸੀਂ ਇਕ ਹੋਰ ਖਤਮ ਕਰਵਾਉਣ ਜਾ ਰਹੇ ਹਾਂ।’



# ਮਿਲ ਗਈ 76 ਕਰੋੜੀ ਕਿਤਾਬ ! ਮਾਂ ਦੇ ਸਾਮਾਨ ’ਚ ਫਰੋਲਾ-ਫਰਾਲੀ ਕਰਦੇ ਮੁੰਡੇ ਹੋ ਗਏ ਮਾਲਾਮਾਲ

ਟੈਕਸਾਸ/ਸੈਨ ਫਰਾਂਸਿਸਕੋ : ਤਿੰਨ ਭਰਾਵਾਂ ਲਈ ਆਪਣੀ ਮਰਹੂਮ ਮਾਂ ਦੇ ਘਰ ਦਾ ਸਾਮਾਨ ਸਾਫ਼ ਕਰਨਾ ਕਿਸਮਤ ਬਦਲਣ ਵਾਲਾ ਸਾਬਤ ਹੋਇਆ। ਉਨ੍ਹਾਂ ਨੂੰ ਸਟੋਰ ਰੂਮ ’ਚੋਂ ਪਹਿਲੇ ’ਸੁਪਰਮੈਨ’ ਕਾਮਿਕ ਦਾ ਇੱਕ ਅੰਕ ਮਿਲਿਆ, ਜਿਸ ਨੂੰ ਇਸ ਮਹੀਨੇ ਇੱਕ ਟੈਕਸਾਸ ਨਿਲਾਮੀ ਘਰ ਵਿੱਚ £9.12 ਮਿਲੀਅਨ ਵਿੱਚ ਵੇਚਿਆ ਗਿਆ। ਨਿਲਾਮੀ ਘਰ ਦਾ ਕਹਿਣਾ ਹੈ ਕਿ ਇਹ ਹੁਣ ਤੱਕ ਦੀ ਸਭ ਤੋਂ ਮਹਿੰਗੀ ਵਿਕਣ ਵਾਲੀ ਕਾਮਿਕ ਬੁੱਕ ਹੈ।





**ਸਟੋਰ ਰੂਮ ’ਚ ਲੁਕਿਆ ਖਜ਼ਾਨਾ**

ਇਹ ਦੁਰਲੱਭ ਕਾਮਿਕ ਪਿਛਲੇ ਸਾਲ ਭਰਾਵਾਂ ਨੂੰ ਉਨ੍ਹਾਂ ਦੀ ਮਾਂ ਦੇ ਸੈਨ ਫ ?ਰਾਂਸਿਸਕੋ ਵਾਲੇ ਘਰ ’ਚ ਲੱਭੀ ਸੀ। ਇਹ ਕਾਗਜ਼ ਦੇ ਟੁਕੜਿਆਂ, ਧੂੜ ਅਤੇ ਜਾਲਿਆਂ ਦੀਆਂ ਪਰਤਾਂ ਹੇਠਾਂ ਇੱਕ ਗੱਤੇ ਦੇ ਡੱਬੇ ਵਿੱਚ ਪਈ ਸੀ। ਉਨ੍ਹਾਂ ਦੀ ਮਾਂ ਅਤੇ ਉਸਦੇ ਭੈਣ-ਭਰਾ ਨੇ ਦੂਜੇ ਵਿਸ਼ਵ ਯੁੱਧ ਦੀ ਸ਼ੁਰੂਆਤ ਦੇ ਆਸ-ਪਾਸ ਇਹ ਕਾਮਿਕਸ ਇਕੱਠੇ ਕੀਤੇ ਸਨ। ਹੈਰੀਟੇਜ ਆਕਸ਼ਨਜ਼ (Heritage Auctions) ਦੇ ਉਪ-ਪ੍ਰਧਾਨ ਲੌਨ ਐਲਨ ਨੇ ਦੱਸਿਆ ਕਿ ਮਾਂ ਨੇ ਆਪਣੇ ਬੱਚਿਆਂ ਨੂੰ ਦੱਸਿਆ ਸੀ ਕਿ ਉਨ੍ਹਾਂ ਕੋਲ ਇੱਕ ਕੀਮਤੀ ਕਾਮਿਕ ਬੁੱਕ ਕਲੈਕਸ਼ਨ ਲੁਕਿਆ ਹੋਇਆ ਹੈ, ਪਰ ਭਰਾਵਾਂ ਨੇ ਇਹ ਉਦੋਂ ਤੱਕ ਨਹੀਂ ਦੇਖਿਆ ਸੀ ਜਦੋਂ ਤੱਕ ਉਨ੍ਹਾਂ ਨੇ ਘਰ ਵੇਚਣ ਦੀ ਤਿਆਰੀ ਨਹੀਂ ਕੀਤੀ। ਐਲਨ ਨੇ ਕਿਹਾ, ‘ਇਹ ਸਿਰਫ਼ ਸਟੋਰ ਰੂਮ ’ਚ ਇੱਕ ਡੱਬੇ ’ਚ ਪਈ ਸੀ, ਜਿਸ ਨੂੰ ਆਸਾਨੀ ਨਾਲ ਸੁੱਟਿਆ ਜਾ ਸਕਦਾ ਸੀ ਜਾਂ ਹਜ਼ਾਰਾਂ ਤਰੀਕਿਆਂ ਨਾਲ ਨਸ਼ਟ ਕੀਤਾ ਜਾ ਸਕਦਾ ਸੀ’।

‘ਸੁਪਰਮੈਨ ਨੰਬਰ 1’ ਕਾਮਿਕ ਨੂੰ ਡਿਟੈਕਟਿਵ ਕਾਮਿਕਸ ਇੰਕ. ਦੁਆਰਾ 1939 ਵਿੱਚ ਰਿਲੀਜ਼ ਕੀਤਾ ਗਿਆ ਸੀ। ਇਹ ਉਨ੍ਹਾਂ ਕੁਝ ਕਾਪੀਆਂ ਵਿੱਚੋਂ ਇੱਕ ਹੈ ਜਿਨ੍ਹਾਂ ਦੇ ਅਜੇ ਵੀ ਮੌਜੂਦ ਹੋਣ ਦੀ ਪੁਸ਼ਟੀ ਹੋਈ ਹੈ ਅਤੇ ਇਹ ਸ਼ਾਨਦਾਰ ਸਥਿਤੀ ਵਿੱਚ ਹੈ। ਇਸਦੀ ਕੀਮਤ ਵਧਣ ਦਾ ਕਾਰਨ ਇਹ ਵੀ ਹੈ ਕਿ ‘ਮੈਨ ਆਫ਼ ਸਟੀਲ’ ਪੌਪ ਕਲਚਰ ਵਿੱਚ ਦਾਖਲ ਹੋਣ ਵਾਲਾ ਪਹਿਲਾ ਸੁਪਰਹੀਰੋ ਸੀ। ਕਾਮਿਕ ਗ੍ਰੇਡਿੰਗ ਕੰਪਨੀ 373 ਨੇ ਇਸ ਕਾਪੀ ਨੂੰ 10 ਵਿੱਚੋਂ 9.0 ਦੀ ਰੇਟਿੰਗ ਦਿੱਤੀ ਹੈ, ਜਿਸਦਾ ਮਤਲਬ ਹੈ ਕਿ ਇਸ ਵਿੱਚ ਬਹੁਤ ਘੱਟ ਖਰਾਬੀ ਦੇ ਸੰਕੇਤ ਹਨ। ਡੱਲਾਸ-ਅਧਾਰਤ ਹੈਰੀਟੇਜ ਆਕਸ਼ਨਜ਼ ਦੇ ਅਨੁਸਾਰ, ਇਸ ਨੂੰ ਕੋਈ ਖਾਸ ਸੁਰੱਖਿਆ ਨਹੀਂ ਦਿੱਤੀ ਗਈ ਸੀ, ਪਰ ਉੱਤਰੀ ਕੈਲੀਫੋਰਨੀਆ ਦੇ ਠੰਡੇ ਮਾਹੌਲ ਨੇ ਇਸ ਨੂੰ ਸੁਰੱਖਿਅਤ ਰੱਖਣ ਵਿੱਚ ਮਦਦ ਕੀਤੀ, ਜਿਸ ਨਾਲ ਇਹ ਸੁਰੱਖਿਅਤ ਰਹੀ।

ਇੱਕ ਛੋਟੇ ਇਨ-ਹਾਊਸ ਇਸ਼ਤਿਹਾਰ ਨੇ ਮਾਹਿਰਾਂ ਨੂੰ ਇਹ ਪਛਾਣਨ ਵਿੱਚ ਮਦਦ ਕੀਤੀ ਕਿ ਇਹ ਛਾਪੀਆਂ ਗਈਆਂ 500,000 ’ਸੁਪਰਮੈਨ ਨੰਬਰ 1’ ਕਾਪੀਆਂ ਦੇ ਪਹਿਲੇ ਐਡੀਸ਼ਨ ਵਿੱਚੋਂ ਹੈ। ਐਲਨ ਦਾ ਅੰਦਾਜ਼ਾ ਹੈ ਕਿ ਅੱਜ 500 ਤੋਂ ਵੀ ਘੱਟ ਕਾਪੀਆਂ ਮੌਜੂਦ ਹਨ। ਇਸ ਤੋਂ ਪਹਿਲਾਂ, ਦੁਨੀਆ ਦੀ ਸਭ ਤੋਂ ਮਹਿੰਗੀ ਕਾਮਿਕ ਬੁੱਕ ਦਾ ਰਿਕਾਰਡ ਪਿਛਲੇ ਸਾਲ ‘ਐਕਸ਼ਨ ਕਾਮਿਕਸ ਨੰਬਰ 1’ ਦੇ ਨਾਂ ਸੀ, ਜੋ $6 ਮਿਲੀਅਨ ਵਿੱਚ ਵਿਕੀ ਸੀ। ਆਪਣੀ ਪਛਾਣ ਗੁਪਤ ਰੱਖਣ ਦੀ ਇੱਛਾ ਰੱਖਣ ਵਾਲੇ ਭਰਾਵਾਂ ਵਿੱਚੋਂ ਇੱਕ ਨੇ ਇੱਕ ਬਿਆਨ ਵਿੱਚ ਕਿਹਾ, ‘ਇਹ ਕਹਾਣੀ ਸਿਰਫ਼ ਪੁਰਾਣੇ ਕਾਗਜ਼ ਅਤੇ ਸਿਆਹੀ ਬਾਰੇ ਨਹੀਂ ਹੈ। ਇਹ ਕਦੇ ਵੀ ਸਿਰਫ਼ ਇੱਕ ਇਕੱਠਾ ਕਰਨ ਵਾਲੀ ਚੀਜ਼ ਨਹੀਂ ਸੀ। ਇਹ ਯਾਦ, ਪਰਿਵਾਰ ਅਤੇ ਅਚਾਨਕ ਤਰੀਕਿਆਂ ਨਾਲ ਅਤੀਤ ਦੇ ਸਾਡੇ ਕੋਲ ਵਾਪਸ ਆਉਣ ਦੀ ਗਵਾਹੀ ਹੈ’। ਭਰਾਵਾਂ ਵਾਂਗ, ਖਰੀਦਦਾਰ ਨੇ ਵੀ ਆਪਣੀ ਪਛਾਣ ਗੁਪਤ ਰੱਖਣ ਦੀ ਇੱਛਾ ਜ਼ਾਹਰ ਕੀਤੀ ਹੈ।

# LM Trans




## NC, SC, GA, FL, AL, LA, MS to CA, AZ, NV,
## CA, AZ, NV to NC, SC, GA, FL, AL, LA, MS

- ਸਾਨੂੰ ਉਨਰ ਅਪਰੇਟਰ ਅਤੇ ਡਰਾਈਵਰਾਂ ਦੀ ਜ਼ਰੂਰਤ ਹੈ,
- ਸਾਡੇ ਕੋਲ ਪੱਕੇ ਲੋਡ ਅਤੇ ਕੰਮ ਸਾਰਾ ਸਾਲ।
- ਚੰਗੇ ਰੇਟ ਅਤੇ ਪੈਸੇ ਦਾ ਭੁਗਤਾਨ ਸਮੇਂ ਸਿਰ ਕੀਤਾ ਜਾਂਦਾ ਹੈ।
- ਤੁਹਾਡੇ ਕੋਲ VALID CDL ਅਤੇ ਘੱਟੋ ਘੱਟ 2 ਸਾਲ ਦਾ ਤਜਰਬਾ ਹੋਣਾ ਚਾਹੀਦਾ ਹੈ।

**ਸਾਡੇ ਨਾਲ ਕੰਮ ਕਰਨ ਲਈ ਸਾਨੂੰ ਅੱਜ ਹੀ ਕਾਲ ਕਰੋ**

**Lokesh Kumar**
**470 334 0020**

7437 avalon blvd, alpharetta, ga 30022
lmtrans868@gmail.com

# ਅਮਰੀਕਾ ਦੇ ਟਰੱਕ ਟਰੇਨਿੰਗ ਸਕੂਲਾਂ ’ਤੇ ਤਲਵਾਰ ਲਟਕੀ

### 44 ਫ਼ੀਸਦ ਸਕੂਲ ਨੇਮਾਂ ਦੀ ਪਾਲਣਾ ਨਾ ਕਰਨ ਕਰਕੇ ਹੋ ਸਕਦੇ ਨੇ ਬੰਦ



ਵਾਸ਼ਿੰਗਟਨ : ਅਮਰੀਕਾ ’ਚ 16 ਹਜ਼ਾਰ ਟਰੱਕ ਡਰਾਈਵਿੰਗ ਸਕੂਲਾਂ ’ਚੋਂ ਕਰੀਬ 44 ਫ਼ੀਸਦ ਵੱਲੋਂ ਨੇਮਾਂ ਦੀ ਪਾਲਣਾ ਨਾ ਕਰਨ ਕਰ ਕੇ ਉਹ ਬੰਦ ਹੋ ਸਕਦੇ ਹਨ। ਫੈਡਰਲ ਟਰਾਂਸਪੋਰਟ ਵਿਭਾਗ ਦੀ ਨਜ਼ਰਸਾਨੀ ਤੋਂ ਪਤਾ ਲੱਗਾ ਹੈ ਕਿ ਟਰੇਨਿੰਗ ਸਕੂਲ ਜ਼ਰੂਰੀ ਨੇਮਾਂ ਦੀ ਪਾਲਣਾ ਨਹੀਂ ਕਰ ਰਹੇ ਹਨ।

ਟਰਾਂਸਪੋਰਟ ਵਿਭਾਗ ਨੇ ਕਿਹਾ ਕਿ ਜੇ ਅਗਲੇ 30 ਦਿਨਾਂ ’ਚ ਸਿਖਲਾਈ ਨਾਲ ਸਬੰਧਤ ਨੇਮਾਂ ਦੀ ਪਾਲਣਾ ਯਕੀਨੀ ਨਾ ਬਣੀ ਤਾਂ ਉਹ ਕਰੀਬ 3 ਹਜ਼ਾਰ ਸਕੂਲਾਂ ਦਾ ਸਰਟੀਫਿਕੇਟ ਰੱਦ ਕਰਨ ਦੀ ਯੋਜਨਾ ਬਣਾ ਰਿਹਾ ਹੈ। ਇਸੇ ਤਰ੍ਹਾਂ 4,500 ਹੋਰ ਸਕੂਲਾਂ ਨੂੰ ਚਿਤਾਵਨੀ ਦਿੱਤੀ ਜਾ ਰਹੀ ਹੈ ਕਿ ਉਹ ਕਾਰਵਾਈ ਦਾ ਸਾਹਮਣਾ ਕਰਨ ਲਈ ਤਿਆਰ ਰਹਿਣ। ਟਰੱਕ ਸਿਖਲਾਈ ਸਕੂਲਾਂ ਅਤੇ ਕੰਪਨੀਆਂ ’ਤੇ ਇਹ ਕਾਰਵਾਈ ਉਸ ਸਮੇਂ ਹੋ ਰਹੀ ਹੈ ਜਦੋਂ ਫਲੋਰਿਡਾ ’ਚ ਗਲਤ ਢੰਗ ਨਾਲ ਯੂ-ਟਰਨ ਲੈਣ ਕਾਰਨ ਇਕ ਟਰੱਕ ਨੇ ਤਿੰਨ ਜਣਿਆਂ ਨੂੰ ਦਰੜ ਦਿੱਤਾ ਸੀ। ਟਰਾਂਸਪੋਰਟ ਮੰਤਰੀ ਸੀਨ ਡਫੀ ਨੇ ਐਲਾਨ ਕੀਤਾ ਸੀ ਕਿ ਟਰੱਕ ਡਰਾਈਵਰਾਂ ਦੇ ਨਾਲ ਨਾਲ ਟਰੇਨਿੰਗ ਸਕੂਲਾਂ ਖ਼ ?ਲਾਫ਼ ਵੀ ਕਾਰਵਾਈ ਕੀਤੀ ਜਾਵੇਗੀ।

**ਸਿੱਖ ਡਰਾਈਵਰ ਸਰਕਾਰ ਦੇ ਨਿਸ਼ਾਨੇ ’ਤੇ**

ਫਲੋਰਿਡਾ ਅਤੇ ਕੈਲੀਫੋਰਨੀਆ ’ਚ ਵਾਪਰੇ ਹਾਦਸਿਆਂ ਮਗਰੋਂ ਪੰਜਾਬੀ, ਖਾਸ ਕਰ ਕੇ ਸਿੱਖ ਡਰਾਈਵਰ ਅਮਰੀਕੀ ਸਰਕਾਰ ਦੇ ਨਿਸ਼ਾਨੇ ’ਤੇ ਹਨ। ਨੌਰਥ ਅਮਰੀਕਨ ਪੰਜਾਬੀ ਟਰੱਕਰਜ਼ ਐਸੋਸੀਏਸ਼ਨ ਮੁਤਾਬਕ, ਵੈਸਟ ਕੋਸਟ ’ਤੇ ਕਰੀਬ 40 ਫ਼ੀਸਦ ਟਰੱਕ ਡਰਾਈਵਰ ਸਿੱਖ ਹਨ ਅਤੇ ਦੇਸ਼ ਭਰ ’ਚ ਕਰੀਬ 20 ਫ਼ੀਸਦ ਸਿੱਖ ਡਰਾਈਵਰ ਹਨ। ਕਰੀਬ ਡੇਢ ਲੱਖ ਸਿੱਖ ਟਰੱਕ ਡਰਾਈਵਰ ਅਮਰੀਕਾ ’ਚ ਕੰਮ ਕਰ ਰਿਹਾ ਹੈ। ਯੂਨਾਈਟਿਡ ਸਿੱਖਸ ਜਥੇਬੰਦੀ ਨੇ ਕਿਹਾ ਕਿ ਸਿੱਖ ਅਤੇ ਪਰਵਾਸੀ ਟਰੱਕ ਡਰਾਈਵਰਾਂ ਨੂੰ ਸ਼ੱਕ ਦੀ ਨਜ਼ਰ ਨਾਲ ਦੇਖਿਆ ਜਾ ਰਿਹਾ ਹੈ; ਉਹ ਅਮਰੀਕੀ ਸਾਮਾਨ ਦੀ ਢੋਆ-ਢੁਆਈ ਕਰ ਰਹੇ ਹਨ।

# ਗੋਰਿਆਂ ਦੀ ਸੰਘਣੀ ਵਸੋਂ ਵਾਲੇ ਲਕਬਰੋ ਤੇ ਕੋਲਵਿਲ ਦੀਆਂ ਸੰਗਤਾਂ ਨੇ ਮਨਾਈ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹੀਦੀ ਸ਼ਤਾਬਦੀ



ਲੈਸਟਰ (ਇੰਗਲੈਂਡ) : ਇੰਗਲੈਂਡ ਦੇ ਸ਼ਹਿਰ ਲਕਬਰੋ ਅਤੇ ਕੋਲਵਿਲ ਦੀਆਂ ਸੰਗਤਾਂ ਵਲੋਂ ਸਾਂਝੇ ਤੌਰ ’ਤੇ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ 350 ਸਾਲਾ ਸ਼ਹੀਦੀ ਦਿਹਾੜਾ ਪਿਆਰ ਸਤਿਕਾਰ ਨਾਲ ਮਨਾਇਆ ਗਿਆ। ਇਸ ਮੌਕੇ ਲਕਬਰੋ ਦੇ ਗੁਰਦੁਆਰਾ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਉਣ ਉਪਰੰਤ ਰਾਗੀ ਢਾਡੀ ਅਤੇ ਕਵੀਸ਼ਰੀ ਦਰਬਾਰ ਸਜਾਇਆ ਗਿਆ, ਜਿਸ ਵਿਚ ਪੰਥ ਦੇ ਮਹਾਨ ਕਵੀਸ਼ਰੀ ਤੇ ਰਾਗੀ ਜਥਿਆਂ ਨੇ ਗੁਰੂ ਜਸ ਗਾਇਨ ਕੀਤਾ। ਇਸ ਧਾਰਮਿਕ ਸਮਾਗਮ ਸਬੰਧੀ ਪ੍ਰਬੰਧਕ ਤਜਿੰਦਰ ਸਿੰਘ ਸੰਧੂ ਨੇ ਦੱਸਿਆ ਕਿ ਹਰ ਸਾਲ ਹੀ ਲਕਬਰੋ ਤੇ ਕੋਲਵਿਲ ਦੀਆਂ ਸੰਗਤਾਂ ਵਲੋਂ ਸਾਂਝੇ ਤੌਰ ’ਤੇ ਉਪਰਾਲਾ ਕਰਕੇ ਕੌਲਵਿਲ ਤੇ ਲਕਬਰੋ ਵਿਖੇ ਧਾਰਮਿਕ ਦਿਹਾੜੇ ਮਨਾਏ ਜਾਂਦੇ ਹਨ। ਇਸ ਮੌਕੇ ਕੋਲਵਿਲ ਅਤੇ ਲਕਬਰੋ ਦੇ ਨੇੜਲੇ ਸ਼ਹਿਰਾਂ ਲੈਸਟਰ, ਬਰਮਿੰਘਮ, ਡਰਬੀ, ਨੋਟਿੰਗਮ ਤੋਂ ਵੱਡੀ ਗਿਣਤੀ ਸੰਗਤਾਂ ਨੇ ਸ਼ਿਰਕਤ ਕੀਤੀ।

# ਕੈਲੀਫੋਰਨੀਆ ਦੇ ਬੈਂਕੁਇਟ ਹਾਲ ’ਚ ਸਮਾਗਮ ਦੌਰਾਨ ਗੋਲੀਬਾਰੀ-4 ਲੋਕਾਂ ਦੀ ਮੌਤਾਂ, 10 ਜ਼ਖ਼ਮੀ



ਸਾਨ ਫਰਾਂਸਿਸਕੋ : ਕੈਲੀਫੋਰਨੀਆਂ ਦੇ ਸ਼ਹਿਰ ਸਟਾਕਟਨ ਵਿਚ ਬੀਤੀ ਸ਼ਾਮ ਸਟਾਕਟਨ, ਕੈਲੀਫੋਰਨੀਆ ਵਿਚ ਇੱਕ ਬੈਂਕੁਇਟ ਹਾਲ ਵਿਚ ਹੋਈ ਗੋਲੀਬਾਰੀ ਵਿਚ ਚਾਰ ਲੋਕ ਮਾਰੇ ਗਏ ਅਤੇ 10 ਹੋਰ ਜ਼ਖ਼ਮੀ ਹੋ ਗਏ। ਸੈਨਵਾਕਿਨ ਕਾਉਂਟੀ ਸ਼ੈਰਿਫ ਦੇ ਦਫ਼ਤਰ ਨੇ ਕਿਹਾ ਕਿ ਇਹ ਸਟਾਕਟਨ ਦੇ ਲੂਸੀਲ ਐਵੇਨਿਊ ਦੇ 1900 ਬਲਾਕ ਵਿਚ ਸ਼ਾਮ 6 ਵਜੇ ਦੇ ਕਰੀਬ ਇਹ ਵਾਪਰੀ ਦਰਦਨਾਕ ਘਟਨਾ ਹੈ। ਸ਼ੈਰਿਫ ਦੇ ਦਫ਼ਤਰ ਦੇ ਇੱਕ ਅਧਿਕਾਰੀ ਹੀਥਰ ਬ੍ਰੈਂਟ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਗੋਲੀਬਾਰੀ ਉਦੋਂ ਹੋਈ ਜਦੋਂ ਲੋਕ ਇੱਕ ਪਰਿਵਾਰਕ ਇਕੱਠ ਲਈ ਇਕ ਬੈਂਕੁਇਟ ਹਾਲ ਵਿਚ ਜਸ਼ਨ ਮਨਾ ਰਹੇ ਸਨ। ਉਸਨੇ ਕਿਹਾ ਕਿ ਗੋਲੀਬਾਰੀ ਦੇ ਪੀੜਤਾਂ ’ਚ ਬੱਚਿਆਂ ਤੋਂ ਲੈ ਕੇ ਵੱਡੇ ਵੀ ਸ਼ਾਮਿਲ ਹਨ। ਜ਼ਖ਼ਮੀਆਂ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਉਸਨੇ ਕਿਹਾ ਕਿ ਸ਼ੁਰੂਆਤੀ ਸੰਕੇਤ ਹਨ ਕਿ ਇਹ ਨਿਸ਼ਾਨਾ ਬਣਾ ਕੇ ਕੀਤੀ ਗਈ ਗੋਲੀਬਾਰੀ ਹੋ ਸਕਦੀ ਹੈ, ਹਾਲਾਂਕਿ ਅਧਿਕਾਰੀਆਂ ਨੇ ਅਜੇ ਤੱਕ ਕਿਸੇ ਸ਼ੱਕੀ ਦੀ ਪਛਾਣ ਨਹੀਂ ਕੀਤੀ ਹੈ ਜਾਂ ਕੋਈ ਗ੍ਰਿਫਤਾਰੀ ਨਹੀਂ ਕੀਤੀ ਹੈ। ਸ਼ੇਨਵਾਕਿਨ ਕਾਉਂਟੀ ਦੇ ਜਿਲ੍ਹਾ ਅਟਾਰਨੀ ਰੌਨ ਫਰੀਟਾਸ ਨੇ ਕਿਹਾ ਕਿ ਇਸ ਕਿਸਮ ਦੀ ਦੁਖਦਾਇਕ ਘਟਨਾ ਬਰਦਾਸ਼ਤ ਕਰਨਯੋਗ ਨਹੀਂ ਹੈ ਤੇ ਅਸੀਂ ਇਸ ਲਈ ਜਿੰਮੇਵਾਰ ਵਿਅਕਤੀ ਨੂੰ ਨਿਆਂ ਦੇ ਕਟਹਿਰੇ ਵਿੱਚ ਲਿਆਉਣ ਲਈ ਹਰ ਸੰਭਵ ਕੋਸ਼ਿਸ਼ ਕਰਾਂਗੇ। ਸਟਾਕਟਨ ਦੀ ਮੇਅਰ ਕਿ ?ਸਟੀਨਾ ਫੁਗਾਜ਼ੀ ਨੇ ਇਸ ਸਮੂਹਿਕ ਗੋਲੀਬਾਰੀ ਵਾਲੀ ਥਾਂ ’ਤੇ ਮੀਡੀਆ ਨੂੰ ਸਮੁੱਚੇ ਘਟਨਾਕ੍ਰਮ ਬਾਰੇ ਅਪਡੇਟ ਪ੍ਰਦਾਨ ਕੀਤੀ। ਕੈਲੀਫੋਰਨੀਆ ਦੇ ਗਵਰਨਰ ਗੈਵਿਨ ਨਿਊਸਮ ਦੇ ਦਫ਼ਤਰ ਨੇ ਕਿਹਾ ਕਿ ਗਵਰਨਰ ਨੂੰ ‘ਭਿਆਨਕ ਗੋਲੀਬਾਰੀ’ ਬਾਰੇ ਜਾਣਕਾਰੀ ਦੇ ਦਿੱਤੀ ਗਈ ਹੈ।





ਸ੍ਰ. ਗੁਰਚਰਨਜੀਤ ਸਿੰਘ ਲਾਂਬਾ

ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਪੰਥਕ ਸਫ਼ਾਂ ਦੇ ਅੰਦਰ ਇਕ ਉਘੇ ਸਿੱਖ ਚਿੰਤਕ ਅਤੇ ਵਿਦਵਾਨ ਵਜੋਂ ਜਾਣੇ ਜਾਂਦੇ ਹਨ। ਆਪ ਨੇ ਪੰਥਕ ਤੇ ਧਾਰਮਿਕ ਸੂਝ-ਸਮਝ ਆਪਣੇ ਮਾਤਾ ਪਿਤਾ ਤੋਂ ਹੀ ਪ੍ਰਾਪਤ ਕੀਤੀ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਇੱਕ ਅੰਮ੍ਰਿਤਧਾਰੀ ਗੁਰੂ ਕੇ ਸਿੱਖ ਹਨ ਅਤੇ ਪੂਰੀ ਦੁਨੀਆ ਵਿੱਚ ਸਿੱਖ ਪੰਥ ਦੀ ਨਿਧੜਕ ਅਵਾਜ਼ ਹਨ। ਉਨ੍ਹਾਂ ਨੇ 1973 ਵਿਚ ਪਟਨਾ ਸਾਹਿਬ ਵਿਖੇ ਹੀ ਪਟਨਾ ਯੂਨੀਵਰਸਿਟੀ ਤੋਂ ਐਲ.ਐਲ.ਬੀ. ਦੀ ਡਿਗਰੀ ਹਾਸਲ ਕਰਕੇ ਵਕਾਲਤ ਦੇ ਨਾਲ ਨਾਲ ਟੀ.ਵੀ. ਪੱਤਰਕਾਰ ਦੇ ਪੇਸ਼ੇ ਨੂੰ ਅਪਨਾਇਆ। ਆਪ 2003 ਤੋਂ 2011 ਈ. ਤੱਕ ਸੰਤ ਸਿਪਾਹੀ ਰਸਾਲੇ ਦੇ ਐਡੀਟਰ ਰਹੇ। ਆਪ ਪੰਥਕ, ਧਾਰਮਿਕ ਤੇ ਕਾਨੂੰਨੀ ਮਸਲਿਆਂ, ਗੁਰਦੁਆਰਾ ਐਕਟ ਪੈਨਲ ਅਤੇ ਧਰਮਾਂ ਦੇ ਤੁਲਨਾਤਮਿਕ ਅਧਿਐਨ ਵਰਗੇ ਵਿਸ਼ਿਆਂ ਦੇ ਗਹਿਰ-ਗੰਭੀਰ ਖੋਜੀ ਬਣਕੇ ਪੰਥ ਦੇ ਵਡੇਰੇ ਹਿਤਾਂ ਲਈ ਯੋਗਦਾਨ ਪਾਉਂਦੇ ਰਹੇ। ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੈਮੀਨਾਰਾਂ ਵਿਚ ਖੋਜ ਭਰਪੂਰ ਪਰਚੇ ਪੜ੍ਹੇ। "ਇਕ ਖਤ ਭਾਈ ਤਾਰੂ ਸਿੰਘ ਜੀ ਦੇ ਨਾਮ" ਅਤੇ "ਦਸਤਾਰ ਕਿ ਟੋਪੀ" ਆਪ ਦੀਆਂ ਇਨ੍ਹਾਂ ਪੁਸਤਕਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਧਰਮ ਪ੍ਰਚਾਰ ਲਈ ਛਾਪਿਆ। ਆਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਪੰਥਕ ਮਸਲਿਆਂ ਦੇ ਹੱਲ ਲਈ ਬਣਾਈਆਂ ਕਈ ਸਬ ਕਮੇਟੀਆਂ ਦੇ ਮੈਂਬਰ ਵਜੋਂ ਵੀ ਕਾਰਜਸ਼ੀਲ ਰਹੇ। ਆਪ ਦੀ ਲਿਖੀ ਇਹ ਹੱਥੀ ਪੁਸਤਕ "ਸਾਖੀ ਸਿੱਖ ਰਹਿਤ ਮਰਯਾਦਾ ਜੀ ਕੀ" ਸਿੱਖ ਰਹਿਤ ਮਰਯਾਦਾ ਦੀ ਜਾਣਕਾਰੀ ਦੇਣ ਦੇ ਨਾਲ ਨਾਲ ਪੰਥ ਵਿਚ ਇਸ ਦੀ ਅਹਿਮੀਅਤ ਨੂੰ ਵੀ ਬਿਆਨ ਕਰਦੀ ਹੈ। ਆਪਜੀ ਦੀ ਕਿਤਾਬ ਪੰਥਕ ਨਜ਼ਰ ਇੱਕ ਇਤਿਹਾਸਕ ਦਸਤਾਵੇਜ਼ ਹੈ ਜੋ ਸਮੇਂ-ਸਮੇਂ ਵਰਤੇ ਇਤਿਹਾਸ ਦੀ ਗਵਾਹੀ ਭਰਦਾ ਹੈ। ਆਪ ਸ੍ਰੀ ਅਕਾਲ ਤਖਤ ਸਾਹਿਬ ਅਤੇ ਇਥੋਂ ਪੰਥ ਲਈ ਜਾਰੀ ਸਿੱਖ ਰਹਿਤ ਮਰਯਾਦਾ ਨੂੰ ਸਮਰਪਿਤ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਕੌਮ ਨੂੰ ਆ ਰਹੀਆਂ ਦਰਪੇਸ਼ ਖਤਰਿਆਂ ਉਪਰ ਬੇਬਾਕੀ ਦੇ ਨਾਲ ਬੋਲਦੇ ਅਤੇ ਕੌਮ ਨੂੰ ਅਗਾਹ ਕਰਦੇ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਪਿਛਲੇ ਲੰਬੇ ਸਮੇ ਤੋਂ 'ਸਾਡੇ ਲੋਕ' ਅਖਬਾਰ ਲਈ ਪੰਥ ਅਤੇ ਪੰਜਾਬ ਦੇ ਭਲੇ ਲਈ ਲਗਾਤਾਰ ਲਿਖ ਰਹੇ ਹਨ। ਅਸੀਂ ਉਨ੍ਹਾਂ ਦੀ ਇਤਿਹਾਸਕ ਕਿਤਾਬ ਪੰਥਕ ਨਜ਼ਰ ਨੂੰ ਲਗਾਤਰ ਹਫਤਾਵਾਰੀ ਛਾਪ ਰਹੇ ਹਾਂ। ਇਸ ਹਫਤੇ ਤੋਂ ਉਨ੍ਹਾਂ ਦੀ ਕੌਮ ਨੂੰ ਵੱਡੀ ਦੇਣ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਸ਼ੁਰੂ ਕਰ ਰਹੇ ਹਾਂ। ਇਥੇ ਇਹ ਜ਼ਿਕਰਯੋਗ ਹੈ ਕੀ ਇਸ ਕਿਤਾਬ ਨੂੰ ਲਿਖਣ ਲਈ ਦਹਾਕਿਆਂ ਦਾ ਸਮਾਂ ਲੱਗਾ ਹੈ ਅਤੇ ਆਸ ਹੈ ਕੀ ਪਾਠਕ ਇਸ ਇਤਿਹਾਸਕ ਦਸਤਾਵੇਜ਼ ਤੋਂ ਜ਼ਰੂਰ ਲਾਭ ਉਠਾਉਣਗੇ। ਅਸੀਂ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਛਾਪਕੇ ਖੁਸ਼ੀ ਮਹਿਸੂਸ ਕਰ ਰਹੇ ਹਾਂ :- ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

*ਇਤਿਹਾਸ ਦੇ ਝਰੋਖੇ ਵਿਚੋਂ*

# ਸਿੱਖ ਰਹਿਤ ਮਰਯਾਦਾ ਦਾ ਖਰੜੇ ਤੋਂ ਪੰਥ ਪ੍ਰਵਾਨਤ ਹੋਣ ਦਾ ਸਫ਼ਰ

## ਪਹਿਲਾ ਪੜਾਅ ਸ਼੍ਰੋਮਣੀ ਗੁਰਦਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦੀ ਕਾਇਮੀ

**(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)**

ਕੰਘਾ ਦੋਨਉਂ ਵਕਤ ਕਰ, ਪਾਗ ਚੁਨਹਿ ਕਰ ਬਾਂਧਈ।
ਦਾਤਨ ਨੀਤ ਕਰੇਇ, ਨ ਦੁਖ ਪਾਵਹਿ ਲਾਲ ਜੀ॥੧੩॥
(ਤਨਖਾਹਨਾਮਾ ਭਾਈ ਨੰਦ ਲਾਲ ਜੀ)

ਇਸ ਹੁਕਮ ਦੀ ਪਾਲਣਾ ਨਾ ਤਾਂ ਜਟਾਵਾਂ ਵਾਲਾ ਹੀ ਕਰ ਸਕਦਾ ਹੈ ਅਤੇ ਨਾ ਹੀ ਘੋਨ ਮੋਨ। ਭਾਈ ਦਯਾ ਸਿੰਘ ਜੀ ਦੇ ਰਹਿਤਨਾਮੇ ਵਿਚ ਵੀ ਅੰਕਤ ਹੈ-ਔਰ ਪਾਗ ਬੜੀ ਬਾਂਧੇ, ਕੇਸ ਢਾਂਪ ਰਖੇ, ਕੰਘਾ ਦ੍ਵੈ ਕਾਲ ਕਰੇ, ਪਾਗ ਚੁਨਕੇ ਬਾਂਧੇ। ਕਰਾਰਾਂ ਦੀ ਰਹਿਤ ਨੂੰ ਬਾਰ-ਬਾਰ ਦ੍ਰਿੜ੍ਹ ਕਰਵਾਇਆ ਗਿਆ :

ਕੱਛ ਕੇਸ ਕ੍ਰਿਪਾਨ ਪ੍ਰਿਯ ਕੰਘਾ ਕੜਾ ਸਦੀਵ।
ਜੋ ਧਾਰਤ ਟਾਰਤ ਨਹੀਂ ਸੋਈ ਖਾਲਸਾ ਦਈਵ॥੫॥
(ਖਾਲਸਾ ਪੰਚਾਸਿਕਾ, ਬਾਵਾ ਸੁਮੇਰ ਸਿੰਘ)

ਅਤੇ

ਕੱਛ, ਕੇਸ, ਕੰਘਾ, ਕਰਦ, ਕਰੀ ਨਿਸ਼ਾਨੀ ਪੰਥ
ਜਤੀ ਭਰੋਸ ਵਿਚਾਰਨਾ, ਪ੍ਰੀਤਿ ਦਾਨ ਰਿਪੁ ਮੰਥ।੧੮।

ਕੰਘੇ ਬਾਰੇ ਇਕ ਹੋਰ ਦਿਲਚਸਪੀ ਤੱਥ ਇਹ ਹੈ ਕਿ 8ਵੀਂ ਸਦੀ ਤੋਂ ਲੈ ਕੇ 11ਵੀਂ ਸਦੀ ਦੇ ਵਿਚਕਾਰ ਸਕੈਂਡਨੇਵੀਆ ਦੇ ਇਲਾਕੇ ਜਿਸ ਵਿਚ ਡੈਨਮਾਰਕ, ਨਾਰਵੇ, ਸਵੀਡਨ ਮੁਲਕ ਆਉਂਦੇ ਹਨ ਉਥੇ ਵਾਈਕਿੰਗਸ ਰਹਿੰਦੇ ਸਨ। ਇਹ ਵਾਈਕਿੰਗ ਦੂਰ ਦੂਰ ਤੱਕ ਵਪਾਰ ਅਤੇ ਮਾਰ ਕਰਦੇ ਸਨ। ਇਹ ਇਕ ਲੜਾਕੂ ਕੌਮ ਸੀ ਅਤੇ ਬਹੁਤੇ ਦਾੜ੍ਹੀ ਕੇਸ ਰੱਖਦੇ ਸਨ। ਹਰ ਵਾਈਕਿੰਗ ਨੇ ਇਕ ਬੈਲਟ ਬੰਨ੍ਹੀ ਹੁੰਦੀ ਸੀ। ਇਸ ਵਿਚ ਇਕ ਚਮੜੇ ਦੀ ਗੁੱਥੀ ਹੁੰਦੀ ਸੀ ਜਿਸ ਵਿਚ ਇਕ ਕਰਦ ਅਤੇ ਇਕ ਕੰਘਾ ਹੁੰਦਾ ਸੀ। ਹੁਣ ਡੈਨਮਾਰਕ ਨੇ ਸ਼ਹਿਰ ਔਹੁਸ ਦੇ ਇਲਾਕੇ ਵਿਚ ਬਹੁਤ ਵੱਡੀ ਗਿਣਤੀ ਵਿਚ ਇਹ ਲੱਕੜ ਦੇ ਕੰਘੇ ਮਿਲੇ ਹਨ। ਇਨ੍ਹਾਂ ਕੰਘਿਆਂ ਦੀ ਬਨਾਵਟ ਬਹੁਤ ਹੀ ਖ਼ੂਬਸੂਰਤ ਹੈ ਅਤੇ ਇਨ੍ਹਾਂ ਦਾ ਡਿਜ਼ਾਇਨ ਬਿਲਕੁਲ ਸਾਡੇ ਕੰਘਿਆਂ ਵਰਗਾ ਹੈ। ਇਹ ਕੰਘੇ ਉਥੋਂ ਦੇ ਅਜਾਇਬ ਘਰਾਂ ਵਿਚ ਰੱਖੇ ਗਏ ਹਨ।

ਕੜਾ

ਪੰਜਵਾਂ ਅਤੇ ਅਖ਼ੀਰਲਾ ਕਕਾਰ ਹੈ ਕੜਾ। ਰਹਿਤ ਮਰਯਾਦਾ ਵਿਚ ਇਸ ਬਾਰੇ ਵੀ ਫੁਟ ਨੋਟ ਵਿਚ ਸਪਸ਼ਟ ਕੀਤਾ ਗਿਆ ਹੈ ਕਿ ਕੜਾ ਸਰਬ-ਲੋਹ ਦਾ ਹੋਵੇ। ਸਰਬ-ਲੋਹ ਦੇ ਕੜੇ ਦੀ ਚੋਣ ਦੇ ਪਿਛੇ ਬਹੁਤ ਵੱਡਾ ਕਾਰਨ ਸੀ।

ਜਾਤ ਵਰਣ ਵੰਡ ਵਿਚ ਅੰਕਤ ਨੀਵੀ ਜਾਤ ਵਾਲਿਆਂ ਬਾਰੇ ਧਰਮ ਸ਼ਾਸਤ੍ਰ ਮਨੂ ਸਿਮਰਤੀ ਦੇ ਅਧਿਆਇ 10 ਸ਼ਲੋਕ 52 ਵਿਚ ਅੰਕਤ ਹੈ,

ਵਾਸਾਸਿ ਮ੍ਰਿਤਚੈਲਾਨਿ ਭਿੰਨਭਾਂਡੇਸ਼ੁ ਭੋਜਨਮ।
ਕਾਰਣਾਯਸਮਲੰਕਾਰ : ਪਰਿਵਜਯਾ ਚ ਨਿਤਯਤ:॥੫੨॥

ਇਹ ਮੁਰਦਿਆਂ ਦੇ ਉਤਰ ਕੱਪੜੇ ਪਾਉਣ। ਇਹ ਮਿੱਟੀ ਦੇ ਪੁਰਾਣੇ ਭਾਂਡਿਆਂ ਵਿਚ ਭੋਜਨ ਕਰਨ। ਇਹ ਲੋਹੇ ਦੇ ਗਹਿਣੇ ਪਾਉਣ। ਅਤੇ ਇਕ ਥਾਂ ਤੋਂ ਦੂਜੀ ਥਾ ਭ੍ਰਮਣ ਕਰਦੇ ਰਹਿਣ। ਸਮਾਜ ਨੇ ਜਿਥੇ ਇਨ੍ਹਾਂ ਅਖੌਤੀ ਨੀਵੀਆਂ ਜਾਤੀਆਂ ਨੂੰ ਕੇਵਲ ਲੋਹੇ ਦੇ ਆਭੂਸ਼ਣ ਪਾਉਣ ਦੀ ਇਜਾਜ਼ਤ ਦਿੱਤੀ ਸੀ, ਉਥੇ ਸਾਹਿਬ-ਏ-ਕਮਾਲ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਖ਼ਾਲਸੇ ਨੂੰ ਲੋਹੇ ਦਾ ਕੜਾ ਬਖਸ਼ ਕੇ ਕਿਤਨਾ ਵੱਡਾ ਇਨਕਲਾਬੀ ਸੰਦੇਸ਼ ਦਿੱਤਾ। ਸਿੱਖ ਦੇ ਗੁੱਟ 'ਤੇ ਪਿਆ ਇਹ ਲੋਹੇ ਦਾ ਕੜਾ ਹਰ ਸਮੇਂ ਉਸ ਚੋਜੀ ਪ੍ਰੀਤਮ ਦੀ ਯਾਦ ਦਿਵਾਉਂਦਾ ਹੈ।




ਐਸੀ ਲਾਲ ਤੁਝ ਬਿਨੁ ਕਉਨੁ ਕਰੈ॥
ਗਰੀਬ ਨਿਵਾਜੁ ਗੁਸਈਆ ਮੇਰਾ ਮਾਥੈ ਛਤ੍ਰੁ ਧਰੈ॥
(ਮਾਰੂ ਰਵਿਦਾਸ ਜੀ, ਅੰਗ ੧੧੦੬)

ਮਾਸਟਰ ਤਾਰਾਂ ਸੰਘ ਜੀ ਨੂੰ ਇਕ ਵੇਰ ਕਿਸੇ ਵਿਦਿਆਰਥੀ ਨੇ ਪੁੱਛਿਆ ਕਿ ਕੜਾ ਪਾਉਣ ਦਾ ਕੀ ਫ਼ਾਇਦਾ ਹੈ? ਮਾਸਟਰ ਜੀ ਨੇ ਜਵਾਬ ਦਿੱਤਾ, ਤੈਨੂੰ ਕੋਈ ਫਾਇਦਾ ਨਹੀਂ। ਉਸ ਨੇ ਹੈਰਾਨ ਹੋ ਕੇ ਪੁੱਛਿਆ, ਕੀ ਗੱਲ ਤੁਹਾਨੂੰ ਫਾਇਦਾ ਹੈ ਮੈਨੂੰ ਨਹੀਂ? ਮਾਸਟਰ ਜੀ ਨੇ ਸਮਝਾਇਆ ਕਿ ਤੂੰ ਸੋਚ ਰਿਹਾ ਹੈਂ ਕਿ ਇਹ ਕੜਾ ਪਾਉਣ ਨਾਲ ਸ਼ਾਇਦ ਇਮਤਿਹਾਨ ਵਿਚ ਪਾਸ ਹੋ ਜਾਏਂ ਯਾ ਤੇਰਾ ਕੋਈ ਹੋਰ ਕੰਮ ਬਣ ਜਾਏ। ਐਸਾ ਨਹੀਂ ਹੋਏਗਾ। ਮੈਂ ਇਹ ਕੜਾ ਇਹ ਸੋਚ ਕੇ ਪਾਇਆ ਹੈ ਕਿ ਇਹ ਨਿਰੰਤਰ ਯਾਦ ਦਿਵਾਉਂਦਾ ਹੈ ਕਿ ਜਿਸ ਨੇ ਇਹ ਕੜਾ ਪਾਇਆ ਸੀ ਉਸ ਦੇ ਤਾਂ ਬੰਦ ਬੰਦ ਕੱਟੇ ਗਏ ਸਨ, ਉਸਨੂੰ ਚਰਖੜੀ 'ਤੇ ਚਾੜ ਦਿੱਤਾ ਗਿਆ ਸੀ ਆਦਿ ਆਦਿ। ਮੈਨੂੰ ਇਹ ਲੱਗਦਾ ਹੈ ਕਿ ਇਹ ਕੜਾ ਪਾਉਣ ਕਰਕੇ ਸ਼ਾਇਦ ਮੈਨੂੰ ਵੀ ਇਹ ਸ਼ਹੀਦੀ ਪ੍ਰਾਪਤ ਹੋ ਜਾਏ। ਇਸ ਲਈ ਮੈਨੂੰ ਫਾਇਦਾ ਹੈ ਤੈਨੂੰ ਨਹੀਂ।

ਸੋ ਇਹ ਨਿਸਚਿਤ ਕਰਨ ਦੀ ਲੋੜ ਹੈ ਕਿ ਜੋ ਕੋਈ ਵੀ ਆਪਣੇ ਆਪ ਨੂੰ ਸਿੱਖ ਅਖਵਾਉਂਦਾ ਹੈ ਉਸ ਨੇ ਇਹ ਸਰਬ-ਲੋਹ ਦਾ ਕੜਾ ਜ਼ਰੂਰ ਵੀਣੀ 'ਤੇ ਪਾਇਆ ਹੋਣਾ ਚਾਹੀਦਾ ਹੈ। ਬਾਕੀ ਸੋਨੇ, ਚਾਂਦੀ, ਤਾਂਬੇ ਜਾਂ ਕਿਸੇ ਹੋਰ ਧਾਂਤ ਦਾ ਕੜਾ ਬਣਾ ਕੇ ਪਾਉਣ ਵਾਲਾ ਕਕਾਰ ਵਿਹੀਣ ਹੀ ਅਖਵਾਏਗਾ।

(ਟ) ਇਹ ਚਾਰ ਕੁਰਹਿਤਾਂ ਨਹੀਂ ਕਰਨੀਆਂ-

1. ਕੇਸਾਂ ਦੀ ਬੇਅਦਬੀ।
2. ਕੁੱਠਾ ਖਾਣਾ।
3. ਪਰ-ਇਸਤ੍ਰੀ ਜਾਂ ਪਰ-ਪੁਰਸ਼ ਦਾ ਗਮਨ (ਭੋਗਣਾ)।
4. ਤਮਾਕੂ ਦਾ ਵਰਤਣਾ।

ਇਨ੍ਹਾਂ ਵਿਚੋਂ ਕੋਈ ਕੁਰਹਿਤ ਹੋ ਜਾਵੇ ਤਾਂ ਮੁੜ ਕੇ ਅੰਮ੍ਰਿਤ ਛਕਣਾ ਪਏਗਾ। ਆਪਣੀ ਇੱਛਾ ਵਿਰੁੱਧ ਅਨਭੋਲ ਹੀ ਕੋਈ ਕੁਰਹਿਤ ਹੋ ਜਾਵੇ ਤਾਂ ਕੋਈ ਦੰਡ ਨਹੀਂ।
(ਸਿੱਖ ਰਹਿਤ ਮਰਯਾਦਾ, ਅਕਤੂਬਰ ੧੦੧੫, ਪੰਨਾ ੩੦)

**(ਚਲਦਾ)**

# ਬ੍ਰਿਟਿਸ਼ ਕੋਲੰਬੀਆ 'ਚ ਮਨਾਇਆ 'ਹਿੰਦੂ ਵਿਰਾਸਤੀ ਮਹੀਨਾ'

ਐਬਟਸਫੋਰਡ : ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ 'ਚ 'ਹਿੰਦੂ ਵਿਰਾਸਤੀ ਮਹੀਨਾ' ਮਨਾਇਆ




ਗਿਆ। ਕੇ.ਵੀ.ਪੀ. ਹੈਰੀਟੇਜ਼ ਦੇ ਕਮਲ ਸ਼ਰਮਾ ਵਲੋਂ ਹਿੰਦੂ ਵਿਰਾਸਤੀ ਮਹੀਨੇ ਨੂੰ ਸਮਰਪਿਤ ਕਰਵਾਏ ਗਏ ਸਮਾਗਮ ਦੇ ਮੁੱਖ ਮਹਿਮਾਨ ਬ੍ਰਿਟਿਸ਼ ਕੋਲੰਬੀਆ ਦੇ ਮੁੱਖ ਮੰਤਰੀ ਡੇਵਿਡ ਈ.ਬੀ. ਸਨ, ਜਿਨ੍ਹਾਂ ਨੇ ਲੋਕਾਂ ਦੇ ਭਰਵੇਂ ਇਕੱਠ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਬ੍ਰਿਟਿਸ਼ ਕੋਲੰਬੀਆ ਇਕ ਬਹੁਸੱਭਿਅਕ ਅਤੇ ਬਹੁਭਾਸ਼ਾਈ ਵਾਲੇ ਲੋਕਾਂ ਦਾ ਸੂਬਾ ਹੈ, ਜਿੱਥੇ ਹਰ ਇਕ ਨੂੰ ਆਪਣਾ ਧਰਮ, ਸੱਭਿਆਚਾਰ, ਵਿਰਸਾ ਤੇ ਬੋਲੀ ਨੂੰ ਪ੍ਰਫੁੱਲਤ ਕਰਨ ਦਾ ਪੂਰਾ ਅਧਿਕਾਰ ਹੈ, ਜੋ ਕਿ ਆਪਸੀ ਭਾਈਚਾਰਕ ਸਾਂਝ ਦੀ ਮਜ਼ਬੂਤੀ ਵਾਸਤੇ ਬਹੁਤ ਜ਼ਰੂਰੀ ਹੈ ਤੇ ਸੂਬੇ ਦੀ ਤਰੱਕੀ ਤੇ ਵਿਕਾਸ 'ਚ ਹਿੰਦੂ ਭਾਈਚਾਰੇ ਦਾ ਅਹਿਮ ਯੋਗਦਾਨ ਹੈ। ਇਸ ਮੌਕੇ ਭਾਰਤੀ ਲੋਕ ਨਾਚ ਅਤੇ ਗਿੱਧਾ, ਭੰਗੜਾ ਤੇ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ ਗਿਆ ਤੇ ਬ੍ਰਿਟਿਸ਼ ਕੋਲੰਬੀਆ ਸਰਕਾਰ ਵਲੋਂ 'ਹਿੰਦੂ ਵਿਰਾਸਤੀ ਮਹੀਨਾ' ਨੂੰ ਸਮਰਪਿਤ ਐਲਾਨਨਾਮਾ ਜਾਰੀ ਕੀਤਾ ਗਿਆ। ਸਮਾਗਮ ਮੌਕੇ ਉੱਪ ਮੁੱਖ ਮੰਤਰੀ ਨਿਕੀ ਸ਼ਰਮਾ, ਭਾਰਤੀ ਕੌਂਸਲ ਜਨਰਲ ਮਸਕੂਈ ਰੁੰਗਸੁੰਗ, ਸੈਨੇਟਰ ਬਲਤੇਜ ਸਿੰਘ ਢਿੱਲੋਂ, ਸਪੀਕਰ ਰਾਜ ਚੌਹਾਨ, ਕੈਬਨਿਟ ਮੰਤਰੀ ਜਗਰੂਪ ਸਿੰਘ ਬਰਾੜ, ਜਸਪ੍ਰੀਤ ਕੌਰ 'ਜੱਸੀ' ਸੁੰਨੜ, ਸੰਸਦੀ ਸਕੱਤਰ ਸੁਨੀਤਾ ਧੀਰ ਤੇ ਅਮਨਾ ਸਾਹ ਅਤੇ ਵਿਧਾਇਕਾ ਰੀਆ ਅਰੋੜਾ ਹਾਜ਼ਰ ਸਨ।

# ਗੁਰੂ ਨਾਨਕ ਕਮਿਊਨਿਟੀ ਸਰਵਿਸਿਜ਼ ਫਾਊਂਡੇਸ਼ਨ ਵੱਲੋਂ ਸਲਾਨਾ ਕੀਰਤਨ ਮੁਕਾਬਲੇ ਕਰਵਾਏ

ਟੋਰਾਂਟੋ : ਗੁਰੂ ਨਾਨਕ ਕਮਿਊਨਿਟੀ ਸਰਵਿਸਿਜ਼ ਫਾਊਂਡੇਸ਼ਨ ਆਫ਼ ਓਨਟਾਰੀਓ ਵੱਲੋਂ 20ਵੇਂ ਸਥਾਨਾਂ ਕੀਰਤਨ ਮੁਕਾਬਲੇ ਬੀਤੇ ਦੀਨੀ ਮਿਸੀਸਾਗਾ ਵਿਖੇ ਓਨਟਾਰੀਓ ਖ਼ਾਲਸਾ ਦਰਬਾਰ ਗੁਰੂਘਰ ਵਿਖੇ ਕਰਵਾਏ ਗਏ, ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸੰਗਤਾਂ ਦੇ ਸਹਿਯੋਗ ਨਾਲ ਕਰਵਾਏ ਗਏ। ਇਨ੍ਹਾਂ ਕੀਰਤਨ ਮੁਕਾਬਲਿਆਂ ਵਿਚ 7 ਸਾਲ ਤੋਂ ਲੈ ਕੇ 17 ਸਾਲ ਤੱਕ ਦੇ ਬੱਚਿਆਂ ਦੀਆਂ ਤਕਰੀਬਨ 20 ਟੀਮਾਂ ਨੇ ਹਿੱਸਾ ਲਿਆ ਜਿਸ ਸਬੰਧੀ ਸੰਸਥਾ ਦੇ ਚੇਅਰਮੈਨ ਮੇਜਰ ਸਿੰਘ ਨਾਗਰਾ ਨੇ ਦੱਸਿਆ ਕਿ ਕੀਰਤਨ ਮੁਕਾਬਲੇ ਕਰਵਾਉਣ ਦਾ ਮਕਸਦ ਬੱਚਿਆਂ ਨੂੰ ਸ਼ੁਰੂਆਤੀ ਦੌਰ ਤੋਂ ਹੀ ਸਿੱਖੀ ਰਹੁ ਰੀਤਾਂ ਤੇ ਗੁਰਬਾਣੀ ਨਾਲ ਜੋੜਨਾ ਹੈ। ਸਮਾਗਮ ਦੌਰਾਨ ਗ੍ਰੇਟਰ ਟੋਰਾਂਟੋ ਏਰੀਆ ਤੇ ਆਸ-ਪਾਸ ਦੇ ਖੇਤਰਾਂ ਵਿਚ ਵੱਸਦੇ ਸਿੱਖ ਭਾਈਚਾਰੇ ਤੇ ਉਨ੍ਹਾਂ ਵੱਲੋਂ ਚਲਾਏ ਜਾਂਦੇ ਸਕੂਲਾਂ, ਅਦਾਰਿਆਂ ਜਾਂ ਗੁਰਦੁਆਰਾ ਸਾਹਿਬਾਨ ਵਿਖੇ ਕੀਰਤਨ ਦੀ ਸਿੱਖਿਆ ਪ੍ਰਾਪਤ ਕਰਨ ਵਾਲੀਆਂ ਬੱਚਿਆਂ ਦੀਆਂ ਟੀਮਾਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਇਹਨਾਂ ਮੁਕਾਬਲਿਆਂ ਵਿਚ ਸ਼ਾਮਲ ਹੋਈਆਂ। ਇਸ ਮੌਕੇ ਜਿੱਥੇ ਜੇਤੂ ਟੀਮਾਂ ਨੂੰ ਇਨਾਮ ਦੇ ਕੇ ਸਨਮਾਨਿਆ ਗਿਆ ਉੱਥੇ ਹੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪ੍ਰਧਾਨ ਭਾਈ ਹਰਪਾਲ ਸਿੰਘ ਨੇ ਮੁਕਾਬਲਿਆਂ ਵਿਚ ਹਿੱਸਾ ਲੈਣ






ਵਾਲੇ ਬੱਚਿਆਂ ਨੂੰ ਹਲਾਸ਼ੇਰੀ ਦਿੰਦਿਆਂ ਤੇ ਫਾਉਂਡੇਸ਼ਨ ਦੀ ਸ਼ਲਾਘਾ ਕਰਦਿਆਂ ਆਖਿਆ ਕਿ ਫਾਂਉਂਡੇਸ਼ਨ ਵੱਲੋਂ ਕੀਤਾ ਜਾ ਰਿਹਾ ਇਹ ਉਪਰਾਲਾ ਅਤਿ ਸ਼ਲਾਘਾਯੋਗ ਹੈ ਇਸ ਲਈ ਬੱਚਿਆਂ ਦੇ ਮਾਪੇ ਵੀ ਵਧਾਈ ਦੇ ਹੱਕਦਾਰ ਹਨ ਜੋ ਸਮਾਂ ਕੱਢ ਕੇ ਆਪਣੇ ਬੱਚਿਆਂ ਨੂੰ ਗੁਰੂ ਆਸੇ ਨਾਲ ਜੋੜ ਰਹੇ ਹਨ। ਸਮਾਗਮ ਦੌਰਾਨ ਅਜਾਇਬ ਸਿੰਘ ਸੰਘਾ ਤੇ ਡਾ. ਦਵਿੰਦਰ ਸਿੰਘ ਲੱਧੜ ਨੇ ਵੀ ਆਪੋ ਆਪਣੇ ਵਿਚਾਰ ਪੇਸ਼ ਕਰਦਿਆਂ ਪ੍ਰਬੰਧਕਾਂ ਦੀ ਪ੍ਰਸੰਸਾ ਕੀਤੀ। ਇਸ ਮੌਕੇ ਸੰਸਥਾ ਦੇ ਗੁਰਮੇਲ ਸਿੰਘ ਸੰਧੂ, ਮਨਵੀਰ ਸਿੰਘ ਸੰਧੂ, ਬਲਬੀਰ ਸਿੰਘ ਸੰਧੂ ਤੇ ਹੋਰ ਵੀ ਬਹੁਤ ਸਾਰੇ ਲੋਕ ਮੌਜੂਦ ਸਨ।

# BASRA
## Heating & Air Conditioning

### ਗਰਮੀਆਂ ਵਿੱਚ ਠੰਡ ਤੇ ਸਰਦੀਆ ਵਿੱਚ ਨਿੱਘ ਦਾ ਦੂਜਾ ਨਾਮ ਹੈ
# ਬਸਰਾ ਹੀਟਿੰਗ ਅਤੇ ਏਅਰ ਕੰਡੀਸ਼ਨਿੰਗ

ਤੁਸੀ ਆਪਣੇ ਸੁਪਨਿਆ ਦੇ ਮਹਿਲ ਆਪਣੇ ਘਰ ਜਾ ਆਪਣੇ ਕਾਰੋਬਾਰ ਉਪਰ ਨਵਾਂ ਹੀਟਿੰਗ ਜਾ ਏਅਰ ਕੰਡੀਸ਼ਨਿੰਗ ਜਾ ਦੋਵੇ ਤਾ ਬਸ ਇਕੋ ਨਾਮ ਯਾਦ ਰੱਖੋ

ਤੁਸੀਂ ਸਾਨੂੰ ਇੱਕ ਕਾਲ ਕਰੋ ਇੱਕ ਕਾਲ ਹੀ ਬਚਾ ਸਕਦੀ ਹੈ

**ਤੁਹਾਡੇ ਢੇਰ ਸਾਰੇ ਪੈਸੇ**




**Reasonable price first class work ਅਤੇ**

**100% ਗਰੰਟੀ**

**Basra Heating & Air Conditioning has trained technicians and the right equipment to solve the problem fast and at a reasonable price.**

### AC REPAIR

**Common Air Conditioner Problems Requiring Repair**
**Low or Leaking Refrigerant**
**Broken Belt**
**Compressor Failure**
**Coil Issues**

### Thermostat Concerns

- Repair leaks
- Clean dirty coils or drain lines
- Replace filters
- Refresh refrigerant
- Seal ductwork
- Replace faulty belts, coils, or compressors
- •Secure electrical connections
- Provide general maintenance
- And more



### From Basra Heating & Air Conditioning

"Basra Heating and Air Conditioning have been providing, installing and servicing home and commercial heat systems, air conditioners & ducting and repair for both residential and commercial customers in the Bay Area since 2012. Our team of trained service professionals has extensive experience installing and servicing home and commercial heat systems, air conditioners, & ducting. Regardless of the project, Basra Heating and Air Conditioning have quickly and professionally served the needs of Bay Area & Central Valley. We pride ourselves in offering a unique combination of skilled service technicians and great customer service. Our team is ready to help you with your heating, air conditioning needs."

## ਹੋਰ ਜਾਣਕਾਰੀ ਲਈ ਕਾਲ ਕਰੋ

## ਸ. ਰਜਿੰਦਰ ਸਿੰਘ ਬਸਰਾ (209) 834-6188

## Address: 231 Portico Ln, Tracy, CA 95377



ਸੰਤ ਸੇਵਾ ਸਿਘ ਜੀ

ਸਿੱਖ ਪੰਥ ਦੀ ਮਹਾਨ ਸ਼ਖ਼ਸੀਅਤ ਸੱਚਖੰਡਵਾਸੀ, ਬ੍ਰਹਮਗਿਆਨੀ ਮਹਾਂਪੁਰਖ ਸ੍ਰੀਮਾਨ ਸੰਤ ਬਾਬਾ ਹਰਨਾਮ ਸਿੰਘ ਜੀ ਰਾਮਪੁਰ ਖੇੜੇ ਵਾਲੇ, ਜਿਨ੍ਹਾਂ ਨੇ ਸ਼ਬਦ ਗੁਰੂ ਦੇ ਨਾਲ ਆਪਣੀ ਸੁਰਤ ਨੂੰ ਜੋੜ ਕੇ ਜਿੱਥੇ ਆਪ ਪਰਮੇਸ਼ਰ ਜੀ ਵਿੱਚ ਅਭੇਦਤਾ ਪ੍ਰਾਪਤ ਕੀਤੀ; ਉਥੇ ਗੁਰਮਤਿ ਮਾਰਗ ਤੋਂ ਦੁਰੇਡੇ ਜਾ ਚੁੱਕਿਆਂ ਨੂੰ ਖੰਡੇ ਬਾਟੇ ਦੀ ਪਾਹੁਲ ਛਕਾ ਕੇ 'ਸ਼ਬਦ ਗੁਰੂ' ਦੇ ਲੜ ਲਾ ਉਹਨਾਂ ਦਾ ਮਾਰਗ ਦਰਸ਼ਨ ਕੀਤਾ। ਮਹਾਂਪੁਰਖਾਂ ਦੇ ਉੱਤਰਾਧਿਕਾਰੀ ਸੰਤ ਬਾਬਾ ਸੇਵਾ ਸਿੰਘ ਜੀ 'ਰਾਮਪੁਰ ਖੇੜੇ ਵਾਲਿਆਂ' ਨੇ 'ਸੇ ਕਿਨੇਹਿਆ ?' ਪੁਸਤਕ ਵਿੱਚ ਸੱਚਖੰਡਵਾਸੀ ਸੰਤ ਬਾਬਾ ਹਰਨਾਮ ਸਿੰਘ ਜੀ ਦੇ ਜੀਵਨ ਦਾ ਬਾਖ਼ੂਬੀ ਚਿਤਰਨ ਕੀਤਾ ਹੈ। ਇਹ ਪੁਸਤਕ ਸਿੱਖ ਜਗਤ ਵਿੱਚ ਬਹੁਤ ਹੀ ਮਕਬੂਲੀਅਤ ਹਾਸਲ ਕਰ ਚੁੱਕੀ ਹੈ ਅਤੇ ਲੱਖਾਂ ਦੀ ਗਿਣਤੀ ਵਿੱਚ ਛਾਪ ਕੇ ਸੰਗਤਾਂ ਤੱਕ ਪਹੁੰਚਾਈ ਗਈ ਹੈ। ਸੰਤ ਬਾਬਾ ਸੇਵਾ ਸਿੰਘ ਜੀ ਦੀ ਕਲਮ ਰਾਹੀਂ ਲਿਖੀਆਂ ਗਈਆਂ ਅਨੇਕਾਂ ਪੁਸਤਕਾਂ ਵਿੱਚੋਂ ਉਨ੍ਹਾਂ ਦੀ ਇਹ ਸ਼ਾਹਕਾਰ ਰਚਨਾ 'ਸੇ ਕਿਨੇਹਿਆ ?' ਆਪਣੇ ਪਾਠਕਾਂ ਦੀ ਮੰਗ 'ਤੇ ਅਸੀਂ ਆਪਣੇ ਅਖ਼ਬਾਰ ਰਾਹੀਂ ਲੜੀਵਾਰ ਛਾਪ ਰਹੇ ਹਾਂ। ਆਸ ਹੈ ਕਿ ਇਸ ਯਤਨ ਤੋਂ ਸਾਡੇ ਪਾਠਕ ਲਾਭ ਪ੍ਰਾਪਤ ਕਰਨਗੇ। - ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

# ਅਰਦਾਸ ਕਰਨ ਨਾਲ ਰੁਮਾਲਿਆਂ ਵਾਲੀ ਅਲਮਾਰੀ ਦਾ ਜਿੰਦਰਾ ਖੁੱਲ੍ਹ ਜਾਣਾ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਰੋਜ਼ ਦੇ ਨਿਯਮ ਅਨੁਸਾਰ ਆਪ ਜੀ (ਭਾਈ ਸ਼ੇਰ ਸਿੰਘ) ਝਾੜੂ ਦੀ ਸੇਵਾ ਕਰ ਕੇ ਮੂਲ-ਮੰਤ੍ਰ ਦਾ ਜਾਪ ਕਰ ਰਹੇ ਸਨ। ਚਾਰ-ਪੰਜ ਪ੍ਰੇਮੀ ਸੱਜਣ ਜੋ ਹਰ ਰੋਜ਼ ਗੁਰੂ ਪਾਤਸ਼ਾਹ ਜੀ ਨੂੰ ਨਮਸਕਾਰ ਕਰਨ ਅਤੇ ਦਰਸ਼ਨ ਦੀਦਾਰਿਆਂ ਲਈ ਆਉਂਦੇ, ਉਹ ਵੀ ਆ ਕੇ ਬੈਠੇ ਸਨ। ਗੁਰੂ ਮਹਾਰਾਜ ਜੀ ਦੇ ਰੁਮਾਲਿਆਂ ਵਾਲੀ ਅਲਮਾਰੀ ਦੇ ਜਿੰਦਰੇ ਦੀ ਚਾਬੀ ਗ੍ਰੰਥੀ ਸਿੰਘ ਪਾਸੋਂ ਕਿਤੇ ਗੁੰਮ ਹੋ ਗਈ। ਬਾਹਰ-ਅੰਦਰ ਕਮਰੇ ਵਿੱਚ ਬਥੇਰਾ ਟੋਲ-ਭਾਲ ਕੀਤੀ ਪਰ ਮਿਲੀ ਨਾ। ਸਾਰੇ ਰੁਮਾਲੇ ਅਲਮਾਰੀ ਵਿੱਚ ਸਨ। ਆਖ਼ਿਰ ਕਈ ਪ੍ਰੇਮੀਆਂ ਨੇ ਸਲਾਹ ਦਿੱਤੀ ਕਿ ਅਲਮਾਰੀ ਦਾ ਤਾਲਾ ਹੀ ਤੋੜ ਲਵੋ। ਭਾਈ ਸਾਹਿਬ ਸ਼ੇਰ ਸਿੰਘ ਹੋਰੀਂ ਨਾਮ ਵਿੱਚ ਲੀਨ ਸਨ, ਸਤਿਗੁਰੂ ਜੀ ਉੱਪਰ ਪੂਰਨ ਭਰੋਸਾ ਸੀ। ਆਪ ਜੀ ਨੇ ਸੰਗਤ ਨੂੰ ਕਿਹਾ ਕਿ ਗੁਰੂ ਮਹਾਰਾਜ ਜੀ ਦੇ ਚਰਨਾਂ ਵਿੱਚ ਅਰਦਾਸ ਕਰੋ। ਅਰਦਾਸ ਵਿੱਚ ਬੜੀ ਵੱਡੀ ਸ਼ਕਤੀ ਹੈ। ਮੈਨੂੰ ਯਕੀਨ ਹੈ ਕਿ ਅਰਦਾਸ ਕਰਨ ਨਾਲ ਤਾਲਾ ਖੁੱਲ੍ਹ ਜਾਵੇਗਾ। ਸਾਰਿਆਂ ਨੇ ਭਾਈ ਸਾਹਿਬ ਦਾ ਬਚਨ ਸੁਣਿਆ। ਇੱਕ ਪ੍ਰੇਮੀ ਨੇ ਅੱਗੋਂ ਕਿਹਾ ਕਿ ਤੁਸੀਂ ਹੀ ਅਰਦਾਸ ਕਰੋ।

ਆਪ ਜੀ ਤਿਆਰ ਹੋ ਗਏ। ਜਿੰਨੀ ਆਪ ਜੀ ਨੂੰ ਅਰਦਾਸ ਆਉਂਦੀ ਸੀ, ਦਸਾਂ ਪਾਤਿਸ਼ਾਹੀਆਂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਅਰਾਧ ਕੇ ਜਿੰਦਰਾ ਖੁੱਲ੍ਹਣ ਵਾਸਤੇ ਬੇਨਤੀ ਕੀਤੀ। ਮੱਥਾ ਟੇਕਣ ਉਪ੍ਰੰਤ ਅਲਮਾਰੀ ਕੋਲ ਜਾ ਕੇ ਤਾਲੇ ਨੂੰ ਹੱਥ ਲਾਇਆ ਤਾਂ ਤਾਲਾ ਖੁੱਲ੍ਹ ਗਿਆ। ਸਭ ਹੈਰਾਨ ਹੋ ਗਏ। ਅਲਮਾਰੀ ਦਾ ਜਿੰਦਰਾ ਤਾਂ ਖੁੱਲ੍ਹ ਹੀ ਗਿਆ ਪਰ ਨਾਲ ਹੀ ਭਾਈ ਸਾਹਿਬ ਜੀ ਦੇ ਅੰਦਰ ਦੇ ਕਪਾਟ ਦਾ ਜਿੰਦਰਾ ਵੀ ਖੁੱਲ੍ਹ ਗਿਆ। ਗੁਰੂ ਪਾਤਸ਼ਾਹ ਜੀ ਨੇ ਬੇਅੰਤ ਸੋਝੀ ਅਤੇ ਬਖ਼ਸ਼ਿਸ਼ਾਂ ਕਰ ਦਿੱਤੀਆਂ। ਕਿਵੇਂ-ਕਿਵੇਂ ਸਤਿਗੁਰੂ ਜੀ ਨੇ ਉਨ੍ਹਾਂ ਪਾਸੋਂ ਸੇਵਾ ਲਈ, ਕਿਵੇਂ ਉਹਨਾਂ ਦੇ ਬਚਨ-ਸਤਿ ਹੁੰਦੇ ਰਹੇ, ਇਹ ਹੋਰ ਵਿਸਥਾਰ ਦਾ ਵਿਸ਼ਾ ਹੈ।

ਗੁਰੂ ਸਾਹਿਬ ਜੀ ਦੇ ਚਰਨਾਂ ਵਿੱਚ ਅਰਦਾਸ ਕਰਨ ਨਾਲ ਕੋਹੜ ਤੱਕ ਦੇ ਰੋਗ ਉਹਨਾਂ ਦੂਰ ਕੀਤੇ। ਜਿਵੇਂ ਉਸ ਸਮੇਂ ਦੇ ਆਈ. ਜੀ. ਪੁਲਿਸ (ਪੰਜਾਬ) ਕੰਵਰ ਸ਼ਮਸ਼ੇਰ ਸਿੰਘ ਦੀ ਘਰਵਾਲੀ ਦਾ ਕੋਹੜ ਰੋਗ ਦੂਰ ਕੀਤਾ। ਜਿਨ੍ਹਾਂ ਪ੍ਰੇਮੀਆਂ ਨੇ ਭਾਈ ਸਾਹਿਬ ਜੀ ਦੇ ਦਰਸ਼ਨ ਕੀਤੇ ਹਨ, ਉਹਨਾਂ ਪ੍ਰੇਮੀਆਂ ਨੂੰ ਭਲੀ-ਭਾਂਤ ਪਤਾ ਹੈ ਕਿ ਭਾਈ ਸਾਹਿਬ ਨੂੰ ਗੁਰੂ ਮਹਾਰਾਜ ਨੇ ਕਿੰਨਾ ਅਨੁਭਵ ਦਿੱਤਾ ਸੀ। ਜੋ ਪ੍ਰਾਣੀ ਬੇਨਤੀ ਲੈ ਕੇ ਉਹਨਾਂ ਪਾਸ ਆਉਂਦਾ, ਉਸ ਦੇ ਪਿਛਲੇ ਕਈ-ਕਈ ਜਨਮਾਂ ਦਾ ਆਪ ਜੀ ਨੂੰ ਅਨੁਭਵ ਹੋ ਜਾਂਦਾ ਕਿ ਕਿਸ ਕਰਮ ਕਰਕੇ ਇਸਨੂੰ ਕਸ਼ਟ ਹੋ ਰਿਹਾ ਹੈ। ਦਾਸ ਨੇ ਵੀ ਕਈ ਵਾਰ ਉਹਨਾਂ ਦੇ ਦਰਸ਼ਨ ਕੀਤੇ ਤੇ ਨੇੜੇ ਹੋਣ ਦਾ ਸੁਭਾਗ ਪ੍ਰਾਪਤ ਹੋਇਆ। ਕਿਉਂਕਿ ਜਦੋਂ ਤੋਂ ਬਾਬਾ ਜੀ




ਰਾਮਪੁਰ ਖੇੜਾ ਸਾਹਿਬ ਆ ਟਿਕੇ ਸਨ ਤਾਂ ਅਕਸਰ ਭਾਈ ਸਾਹਿਬ, ਬਾਬਾ ਜੀ ਪਾਸ ਦਰਸ਼ਨ ਕਰਨ ਅਤੇ ਸੰਗਤ ਕਰਨ ਵਾਸਤੇ ਆਉਂਦੇ ਰਹਿੰਦੇ ਸਨ।

ਗੁਰੂ ਪਾਤਸ਼ਾਹ ਜੀ ਦਾ ਫ਼ੁਰਮਾਨ ਹੈ ਕਿ :

**ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ ਫਿਰਹਿ**
**ਜੋ ਹਰਿ ਹਿਰਦੈ ਸਦਾ ਵਸਾਇ ॥**

**(ਸਲੋਕ ਮ: ੩, ਅੰਗ ੬੪੯)**

ਨਾਮ ਜਪਣ ਨਾਲ ਜਦੋਂ ਇਕਾਗ੍ਰਤਾ ਹੁੰਦੀ ਹੈ ਤਾਂ ਰਿੱਧੀਆਂ-ਸਿੱਧੀਆਂ ਅਤੇ ਅਨੁਭਵਤਾ ਸੁਤੇ-ਸਿੱਧ ਹੀ ਪ੍ਰਾਪਤ ਹੋ ਜਾਂਦੀ ਹੈ। ਬਾਬਾ ਜੀ ਕਹਿੰਦੇ ਹੁੰਦੇ ਸਨ ਕਿ ਇਹ ਪਰਮ-ਪਦ ਦੀ ਪ੍ਰਾਪਤੀ ਤੋਂ ਹੇਠਾਂ ਦੀਆਂ ਵਸਤਾਂ ਹਨ। ਗੁਰਸਿੱਖ ਨੂੰ ਜੇਕਰ ਇਹ ਪ੍ਰਾਪਤ ਵੀ ਹੋ ਜਾਣ ਤਾਂ ਗੁਰੂ-ਹੁਕਮ ਤੋਂ ਬਿਨਾਂ ਇਨ੍ਹਾਂ ਦੀ ਵਰਤੋਂ ਨਹੀਂ ਕਰਨੀ ਚਾਹੀਦੀ। ਇਹਨਾਂ ਨੂੰ ਅੰਦਰ ਹੀ ਜਰਨਾ ਚਾਹੀਦਾ ਹੈ। ਜੋ ਇਨ੍ਹਾਂ ਤਾਕਤਾਂ ਨੂੰ ਜਰ ਜਾਂਦਾ ਹੈ ਉਹ ਅਬਿਨਾਸ਼ੀ ਪ੍ਰਭੂ 'ਚ ਅਭੇਦ ਹੋ ਜਾਂਦਾ ਹੈ। ਹੁਕਮ ਹੈ :

ਨਿਰਗੁਣ ਨਿਰੰਕਾਰ ਅਬਿਨਾਸੀ
**ਅਤੁਲੋ ਤੁਲਿਓ ਨ ਜਾਵਤ ॥**
**ਕਹੁ ਨਾਨਕ ਅਜਰੁ ਜਿਨਿ ਜਰਿਆ**
**ਤਿਸ ਹੀ ਕਉ ਬਨਿ ਆਵਤ ॥੪॥੯॥**

**(ਸਾਰਗ ਮ: ੫, ਅੰਗ ੧੨੦੫)**

119 ਚੱਕ (ਸਰਗੋਧਾ) ਨਾਮ-ਪ੍ਰੇਮੀਆਂ ਦਾ ਕੇਂਦਰ ਜਿਵੇਂ ਭਾਈ ਗੁਰਦਾਸ ਜੀ ਦਾ ਫ਼ੁਰਮਾਨ ਹੈ, ਕਿ

**ਅਮਲੀ ਰਚਨਿ ਅਮਲੀਆ ਸੋਫੀ ਸੋਫੀ ਮੇਲੁ ਕਰੰਦੇ ॥**
**ਜੂਆਰੀ ਜੂਆਰੀਆ ਵੇਕਰਮੀ ਵੇਕਰਮ ਰਚੰਦੇ ॥**
**ਚੋਰਾਂ ਚੋਰਾ ਪਿਰਹੜੀ ਠਗ ਠਗਾ ਮਿਲ ਦੇਸ ਠਗੰਦੇ ॥**
**ਮਸਕਰਿਆਂ ਮਿਲਿ ਮਸਕਰੇ ਚੁਗਲਾਂ ਚੁਗਲ ਉਮਾਹਿ ਮਿਲੰਦੇ ॥**
**ਮਨਤਾਰੂ ਮਨਤਾਰੂਆ ਤਾਰੂ ਤਾਰੂ ਤਾਰ ਤਰੰਦੇ ॥**
**ਦੁਖਿਆਰੇ ਦੁਖਿਆਰਿਆ ਮਿਲਿ ਮਿਲਿ ਆਪਣੇ ਦੁਖ ਰੁਵੰਦੇ ॥**
**ਸਾਧ ਸੰਗਤਿ ਗੁਰਸਿਖੁ ਵਸੰਦੇ ॥੪॥**

**(ਭਾ: ਗੁਰਦਾਸ ਜੀ, ਵਾਰ ੫, ਪਉੜੀ ੪)**

ਕੁਦਰਤ ਦਾ ਨਿਯਮ ਹੈ, ਜਿੱਥੇ ਫੁੱਲ ਹੁੰਦਾ ਹੈ, ਉਸ ਦੀ ਖ਼ੁਸ਼ਬੋ ਪ੍ਰਾਪਤ ਕਰਨ ਵਾਸਤੇ ਭੌਰੇ ਦੂਰ-ਦੂਰ ਤੋਂ ਉਡਾਰੀਆਂ ਮਾਰ ਕੇ ਪੁੱਜ ਜਾਂਦੇ ਹਨ ਤੇ ਸੁਗੰਧੀ ਪ੍ਰਾਪਤ ਕਰਕੇ ਆਪਣੀ ਤ੍ਰਿਪਤੀ ਕਰਦੇ ਹਨ।

ਇਸੇ ਤਰ੍ਹਾਂ ਸਤਿਗੁਰੂ ਜੀ ਦੇ ਨਾਮ ਦੀ ਸੁਗੰਧੀ ਨਾਲ ਬਾਬਾ ਜੀ ਦੀ ਆਤਮਾ ਲਬਾਲਬ ਭਰੀ ਹੋਈ ਸੀ। ਨਾਮ ਸੁਗੰਧੀ ਨਾਲ ਸਾਂਝ ਕਰਨ ਵਾਸਤੇ ਨੇੜੇ ਤੇੜੇ ਦੇ ਸ਼ਰਧਾਲੂ ਅਤੇ ਦੂਰ-ਦੂਰ ਤੋਂ ਪ੍ਰਭੂ-ਪ੍ਰੇਮੀ ਅਕਸਰ ਬਾਬਾ ਜੀ ਦੀ ਸੰਗਤ ਵਿੱਚ ਪੁੱਜਦੇ ਰਹਿੰਦੇ। ਕੋਈ ਦੋ ਦਿਨ, ਕੋਈ ਚਾਰ ਦਿਨ, ਕੋਈ ਹਫ਼ਤਾ, ਭਾਵ ਕਿ ਜਿੰਨੀ-ਜਿੰਨੀ ਵੀ ਸੰਸਾਰਕ ਕੰਮਾਂ ਵਿੱਚੋਂ ਕਿਸੇ ਨੂੰ ਵਿਹਲ ਮਿਲਦੀ, ਬਾਬਾ ਜੀ ਪਾਸ ਠਹਿਰ ਕੇ ਨਾਮ-ਬਾਣੀ ਦੀ ਸੰਗਤ ਕਰਦੇ। ਜਿਨ੍ਹਾਂ 'ਚੋਂ ਭਾਈ ਸ਼ੇਰ ਸਿੰਘ ਜੀ, ਸੰਤ ਸਾਧੂ ਸਿੰਘ ਜੀ, ਭਾਈ ਵਧਾਵਾ ਸਿੰਘ ਜੀ, ਭਾਈ ਗੁਰਬਖਸ਼ ਸਿੰਘ ਜੀ ਅਤੇ ਸੰਤ ਮੰਗਲ ਸਿੰਘ ਜੀ ਦੇ ਨਾਮ ਵਰਣਨ ਯੋਗ ਹਨ।

(ਚਲਦਾ)

# ਬਿੱਟੂ ਦਾ ਯੂਟਰਨ; ਅੰਮ੍ਰਿਤਪਾਲ ਨੂੰ ਅੰਤਰਿਮ ਪੈਰੋਲ ਦੇਣ ਦੀ ਜਨਤਕ ਤੌਰ 'ਤੇ ਵਕਾਲਤ

- **ਕਿਹਾ ਅੰਮ੍ਰਿਤਪਾਲ ਨੂੰ ਸਲਾਖਾਂ ਪਿੱਛੇ ਡੱਕਣ ਲਈ ਕੇਂਦਰ ਨਹੀਂ ਪੰਜਾਬ ਸਰਕਾਰ ਜ਼ਿੰਮੇਵਾਰ**
- **ਇੰਜੀਨੀਅਰ ਰਾਸ਼ਿਦ ਨੂੰ ਪੈਰੋਲ ਦੀ ਸਹੂਲਤ ਮਿਲ ਸਕਦੀ ਹੈ ਤਾਂ ਅੰਮ੍ਰਿਤਪਾਲ ਨੂੰ ਕਿਉਂ ਨਹੀਂ**

ਚੰਡੀਗੜ੍ਹ : ਕੇਂਦਰੀ ਰੇਲ ਰਾਜ ਤੇ ਫੂਡ ਪ੍ਰੋਸੈਸਿੰਗ ਇੰਡਸਟਰੀਜ਼ ਮੰਤਰੀ ਰਵਨੀਤ ਬਿੱਟੂ ਨੇ ਜੇਲ੍ਹ ਵਿੱਚ ਬੰਦ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਨੂੰ ਅੰਤਰਿਮ ਪੈਰੋਲ ਦੇਣ ਦੀ ਜਨਤਕ ਤੌਰ 'ਤੇ ਵਕਾਲਤ ਕੀਤੀ ਹੈ। ਸ੍ਰੀ ਖਡੂਰ ਸਾਹਿਬ ਤੋਂ ਸੰਸਦ ਮੈਂਬਰ ਅੰਮ੍ਰਿਤਪਾਲ ਇਸ ਵੇਲੇ ਸਖ਼ਤ ਕੌਮੀ ਸੁਰੱਖਿਆ ਕਾਨੂੰਨ (NSA) ਤਹਿਤ ਅਸਾਮ ਦੀ ਡਿਬਰੂਗੜ੍ਹ ਕੇਂਦਰੀ ਜੇਲ੍ਹ ਵਿੱਚ ਨਜ਼ਰਬੰਦ ਹੈ। ਬਿੱਟੂ ਨੇ ਨਵੀਂ ਦਿੱਲੀ ਵਿੱਚ ਸੰਸਦ ਦੇ ਬਾਹਰ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਇਹ ਗੱਲ ਕਹੀ। ਬਿੱਟੂ ਦਾ ਇਹ ਰੁਖ਼ ਪੰਜਾਬ ਵਿੱਚ ਜ਼ਮੀਨ ਤਲਾਸ਼ ਰਹੀ ਭਾਜਪਾ ਦੀ ਰਣਨੀਤਕ ਪੇਸ਼ਬੰਦੀਆਂ ਦਾ ਸੰਕੇਤ ਹੋ ਸਕਦਾ ਹੈ, ਜਿੱਥੇ ਪਾਰਟੀ ਕੋਲ 117 ਮੈਂਬਰੀ ਰਾਜ ਵਿਧਾਨ ਸਭਾ ਵਿੱਚ ਕੋਈ ਸੀਟ ਨਹੀਂ ਹੈ ਅਤੇ 'ਆਪ' ਸਰਕਾਰ ਸੱਤਾ ਵਿਰੋਧੀ ਲਹਿਰ ਦਾ ਸਾਹਮਣਾ ਕਰ ਰਹੀ ਹੈ।

ਬਿੱਟੂ ਦੀਆਂ ਇਹ ਟਿੱਪਣੀਆਂ ਅੰਮ੍ਰਿਤਪਾਲ ਬਾਰੇ ਉਨ੍ਹਾਂ ਵੱਲੋਂ ਪਹਿਲਾਂ ਕੀਤੀ ਗਈ ਨੁਕਤਾਚੀਨੀ ਤੋਂ ਬਿਲਕੁਲ ਵੱਖਰੀ ਹੈ, ਜੋ ਸੰਸਦ ਦੇ ਚੱਲ ਰਹੇ ਸਰਦ ਰੁੱਤ ਸੈਸ਼ਨ ਤੋਂ ਪਹਿਲਾਂ ਪੰਜਾਬ ਦੇ ਰਾਜਨੀਤਿਕ ਦ੍ਰਿਸ਼ਟੀਕੋਣ ਵਿੱਚ ਡੂੰਘੀਆਂ ਦਰਾਰਾਂ ਨੂੰ ਉਜਾਗਰ ਕਰਦੀਆਂ ਹਨ।

'ਵਾਰਿਸ ਪੰਜਾਬ ਦੇ' ਦੇ ਆਗੂ ਅੰਮ੍ਰਿਤਪਾਲ ਸਿੰਘ (32) ਨੂੰ ਅਪਰੈਲ 2023 ਵਿੱਚ ਪੰਜਾਬ ਪੁਲੀਸ ਨੇ ਹਿੰਸਾ ਭੜਕਾਉਣ, ਵੱਖਵਾਦ ਨੂੰ ਉਤਸ਼ਾਹਿਤ ਕਰਨ ਅਤੇ ਅਮਨ ਕਾਨੂੰਨ ਭੰਗ ਕਰਨ ਦੇ ਦੋਸ਼ਾਂ ਵਿੱਚ ਇੱਕ ਮਹੀਨੇ ਤੱਕ ਚੱਲੀ ਛਾਪੇਮਾਰੀ ਤੋਂ ਬਾਅਦ ਗ੍ਰਿਫ਼ਤਾਰ ਕੀਤਾ ਸੀ।

ਮ੍ਰਿਤਪਾਲ ਨੇ ਆਪਣੀ ਨਜ਼ਰਬੰਦੀ ਦੇ ਬਾਵਜੂਦ 2024 ਦੀਆਂ ਲੋਕ ਸਭਾ ਚੋਣਾਂ ਸ੍ਰੀ ਖਡੂਰ ਸਾਹਿਬ ਤੋਂ ਇੱਕ ਆਜ਼ਾਦ ਉਮੀਦਵਾਰ ਵਜੋਂ ਲੜੀਆਂ ਅਤੇ ਜਿੱਤੀਆਂ। ਉਸ ਨੂੰ ਭਾਰਤ-ਪਾਕਿਸਤਾਨ ਸਰਹੱਦ ਨੇੜੇ ਪੈਂਦੇ ਇਸ ਸੰਸਦੀ ਹਲਕੇ ਵਿੱਚੋਂ 4,00,000 ਤੋਂ ਵੱਧ ਵੋਟਾਂ ਪਈਆਂ। ਅੰਮ੍ਰਿਤਪਾਲ ਨੂੰ ਜੂਨ 2024 ਵਿੱਚ ਨਵੀਂ ਦਿੱਲੀ ਵਿੱਚ ਸੰਸਦ ਮੈਂਬਰ ਵਜੋਂ ਸਹੁੰ ਚੁੱਕਣ ਲਈ ਚਾਰ ਘੰਟੇ ਦੀ ਪੈਰੋਲ ਦਿੱਤੀ ਗਈ ਸੀ, ਜਿਸ ਦੌਰਾਨ ਉਸ ਨੇ 'ਖਾਲਸਾ ਰਾਜ' ਬਾਰੇ ਆਪਣੇ ਦ੍ਰਿਸ਼ਟੀਕੋਣ ਦੀ ਪੁਸ਼ਟੀ ਕੀਤੀ। ਉਸ ਨੇ ਸਿੱਖ ਵੱਖਵਾਦੀ ਆਦਰਸ਼ਾਂ ਦਾ ਹਵਾਲਾ ਦਿੱਤਾ, ਜਿਸ ਨੂੰ ਕੌਮੀ ਸੁਰੱਖਿਆ ਨਿਗਰਾਨਾਂ ਦੀ ਤਿੱਖੀ ਆਲੋਚਨਾ ਦਾ ਸਾਹਮਣਾ ਕਰਨਾ ਪਿਆ।

ਬਿੱਟੂ ਨੇ ਅੰਮ੍ਰਿਤਪਾਲ ਸਿੰਘ ਲਈ ਅੰਤਰਿਮ ਪੈਰੋਲ ਦੀ ਵਕਾਲਤ ਅਜਿਹੇ ਮੌਕੇ ਕੀਤੀ ਹੈ ਜਦੋਂ ਸੰਸਦ ਦਾ ਸਰਦ ਰੁੱਤ ਇਜਲਾਸ, ਜੋ 1 ਦਸੰਬਰ ਨੂੰ ਸ਼ੁਰੂ ਹੋਇਆ ਸੀ, ਖੇਤਰੀ ਮੁੱਦਿਆਂ, ਜਿਸ ਵਿੱਚ ਕਿਸਾਨਾਂ ਦਾ ਵਿਰੋਧ ਪ੍ਰਦਰਸ਼ਨ ਅਤੇ ਪੰਜਾਬ ਦੀ ਕਾਨੂੰਨ ਵਿਵਸਥਾ ਦੀ ਹਾਲਤ ਵੀ ਸ਼ਾਮਲ ਹੈ, ਉੱਤੇ ਵਧੇ ਤਣਾਅ ਵਿਚਾਲੇ ਸ਼ੁਰੂ ਹੋ ਰਿਹਾ ਹੈ।

ਸੰਸਦ ਦੇ ਬਾਹਰ ਪੱਤਰਕਾਰਾਂ ਨਾਲ ਗੱਲਬਾਤ



ਕਰਦਿਆਂ ਬਿੱਟੂ ਨੇ ਆਮ ਆਦਮੀ ਪਾਰਟੀ (ਆਪ) ਦੀ ਅਗਵਾਈ ਵਾਲੀ ਪੰਜਾਬ ਸਰਕਾਰ 'ਤੇ ਸਿੰਘ ਦੀ ਪੈਰੋਲ ਅਰਜ਼ੀ ਵਿੱਚ ਅੜਿੱਕੇ ਡਾਹੁਣ ਦਾ ਦੋਸ਼ ਲਗਾਇਆ। ਬਿੱਟੂ ਨੇ ਬਾਰਾਮੂਲਾ ਤੋਂ ਲੋਕ ਸਭਾ ਮੈਂਬਰ ਅਬਦੁਲ ਰਾਸ਼ਿਦ ਸ਼ੇਖ਼ (ਉਰਫ਼ ਇੰਜਨੀਅਰ ਰਾਸ਼ਿਦ) ਨਾਲ ਤੁਲਨਾ ਕਰਦਿਆਂ ਕਿਹਾ, "ਪੰਜਾਬ ਸਰਕਾਰ ਜਾਣਬੁੱਝ ਕੇ ਲੋਕਾਂ ਦੇ ਚੁਣੇ ਹੋਏ ਪ੍ਰਤੀਨਿਧੀ ਨੂੰ ਪੈਰੋਲ ਦੇਣ ਤੋਂ ਇਨਕਾਰ ਕਰ ਰਹੀ ਹੈ। ਜੇਕਰ ਜੰਮੂ-ਕਸ਼ਮੀਰ ਦੇ ਸੰਸਦ ਮੈਂਬਰ ਇੰਜੀਨੀਅਰ ਰਾਸ਼ਿਦ ਨੂੰ ਗੰਭੀਰ ਦੋਸ਼ਾਂ ਦੇ ਬਾਵਜੂਦ ਸੈਸ਼ਨਾਂ ਵਿੱਚ ਸ਼ਾਮਲ ਹੋਣ ਲਈ ਹਿਰਾਸਤੀ ਪੈਰੋਲ ਦਿੱਤੀ ਜਾ ਸਕਦੀ ਹੈ, ਤਾਂ ਅੰਮ੍ਰਿਤਪਾਲ ਸਿੰਘ ਨੂੰ ਵੀ ਇਹੀ ਸਹੂਲਤ ਕਿਉਂ ਨਹੀਂ ਦਿੱਤੀ ਜਾਂਦੀ? ਖਡੂਰ ਸਾਹਿਬ ਦੇ ਹਲਕੇ ਦੇ ਲੋਕਾਂ ਦੀ ਆਵਾਜ਼ ਸੰਸਦ ਵਿੱਚ ਕੌਣ ਉਠਾਏਗਾ ਜੇਕਰ ਉਨ੍ਹਾਂ ਦੇ ਚੁਣੇ ਹੋਏ ਸੰਸਦ ਮੈਂਬਰ ਨਹੀਂ?" ਬਿੱਟੂ ਨੇ ਕਿਹਾ ਕਿ ਰਾਸ਼ਿਦ ਅਤਿਵਾਦ-ਵਿੱਤੀ ਫੰਡਿੰਗ ਦੇ ਦੋਸ਼ਾਂ ਦਾ ਸਾਹਮਣਾ ਕਰਦੇ ਹੋਏ ਅੰਤਰਿਮ ਜ਼ਮਾਨਤ 'ਤੇ ਸੈਸ਼ਨਾਂ ਵਿੱਚ ਹਾਜ਼ਰੀ ਭਰ ਰਿਹਾ ਹੈ।

ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨੂੰ ਇਸ ਪੂਰੇ ਵਿਵਾਦ ਤੋਂ ਲਾਂਭੇ ਰੱਖਣ ਦੀ ਇੱਕ ਸਪੱਸ਼ਟ ਕੋਸ਼ਿਸ਼ ਵਿੱਚ ਬਿੱਟੂ ਨੇ ਜ਼ੋਰ ਦੇ ਕੇ ਆਖਿਆ ਕਿ ਕੌਮੀ ਸੁਰੱਖਿਆ ਐਕਟ ਦੇ ਢਾਂਚੇ ਤਹਿਤ ਪੈਰੋਲ 'ਤੇ ਫੈਸਲਾ ਸੂਬਾਈ ਅਧਿਕਾਰੀਆਂ 'ਤੇ ਨਿਰਭਰ ਕਰਦਾ ਹੈ।

ਬਿੱਟੂ ਨੇ ਕਿਹਾ, "ਕੇਂਦਰ ਅੰਮ੍ਰਿਤਪਾਲ ਨੂੰ ਸਲਾਖਾਂ ਪਿੱਛੇ ਨਹੀਂ ਰੱਖ ਰਿਹਾ ਹੈ; ਇਹ ਪੰਜਾਬ ਸਰਕਾਰ ਦੀ ਜ਼ਿੰਮੇਵਾਰੀ ਹੈ। ਭਾਜਪਾ ਵਿਰੁੱਧ ਦੋਸ਼ ਬੇਬੁਨਿਆਦ ਹਨ। ਅਸੀਂ ਲੋਕਤੰਤਰੀ ਆਦੇਸ਼ਾਂ ਦਾ ਸਤਿਕਾਰ ਕਰਦੇ ਹਾਂ, ਪਰ ਸੁਰੱਖਿਆ ਨਾਲ ਸਮਝੌਤਾ ਨਹੀਂ ਕੀਤਾ ਜਾ ਸਕਦਾ।" ਬਿੱਟੂ ਦਾ ਇਹ ਰੁਖ਼ ਕੇਂਦਰੀ ਗ੍ਰਹਿ ਮੰਤਰਾਲੇ ਨੂੰ ਸਿੱਧੇ ਦੋਸ਼ਾਂ ਤੋਂ ਮੁਕਤ ਕਰਦਾ ਜਾਪਦਾ ਹੈ, ਜੋ NSA ਲਾਗੂ ਕਰਨ ਦੀ ਨਿਗਰਾਨੀ ਕਰਦਾ ਹੈ। ਹਾਲਾਂਕਿ ਆਲੋਚਕਾਂ ਦੀ ਦਲੀਲ ਹੈ ਕਿ ਸਿੰਘ ਦੇ ਮਾਮਲੇ ਵਿੱਚ ਐਕਟ ਦੀ ਮੰਗ ਇੱਕ ਸੰਯੁਕਤ ਕੇਂਦਰ-ਰਾਜ ਕਾਰਵਾਈ ਸੀ।

**ਬਿੱਟੂ ਦਾ ਰੁਖ਼ ਪਿਛਲੇ ਬਿਆਨਾਂ ਤੋਂ ਬਿਲਕੁਲ ਉਲਟ :** ਬਿੱਟੂ ਵੱਲੋਂ ਅੰਮ੍ਰਿਤਪਾਲ ਲਈ ਅੰਤਰਿਮ ਪੈਰੋਲ ਦੀ ਵਕਾਲਤ ਉਨ੍ਹਾਂ ਦੇ ਪਿਛਲੇ ਬਿਆਨਾਂ ਤੋਂ ਬਿਲਕੁਲ ਉਲਟ ਹੈ। 2024 ਦੀਆਂ ਚੋਣਾਂ ਦੌਰਾਨ ਲੁਧਿਆਣਾ ਤੋਂ ਭਾਜਪਾ ਉਮੀਦਵਾਰ ਹੋਣ ਦੇ ਨਾਤੇ ਬਿੱਟੂ ਨੇ ਸਿੰਘ ਨੂੰ ਪੰਜਾਬ ਦੀ ਸ਼ਾਂਤੀ ਲਈ ਖ਼ਤਰਾ ਦੱਸਿਆ ਸੀ। ਉਨ੍ਹਾਂ ਵੋਟਰਾਂ ਨੂੰ ਚੇਤਾਵਨੀ ਦਿੱਤੀ ਸੀ ਕਿ 'ਅੰਮ੍ਰਿਤਪਾਲ ਸਿੰਘ ਵਰਗੇ ਲੋਕ ਸ਼ਾਂਤੀ ਪਸੰਦ ਲੋਕਾਂ ਨੂੰ ਪੰਜਾਬ ਵਿੱਚ ਨਹੀਂ ਰਹਿਣ ਦੇਣਗੇ।" ਬਿੱਟੂ ਪੰਜਾਬ ਸਾਬਕਾ ਮੁੱਖ ਮੰਤਰੀ ਮਰਹੂਮ ਬੇਅੰਤ ਸਿੰਘ ਦਾ ਪੋਤਰਾ ਹੈ, ਜਿਨ੍ਹਾਂ ਦੀ 1995 ਵਿੱਚ ਅਤਿਵਾਦੀਆਂ ਨਾਲ ਜੁੜੇ ਇੱਕ ਆਤਮਘਾਤੀ ਬੰਬਾਰ ਨੇ ਹੱਤਿਆ ਕਰ ਦਿੱਤੀ ਗਈ ਸੀ। ਬਿੱਟੂ ਨੇ ਲੰਬੇ ਸਮੇਂ ਤੋਂ ਖ਼ੁਦ ਨੂੰ ਵੱਖਵਾਦ ਵਿਰੁੱਧ ਇੱਕ ਮਜ਼ਬੂਤ ਧਾੜਵੀ ਵਜੋਂ ਪੇਸ਼ ਕੀਤਾ ਹੈ।

ਜੁਲਾਈ 2024 ਵਿੱਚ ਲੋਕ ਸਭਾ ਵਿੱਚ ਅੰਮ੍ਰਿਤਪਾਲ ਸਿੰਘ ਦੀ ਨਜ਼ਰਬੰਦੀ ਨੂੰ ਲੈ ਕੇ ਬਿੱਟੂ ਦੀ ਕਾਂਗਰਸ ਦੇ ਸੰਸਦ ਮੈਂਬਰ ਚਰਨਜੀਤ ਸਿੰਘ ਚੰਨੀ ਨਾਲ ਤਿੱਖੀ ਬਹਿਸ ਹੋਈ। ਬਿੱਟੂ ਨੇ ਐੱਨਐੱਸਏ ਦਾ ਬਚਾਅ ਕਿਸਾਨਾਂ ਦੀ ਥਾਂ 'ਕੱਟੜਵਾਦੀ ਤਾਕਤਾਂ ਖਿਲਾਫ਼ ਇਕ ਹਥਿਆਰ' ਵਜੋਂ ਕੀਤਾ, ਜਿਵੇਂ ਕਿ ਚੰਨੀ ਨੇ ਦੋਸ਼ ਲਗਾਇਆ ਸੀ।

ਬਿੱਟੂ ਨੇ ਪਹਿਲਾਂ ਬੰਦੀ ਸਿੰਘਾਂ ਦੀ ਰਿਹਾਈ ਦੀ ਵਕਾਲਤ ਕੀਤੀ ਸੀ - ਸਿੱਖ ਰਾਜਨੀਤਿਕ ਕੈਦੀ ਜੋ ਪੰਜਾਬ ਵਿੱਚ ਅੱਤਵਾਦ ਦੇ ਦਿਨਾਂ ਤੋਂ ਜੇਲ੍ਹਾਂ ਵਿੱਚ ਬੰਦ ਹਨ।

# ਕੈਨੇਡਾ ਦੇ ਕਿਊਬਿਕ ਸੂਬੇ ’ਚ ਧਾਰਮਿਕ ਚਿੰਨ੍ਹ ਵਰਤਣ ਉੱਤੇ ਲਾਈ ਪਾਬੰਦੀ

## ਸਿੱਖ ਵੀ ਨਹੀਂ ਸਜਾ ਸਕਣਗੇ ਕਕਾਰ ਤੇ ਦਸਤਾਰ

ਕਿਊਬੈਕ ਸਿਟੀ : ਕੈਨੇਡਾ ਦੇ ਕਿਊਬੈਕ ਸੂਬੇ ਵਿਚ ਹੁਣ ਦਸਤਾਰਧਾਰੀ ਵਿਦਿਆਰਥੀ ਨਜ਼ਰ ਨਹੀਂ ਆਉਣਗੇ ਅਤੇ ਸਿੱਖਾਂ ਵਾਸਤੇ ਵੱਡਾ ਧਾਰਮਿਕ ਸੰਕਟ ਪੈਦਾ ਹੋ ਗਿਆ ਹੈ। ਜੀ ਹਾਂ, ਸੂਬਾ ਸਰਕਾਰ ਵੱਲੋਂ ਸਿੱਖਾਂ ਅਤੇ ਮੁਸਲਮਾਨਾਂ ਦੀ ਧਾਰਮਿਕ ਆਜ਼ਾਦੀ ਪੂਰੀ ਤਰ੍ਹਾਂ ਖ਼ਤਮ ਕਰਨ ਦੇ ਮਕਸਦ ਤਹਿਤ ਯੂਨੀਵਰਸਿਟੀਆਂ ਸਣੇ ਹੋਰਨਾਂ ਸਰਕਾਰੀ ਵਿਦਿਅਕ ਸੰਸਥਾਵਾਂ ਵਿਚ ਧਾਰਮਿਕ ਪਛਾਣ ਵਾਲੇ ਚਿੰਨ੍ਹ ਧਾਰਨ ਕਰਨ ’ਤੇ ਪਾਬੰਦੀ ਲਾਗੂ ਕੀਤੀ ਜਾ ਰਹੀ ਹੈ। ਇਥੋਂ ਤੱਕ ਕਿ ਮੁਸਲਮਾਨ ਵਿਦਿਆਰਥੀ ਯੂਨੀਵਰਸਿਟੀ ਕੰਪਲੈਕਸ ਵਿਚ ਨਮਾਜ਼ ਅਦਾ ਵੀ ਨਹੀਂ ਕਰ ਸਕਣਗੇ। ਕਿਊਬੈਕ ਸਿਟੀ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਧਰਮ ਨਿਰਪੱਖਤਾ ਮਾਮਲਿਆਂ ਬਾਰੇ ਮੰਤਰੀ ਸ਼ੌਨ ਫਰਾਂਸਵਾ ਰੌਬਰਜ ਨੇ ਕਿਹਾ ਕਿ 2019 ਵਿਚ ਬਿਲ 21 ਪਾਸ ਹੋਣ ਮਗਰੋਂ ਕਈ ਹੋਰ ਸੁਧਾਰਾਂ ਦੀ ਜ਼ਰੂਰਤ ਮਹਿਸੂਸ ਕੀਤੀ ਜਾ ਰਹੀ ਸੀ ਜਿਨ੍ਹਾਂ ਨੂੰ ਧਿਆਨ ਵਿਚ ਰਖਦਿਆਂ ਨਵਾਂ ਬਿਲ ਸੂਬਾ ਵਿਧਾਨ ਸਭਾ ਵਿਚ ਪੇਸ਼ ਕੀਤਾ ਜਾ ਰਿਹਾ ਹੈ।

ਨਵੇਂ ਬਿਲ ਤਹਿਤ ਸਮੁੱਚੀ ਸਿੱਖਿਆ ਪ੍ਰਣਾਲੀ ਵਿਚ ਕੰਮ ਕਰਦੇ ਮੁਲਾਜ਼ਮਾਂ ਦੀ ਧਾਰਮਿਕ ਆਜ਼ਾਦੀ ਖੋਹੀ ਜਾ ਰਹੀ ਹੈ ਅਤੇ ਇਸ ਵਾਰ ਪ੍ਰਾਈਵੇਟ ਸਕੂਲਾਂ ਨੂੰ ਵੀ ਸ਼ਾਮਲ ਕੀਤਾ ਗਿਆ ਹੈ। ਇਸ ਤੋਂ ਪਹਿਲਾਂ 2019 ਵਾਲਾ ਬਿਲ 21 ਜਨਤਕ ਖੇਤਰ ਦੇ ਮੁਲਾਜ਼ਮਾਂ ਜਿਵੇਂ ਪੁਲਿਸ ਮੁਲਾਜ਼ਮਾਂ, ਸਕੂਲੀ ਅਧਿਆਪਕਾਂ ਅਤੇ ਜੱਜਾਂ ਨੂੰ ਪੱਗ ਬੰਨ੍ਹਣ ਜਾਂ ਹਿਜਾਬ ਧਾਰਨ ਕਰਨ ਤੋਂ ਰੋਕਦਾ ਹੈ ਪਰ ਨਵਾਂ ਬਿਲ ਵਾਲੰਟੀਅਰਾਂ ਅਤੇ ਵਿਦਿਆਰਥੀਆਂ ਉਤੇ ਵੀ ਲਾਗੂ ਕੀਤਾ ਜਾ ਰਿਹਾ ਹੈ। ਕੈਨੇਡੀਅਨ ਮੀਡੀਆ ਵੱਲੋਂ ਸੂਤਰਾਂ ਦੇ ਹਵਾਲੇ ਨਾਲ ਬਿਲ ਵਿਚਲੇ ਅਹਿਮ ਤੱਥ ਪੇਸ਼ ਕੀਤੇ ਗਏ ਹਨ ਅਤੇ ਦੱਸਿਆ ਜਾ ਰਿਹਾ ਹੈ ਕਿ ਫ਼ਿਲਹਾਲ ਜਨਤਕ ਥਾਵਾਂ ’ਤੇ ਨਕਾਬ ਜਾਂ ਹਿਜਾਬ ਉਤੇ ਪਾਬੰਦੀ ਲਾਗੂ ਨਹੀਂ ਕੀਤੀ ਜਾ ਰਹੀ। ਦੱਸ ਦੇਈਏ ਕਿ ਇਸ ਤੋਂ ਪਹਿਲਾਂ ਜਨਤਕ ਥਾਵਾਂ ’ਤੇ ਧਾਰਮਿਕ ਇਕੱਠ ਕਰਨ ਦੀ ਪਾਬੰਦੀ ਦਾ ਜ਼ਿਕਰ ਵੀ ਸਾਹਮਣੇ ਆਇਆ ਅਤੇ ਇਨ੍ਹਾਂ ਹਾਲਾਤ ਵਿਚ ਨਗਰ ਕੀਰਤਨ ਸਜਾਉਣ ’ਤੇ ਪਾਬੰਦੀ ਲੱਗ ਸਕਦੀ ਹੈ। ਕਿਊਬੈਕ ਦੀ ਫਰਾਂਸਵਾ ਲੈਗੋ ਸਰਕਾਰ ਜਨਤਕ ਥਾਵਾਂ ’ਤੇ ਧਾਰਮਿਕ ਸਰਗਰਮੀਆਂ ਬੰਦ ਕਰਨ ਦੀ ਯੋਜਨਾ ਵੀ ਬਣਾ ਚੁੱਕੀ ਹੈ ਪਰ ਤਾਜ਼ਾ ਬਿਲ ਵਿਚ ਇਸ ਦਾ ਜ਼ਿਕਰ ਫ਼ਿਲਹਾਲ ਸਾਹਮਣੇ ਨਹੀਂ ਆਇਆ।




ਸਿਰਫ਼ ਨਗਰ ਕੀਰਤਨ ਸਜਾਉਣ ਜਾਂ ਸੜਕਾਂ ’ਤੇ ਨਮਾਜ਼ ਅਦਾ ਕਰਨ ਦੀ ਰੋਕ ਲਾਉਣ ਦੇ ਮਨਸੂਬੇ ਨਹੀਂ ਸਗੋਂ ਗੁੱਡ ਫਰਾਈਡੇ ਮੌਕੇ ਈਸਾਈ ਧਰਮ ਦੇ ਲੋਕ ਕਰੌਸ ਪ੍ਰੋਸੈਸ਼ਨ ਵੀ ਨਹੀਂ ਕੱਢ ਸਕਣਗੇ। ਰੌਬਰਜ ਨੇ ਇਹ ਨਹੀਂ ਦੱਸਿਆ ਕਿ ਕੀ ਸੂਬਾ ਸਰਕਾਰ ਨੌਟਵਿਦਸਟੈਂਡਿੰਗ ਕਲੌਜ਼ ਲਾਗੂ ਕਰੇਗੀ ਜਿਸ ਰਾਹੀਂ ਕੈਨੇਡੀਅਨ ਚਾਰਟਰ ਆਫ਼ ਰਾਈਟਸ ਐਂਡ ਫਰੀਡਮਜ਼ ਅਧੀਨ ਮਿਲੇ ਹੱਕ ਸਿੱਧੇ ਤੌਰ ’ਤੇ ਖ਼ਤਮ ਹੋ ਜਾਣਗੇ। ਪਿਛਲੇ ਸਾਲ ਕਿਊਬੈਕ ਦੇ ਪ੍ਰੀਮੀਅਰ ਫਰਾਂਸਵਾ ਲੈਗੋ ਨੇ ਕਿਹਾ ਸੀ ਕਿ ਨੌਟਵਿਦਸਟੈਂਡਿੰਗ ਕਲੌਜ਼ ਦੀ ਸੰਭਾਵਨਾ ’ਤੇ ਵਿਚਾਰ ਕੀਤਾ ਜਾ ਰਿਹਾ ਹੈ। ਚੇਤੇ ਰਹੇ ਕਿ ਕਿਊਬੈਕ ਦੀ ਇਕ ਖ਼ੁਦਮੁਖਤਿਆਰ ਕਮੇਟੀ ਨੇ ਸੂਬੇ ਵਿਚ ਧਰਮ ਨਿਰਪੱਖਤਾ ਮਜ਼ਬੂਤ ਕਰਨ ਲਈ 50 ਸਿਫ਼ਾਰਸ਼ਾਂ ਕੀਤੀਆਂ। 300 ਸਫ਼ਿਆਂ ਦੀ ਰਿਪੋਰਟ ਵਿਚ ਕਮੇਟੀ ਨੇ ਕਿਹਾ ਕਿ ਧਾਰਮਿਕ ਆਜ਼ਾਦੀ ਦਾ ਘੇਰਾ ਸੀਮਤ ਰੱਖਿਆ ਜਾਵੇ ਅਤੇ ਡੇਅ ਕੇਅਰ ਵਰਕਰਜ਼ ਨੂੰ ਵੀ ਧਾਰਮਿਕ ਚਿੰਨ੍ਹ ਧਾਰਨ ਕਰਨ ’ਤੇ ਪਾਬੰਦੀ ਦੇ ਘੇਰੇ ਵਿਚ ਲਿਆਂਦਾ ਜਾਵੇ। ਕਮੇਟੀ ਦੀ ਇਕ ਸਿਫ਼ਾਰਸ਼ ਇਹ ਵੀ ਕਹਿੰਦੀ ਹੈ ਕਿ ਜਨਤਕ ਥਾਵਾਂ ’ਤੇ ਧਾਰਮਿਕ ਸਰਗਰਮੀਆਂ ਬਾਰੇ ਫੈਸਲਾ ਲੈਣ ਦਾ ਹੱਕ ਸਬੰਧਤ ਮਿਊਂਪੈਲਿਟੀਜ਼ ਨੂੰ ਦਿਤਾ ਜਾਵੇ। ਦੂਜੇ ਪਾਸੇ ਧਰਮ ਨਿਰਪੱਖਤਾ ਮਾਮਲਿਆਂ ਬਾਰੇ ਮੰਤਰੀ ਨੇ ਦਲੀਲ ਦਿਤੀ ਕਿ ਫਲਸਤੀਨ ਹਮਾਇਤੀ ਮੁਜ਼ਾਹਰਿਆਂ ਦੌਰਾਨ ਮੌਂਟਰੀਅਲ ਵਿਖੇ ਇਕ ਚਰਚ ਦੇ ਬਾਹਰ ਸੜਕ ’ਤੇ ਨਮਾਜ਼ ਅਦਾ ਕੀਤੀ ਗਈ ਜਿਸ ਨਾਲ ਫਿਰਕੂ ਤਣਾਅ ਪੈਦਾ ਹੋਇਆ। ਜਨਤਕ ਥਾਵਾਂ ’ਤੇ ਨਮਾਜ਼ ਅਦਾ ਕਰਨ ਦੇ ਮਾਮਲੇ ਵਧਦੇ ਜਾ ਰਹੇ ਹਨ ਅਤੇ ਸਰਕਾਰ ਇਹ ਸਭ ਬੰਦ ਕਰਨਾ ਚਾਹੁੰਦੀ ਹੈ।

# ਜੱਗੀ ਜੌਹਲ ਤਿਹਾੜ ਜੇਲ੍ਹ ਵਿਚ ਤਬਦੀਲ, ਪਰਿਵਾਰ ਨੇ ਦੱਸਿਆ ਜਾਨ ਨੂੰ ਖ਼ਤਰਾ

ਗਲਾਸਗੋ : ਸਕਾਟਲੈਂਡ ਦੇ ਡੰਬਾਰਟਨ ਕਸਬੇ ਦੇ 38 ਸਾਲਾ ਸਿੱਖ ਬ੍ਰਿਟਿਸ਼ ਨਾਗਰਿਕ ਜਗਤਾਰ ਸਿੰਘ ਉਰਫ਼ ਜੱਗੀ ਜੌਹਲ ਨੂੰ ਅੱਠ ਸਾਲ ਪਹਿਲਾਂ ਜਲੰਧਰ ਦੇ ਇੱਕ ਬਜ਼ਾਰ ’ਚੋਂ ਪੁਲਿਸ ਨੇ ਹਿਰਾਸਤ ਵਿਚ ਲੈ ਲਿਆ ਸੀ ਅਤੇ ਉਦੋਂ ਤੋਂ ਹੀ ਜੇਲ੍ਹ ਵਿਚ ਨਜ਼ਰਬੰਦ ਹੈ। ਜੱਗੀ ਜੌਹਲ ਨੂੰ ਦੋ ਹਫ਼ਤੇ ਪਹਿਲਾਂ ਮੰਡੋਲੀ ਜੇਲ੍ਹ ਤੋਂ ਦਿੱਲੀ ਦੀ ਤਿਹਾੜ ਜੇਲ੍ਹ ਵਿਚ ਤਬਦੀਲ ਕਰ ਦਿੱਤਾ ਗਿਆ ਹੈ । ਜਗਤਾਰ ਸਿੰਘ ਜੱਗੀ ਦੇ ਵੱਡੇ ਭਰਾ ਗੁਰਪ੍ਰੀਤ ਸਿੰਘ ਜੌਹਲ ਨੇ ਕਿਹਾ ਕਿ ਇਹ ਸੋਚ ਕੇ ਬਹੁਤ ਡਰ ਲੱਗਦਾ ਹੈ ਕਿ ਉਸਦਾ ਭਰਾ ਦਿੱਲੀ ਦੀ ਤਿਹਾੜ ਜੇਲ੍ਹ ਵਿਚ ਬੰਦ ਹੈ, ਜੋ ਕਿ ਹਫੜਾ-ਦਫੜੀ, ਭੀੜ-ਭੜੱਕੇ ਅਤੇ ਹਿੰਸਾ ਲਈ ਮਸ਼ਹੂਰ ਹੈ। ਤਿਹਾੜ ਜੇਲ੍ਹ ਭਾਰਤ ਦੀਆਂ ਸਭ ਤੋਂ ਭੈੜੀਆਂ ਜੇਲ੍ਹਾਂ ਵਿਚੋਂ ਇੱਕ ਹੈ। ਮੇਰੇ ਭਰਾ ਨੂੰ ਉਥੇ ਬੰਦ ਕਰਨ ਬਾਰੇ ਸੋਚਣਾ ਬਹੁਤ ਡਰਾਉਣਾ ਹੈ। ਪਰਿਵਾਰ ਨੂੰ ਡਰ ਹੈ ਕਿ ਉਸ ’ਤੇ ਹਮਲਾ ਕੀਤਾ ਜਾ ਸਕਦਾ ਹੈ ਜਾਂ ਮਾਰਿਆ ਵੀ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਇਹ ਸਿਧਾਂਤਕ ਨਹੀਂ ਹੈ, ਯੂ.ਕੇ. ਸਰਕਾਰ ਜਗਤਾਰ ਦੀ ਜ਼ਿੰਦਗੀ ਨਾਲ ਖੇਡ ਰਹੀ ਹੈ। ਜਗਤਾਰ ਨੂੰ ਭਾਰਤ ਦੇ ਗੈਰ-ਕਾਨੂੰਨੀ ਗਤੀਵਿਧੀਆਂ (ਰੋਕਥਾਮ) ਐਕਟ ਦੇ ਤਹਿਤ, ਜੇਲ੍ਹ ਦੇ ਇੱਕ ਉੱਚ-ਜ਼ੋਖ਼ਮ ਵਾਲੇ ਵਿੰਗ ਵਿਚ ਰੱਖਿਆ ਗਿਆ ਹੈ। ਅਧਿਕਾਰੀਆਂ ਨੇ ਉਸਨੂੰ ਤਬਦੀਲ ਕਰਨ ਦਾ ਕੋਈ ਕਾਰਨ ਨਹੀਂ ਦੱਸਿਆ ਹੈ ਅਤੇ ਅਜਿਹਾ ਬਿਨਾਂ ਕਿਸੇ ਚਿਤਾਵਨੀ ਜਾਂ ਜਾਇਜ਼ਤਾ ਦੇ ਕੀਤਾ ਹੈ। ਪਿਛਲੀਆਂ ਰਿਪੋਰਟਾਂ ਦਰਸਾਉਂਦੀਆਂ ਹਨ ਕਿ ਇਨ੍ਹਾਂ ਵਿੰਗਾਂ ਵਿੱਚ ਕੈਦੀਆਂ ਨੂੰ ਗੰਭੀਰ ਕੁੱਟਮਾਰ ਅਤੇ ਤਸ਼ੱਦਦ ਦਾ ਸਾਹਮਣਾ ਕਰਨਾ ਪਿਆ ਹੈ।


ਜੱਗੀ ਜੌਹਲ ਅਤੇ ਉਸ ਦਾ ਭਰਾ ਗੁਰਪ੍ਰੀਤ ਸਿੰਘ ਜੌਹਲ।

# ਪੰਜਾਬ ਸਰਕਾਰ ਵੱਲੋਂ ‘ਵੀਰ ਬਾਲ ਦਿਵਸ’ ਤਹਿਤ ਸਮਾਗਮ ਕਰਵਾਉਣੇ ਸਿੱਖ ਪ੍ਰੰਪਰਾਵਾਂ ਵਿਰੁੱਧ: ਹਰਜਿੰਦਰ ਸਿੰਘ ਧਾਮੀ

ਅੰਮ੍ਰਿਤਸਰ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਪੰਜਾਬ ਸਰਕਾਰ ਵੱਲੋਂ 12 ਦਸੰਬਰ ਨੂੰ ਲੁਧਿਆਣਾ ਵਿਖੇ ਆਯੋਜਤ ਕੀਤੇ ਜਾ ਰਹੇ ਰਾਜ ਪੱਧਰੀ ‘ਵੀਰ ਬਾਲ ਦਿਵਸ’ ਪ੍ਰੋਗਰਾਮ ’ਤੇ ਸਖ਼ਤ ਇਤਰਾਜ਼ ਪ੍ਰਗਟ ਕਰਦਿਆਂ ਇਸ ਨੂੰ ਸਿੱਖ ਸਿਧਾਂਤਾਂ ਤੇ ਪ੍ਰੰਪਰਾਵਾਂ ਵਿਰੁੱਧ ਕਰਾਰ ਦਿੱਤਾ ਹੈ।



ਐਡਵੋਕੇਟ ਧਾਮੀ ਨੇ ਕਿਹਾ ਕਿ ਸਿੱਖ ਸਿਧਾਂਤਾਂ, ਰਵਾਇਤਾਂ, ਪ੍ਰੰਪਰਾਵਾਂ ਅਤੇ ਕਦਰਾਂ ਕੀਮਤਾਂ ਦੇ ਵਿਰੁੱਧ ਕੋਈ ਵੀ ਕਾਰਵਾਈ ਸਿੱਖ ਮਾਨਸਿਕਤਾ ਨੂੰ ਸੱਟ ਮਾਰਦੀ ਹੈ ਅਤੇ ਪੰਜਾਬ ਸਰਕਾਰ ਵੱਲੋਂ ਵੀਰ ਬਾਲ ਦਿਵਸ ਸਬੰਧੀ ਕੀਤੇ ਨਿਰਦੇਸ਼ ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਦੀ ਅਦੁੱਤੀ ਸ਼ਹਾਦਤ ਦੀ ਪਵਿੱਤਰਤਾ ਨੂੰ ਠੇਸ ਪਹੁੰਚਾਉਣ ਅਤੇ ਘੱਟ ਕਰਨ ਵਾਲੇ ਹਨ। ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਬਾਲ ਸੰਗਿਆ ਨਾਲ ਜੋੜ ਕੇ ਵੀਰ ਬਾਲ ਦਿਵਸ ਤੱਕ ਸੀਮਤ ਰੱਖਣਾ ਸ਼ਹਾਦਤਾਂ ਦੀ ਭਾਵਨਾ ਤੇ ਸਿੱਖ ਰਵਾਇਤਾਂ ਦੇ ਵਿਰੁੱਧ ਹੈ।

ਸਿੱਖ ਇਤਿਹਾਸ ਅਤੇ ਪ੍ਰੰਪਰਾਵਾਂ ਦੇ ਮੱਦੇਨਜ਼ਰ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਦੀਆਂ ਲਾਸਾਨੀ ਕੁਰਬਾਨੀਆਂ ਵੱਡੇ ਯੋਧਿਆਂ ਵਰਗੀਆਂ ਹਨ, ਇਸੇ ਲਈ ਸਾਹਿਬਜ਼ਾਦਿਆਂ ਨੂੰ ਸੰਬੋਧਨ ਸਮੇਂ ਬਾਬਾ ਸ਼ਬਦ ਨਾਲ ਸਤਿਕਾਰ ਦਿੱਤਾ ਜਾਂਦਾ ਹੈ।

ਐਡਵੋਕੇਟ ਧਾਮੀ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਸ਼ਹੀਦੀ ਸਾਕੇ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਸਮੇਂ ਕਰਵਾਏ ਕਈ ਧਾਰਮਿਕ ਸਮਾਗਮਾਂ ’ਚ ਵੀ ਮਰਯਾਦਾ ਅਤੇ ਪ੍ਰੰਪਰਾਵਾਂ ਦਾ ਉਲੰਘਣ ਕੀਤਾ ਗਿਆ, ਜਿਸ ਨੇ ਸਿੱਖ ਭਾਵਨਾਵਾਂ ਨੂੰ ਸੱਟ ਮਾਰੀ ਹੈ।

ਸਰਕਾਰ ਨੇ ਗੁਰਮਤਿ ਸਮਾਗਮਾਂ ਨੂੰ ਕੇਵਲ ਇਕ ਸਰਕਾਰੀ ਪ੍ਰੋਗਰਾਮ ਬਣਾ ਕੇ ਪੰਜਾਬ ਦੇ ਖ਼ਜ਼ਾਨੇ ਦਾ ਫਾਇਦਾ ਬਾਹਰੀ ਕੰਪਨੀਆਂ ਨੂੰ ਪਹੁੰਚਾਇਆ। ਉਨ੍ਹਾਂ ਕਿਹਾ ਕਿ ਹੁਣ ‘ਵੀਰ ਬਾਲ ਦਿਵਸ’ ਦੇ ਪ੍ਰੋਗਰਾਮ ਤਹਿਤ ਫੈਸੀ ਡਰੈੱਸ ਮੁਕਾਬਲੇ ਦੇ ਨਾਂ ’ਤੇ ਮਾਤਾ ਗੁਜਰੀ ਜੀ, ਛੋਟੇ ਸਾਹਿਬਜ਼ਾਦਿਆਂ ਅਤੇ ਸ਼ਹੀਦ ਸਿੰਘਾਂ ਦੀ ਡਰੈੱਸ ਪਵਾ ਕੇ ਸਕੂਲਾਂ ਵਿਚ ਮੁਕਾਬਲੇ ਕਰਵਾਉਣ ਦਾ ਅਮਲ ਸਿੱਖ ਮਰਯਾਦਾ ਦੇ ਖਿਲਾਫ਼ ਹੈ।

ਐਡਵੋਕੇਟ ਧਾਮੀ ਨੇ ਕਿਹਾ ਕਿ ਵੀਰ ਬਾਲ ਦਿਵਸ ਸਬੰਧੀ ਪਹਿਲਾਂ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ ਅਨੁਸਾਰ ਕੇਂਦਰ ਸਰਕਾਰ ਨੂੰ ਇਸ ਦਾ ਨਾਮ ਬਦਲਣ ਲਈ ਲਿਖਿਆ ਗਿਆ ਸੀ, ਪਰ ਸਰਕਾਰ ਨੇ ਇਸ ਨੂੰ ਅੱਜ ਤੱਕ ਗੰਭੀਰਤਾ ਨਾਲ ਨਹੀਂ ਲਿਆ।

ਇਸ ਸਬੰਧ ਵਿੱਚ ਸ਼੍ਰੋਮਣੀ ਕਮੇਟੀ ਅਤੇ ਸਿੱਖ ਸੰਗਤ ਦਾ ਜੋ ਖਦਸ਼ਾ ਸੀ ,ਉਸੇ ਦਾ ਹੀ ਨਤੀਜਾ ਹੈ ਕਿ ਸਿੱਖ ਪਰੰਪਰਾਵਾਂ ਦੇ ਵਿਰੁੱਧ ਜਾ ਕੇ ਹੁਣ ਸਾਹਿਬਜ਼ਾਦਿਆਂ ਦੇ ਕਿਰਦਾਰ ਬੱਚਿਆਂ ਪਾਸੋਂ ਕਰਵਾਉਣ ਦੀਆਂ ਹਰਕਤਾਂ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਇਸ ਸਿੱਖ ਵਿਰੋਧੀ ਵਰਤਾਰੇ ਦੀ ਜ਼ਿੰਮੇਵਾਰੀ ਸਿੱਧੇ ਤੌਰ ’ਤੇ ਕੇਂਦਰ ਸਰਕਾਰ ਅਤੇ ਸਬੰਧਤ ਸੂਬਾ ਸਰਕਾਰਾਂ ਦੀ ਬਣਦੀ ਹੈ। ਅਜਿਹੀਆਂ ਕਾਰਵਾਈਆਂ ਨੂੰ ਸਿੱਖ ਜਗਤ ਕਦੇ ਵੀ ਪ੍ਰਵਾਨ ਨਹੀਂ ਕਰ ਸਕਦਾ। ਉਨ੍ਹਾਂ ਸੰਗਤ ਨੂੰ ਅਪੀਲ ਕੀਤੀ ਕਿ ਅਜਿਹੇ ਸਿੱਖ ਵਿਰੋਧੀ ਪ੍ਰਗਟਾਵੇ ਵਾਲੇ ਸਮਾਗਮਾਂ ਵਿਚ ਆਪਣੇ ਬੱਚਿਆਂ ਨੂੰ ਸ਼ਮੂਲੀਅਤ ਤੋਂ ਰੋਕੇ, ਤਾਂ ਜੋ ਸਿੱਖ ਪ੍ਰੰਪਰਾਵਾਂ ਤੇ ਕਦਰਾਂ ਕੀਮਤਾਂ ਦੀ ਮੌਲਿਕਤਾ ਬਣੀ ਰਹੇ।

# ਇਟਲੀ ’ਚ ਗੁਰੂਘਰ ਵਿਖੇ ਨਤਮਸਤਕ ਹੋਏ 40 ਇਟਾਲੀਅਨ ਬੱਚੇ ! ਸਿੱਖੀ ਤੇ ਸਿੱਖ ਇਤਿਹਾਸ ਬਾਰੇ ਜਾਣ ਹੋਏ ਪ੍ਰਭਾਵਿਤ

ਕਰੇਮੋਨਾ : ਇਟਲੀ ਵਿੱਚ ਵੱਖ-ਵੱਖ ਗੁਰਦੁਆਰਾ ਸਾਹਿਬਾਨ ਅਤੇ ਧਾਰਮਿਕ ਸੰਸਥਾਵਾਂ ਹਮੇਸ਼ਾ ਇਸ ਗੱਲ ਲਈ ਤੱਤਪਰ ਰਹਿੰਦੀਆਂ ਹਨ ਕਿ ਇੱਥੋਂ ਦੇ ਇਟਾਲੀਅਨ ਨਾਗਰਿਕਾਂ, ਖ਼ਾਸ ਕਰ ਨੌਜਵਾਨ ਪੀੜ੍ਹੀ ਨੂੰ ਆਪਣੇ ਧਰਮ ਦੇ ਇਤਿਹਾਸ, ਮਰਿਆਦਾਵਾਂ ਅਤੇ ਸਿਧਾਂਤਾਂ ਤੋਂ ਜਾਣੂੰ ਕਰਵਾਇਆ ਜਾ ਸਕੇ। ਇਸੇ ਲੜੀ ਤਹਿਤ ਗੁਰਦੁਆਰਾ ਸ੍ਰੀ ਗੁਰੂ ਕਲਗੀਧਰ ਸਾਹਿਬ ਤੌਰੇ ਦੀ ਪਿਚਨਾਰਦੀ ਕਰੇਮੋਨਾ ਇਟਲੀ ਦੇ ਉਪਰਾਲੇ ਸਦਕਾ ਲਗਾਤਾਰ 5ਵੇਂ ਸਾਲ ਮਿਲਾਨ ਤੋਂ ਸੁਪਰਓਏ ਸਕੂਲ ਦੇ 40 ਵਿਦਿਆਰਥੀਆਂ, ਉਨ੍ਹਾਂ ਦੇ ਅਧਿਆਪਕਾਂ ਅਤੇ ਕਰੇਮੋਨਾ ਤੋਂ ਇਨਆਉਦੀ ਸਕੂਲ ਦੀ ਇੱਕ ਅਧਿਆਪਕ ਨੇ ਗੁਰਦੁਆਰਾ ਸਾਹਿਬ ਵਿਖੇ ਹਾਜ਼ਰੀ ਭਰੀ।

ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਜਾਣਕਾਰੀ ਦਿੰਦਿਆਂ ਦੱਸਿਆ ਗਿਆ ਕਿ ਇਹ ਉਪਰਾਲਾ ਪਿਛਲੇ ਤਕਰੀਬਨ 5 ਸਾਲ ਤੋਂ ਕੀਤਾ ਜਾ ਰਿਹਾ ਹੈ, ਜਿਸ ਵਿੱਚ ਮਿਲਾਨ ਸ਼ਹਿਰ ਦੇ ਵੱਖ ਵੱਖ ਸਕੂਲਾਂ ਦੇ ਵਿਦਿਆਰਥੀ ਅਤੇ ਅਧਿਆਪਕ ਹਰ ਸਾਲ ਗੁਰਦੁਆਰਾ ਸਾਹਿਬ ਵਿਖੇ ਆਉਂਦੇ ਹਨ ਅਤੇ ਉਨ੍ਹਾਂ ਨੂੰ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਿੱਖ ਧਰਮ ਦੇ ਮਹਾਨ ਇਤਿਹਾਸ, ਮਰਿਆਦਾਵਾਂ ਅਤੇ ਸਿਧਾਂਤਾਂ ਤੋਂ ਜਾਣੂੰ ਕਰਵਾਇਆ ਜਾਂਦਾ ਹੈ।





ਵਿਦਿਆਰਥੀਆਂ ਅਤੇ ਅਧਿਆਪਕਾਂ ਦਾ ਜੋ ਗਰੁੱਪ ਗੁਰਦੁਆਰਾ ਸਾਹਿਬ ਵਿਖੇ ਆਇਆ, ਸਵੇਰ ਵੇਲੇ ਉਨ੍ਹਾਂ ਨੇ ਪੰਗਤ ਵਿੱਚ ਬੈਠ ਕੇ ਚਾਹ ਪਕੌੜਿਆਂ ਦਾ ਲੰਗਰ ਛਕਿਆ ਤੇ ਇਸ ਉਪਰੰਤ ਕਲਗੀਧਰ ਗਤਕਾ ਅਖਾੜਾ ਵੱਲੋਂ ਉਨ੍ਹਾਂ ਨੂੰ ਗਤਕੇ ਦੇ ਜੌਹਰ ਦਿਖਾਏ ਗਏ। ਇਸ ਕਲਾ ਤੋਂ ਪ੍ਰਭਾਵਿਤ ਵਿਦਿਆਰਥੀਆਂ ਨੇ ਵੀ ਗੱਤਕਾ ਖੇਡਿਆ। ਮੀਰੀ-ਪੀਰੀ ਦੇ ਮਾਲਕ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਵੱਲੋਂ ਬਖਸ਼ਿਸ਼ ਕੀਤੀ ਸ਼ਸਤਰ ਵਿੱਦਿਆ ਸਿੱਖ ਮਾਰਸ਼ਲ ਆਰਟ ਗਤਕੇ ਬਾਰੇ ਵੀ ਇਟਾਲੀਅਨ ਭਾਸ਼ਾ ਵਿੱਚ ਬੱਚਿਆਂ ਨੂੰ ਜਾਣਕਾਰੀ ਦਿੱਤੀ ਗਈ।

ਇਸ ਤੋਂ ਇਲਾਵਾ 10 ਗੁਰੂ ਸਾਹਿਬਾਨ ਦਾ ਇਤਿਹਾਸ ਸੰਖੇਪ ਵਿੱਚ ਵਰਣਨ ਕੀਤਾ ਗਿਆ।

ਇਸ ਤੋਂ ਉਪਰੰਤ ਉਨ੍ਹਾਂ ਨੂੰ ਗੁਰਦੁਆਰਾ ਸਾਹਿਬ ਦੇ ਦੀਵਾਨ ਹਾਲ ਵਿਖੇ ਲਿਜਾਇਆ ਗਿਆ, ਜਿੱਥੇ ਕਿ ਉਹ ਗੁਰੂ ਸਾਹਿਬ ਅੱਗੇ ਨਤਮਸਤਕ ਹੋਏ ਅਤੇ ਉਨ੍ਹਾਂ ਨੇ ਗੁਰੂ ਸਾਹਿਬ ਦੇ ਸਰੂਪ ਦੇ ਵੀ ਦਰਸ਼ਨ ਕੀਤੇ। ਜਥਾ ਅਕਾਲੀ ਭੁਜੰਗਣ ਗੁਲਰਾਜ ਕੌਰ ਵੱਲੋਂ ਪੁਰਾਤਨ ਮਰਿਆਦਾ ਅਨੁਸਾਰ ਤੰਤੀ ਸਾਜਾਂ ਨਾਲ ਕੀਰਤਨ ਕੀਤਾ ਗਿਆ, ਜਿਸ ਨੂੰ ਇਟਾਲੀਅਨ ਬੱਚਿਆਂ ਅਤੇ ਅਧਿਆਪਕਾਂ ਵੱਲੋਂ ਬਹੁਤ ਹੀ ਸ਼ਰਧਾ ਨਾਲ ਸੁਣਿਆ ਗਿਆ।

ਇਸ ਤੋਂ ਇਲਾਵਾ ਵਿਦਿਆਰਥੀਆਂ ਤੇ ਅਧਿਆਪਕਾਂ ਦੇ ਸਵਾਲਾਂ ਦੇ ਤਸੱਲੀਬਖ਼ਸ਼ ਜਵਾਬ ਵੀ ਦਿੱਤੇ ਗਏ। ਪ੍ਰਬੰਧਕ ਕਮੇਟੀ ਵੱਲੋਂ ਕਿਹਾ ਗਿਆ ਕਿ ਜਿੱਥੇ ਯੂਰਪ ਵਿੱਚ ਆਪਣੇ ਧਾਰਮਿਕ ਸਥਾਨ ਸਥਾਪਿਤ ਕੀਤੇ ਹਨ ਅਤੇ ਆਪਣੇ ਧਾਰਮਿਕ ਅਕੀਦੇ ਅਨੁਸਾਰ ਸਾਰੇ ਗੁਰਪੁਰਬ ਅਤੇ ਦਿਹਾੜੇ ਮਨਾਏ ਜਾਂਦੇ ਹਨ, ਉੱਥੇ ਹੀ ਉਨ੍ਹਾਂ ਨੂੰ ਇਟਾਲੀਅਨ ਸਮੇਤ ਹੋਰ ਦੇਸ਼ਾਂ ਦੇ ਨਾਗਰਿਕਾਂ ਨੂੰ ਖਾਸਕਰ ਨੌਜਵਾਨ ਪੀੜ੍ਹੀ ਨੂੰ ਮਹਾਨ ਇਤਿਹਾਸ ਤੇ ਧਰਮ ਬਾਰੇ ਦੱਸਣ ਦੀ ਅਹਿਮ ਜ਼ਰੂਰਤ ਹੈ, ਜੋ ਕਿ ਸਮਾਜਿਕ ਅਤੇ ਭਾਈਚਾਰਕ ਸਾਂਝ ਨੂੰ ਵਧਾਉਂਦੀ ਹੈ।

ਇਕ ਪਾਸੇ ਜਿੱਥੇ ਸਿੱਖ ਸਮਾਜ ਵਿੱਚ ਕਿਤਾਬਾਂ ਪੜ੍ਹਨ ਦੀ ਰੁਚੀ ਘਟਦੀ ਜਾ ਰਹੀ ਹੈ, ਇਸ ਦੇ ਉਲਟ ਇਟਾਲੀਅਨ ਲੋਕਾਂ ਵਿੱਚ ਦੂਸਰੇ ਧਰਮਾਂ, ਸੱਭਿਆਚਾਰਾਂ, ਪਹਿਰਾਵਿਆਂ ਅਤੇ ਜ਼ੁਬਾਨਾਂ ਬਾਰੇ ਜਾਨਣ ਲਈ ਹਮੇਸ਼ਾ ਉਤਸੁਕਤਾ ਬਣੀ ਰਹਿੰਦੀ ਹੈ। ਸਮਾਪਤੀ ਮੌਕੇ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਬੱਚਿਆਂ ਨੂੰ ਲੈ ਕੇ ਆਏ ਅਧਿਆਪਕਾਂ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਇਟਾਲੀਅਨ ਵਿਦਿਆਰਥੀ ਅਤੇ ਅਧਿਆਪਕ ਗੁਰਦੁਆਰਾ ਸਾਹਿਬ ਵਿਖੇ ਹਾਜ਼ਰੀ ਭਰ ਕੇ ਅਤੇ ਸਿੱਖ ਧਰਮ ਦੇ ਗੌਰਵਮਈ ਅਤੇ ਕੁਰਬਾਨੀਆਂ ਭਰੇ ਇਤਿਹਾਸ ਬਾਰੇ ਜਾਣ ਕੇ ਅਤਿਅੰਤ ਪ੍ਰਭਾਵਿਤ ਅਤੇ ਖੁਸ਼ ਹੋਏ। ਇਸ ਮੌਕੇ ਗੁਰੂ ਸਾਹਿਬ ਵੱਲੋਂ ਬਖਸ਼ਿਸ਼ ਕੀਤੇ ਹੋਏ ਭੰਡਾਰਿਆਂ ਵਿੱਚੋਂ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।


CALL US: 209-637-0210 | 612-578-8078
925-495-0207
SAN RAMON
Lathrop & Main Street Manteca
URGENT CARE & CLINIC
CITIZENSHIP ELIGIBILITY AND GREEN CARD APPLICATION
DR. RAJESH MAHESHWARI, MD
VISIT US NOW!
San Ramon URGENT CARE & CLINIC
Lathrop URGENT CARE
Main Street URGENT CARE
9140 Alcosta Boulevard Ste D San Ramon, CA 94583
(925) 361-5959
15810 Harlan Road #A Lathrop, CA 95330
(209) 983-9000
1040 North Main Street Manteca, CA 95336
(209) 825-5155
https://www.sanramonurgentcare.com/
Email us at info@sanramonucc.com



ਸਰਦਾਰ ਮੱਲ ਸਿੰਘ ਜੀ ਸਿੱਖ ਪੰਥ ਵਿੱਚ ਇੱਕ ਜਾਣਿਆ ਪਹਿਚਾਣਿਆ ਨਾਮ ਹੈ। ਜਿਨ੍ਹਾਂ ਨੇ ਬਚਪਨ ਤੋਂ ਲੈਕੇ ਅੱਜ ਤੱਕ ਜਿਥੇ ਘਰਾਂ ਦੀ ਗਰੀਬੀ ਨਾਲ ਮੁਕਾਬਲਾ ਕੀਤਾ, ਉਥੇ ਸ਼ੁਰੂ ਤੋਂ ਹੀ ਸਿੱਖੀ ਜੀਵਨ ਅਤੇ ਸਿੱਖੀ ਕਦਰਾਂ ਕੀਮਤਾਂ ਲਈ ਲੜਾਈ ਜਾਰੀ ਰੱਖੀ। ਕਈ ਵਾਰ ਰਸਤੇ 'ਚ ਆਰਥਿਕ ਅਤੇ ਹੋਰ ਅੜਚਨਾਂ ਰੁਕਾਵਟਾਂ ਆਈਆਂ ਪਰ ਗੁਰੂ ਦੇ ਨਿਮਾਣੇ ਸਿੱਖ ਵਾਂਗ ਹੱਸਕੇ ਮੁਕਾਬਲਾ ਕੀਤਾ। ਭਾਵੇਂ ਬਚਪਨ 'ਚ ਅਤਿ ਗਰੀਬੀ ਕਾਰਨ ਸਤਵੀਂ ਦੀ ਪੜ੍ਹਾਈ ਵਿੱਚੇ ਛੱਡਕੇ ਕਾਰਖਾਨਿਆਂ 'ਚ ਮਜ਼ਦੂਰੀ ਕਰਨੀ ਪਈ ਪਰ ਹੌਸਲਾ ਨਾ ਛੱਡਿਆ। ਕਾਰਖਾਨੇ 'ਚ ਕੰਮ ਕਰਕੇ ਮੁੜ ਸਕੂਲ 'ਚ ਦਾਖਲਾ ਲੈ ਲਿਆ ਅਤੇ ਕੰਮਕਾਰ ਦੇ ਨਾਲ-ਨਾਲ ਪੜ੍ਹਾਈ ਜਾਰੀ ਰੱਖੀ ਅਤੇ ਸਿੱਖ ਇਤਿਹਾਸ ਦੀਆਂ ਕਿਤਾਬਾਂ ਪੜ੍ਹ ਪੜ੍ਹ ਕੇ ਸਿੱਖ ਇਤਿਹਾਸ ਤੋਂ ਹੋਰ ਜਾਣੂ ਅਤੇ ਸ਼ਰਧਾਲੂ ਹੁੰਦੇ ਗਏ। ਪਿਤਾ ਸ੍ਰੀ ਕਿਸ਼ਨ ਚੰਦ ਅਤੇ ਮਾਤਾ ਨਾਮ ਕੌਰ ਜੀ ਦੀ ਸਿੱਖੀ ਨਾਲ ਅਤਿ ਲਗਾਉ ਅਤੇ ਧਾਰਮਿਕ ਦ੍ਰਿੜਤਾ ਨੇ ਸਰਦਾਰ ਮੱਲ ਸਿੰਘ ਉਪਰ ਗਹਿਰਾ ਪ੍ਰਭਾਵ ਛੱਡਿਆ। ਡੀ.ਏ.ਵੀ. ਕਾਲਜ ਜਲੰਧਰ ਪ੍ਰੀ-ਯੂਨੀਵਰਸਿਟੀ ਪਾਸ ਕਰਨ ਉਪਰੰਤ 1970 ਵਿਚ Indian Posts And Telegraph Department ਜਲੰਧਰ ਉਨਾ ਨੂੰ ਸਰਕਾਰੀ ਨੌਕਰੀ ਮਿਲ ਗਈ ਅਤੇ 40 ਸਾਲ ਨੌਕਰੀ ਕਰਨ ਬਾਅਦ ਸ੍ਰ. ਮੱਲ ਸਿੰਘ ਜੀ 2010 'ਚ ਰਿਟਾਇਰ ਹੋ ਗਏ ਅਤੇ ਉਨ੍ਹਾਂ ਨੇ ਸਿੱਖੀ ਅਤੇ ਸਿੱਖ ਇਤਿਹਾਸ ਲਈ ਪੂਰਾ ਸਮਾਂ ਕੰਮ ਕਰਨਾ ਸ਼ੁਰੂ ਕਰ ਦਿੱਤਾ। ਸਰਦਾਰ ਸਾਹਿਬ ਵੱਖ-ਵੱਖ ਧਾਰਮਿਕ ਅਤੇ ਸਿਆਸੀ ਸੰਸਥਾਵਾਂ ਦੇ ਮੁੱਖ ਸੇਵਾਦਾਰਾਂ ਵਜੋਂ ਕੰਮ ਕਰਦੇ ਰਹੇ ਉਨ੍ਹਾਂ ਦੀ ਸ਼ਾਦੀ 1974 ਵਿੱਚ ਹੋਈ। ਹੁਣ ਤਿੰਨ ਪੁੱਤਰਾਂ ਦੇ ਬਾਪ ਹਨ ਉਨ੍ਹਾਂ ਨੇ ਸਿੱਖ ਇਤਿਹਾਸ ਉਪਰ ਡੂੰਘਾ ਅਧਿਐਨ ਕੀਤਾ ਅਤੇ ਉਨ੍ਹਾਂ ਨੇ ਇਤਿਹਾਸਕ ਕਿਤਾਬਾਂ ਲਿਖੀਆਂ। ਸਾਲ 2015-16 ਤੋਂ ਲੈ ਕੇ ਹੁਣ ਤੱਕ ਉਨ੍ਹਾ ਦੀਆਂ ਚਾਰ ਪੁਸਤਕਾਂ ਛਪ ਚੁੱਕੀਆਂ ਹਨ। ਜਿਨ੍ਹਾਂ ਵਿੱਚ 1. ਗੁਰੂ ਗੋਬਿੰਦ ਸਿੰਘ ਜੀ ਦਾ ਨਾਦੀ ਪੁੱਤਰ ਬਾਬਾ ਬੰਦਾ ਸਿੰਘ ਬਹਾਦਰ - ਪੰਨੇ 200, 2. 'ਮਨ ਕੀ ਕਟੀਐ ਮੈਲ' ਪੰਨੇ 80, 3. ਡਾ. ਭੀਮ ਰਾਓ ਅੰਬੇਡਕਰ ਸਿੱਖ ਕਿਉਂ ਨਾ ਬਣ ਸਕੇ (ਦੋਸ਼ੀ ਕੌਣ) ਪੰਨੇ 558, 4. ਸਿੱਖ ਮਿਸ਼ਨ ਤੇ ਡਾ. ਭੀਮ ਰਾਓ ਅੰਬੇਡਕਰ - ਪੰਨੇ 392, 5. ਇਸ ਤੋਂ ਇਲਾਵਾ ਪੰਜਵੀਂ ਪੁਸਤਕ 'ਪੰਥ ਪ੍ਰਕਾਸ਼' ਭਾਈ ਰਤਨ ਸਿੰਘ ਭੰਗੂ ਕਵਿਤਾ ਤੋਂ ਵਾਰਤਕ ਵਿਚ ਹੱਥ ਲਿਖਤ ਪਈ ਹੋਈ ਹੈ। ਉਪਰੋਕਤ ਪੁਸਤਕ ਜੋ ਲੜੀ ਨੰ. 3 ਅਤੇ 4 'ਤੇ ਹੈ, ਇਨ੍ਹਾਂ ਦੋਹਾਂ ਪੁਸਤਕਾਂ ਦਾ ਅੰਗਰੇਜ਼ੀ ਅਨੁਵਾਦ ਇਕੱਠੇ ਹੀ ਤਿਆਰ ਹੋ ਚੁੱਕਾ ਹੈ। ਉਨ੍ਹਾਂ ਨੇ ਇਹ ਸਿੱਧ ਕਰਕੇ ਕੀ ਸਿੱਖਾਂ ਨੇ ਡਾਕਟਰ ਅੰਬੇਦਕਰ ਨੂੰ ਸਿੱਖ ਨਹੀਂ ਬਣਨ ਦਿੱਤਾ। ਝੂਠ ਸਿੱਧ ਕਰਕੇ ਸਿੱਖਾਂ ਦੇ ਮੱਥੇ ਤੋਂ ਕਲੰਕ ਧੋਇਆ ਹੈ। ਉਨ੍ਹਾਂ ਨੇ ਸਬੂਤਾਂ ਸਾਹਿਤ ਦੱਸਿਆ ਕਿ ਕਿਵੇਂ ਗਾਂਧੀ ਨਹਿਰੂ ਅਤੇ ਉਸ ਸਮੇਂ ਦੇ ਹੋਰ ਹਿੰਦੂ ਲੀਡਰ ਨਹੀਂ ਸੀ ਚਹੁੰਦੇ ਕਿ ਡਾਕਟਰ ਅੰਬੇਕਰ ਸਿੱਖ ਅਤੇ ਉਸ ਨਾਲ ਉਸਦੇ ਪੈਰੋਕਾਰ ਸਿੱਖ ਬਣਨ ਤੇ ਸਿੱਖਾਂ ਦੀ ਗਿਣਤੀ ਵਧ ਜਾਵੇ ਜਿਸਨੂੰ ਉਸ ਸਮੇਂ ਦੇ ਹਾਕਮਾਂ ਨੇ ਬਹੁਤ ਚਤੁਰਾਈ ਨਾਲ ਖੇਡਿਆ। ਕਿਉਂਕਿ ਡਾਕਟਰ ਅੰਬੇਦਕਰ ਨੇ ਕਿਹਾ ਸੀ ਕਿ ਮੈਂ ਹਿੰਦੂ ਪੈਦਾ ਹੋਇਆ ਪਰ ਹਿੰਦੂ ਮਰਾਂਗਾ ਨਹੀਂ। ਇਸ ਲਈ ਡਾਕਟਰ ਅੰਬੇਦਕਰ ਨੇ ਕਈ ਕਾਰਨਾਂ ਕਰਕੇ ਬੁੱਧ ਧਰਮ ਗ੍ਰਹਿਣ ਕਰ ਲਿਆ ਪਰ ਸਰਦਾਰ ਮੱਲ ਸਿੰਘ ਨੇ ਸਿੱਖਾਂ ਖਿਲਾਫ ਸਾਜਿਸ਼ ਤਹਿਤ ਸਿਰਜੀ ਮਿੱਥ ਤੋੜਕੇ ਇਤਿਹਾਸ ਦੇ ਸੁਨਹਿਰੀ ਪੰਨਿਆਂ 'ਚ ਆਪਣਾ ਨਾਲ ਜੋੜ ਦਿੱਤਾ। ਇਹ ਇਤਿਹਾਸਕ ਦਸਤਾਵੇਜ਼ ਅਸੀਏ 'ਸਾਡੇ ਲੋਕ' ਦੇ ਪਾਠਕਾਂ ਲਈ ਸ਼ੁਰੂ ਕਰ ਰਹੇ ਹਾਂ। ਜਿਥੇ ਅਸੀਂ ਸਿੱਖ ਸਕਾਲਰ ਸ. ਮੱਲ ਸਿੰਘ ਜੀ ਦਾ ਤਹਿ ਦਿਲ ਤੋਂ ਧੰਨਵਾਦ ਕਰਦੇ ਹਾਂ ਉਥੇ ਸਾਨੂੰ ਆਸ ਹੈ ਕਿ ਪਾਠਕ ਪੜ੍ਹਕੇ ਜ਼ਰੂਰ ਲਾਭ ਲੈਣਗੇ -ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

# ਸਿੱਖ ਮਿਸ਼ਨ ਅਤੇ ਤੇ ਡਾ. ਭੀਮ ਰਾਓ ਅੰਬੇਡਕਰ

**(ਪਿਛਲੇ ਅੰਕ ਦੀ ਬਾਕੀ)**

ਖ਼ਾਲਸਾ ਸਮਾਚਾਰ 5 ਅਗਸਤ 1937, ਜਿਲਦ 38, ਅੰਕ 36, ਪੰਨਾ-1

ੴ ਵਾਹਿਗੁਰੂ ਜੀ ਕੀ ਫ਼ਤਿਹ॥

ਬੁੱਧ ਧਰਮ ਵਿਚ ਈਸ਼ਵਰ ਭਾਵ

(ਇਕ ਬੁੱਧ ਭਿਖਸ਼ੂ ਦੇ ਵਿਚਾਰ)

ਕੁਛ ਲੋਕ ਬੁੱਧ ਧਰਮ ਨੂੰ ਈਸ਼ਵਰ ਵਹੀਨ ਧਰਮ ਮੰਨਦੇ ਹਨ, ਅਸੀਂ ਈਸ਼ਵਰ ਦਾ ਜੋ ਅਰਥ ਸਮਝਦੇ ਹਾਂ ਉਸ ਹਿਸਾਬ ਨਾਲ ਇਹ ਗੱਲ ਸੱਚੀ ਵੀ ਹੈ ਤੇ ਨਹੀਂ ਵੀ। ਅਸੀਂ ਇਹ ਖਿਆਲ ਕਰ ਸਕਦੇ ਹਾਂ ਕਿ ਬੁੱਧ ਧਰਮ ਵਿਚ ਕਿਸੇ ਅਜਿਹੇ ਦੈਵੀ ਸ਼ਕਤੀ ਨੂੰ ਨਹੀਂ ਮੰਨਿਆ ਗਿਆ, ਜੋ ਮਨੁੱਖਾਂ ਨਾਲੋਂ ਅੱਡ ਰਹਿ ਕੇ ਜਿਸ ਤਰ੍ਹਾਂ ਦਾ ਚਾਹੇ ਆਦਮੀਆਂ ਦੇ ਕੰਮਾਂ ਵਿਚ ਦਖ਼ਲ ਦਿੰਦੀ ਹੈ, ਪਰ ਇਸ ਮਤ ਨੇ ਇਕ ਸਰਬ-ਮਹਾਨ ਤਥਾਤਾ ਨੂੰ ਮੰਨਿਆ ਹੈ, ਜਿਸ ਦੇ ਵਿਅਕਤੀ ਸਰੂਪ ਦੀ ਕਲਪਨਾ ਕਰਨਾ ਵਿਅਰਥ ਹੈ, ਕਿਉਂਕਿ ਸ਼ਾਂਤ ਮਨੁੱਖ ਨੂੰ ਅਨੰਦ ਦੀ ਮਹਿਮਾ ਦਾ ਗਿਆਨ ਅਸੰਭਵ ਹੈ। ਸੱਚੀ ਗੱਲ ਇਹ ਹੈ ਕਿ ਮਨੁੱਖ ਦੀ ਸੱਤਾ ਬੰਧਨ ਵਿਚ ਹੈ ਜਿਸ ਕਰਕੇ ਉਹ ਦੁੱਖ ਤੇ ਕਲੇਸ਼ ਤੋਂ ਵਿਆਕੁਲ ਹੋ ਕੇ ਸ਼ਾਂਤੀ ਵੱਲ ਦੌੜਦਾ ਹੈ, ਉਹ ਅਮਰ ਜੀਵਨ ਲਈ ਭਟਕਦਾ ਹੈ। ਸਿਧਾਰਥ ਗੌਤਮ ਨੂੰ ਇਸੇ ਦੀ ਖੋਜ ਸੀ ਅਤੇ ਹਰ ਇਕ ਵਿਅਕਤੀ ਆਪਣੇ ਆਤਮਿਕ ਵਿਕਾਸ ਦੇ ਅਨੁਸਾਰ ਇਸੇ ਪਰਮ ਸ਼ਾਂਤੀ ਅਤੇ ਮਹਾਂ ਸੁਖ ਦੇ ਵਾਸਤੇ ਭਟਕਦੀ ਹੈ। ਜਨਮ ਤੋਂ ਮੌਤ ਤੇ ਮੌਤ ਤੋਂ ਜਨਮ ਤੱਕ ਘੜੀ-ਘੜੀ ਇਸੇ ਤਰ੍ਹਾਂ ਦੌੜਦਿਆਂ ਹੋਇਆਂ ਅਸੀਂ ਸਾਰੇ ਪਰਮ ਲਕਸ਼ ਵੱਲ ਵਧਦੇ ਹਾਂ। ਇਸ ਨੂੰ ਸੱਚ ਯਾ ਝੂਠ ਆਖਣਾ ਸਾਡੇ ਵੱਸ ਦੀ ਗੱਲ ਨਹੀਂ ਹੈ। ਮਨੁੱਖ ਵਿਚ 'ਬੁੱਧੀ' ਤੇ 'ਹਿਰਦੇ' ਨਾਮ ਦੀਆਂ ਦੋ ਸ਼ਕਤੀਆਂ ਹਨ। ਇਨ੍ਹਾਂ ਦੇ ਵੱਸ ਵਿਚ ਹੋ ਕੇ ਸਾਡੀ ਇਹ ਸੰਸਾਰ ਯਾਤਰਾ ਚਲਦੀ ਰਹਿੰਦੀ ਹੈ। ਬੁੱਧੀ ਤਰਕ ਦੇ ਹਥਿਆਰ ਨਾਲ ਇਸ ਰਹੱਸ ਨੂੰ ਪੈਰਾਂ ਦੇ ਹੇਠ ਦਬਾ ਕੇ ਜੇਤੂ ਬਣਨਾ ਚਾਹੁੰਦੀ ਹੈ ਪਰ ਕੁਛ ਸਮੇਂ ਪਿਛੋਂ ਇਹ ਕਿਲ੍ਹਾ ਅਜਿੱਤ ਮਾਲੂਮ ਹੁੰਦਾ ਹੈ ਤੇ ਬੁੱਧੀ ਥੱਕ ਕੇ ਰਹਿ ਜਾਂਦੀ ਹੈ। ਅਸੀਂ ਸੋਚਦੇ ਹਾਂ ਕਿ ਨਿਰੇ ਤਰਕ ਵਿਤਰਕ ਨਾਲ ਇਸ ਰਹੱਸ ਦਾ ਭੇਤ ਪਾਉਣਾ ਅਵੱਸ਼ਕ ਹੈ, ਪਰ ਜਦ ਬੁੱਧੀ ਆਪਣੇ ਘਮੰਡ ਨਾਲ ਹਿਰਦੇ ਦੀ ਖੋਜ ਨੂੰ ਵੀ ਦਬਾਉਣਾ ਚਾਹੁੰਦੀ ਹੈ ਉਸੇ ਵੇਲੇ ਅਸ਼ਾਂਤੀ ਜਵਾਲਾਮੁਖੀ ਪਹਾੜ ਵਾਂਗ




ਫੁੱਟ ਪੈਂਦੀ ਹੈ। ਕੀ ਜਿਹੜੀ ਗੱਲ ਤਰਕ ਨਾਲ ਹੱਥ ਨਹੀਂ ਆਈ ਉਹ ਸ਼ਰਧਾ ਨਾਲ ਵੀ ਨਹੀਂ ਮਿਲ ਸਕਦੀ?

ਰਾਜ ਕੁਮਾਰ ਸਿਧਾਰਥ ਨੂੰ ਉਪਨਿਸ਼ਦਾਂ ਦੇ ਰਹੱਸ ਵਾਦ ਦਾ ਗਿਆਨ ਸੀ। ਰਿਸ਼ੀਆਂ ਦੀ ਸ਼ੁੱਧ ਪ੍ਰੰਪਰਾ ਨੂੰ ਉਹ ਭੁੱਲੇ ਨਹੀਂ ਸੀ ਪਰ ਲੋਕ ਉਨ੍ਹਾਂ ਨੂੰ 'ਤਥਾਗਤ' ਕਹਿੰਦੇ ਸੀ, ਆਪਣੇ ਤੋਂ ਪਹਿਲੇ ਰਿਸ਼ੀਆਂ ਵਾਂਗ ਉਨ੍ਹਾਂ ਨੇ ਸੁੱਕੇ ਬੁੱਧੀਵਾਦ ਨੂੰ ਤਿਆਗ ਕੇ 'ਧਿਆਨ' ਤੋਂ 'ਸਮਾਧੀ' ਨਾਲ ਤੱਤ ਵਸਤੂ ਨੂੰ ਜਾਣਨ ਦੀ ਕੋਸ਼ਿਸ਼ ਕੀਤੀ। ਬੁੱਧ ਜੀ ਦੇ ਜੀਵਨ ਵਿਚ ਇਹ ਹੀ ਗੱਲ ਹਰ ਵੇਲੇ ਤੇ ਹਰ ਥਾਂ ਸਿਦੀ ਹੈ, ਉਨ੍ਹਾਂ ਨੂੰ ਸਾਰੀਆਂ ਥਾਵਾਂ 'ਤੇ 'ਧਿਆਨ' ਵਿਚ ਡੁੱਬੇ ਹੋਏ ਤੱਕਦੇ ਹਾਂ। ਈਸਾਈਆਂ ਨੂੰ ਈਸਾ ਤੋਂ ਜੋ ਅਨੰਦ ਮਿਲਦਾ ਹੈ, ਕ੍ਰਿਸ਼ਨ ਉਪਾਸ਼ਕਾਂ ਨੂੰ ਕਿਸ਼ਨ ਤੋਂ ਜੋ ਸੁਖ ਪ੍ਰਾਪਤ ਹੁੰਦਾ ਹੈ, ਰਾਮ ਚੰਦਰ ਜੀ ਦੇ ਪਵਿੱਤਰ ਚਰਿੱਤਰ ਤੋਂ ਜੋ ਸ਼ਾਂਤੀ ਉਨ੍ਹਾਂ ਦੇ ਭਗਤਾਂ ਨੂੰ ਪ੍ਰਾਪਤ ਹੁੰਦੀ ਹੈ ਉਹ ਹੀ ਸੁੱਖ ਤੇ ਉਹ ਹੀ ਅਨੰਦ ਬੋਧੀਆਂ ਨੂੰ ਬੁੱਧ ਦੇ ਧਿਆਨ ਸਮਾਧੀ-ਮੁਦਰਾ ਤੋਂ ਪ੍ਰਾਪਤ ਹੁੰਦਾ ਹੈ। ਜੜ੍ਹਬੰਧਨ ਤੋਂ ਉੱਪਰ ਉੱਠ ਕੇ ਆਪਣੇ ਅਨੰਦ, ਬੇ-ਹੱਦ ਸਤਿਆ ਵਿਚ ਲੀਨ ਕਰਨ ਵਾਸਤੇ ਧਿਆਨ ਇਕ ਪ੍ਰਸਿੱਧ ਰਾਹ ਹੈ।

ਧਿਆਨ ਦੇ ਨਾਲ ਸਾਖਯਾਤ ਕਰਨ ਵਾਲਾ ਸੰਤ ਉਸ ਆਦਮੀ ਨਾਲੋਂ ਬਹੁਤ ਉੱਚਾ ਦਰਜਾ ਰੱਖਦਾ ਹੈ ਜਿਸ ਨੇ ਕੇਵਲ ਅਕਲ ਦੀ ਦੌੜ ਦੌੜੀ ਹੈ। ਸੰਤ ਦੀ ਉਡਾਰੀ ਉੱਚੀ ਹੁੰਦੀ ਹੈ। ਬਹੁਤੀ ਵੇਰ ਉਹ ਬੰਧਨ ਤੋਂ ਪਰੇ ਟੁਰ ਜਾਂਦਾ ਹੈ, ਉਥੇ ਪੁੱਜ ਕੇ ਜੋ ਕੁਝ ਉਹਦੇ ਮੂੰਹ ਵਿਚੋਂ ਨਿਕਲਦਾ ਹੈ, ਉਸ ਦਾ ਅਰਥ ਸਮਝਣ ਵਿਚ ਹੁਸ਼ਿਆਰ ਰਹਿਣ ਦੀ ਲੋੜ ਹੈ। ਉਸ ਦਾ ਅਨੁਭਵ ਅੱਖਰਾਂ ਦੀ ਕੈਦ ਵਿਚ ਨਹੀਂ ਆਉਣਾ ਚਾਹੀਦਾ, ਜਿਸ ਨੂੰ ਸੰਤ ਪ੍ਰਤੱਖ ਵੇਖਦਾ ਹੈ, ਉਹ ਤੱਤ ਉਸ ਦੀ ਆਪਣੀ ਸਮਝ ਵਿਚ ਆਉਣ ਵਾਲੀ ਚੀਜ਼ ਤੋਂ ਬਹੁਤ ਵੱਡਾ ਹੈ, ਉਸ ਦੀ ਸਮਝ ਥੋੜ੍ਹੀ ਹੈ ਤੇ ਦਰਸ਼ਨ ਮਹਾਨ ਹੁੰਦਾ ਹੈ। ਉਸ ਦੇ ਦਰਸ਼ਨ ਦਾ ਨਮੂਨਾ ਉਸ ਦੇ ਜੀਵਨ ਤੋਂ ਕੁਛ ਕੁਛ ਮਿਲਦਾ ਹੈ, ਪਰ ਉਸ ਨੂੰ ਅੱਖਰ ਪੂਰੀ ਤਰ੍ਹਾਂ ਪ੍ਰਗਟ ਨਹੀਂ ਕਰ ਸਕਦੇ, ਇਸੇ ਕਰਕੇ ਪਿਛੋਂ ਆਉਣ ਵਾਲੇ ਭੀਰੂ ਭਗਤ ਉਸ ਦੇ ਅੱਖਰਾਂ ਦਾ ਮਨ ਮੰਨਿਆ ਅਰਥ ਕਰਕੇ ਦੁਨੀਆ ਵਿਚ ਝੂਠ ਵਿਸ਼ਵਾਸ ਦਾ ਭਾਰ ਵਧਾਉਂਦੇ ਹਨ।

**(ਚਲਦਾ)**

# ਦਾਦਾ ਰਸੋਈਆ, ਮਾਂ ਫੈਕਟਰੀ ਮਜ਼ਦੂਰ...ਗਰੀਬ ਪਰਿਵਾਰ 'ਚ ਜਨਮੇ ਪੁਤਿਨ ਕਿਵੇਂ ਬਣੇ ਦੁਨੀਆ ਦੇ ਤਾਕਤਵਰ ਰਾਸ਼ਟਰਪਤੀ



ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਉਨ੍ਹਾਂ ਵਿਸ਼ਵ ਨੇਤਾਵਾਂ ਵਿੱਚੋਂ ਇੱਕ ਹਨ, ਜੋ ਲਗਾਤਾਰ ਧਰੁਵੀਕਰਨ ਵਾਲੀ ਬਹਿਸ ਦਾ ਸਾਹਮਣਾ ਕਰਦੇ ਹਨ। ਕੁਝ ਉਨ੍ਹਾਂ ਦੇ ਸਖ਼ਤ ਫੈਸਲਿਆਂ ਨੂੰ ਰੂਸ ਦੀ ਮਹਾਸ਼ਕਤੀ ਵੱਲ ਇੱਕ ਕਦਮ ਮੰਨਦੇ ਹਨ, ਜਦੋਂਕਿ ਦੂਸਰੇ ਉਨ੍ਹਾਂ ਨੂੰ ਹਿਟਲਰਵਾਦ ਵਜੋਂ ਵੇਖਦੇ ਹਨ। ਪਰ ਇਸ ਸਾਰੀ ਬਹਿਸ ਦੇ ਵਿਚਕਾਰ ਬਹੁਤ ਘੱਟ ਲੋਕ ਜਾਣਦੇ ਹਨ ਕਿ ਪੁਤਿਨ ਦਾ ਸ਼ੁਰੂਆਤੀ ਜੀਵਨ ਗਰੀਬੀ ਅਤੇ ਸੰਘਰਸ਼ ਨਾਲ ਭਰਿਆ ਹੋਇਆ ਸੀ। ਉਸਦਾ ਜਨਮ 7 ਅਕਤੂਬਰ, 1952 ਨੂੰ ਲੈਨਿਨਗ੍ਰਾਡ (ਹੁਣ ਸੇਂਟ ਪੀਟਰਸਬਰਗ) ਵਿੱਚ ਹੋਇਆ ਸੀ। ਉਸਨੇ ਆਪਣੇ ਬਚਪਨ ਦਾ ਬਹੁਤ ਸਾਰਾ ਸਮਾਂ ਗਰੀਬ ਹਾਲਾਤਾਂ ਵਿੱਚ ਬਿਤਾਇਆ। ਪੁਤਿਨ ਦੀ ਮਾਂ ਇੱਕ ਫੈਕਟਰੀ ਮਜ਼ਦੂਰ ਸੀ, ਜਦੋਂਕਿ ਉਸਦੇ ਦਾਦਾ ਜੀ ਸੋਵੀਅਤ ਯੂਨੀਅਨ ਦੇ ਦੋ ਸਭ ਤੋਂ ਸ਼ਕਤੀਸ਼ਾਲੀ ਨੇਤਾਵਾਂ, ਵਲਾਦੀਮੀਰ ਲੈਨਿਨ ਅਤੇ ਜੋਸਫ਼ ਸਟਾਲਿਨ ਦੇ ਨਿੱਜੀ ਸ਼ੈੱਫ ਵਜੋਂ ਸੇਵਾ ਕਰਦੇ ਸਨ।

ਪੁਤਿਨ ਦਾ ਪਰਿਵਾਰ ਦੂਜੇ ਵਿਸ਼ਵ ਯੁੱਧ ਦੁਆਰਾ ਪੂਰੀ ਤਰ੍ਹਾਂ ਟੁੱਟ ਗਿਆ ਸੀ। ਉਸਦੇ ਪਿਤਾ, ਸਪ੍ਰਿਡੋਨੋਵਿਚ ਪੁਤਿਨ, ਸੋਵੀਅਤ ਫੌਜ ਵਿੱਚ ਭਰਤੀ ਹੋਏ ਸਨ ਅਤੇ ਯੁੱਧ ਵਿੱਚ ਲੜੇ ਸਨ। ਇਸ ਸਮੇਂ ਦੌਰਾਨ ਪਰਿਵਾਰ ਨੂੰ ਕਈ ਨਿੱਜੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਪੁਤਿਨ ਦੇ ਦੋਵੇਂ ਭਰਾ ਬਚਪਨ ਵਿੱਚ ਹੀ ਮਰ ਗਏ ਸਨ। ਇੱਕ ਦੀ ਮੌਤ ਬਿਮਾਰੀ ਨਾਲ ਹੋਈ, ਜਦੋਂਕਿ ਦੂਜਾ ਲੈਨਿਨਗ੍ਰਾਡ ਦੀ ਘੇਰਾਬੰਦੀ ਦੌਰਾਨ ਭੁੱਖਮਰੀ ਅਤੇ ਜੰਗ ਦੇ ਹਾਲਾਤਾਂ ਕਾਰਨ ਮਰ ਗਿਆ ਸੀ। ਪੁਤਿਨ ਨੇ ਬਹੁਤ ਛੋਟੀ ਉਮਰ ਵਿੱਚ ਇੱਕ ਮੁਸ਼ਕਲ ਜੀਵਨ ਦਾ ਅਨੁਭਵ ਕੀਤਾ, ਗਰੀਬੀ ਅਤੇ ਲਗਾਤਾਰ ਵਧਦੇ ਤਣਾਅ ਵਿੱਚ ਰਹਿਣਾ। ਇਹਨਾਂ ਤਜਰਬਿਆਂ ਨੇ ਉਸ ਵਿੱਚ ਇੱਕ ਮਜ਼ਬੂਤ ਸ਼ਖਸੀਅਤ, ਅਨੁਸ਼ਾਸਨ ਅਤੇ ਇੱਕ ਮਜ਼ਬੂਤ ਫੈਸਲਾ ਲੈਣ ਦੀ ਯੋਗਤਾ ਨੂੰ ਪ੍ਰਫੁੱਲਤ ਕੀਤਾ, ਜੋ ਬਾਅਦ ਵਿੱਚ ਉਸਦੇ ਰਾਜਨੀਤਿਕ ਕਰੀਅਰ ਦੀ ਪਛਾਣ ਬਣ ਗਈ।

ਪੁਤਿਨ ਨੇ ਲੈਨਿਨਗ੍ਰਾਡ ਸਟੇਟ ਯੂਨੀਵਰਸਿਟੀ ਤੋਂ ਆਪਣੀ ਕਾਨੂੰਨ ਦੀ ਪੜ੍ਹਾਈ ਪੂਰੀ ਕੀਤੀ। ਆਪਣੇ ਵਿਦਿਆਰਥੀ ਦਿਨਾਂ ਦੌਰਾਨ, ਉਹ ਕੇਜੀਬੀ ਖੁਫੀਆ ਏਜੰਸੀ ਵੱਲ ਖਿੱਚਿਆ ਗਿਆ। ਬ੍ਰਿਟੈਨਿਕਾ ਦੀ ਇੱਕ ਰਿਪੋਰਟ ਅਨੁਸਾਰ, ਆਪਣੀ ਪੜ੍ਹਾਈ ਪੂਰੀ ਕਰਨ ਤੋਂ ਤੁਰੰਤ ਬਾਅਦ ਉਹ ਕੇਜੀਬੀ ਵਿੱਚ ਸ਼ਾਮਲ ਹੋ ਗਿਆ ਅਤੇ ਖੁਫੀਆ ਸੇਵਾਵਾਂ ਦੀ ਦੁਨੀਆ ਵਿੱਚ ਦਾਖਲ ਹੋ ਗਿਆ। ਉਸਨੇ ਕੁੱਲ 15 ਸਾਲ ਸੋਵੀਅਤ ਖੁਫੀਆ ਪ੍ਰਣਾਲੀ ਵਿੱਚ ਸੇਵਾ ਕੀਤੀ। ਇਸ ਸਮੇਂ ਦੌਰਾਨ ਪੁਤਿਨ ਨੇ ਪੂਰਬੀ ਜਰਮਨੀ ਵਿੱਚ ਛੇ ਸਾਲ ਸੇਵਾ ਕੀਤੀ, ਮਹੱਤਵਪੂਰਨ ਖੁਫੀਆ ਜਾਣਕਾਰੀ ਇਕੱਠੀ ਕਰਨ ਦੀਆਂ ਡਿਊਟੀਆਂ ਨਿਭਾਈਆਂ।

ਉਹ 1990 ਵਿੱਚ ਇੱਕ ਲੈਫਟੀਨੈਂਟ ਕਰਨਲ ਵਜੋਂ ਸੇਵਾਮੁਕਤ ਹੋਇਆ ਅਤੇ ਇਹ ਉਹ ਥਾਂ ਸੀ ਜਿੱਥੇ ਉਸਦੇ ਰਾਜਨੀਤਿਕ ਕਰੀਅਰ ਦੀ ਨੀਂਹ ਰੱਖੀ ਜਾਣੀ ਸ਼ੁਰੂ ਹੋਈ। ਸੋਵੀਅਤ ਯੂਨੀਅਨ ਦੇ ਢਹਿਣ ਅਤੇ ਉਸ ਤੋਂ ਬਾਅਦ ਆਈ ਰਾਜਨੀਤਿਕ ਉਥਲ-ਪੁਥਲ ਦੌਰਾਨ ਪੁਤਿਨ ਨੂੰ ਸੇਂਟ ਪੀਟਰਸਬਰਗ ਦੇ ਪਹਿਲੇ ਚੁਣੇ ਹੋਏ ਮੇਅਰ ਦਾ ਸਲਾਹਕਾਰ ਨਿਯੁਕਤ ਕੀਤਾ ਗਿਆ ਸੀ। ਉਸਦੇ ਸ਼ਾਂਤ, ਅਨੁਸ਼ਾਸਿਤ ਅਤੇ ਫੈਸਲਾਕੁੰਨ ਸੁਭਾਅ ਨੇ ਉਸ ਨੂੰ ਜਲਦੀ ਹੀ ਮੇਅਰ ਦਾ ਇੱਕ ਭਰੋਸੇਮੰਦ ਸਹਾਇਕ ਬਣਾ ਦਿੱਤਾ। 1994 ਵਿੱਚ ਉਸ ਨੂੰ ਸ਼ਹਿਰ ਦਾ ਡਿਪਟੀ ਮੇਅਰ ਨਿਯੁਕਤ ਕੀਤਾ ਗਿਆ, ਜਿਸਨੇ ਰਾਸ਼ਟਰੀ ਰਾਜਨੀਤੀ ਵਿੱਚ ਉਸਦੇ ਪ੍ਰਵੇਸ਼ ਦਾ ਰਾਹ ਪੱਧਰਾ ਕੀਤਾ।

1996 ਵਿੱਚ ਪੁਤਿਨ ਮਾਸਕੋ ਚਲੇ ਗਏ, ਜਿੱਥੇ ਉਹ ਹੌਲੀ-ਹੌਲੀ ਸ਼ਕਤੀ ਦੇ ਕੇਂਦਰ ਵਿੱਚ ਉੱਭਰਨ ਲੱਗੇ। 1998 ਵਿੱਚ, ਤਤਕਾਲੀ ਰਾਸ਼ਟਰਪਤੀ ਬੋਰਿਸ ਯੇਲਤਸਿਨ ਨੇ ਪੁਤਿਨ ਨੂੰ ਰੂਸ ਦੀ ਘਰੇਲੂ ਖੁਫੀਆ ਏਜੰਸੀ, ਐੱਫਐੱਸਬੀ (ਸੰਘੀ ਸੁਰੱਖਿਆ ਸੇਵਾ) ਦਾ ਮੁਖੀ ਨਿਯੁਕਤ ਕੀਤਾ। ਇਸ ਤੋਂ ਥੋੜ੍ਹੀ ਦੇਰ ਬਾਅਦ ਉਸ ਨੂੰ ਰੂਸ ਦੀ ਸ਼ਕਤੀਸ਼ਾਲੀ ਸੁਰੱਖਿਆ ਪ੍ਰੀਸ਼ਦ ਦਾ ਸਕੱਤਰ ਨਿਯੁਕਤ ਕੀਤਾ ਗਿਆ, ਜਿਸ ਨਾਲ






ਉਸਦੇ ਰਾਜਨੀਤਿਕ ਪ੍ਰਭਾਵ ਨੂੰ ਹੋਰ ਮਜ਼ਬੂਤ ਕੀਤਾ ਗਿਆ। 1999 ਵਿੱਚ ਜਦੋਂ ਯੇਲਤਸਿਨ ਆਪਣੇ ਉੱਤਰਾਧਿਕਾਰੀ ਦੀ ਭਾਲ ਕਰ ਰਿਹਾ ਸੀ, ਉਸਨੇ ਪੁਤਿਨ ਨੂੰ ਪ੍ਰਧਾਨ ਮੰਤਰੀ ਨਿਯੁਕਤ ਕਰਨ ਦਾ ਫੈਸਲਾ ਕੀਤਾ। ਪੁਤਿਨ ਦੇ ਸ਼ਾਂਤ ਸੁਭਾਅ, ਵਿਵਾਦਪੂਰਨ ਫੈਸਲਾ ਲੈਣ ਦੀ ਸ਼ੈਲੀ ਅਤੇ ਮਜ਼ਬੂਤ ਪ੍ਰਸ਼ਾਸਨਿਕ ਯੋਗਤਾਵਾਂ ਨੇ ਯੇਲਤਸਿਨ ਨੂੰ ਪ੍ਰਭਾਵਿਤ ਕੀਤਾ ਸੀ। ਇਸ ਨਿਯੁਕਤੀ ਨੇ ਪੁਤਿਨ ਲਈ ਰਾਸ਼ਟਰਪਤੀ ਅਹੁਦੇ ਦਾ ਦਰਵਾਜ਼ਾ ਖੋਲ੍ਹ ਦਿੱਤਾ। ਜਿਵੇਂ ਹੀ ਉਹ ਪ੍ਰਧਾਨ ਮੰਤਰੀ ਬਣੇ ਪੁਤਿਨ ਨੇ ਚੇਚਨ ਬਾਗ਼ੀਆਂ ਵਿਰੁੱਧ ਸਖ਼ਤ ਕਾਰਵਾਈ ਸ਼ੁਰੂ ਕੀਤੀ। ਇਸ ਮੁਹਿੰਮ ਨੇ ਜਲਦੀ ਹੀ ਉਨ੍ਹਾਂ ਨੂੰ ਰੂਸੀ ਜਨਤਾ ਵਿੱਚ ਪ੍ਰਸਿੱਧੀ ਪ੍ਰਾਪਤ ਕੀਤੀ। ਜਨਤਾ ਲੰਬੇ ਸਮੇਂ ਤੋਂ ਅਸਥਿਰਤਾ ਅਤੇ ਅੱਤਵਾਦੀ ਘਟਨਾਵਾਂ ਤੋਂ ਪ੍ਰੇਸ਼ਾਨ ਸੀ, ਅਤੇ ਪੁਤਿਨ ਦੀਆਂ ਸਖ਼ਤ ਨੀਤੀਆਂ ਨੇ ਉਨ੍ਹਾਂ ਨੂੰ ਇੱਕ ਮਜ਼ਬੂਤ ??ਨੇਤਾ ਵਜੋਂ ਸਥਾਪਿਤ ਕਰਨਾ ਸ਼ੁਰੂ ਕਰ ਦਿੱਤਾ। ਯੇਲਤਸਿਨ ਦੇ ਲਗਾਤਾਰ ਵਿਵਾਦਾਂ ਅਤੇ ਜਨਤਕ ਗੁੱਸੇ ਕਾਰਨ ਉਨ੍ਹਾਂ ਨੇ 31 ਦਸੰਬਰ, 1999 ਨੂੰ ਅਸਤੀਫਾ ਦੇ ਦਿੱਤਾ ਅਤੇ ਪੁਤਿਨ ਨੂੰ ਰੂਸ ਦਾ ਕਾਰਜਕਾਰੀ ਰਾਸ਼ਟਰਪਤੀ ਐਲਾਨ ਕੀਤਾ। ਸਿਰਫ਼ ਤਿੰਨ ਮਹੀਨੇ ਬਾਅਦ, ਮਾਰਚ 2000 ਦੀਆਂ ਚੋਣਾਂ ਵਿੱਚ ਪੁਤਿਨ ਨੂੰ ਭਾਰੀ ਬਹੁਮਤ ਨਾਲ ਰੂਸ ਦਾ ਰਾਸ਼ਟਰਪਤੀ ਚੁਣਿਆ ਗਿਆ।

ਸੱਤਾ ਸੰਭਾਲਣ ਤੋਂ ਬਾਅਦ ਪੁਤਿਨ ਨੇ ਰੂਸ ਵਿੱਚ ਸਥਿਰਤਾ ਅਤੇ ਸ਼ਕਤੀ ਬਹਾਲ ਕਰਨ ਲਈ ਕਈ ਮਹੱਤਵਪੂਰਨ ਕਦਮ ਚੁੱਕੇ। ਭ੍ਰਿਸ਼ਟਾਚਾਰ ਵਿਰੁੱਧ ਸਖ਼ਤ ਕਾਰਵਾਈ, ਮਾਰਕੀਟ ਨਿਯਮਨ ਅਤੇ ਸਰਕਾਰ ਦਾ ਕੇਂਦਰੀਕਰਨ ਉਨ੍ਹਾਂ ਦੀਆਂ ਸ਼ੁਰੂਆਤੀ ਨੀਤੀਆਂ ਦੇ ਮੁੱਖ ਤੱਤ ਸਨ। ਉਨ੍ਹਾਂ ਨੇ ਸੋਵੀਅਤ ਯੂਨੀਅਨ ਦੇ ਢਹਿਣ ਤੋਂ ਬਾਅਦ ਖਿੰਡੇ ਹੋਏ 89 ਪ੍ਰਸ਼ਾਸਕੀ ਖੇਤਰਾਂ ਨੂੰ ਸੱਤ ਸੰਘੀ ਪ੍ਰਾਂਤਾਂ ਵਿੱਚ ਇਕਜੁੱਟ ਕੀਤਾ ਤਾਂ ਜੋ ਕੇਂਦਰੀ ਸਰਕਾਰ ਦੇ ਵਧੇਰੇ ਪ੍ਰਭਾਵਸ਼ਾਲੀ ਨਿਯੰਤਰਣ ਨੂੰ ਯਕੀਨੀ ਬਣਾਇਆ ਜਾ ਸਕੇ। ਪੁਤਿਨ ਨੇ 1990 ਦੇ ਦਹਾਕੇ ਵਿੱਚ ਸਰਕਾਰ 'ਤੇ ਦਬਾਅ ਪਾਉਣ ਵਾਲੇ ਮੀਡੀਆ ਮੁਗਲਾਂ ਅਤੇ ਵੱਡੇ ਕਾਰੋਬਾਰੀ ਵੱਡੇ ਆਗੂਆਂ ਦੇ ਪ੍ਰਭਾਵ ਨੂੰ ਵੀ ਸੀਮਤ ਕਰ ਦਿੱਤਾ। ਇਸ ਕਦਮ ਨੇ ਆਲੋਚਨਾ ਦੇ ਬਾਵਜੂਦ ਵੀ ਉਸਨੂੰ ਇੱਕ ਮਜ਼ਬੂਤ ਅਤੇ ਨਿਰਣਾਇਕ ਨੇਤਾ ਵਜੋਂ ਸਥਾਪਿਤ ਕੀਤਾ।

ਪੁਤਿਨ ਦਾ ਪੂਰਾ ਬਚਪਨ ਅਤੇ ਜਵਾਨੀ ਉਨ੍ਹਾਂ ਘਟਨਾਵਾਂ ਨਾਲ ਭਰੀ ਹੋਈ ਸੀ ਜਿਨ੍ਹਾਂ ਨੇ ਸੋਵੀਅਤ ਇਤਿਹਾਸ ਦਾ ਰਾਹ ਬਦਲ ਦਿੱਤਾ। ਦੂਜੇ ਵਿਸ਼ਵ ਯੁੱਧ ਤੋਂ ਬਾਅਦ ਦੀ ਗਰੀਬੀ, 1989 ਵਿੱਚ ਜਰਮਨੀ ਦੀ ਵੰਡ ਅਤੇ 1991 ਵਿੱਚ ਸੋਵੀਅਤ ਯੂਨੀਅਨ ਦੇ ਢਹਿਣ ਨੇ ਪੁਤਿਨ ਨੂੰ ਡੂੰਘਾ ਪ੍ਰਭਾਵਿਤ ਕੀਤਾ।

ਡਾ. ਗੁਰਪ੍ਰੀਤ ਸਿੰਘ ਧੁੱਗਾ M.D., C.M.D. ਸਟਰ ਹਸਪਤਾਲ (ਫੇਅਰ ਫੀਲਡ-ਵਲੇਹੋ) ਵਿਚ ਮੈਡੀਕਲ ਡਾਇਰੈਕਟਰ ਹਨ। ਅਮੈਰੀਕਨ ਮੈਡੀਕਲ ਬੋਰਡ ਵਲੋਂ ਡਬਲ ਬੋਰਡ ਸਰਟੀਫਾਈਡ ਹਨ। ਉਨ੍ਹਾਂ ਨੂੰ ਸਾਲ 2006 ਵਿਚ 'ਸੀਨੀਅਰ ਹੈਲਥ ਹੀਰੋ' ਦਾ ਪੁਰਸਕਾਰ ਵੀ ਦਿੱਤਾ ਗਿਆ। ਡਾ. ਧੁੱਗਾ ਨੇ ਸਰਕਾਰੀ ਮੈਡੀਕਲ ਕਾਲਜ, ਪਟਿਆਲਾ ਤੋਂ ਆਪਣੀ ਮੁਢਲੀ ਮੈਡੀਕਲ ਸਿੱਖਿਆ ਪੂਰੀ ਕੀਤੀ। ਡਾ. ਧੁੱਗਾ ਕੈਲੀਫੋਰਨੀਆ ਦੇ ਫੇਅਰਫੀਲਡ ਸ਼ਹਿਰ ਵਿਚ ਬਤੌਰ ਚੇਅਰਮੈਨ, ਪਲੈਨਿੰਗ ਕਮਿਸ਼ਨ ਸੇਵਾਵਾਂ ਨਿਭਾਅ ਚੁੱਕੇ ਹਨ। ਉਹ ਪੰਜਾਬੀ ਅਮੈਰੀਕਨ ਕਲਚਰਲ ਐਸੋਸੀਏਸ਼ਨ ਦੇ ਫਾਉਂਡਰ ਮੈਂਬਰ ਹਨ, ਜੋ ਕਿ ਕੈਲੀਫੋਰਨੀਆ ਵਿਚ ਇਕ ਸਮਾਜਿਕ ਕੰਮ ਕਰਨ ਵਾਲੀ ਸੰਸਥਾ ਹੈ। ਡਾ. ਗੁਰਪ੍ਰੀਤ ਸਿੰਘ ਧੁੱਗਾ ਵਲੋਂ ਸਿਹਤ ਸਬੰਧੀ ਲਿਖੀ ਆਪਣੀ ਕਿਤਾਬ 'ਹੈਲਥ ਗਾਈਡ' ਬਿਮਾਰੀਆਂ ਦੀ ਜਾਣਕਾਰੀ ਅਤੇ ਰੋਕਥਾਮ, ਬਚਾਅ, ਘਰੇਲੂ ਇਲਾਜ ਅਤੇ ਡਾਕਟਰਾਂ ਨੂੰ ਕਦੋਂ ਵਿਖਾਈਏ ਬਾਰੇ ਵਿਸਥਾਰ ਨਾਲ ਦੱਸਦੀ ਹੈ। ਸਿਹਤ ਸਬੰਧੀ ਜ਼ਿਆਦਾਤਰ ਕਿਤਾਬਾਂ ਮੈਡੀਕਲ ਨਾਲ ਸਬੰਧਤ ਵਿਅਕਤੀਆਂ ਦੇ ਲਈ ਹੀ ਲਿਖੀਆਂ ਗਈਆਂ ਹਨ। ਜਿਸ ਕਰਕੇ ਅਜਿਹੀ ਸਿਹਤ ਸਬੰਧੀ 'ਹੈਲਥ ਗਾਈਡ' ਵਰਗੀ ਕਿਤਾਬ ਦੀ ਬੇਹੱਦ ਜ਼ਰੂਰਤ ਸੀ ਜੋ ਆਮ ਵਿਅਕਤੀ ਪੜ੍ਹ ਸਕੇ, ਸਮਝ ਸਕੇ ਅਤੇ ਆਪਣੀ ਰੋਜ਼ਮਰਾਂ ਦੀ ਜ਼ਿੰਦਗੀ 'ਚ ਵਰਤ ਸਕੇ। ਇਹ ਕਿਤਾਬ 'ਹੈਲਥ ਗਾਈਡ' ਸਭ ਜ਼ਰੂਰਤਾਂ ਨੂੰ ਪੂਰਾ ਕਰਦੀ ਹੈ। ਇਸ ਕਿਤਾਬ ਸਬੰਧੀ ਜਾਣਕਾਰੀ ਅਸੀਂ 'ਸਾਡੇ ਲੋਕ' 'ਚ ਪਾਠਕਾਂ ਦੀ ਮੰਗ 'ਤੇ ਦੁਆਰਾ ਲੜੀਵਾਰ ਛਾਪ ਕੇ ਮਾਣ ਹਾਸਲ ਕਰ ਰਹੇ ਹਾਂ। ਜੇਕਰ ਕਿਸੇ ਵਿਅਕਤੀ ਨੂੰ ਇਹ ਕਿਤਾਬ ਚਾਹੀਦੀ ਹੈ ਤਾਂ ਉਹ ਡਾ. ਧੁੱਗਾ ਨਾਲ gpdhugga@gmail.com 'ਤੇ ਸੰਪਰਕ ਕਰ ਸਕਦੇ ਹਨ।



**ਹੈਲਥ ਗਾਈਡ**

# ਸਿਹਤਮੰਦ ਜੀਵਨ ਦੇ ਨੁਕਤੇ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

**ਪਿਸ਼ਾਬ ਦਾ ਆਪਣੇ ਆਪ ਨਿਕਲਣਾ (ਇਨਕੌਂਟੀਨੈਂਸ)**

ਪਿਸ਼ਾਬ ਦਾ ਆਪਣੇ ਆਪ ਨਿਕਲਣਾ ਜਾਂ ਪਿਸ਼ਾਬ ਨੂੰ ਕਾਬੂ ਰੱਖਣ ਦੀ ਸਮਰੱਥਾ ਦਾ ਘਟਣਾ ਇੱਕ ਆਮ ਬਿਮਾਰੀ ਹੈ, ਪਰ ਲੋਕ ਇਸ ਬਾਰੇ ਗੱਲਬਾਤ ਨਹੀਂ ਕਰਦੇ ਜਾਂ ਸ਼ਰਮਿੰਦਗੀ ਸਮਝਦੇ ਹੋਏ ਮੈਡੀਕਲ ਸਹਾਇਤਾ ਨਹੀਂ ਲੈਂਦੇ। ਇਹ ਕਿਸੇ ਵੀ ਹੋਰ ਮੈਡੀਕਲ ਹਾਲਾਤ ਦੀ ਤਰ੍ਹਾਂ ਹੀ ਹੈ ਅਤੇ ਇਲਾਜਯੋਗ ਹੈ।

**ਕਿਸਮਾਂ :**

1. **ਦਬਾਓ ਕਰਕੇ ਪਿਸ਼ਾਬ ਦਾ ਆਪਣੇ ਆਪ ਨਿਕਲਣਾ :** ਖਾਂਸੀ, ਕਸਰਤ ਜਾਂ ਛਿੱਕਾਂ ਦੇ ਨਾਲ ਪਿਸ਼ਾਬ ਦਾ ਨਿਕਲਣਾ, ਔਰਤਾਂ ਵਿੱਚ ਆਮ ਹੁੰਦਾ ਹੈ।
2. **ਜ਼ੋਰ ਨਾਲ ਪਿਸ਼ਾਬ ਦਾ ਆਪਣੇ ਆਪ ਨਿਕਲਣਾ :** ਬਹੁਤ ਜਲਦੀ ਪਿਸ਼ਾਬ ਕਰਨ ਦੀ ਜ਼ਰੂਰਤ ਮਹਿਸੂਸ ਹੋਣੀ; ਪਾਰਕਿਨਸਨ ਦੀ ਬਿਮਾਰੀ, ਅਧਰੰਗ ਜਾਂ ਇਨਫ਼ੈਕਸ਼ਨ ਦੇ ਦੌਰਾਨ ਅਜਿਹਾ ਹੁੰਦਾ ਹੈ।
3. **ਬਹੁਤ ਜ਼ਿਆਦਾ ਪਿਸ਼ਾਬ ਦਾ ਆਪਣੇ ਆਪ ਨਿਕਲਣਾ :** ਜਦੋਂ ਬਲੈਡਰ ਆਪਣੇ ਆਪ ਖ਼ਾਲੀ ਨਾ ਹੋਵੇ। ਸ਼ੂਗਰ ਦੇ ਰੋਗ ਅਤੇ ਪ੍ਰੌਸਟੇਟ (ਪੁਰਸ਼ਾਂ ਵਿੱਚ ਇੱਕ ਗ੍ਰੰਥੀ) ਦੇ ਵਧੇ ਹੋਣ ਕਰਕੇ ਅਜਿਹਾ ਹੋ ਸਕਦਾ ਹੈ।

**ਘਰੇਲੂ ਇਲਾਜ :**

ਇਸ ਬਿਮਾਰੀ ਨੂੰ ਅੱਖੋਂ ਪਰੋਖੇ ਨਾ ਕਰੋ ਅਤੇ ਨਾ ਹੀ ਸ਼ਰਮਿੰਦਗੀ ਮਹਿਸੂਸ ਕਰੋ।

1. ਕੌਫ਼ੀ ਅਤੇ ਚਾਹ ਜ਼ਿਆਦਾ ਨਾ ਪੀਓ।
2. ਹਰ ਦੋ-ਤਿੰਨ ਘੰਟੇ ਬਾਅਦ ਪਿਸ਼ਾਬ ਕਰੋ, ਭਾਵੇਂ ਤੁਹਾਨੂੰ ਪਿਸ਼ਾਬ ਕਰਨ ਦੀ ਜ਼ਰੂਰਤ ਹੈ ਜਾਂ ਨਹੀਂ।
3. ਔਰਤਾਂ ਨੂੰ ਆਪਣੇ ਡਾਕਟਰ ਕੋਲੋਂ ਕੈਗਲ ਕਸਰਤਾਂ




ਸਿੱਖਣੀਆਂ ਚਾਹੀਦੀਆਂ ਹਨ। ਇਹ ਦਬਾਓ ਕਾਰਨ ਆਪਣੇ ਆਪ ਆਉਣ ਵਾਲੇ ਪਿਸ਼ਾਬ ਦੀ ਹਾਲਤ ਵਿੱਚ ਮੱਦਦਗਾਰ ਹੁੰਦੀਆਂ ਹਨ। ਕੈਗਲ ਕਸਰਤਾਂ ਉਹ ਕਸਰਤਾਂ ਹੁੰਦੀਆਂ ਹਨ ਜੋ ਔਰਤਾਂ ਦੇ ਚੂਲ੍ਹੇ (ਪੈਲਵਿਕ ਫਲੋਰ) ਦੇ ਪੱਠਿਆਂ ਨੂੰ ਮਜ਼ਬੂਤ ਬਣਾਉਂਦੀਆਂ ਹਨ।

4. ਕੁਝ ਦਵਾਈਆਂ ਵੀ ਇਸ ਸਥਿਤੀ ਦਾ ਕਾਰਨ ਹਨ।
5. ਜੇਕਰ ਤੁਹਾਨੂੰ ਸ਼ੂਗਰ ਰੋਗ ਹੈ, ਆਪਣੀ ਸ਼ੂਗਰ ਨੂੰ ਕਾਬੂ ਵਿੱਚ ਰੱਖੋ।

**ਡਾਕਟਰ ਨੂੰ ਕਦੋਂ ਦਿਖਾਈਏ :**

1. ਪਿਸ਼ਾਬ ਕਰਨ ਸਮੇਂ ਦਰਦ ਜਾਂ ਜਲਣ ਹੋਣੀ।
2. ਸ਼ੂਗਰ ਦੇ ਰੋਗ ਦਾ ਕਾਬੂ ਵਿੱਚ ਨਾ ਹੋਣਾ।
3. ਜੇਕਰ ਲੱਛਣ ਕਿਸੇ ਨਵੀਂ ਦਵਾਈ ਲੈਣ ਨਾਲ ਸ਼ੁਰੂ ਹੁੰਦੇ ਹਨ।
4. ਇਸਦੇ ਲੱਛਣ ਤੁਹਾਡੇ ਕੰਮ ਜਾਂ ਰੋਜ਼ਾਨਾ ਦੇ ਕੰਮਾਂ-ਕਾਰਾਂ ਵਿੱਚ ਰੁਕਾਵਟ ਬਣਦੇ ਹਨ।

**ਮੈਡੀਕਲ ਇਲਾਜ :**

1. ਇੱਕ ਛੋਟਾ ਅਪ੍ਰੇਸ਼ਨ, ਆਮ ਤੌਰ 'ਤੇ ਔਰਤਾਂ ਵਿੱਚ ਇਸ ਬਿਮਾਰੀ ਨੂੰ ਠੀਕ ਕਰਨ ਵਿੱਚ ਸਹਾਈ ਹੁੰਦਾ ਹੈ।
2. ਮਰਦਾਂ ਵਿੱਚ ਪ੍ਰੌਸਟੇਟ ਦਾ ਅਪ੍ਰੇਸ਼ਨ, ਬਹੁਤ ਜ਼ਿਆਦਾ ਆਪਣੇ ਆਪ ਆਉਣ ਵਾਲੇ ਪਿਸ਼ਾਬ ਨੂੰ ਠੀਕ ਕਰਨ ਵਿੱਚ ਮੱਦਦਗਾਰ ਹੈ।
3. ਬਲੈਡਰ ਦੇ ਇਨਫ਼ੈਕਸ਼ਨ ਨੂੰ ਠੀਕ ਕਰਨ ਲਈ ਡਾਕਟਰ ਦੀ ਸਲਾਹ ਨਾਲ ਦਵਾਈਆਂ ਲਵੋ।
4. ਪਿਸ਼ਾਬ ਦੇ ਕਾਹਲੇਪਣ ਨੂੰ ਘਟਾਉਣ ਲਈ ਵੀ ਕੁਝ ਦਵਾਈਆਂ ਮੱਦਦ ਕਰਦੀਆਂ ਹਨ।

**ਪ੍ਰੌਸਟੇਟ (ਗਦੂਦ) ਦਾ ਵਧਣਾ**

ਪ੍ਰੌਸਟੇਟ (ਗਦੂਦ) ਇੱਕ ਅਖਰੋਟ ਦੀ ਸ਼ਕਲ ਵਰਗੀ ਗ੍ਰੰਥੀ ਹੁੰਦੀ ਹੈ ਜੋ ਪੁਰਸ਼ਾਂ ਵਿੱਚ ਪਿਸ਼ਾਬ ਦੀ ਨਾਲੀ ਦੇ ਆਲੇ-ਦੁਆਲੇ ਹੁੰਦੀ ਹੈ। ਔਰਤਾਂ ਵਿੱਚ ਇਹ ਗ੍ਰੰਥੀ ਨਹਲ ਹੁੰਦੀ। ਜਿਵੇਂ ਜਿਵੇਂ ਪੁਰਸ਼ਾਂ ਦੀ ਉਮਰ ਵੱਧਦੀ ਹੈ, ਪ੍ਰੌਸਟੇਟ ਗ੍ਰੰਥੀ ਆਕਾਰ ਵਿੱਚ ਵੱਡੀ ਹੁੰਦੀ ਜਾਂਦੀ ਹੈ। ਇਹ ਇੱਕ ਕੁਦਰਤੀ ਪ੍ਰਕਿਰਿਆ ਹੈ। ਜਿਵੇਂ ਜਿਵੇਂ ਇਹ ਗ੍ਰੰਥੀ ਵਧਦੀ ਹੈ, ਇਹ ਪਿਸ਼ਾਬ ਦੀ ਨਾਲੀ 'ਤੇ ਦਬਾਓ ਪਾਉਂਦੀ ਹੈ ਅਤੇ ਪਿਸ਼ਾਬ ਕਰਨ ਵਿੱਚ ਰੁਕਾਵਟ ਪੈਦਾ ਕਰਦੀ ਹੈ। ਇਹ ਤਕਲੀਫ਼ ਉਦੋਂ ਤਕ ਕੋਈ ਗੰਭੀਰ ਸਮੱਸਿਆ ਨਹਲ ਹੈ, ਜਦੋਂ ਤਕ ਕਿ ਪਿਸ਼ਾਬ ਦਾ ਰੁਕਣਾ ਜਾਂ ਇਸ ਨਾਲ ਤੁਹਾਡੇ ਆਮ ਕੰਮ-ਕਾਜ ਜਿਵੇਂ ਕਿ ਯਾਤਰਾ ਜਾਂ ਸੌਣ ਦੇ ਦੌਰਾਨ ਮੁਸ਼ਕਲ ਪੇਸ਼ ਨਾ ਆਵੇ।

**ਲੱਛਣ :**

1. ਪਿਸ਼ਾਬ ਆਉਣ ਵਿੱਚ ਦਿੱਕਤ ਪੇਸ਼ ਆਉਣਾ (ਪਿਸ਼ਾਬ ਤੁਪਕਿਆਂ ਵਿੱਚ ਆਉਣਾ)।
2. ਰਾਤ ਨੂੰ ਵਾਰ ਵਾਰ ਜਾਗ ਕੇ ਪਿਸ਼ਾਬ ਕਰਨਾ।
3. ਪਿਸ਼ਾਬ ਪੂਰਾ ਕੀਤੇ ਦਾ ਅਹਿਸਾਸ ਨਾ ਹੋਣਾ।

**ਰੋਕਥਾਮ/ਬਚਾਅ :**

1. ਪ੍ਰੌਸਟੇਟ ਦਾ ਵਧਣਾ ਇੱਕ ਕੁਦਰਤੀ ਪ੍ਰਕਿਰਿਆ ਹੈ, ਇਸ ਲਈ ਕੋਈ ਮੁੱਖ ਰੋਕਥਾਮ/ਬਚਾਅ ਨਹੀਂ ਹੈ।
2. ਬਹੁਤ ਜ਼ਿਆਦਾ ਸਮੇਂ ਲਈ ਪਿਸ਼ਾਬ ਨੂੰ ਨਾ ਰੋਕੋ (ਉਦਾਹਰਣ ਵੱਜੋਂ ਲੰਬੇ ਸਫ਼ਰ ਦੌਰਾਨ)।
3. ਸ਼ਰਾਬ ਅਤੇ ਕੈਫ਼ੀਨ ਦੀ ਵਰਤੋਂ ਨਾ ਕਰੋ।
4. ਐਂਟੀ ਹਿਸਟਾਮੀਨ ਦਵਾਈਆਂ ਦੀ ਵਰਤੋਂ ਨਾ ਕਰੋ (ਜਿਵੇਂ ਕਿ ਬੈਨਾਡਰਿਲ), ਜਿਸ ਨਾਲ ਪਿਸ਼ਾਬ ਆਉਣਾ ਰੁਕ ਸਕਦਾ ਹੈ।

**ਘਰੇਲੂ ਇਲਾਜ :**

1. ਸੌਣ ਤੋਂ ਤਕਰੀਬਨ ਦੋ-ਤਿੰਨ ਘੰਟੇ ਪਹਿਲਾਂ ਪਾਣੀ, ਸ਼ਰਾਬ ਜਾਂ ਕੈਫ਼ੀਨ ਨਾ ਪੀਓ।
2. ਜੇਕਰ ਤੁਸੀਂ ਦਵਾਈ ਲੈ ਰਹੇ ਹੋ, ਜਿਵੇਂ ਕਿ ਡਾਇਉਰੈਟਿਕਸ ਜਾਂ ਐਂਟੀ-ਹਿਸਟਾਮਾਈਨ, ਤਾਂ ਆਪਣੇ ਡਾਕਟਰ ਨਾਲ ਸਲਾਹ ਕਰੋ ਅਤੇ ਇਨ੍ਹਾਂ ਨੂੰ ਬਦਲੋ ਜਾਂ ਬੰਦ ਕਰੋ।

(ਚਲਦਾ)

ਇਹ ਕਾਲਮ ਤੁਹਾਡੀ ਜਾਣਕਾਰੀ ਲਈ ਹੈ, ਜੇ ਬਿਮਾਰੀ ਉਚਿਤ ਸਮੇਂ ਵਿਚ ਠੀਕ ਨਹੀਂ ਹੁੰਦੀ ਤਾਂ ਡਾਕਟਰ ਨੂੰ ਦਿਖਾਓ।

# ਧਰਤੀ ਦੀ ਕਵਿਤਾ ਹੈ ਨਾਰੀ



ਦੁਆਬੇ ਦਾ ਦਿਲ ਮੰਨੇ ਜਾਂਦੇ ਜਲੰਧਰ ਸ਼ਹਿਰ ਦੇ ਘੁੱਗ ਵਸਦੇ ਇਕ ਮੁਹੱਲੇ ਵਿਚ ਤੇਰਾਂ ਸਾਲ ਦੀ ਬੱਚੀ ਦੇ ਵਹਿਸ਼ੀਆਨਾ ਕਤਲ ਨੇ ਇਨਸਾਨੀਅਤ ਨੂੰ ਸ਼ਰਮਸਾਰ ਕੀਤਾ ਹੈ। ਅਫ਼ਸੋਸ! ਇਹ ਕਾਲੀ ਕਰਤੂਤ ਉਸ ਰਾਕਸ਼ਸ਼ ਨੇ ਕੀਤੀ ਜਿਸ ਦੀ ਧੀ ਨਾਲ ਬੱਚੀ ਖੇਡਣ ਲਈ ਘਰੋਂ ਨਿਕਲੀ ਸੀ। ਮੰਦੜੇ ਭਾਗੀਂ ਦਰਿੰਦਾ ਘਰ ਵਿਚ ਇਕੱਲਾ ਸੀ ਜਿਸ ਨੇ ਪੀੜਤ ਨੂੰ ਆਪਣਾ ਸ਼ਿਕਾਰ ਬਣਾ ਲਿਆ। ਇਨਸਾਨ ਦੇ ਭੇਸ ਵਿਚ ਇਸ ਨੇ ਡੈਣ ਵਾਂਗ ਸੱਤ ਘਰ ਵੀ ਨਾ ਛੱਡੇ। ਫ਼ਾਰਸੀ ਜੜ੍ਹਾਂ ਨਾਲ ਜੁੜੇ ਸ਼ਬਦ 'ਦਰਿੰਦਾ' ਦਾ ਅਰਥ ਚੀਰਨਾ/ਫਾੜਨਾ ਜਾਂ ਨਿਰਦਈ ਮਨੁੱਖ ਹੈ।

ਭਾਵ, ਦਰਿੰਦਾ ਉਹ ਮਾਸਾਹਾਰੀ ਜਨੌਰ ਹੁੰਦਾ ਹੈ ਜਿਸ ਦੇ ਮੂੰਹ ਨੂੰ ਖ਼ੂਨ ਲੱਗਾ ਹੁੰਦਾ ਹੈ। ਅਜਿਹੇ ਜਾਂਗਲੀ, ਜੰਗਲ ਵਿਚ ਨਹੀਂ ਰਹਿੰਦੇ ਬਲਕਿ ਜੰਗਲ ਇਨ੍ਹਾਂ ਦੇ ਦਿਲੋ-ਦਿਮਾਗ ਵਿਚ ਹੁੰਦਾ ਹੈ। ਅਜਿਹਾ ਕਾਂਡ ਮਨੁੱਖਤਾ ਵਿਚ ਵਿਸ਼ਵਾਸ ਰੱਖਣ ਵਾਲੇ ਹਰੇਕ ਸੰਵੇਦਨਸ਼ੀਲ ਵਿਅਕਤੀ ਨੂੰ ਝੰਜੋੜ ਕੇ ਰੱਖ ਦਿੰਦਾ ਹੈ। ਇਹ ਬਹਿਰੂਪੀਆ ਕੇਵਲ ਮਨੁੱਖਤਾ ਦਾ ਹੀ ਨਹੀਂ ਬਲਕਿ ਦੀਨ ਦਾ ਵੀ ਦੋਸ਼ੀ ਹੈ ਜਿਸ ਨੇ ਪੰਜ ਕਕਾਰਾਂ ਦੀ ਬੇਅਦਬੀ ਕਰਦਿਆਂ ਕੁਕਰਮ ਕੀਤਾ ਸੀ। ਸਿੱਖੀ ਸਰੂਪ ਧਾਰਨ ਕਰਨ ਤੋਂ ਪਹਿਲਾਂ ਉਹ ਹੋਰ ਧਰਮਾਂ ਦਾ ਪੈਰੋਕਾਰ ਵੀ ਸੀ। ਭੇਖ ਉਸ ਦੀ ਜੀਵਨ-ਸ਼ੈਲੀ ਸੀ। ਸਿੱਖੀ ਸਰੂਪ ਵਿਚ ਆ ਕੇ ਵੀ ਉਹ ਸ਼ਰੇਆਮ ਸ਼ਰਾਬ ਤੇ ਕਬਾਬ ਦਾ ਸੇਵਨ ਕਰਦਾ ਸੀ। ਘਰ ਵਿਚ ਕਲ੍ਹਾ-ਕਲੇਸ਼ ਆਮ ਵਰਤਾਰਾ ਸੀ। ਕੁਕਰਮ ਤੋਂ ਬਾਅਦ ਜਦੋਂ ਇਸ ਭੇਖੀ ਦੀ ਗਿੱਦੜ-ਕੁੱਟ ਹੋਈ ਤਾਂ ਇਸ ਕਾਰੇ ਨੇ ਸਮੁੱਚੀ ਕੌਮ ਨੂੰ ਸ਼ਰਮਸਾਰ ਕਰ ਦਿੱਤਾ। ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਸਰਬਰਾਹ, ਗਿਆਨੀ ਕੁਲਦੀਪ ਸਿੰਘ ਗੜਗੱਜ ਤੋਂ ਇਲਾਵਾ ਅਕਾਲੀ ਦਲ ਤੇ ਹੋਰ ਸਿਆਸੀ ਜਮਾਤਾਂ ਦੇ ਲੀਡਰਾਂ ਨੇ ਪੀੜਤ ਪਰਿਵਾਰ ਨਾਲ ਉਨ੍ਹਾਂ ਦੇ ਘਰ ਪੁੱਜ ਕੇ ਹਮਦਰਦੀ ਦਾ ਪ੍ਰਗਟਾਵਾ ਕਰਦਿਆਂ ਦੋਸ਼ੀ ਨੂੰ ਮਿਸਾਲੀ ਸਜ਼ਾ ਦਿਵਾਉਣ ਦੀ ਮੰਗ ਕੀਤੀ।

ਪੀੜਤ ਬੱਚੀ ਦੇ ਘਰ ਤੋਂ ਕੁਝ ਕਦਮਾਂ 'ਤੇ ਦੋਸ਼ੀ ਦਾ ਘਰ ਹੈ। ਸੀਸੀਟੀਵੀ ਕੈਮਰੇ ਨਾ ਹੁੰਦੇ ਤਾਂ ਦੋਸ਼ੀ ਨੇ ਲਾਸ਼ ਨੂੰ ਖੁਰਦ-ਬੁਰਦ ਕਰ ਦੇਣਾ ਸੀ। ਸੀਸੀਟੀਵੀ ਕੈਮਰੇ ਵਿਚ ਬੱਚੀ ਚਾਈਂ-ਚਾਈਂ ਆਪਣੀ ਸਹੇਲੀ ਦੇ ਘਰ ਵੱਲ ਨੂੰ ਦੌੜੀ ਜਾਂਦੀ ਦਿਖਾਈ ਦਿੰਦੀ ਹੈ। ਸਹੇਲੀ ਦਾ ਬਾਪ ਉਸ ਨੂੰ ਅੰਦਰ ਬੁਲਾ ਕੇ ਅੰਦਰੋਂ ਕੁੰਡੀ ਲਗਾ ਲੈਂਦਾ ਹੈ। ਬੱਚੀ ਦੇ ਘਰ ਦੇ ਜਦੋਂ ਲੱਭਦੇ-ਲੁਭਾਉਂਦੇ ਉਸ ਦੀ ਸਹੇਲੀ ਦੇ ਘਰ ਪੁੱਜਦੇ ਹਨ ਤਾਂ ਉਸ ਦਾ ਰਾਕਸ਼ਸ਼ ਪਿਤਾ ਮੁੱਕਰ ਜਾਂਦਾ ਹੈ ਕਿ ਉਹ ਉਸ ਦੇ ਘਰ ਆਈ ਸੀ। ਚਿੱਟੇ ਦਿਨ ਕਾਲੀ ਕਰਤੂਤ ਦਾ ਉਦੋਂ ਪਤਾ ਲੱਗਾ ਜਦੋਂ ਸੀਸੀਟੀਵੀ ਕੈਮਰਿਆਂ ਦੀ ਫੁਟੇਜ

**ਵਰਿੰਦਰ ਸਿੰਘ ਵਾਲੀਆ**

ਖੰਘਾਲੀ ਗਈ। ਇਸ ਨੇ ਪੁਲਿਸ ਦੀ ਨਾਲਾਇਕੀ ਨੂੰ ਵੀ ਜੱਗ ਜ਼ਾਹਰ ਕੀਤਾ ਜਿਸ ਕਾਰਨ ਏਐੱਸਆਈ ਤੇ ਪੀਸੀਆਰ ਦੇ ਮੁਲਾਜ਼ਮ ਨੂੰ ਕ੍ਰਮਵਾਰ ਬਰਖ਼ਾਸਤ ਤੇ ਮੁਅੱਤਲ ਕੀਤਾ ਗਿਆ ਹੈ। ਇਸ ਘਿਨੌਣੀ ਵਾਰਦਾਤ ਦਾ ਪੰਜਾਬ ਵਰਗੇ ਸੂਬੇ ਵਿਚ ਵਾਪਰਨਾ ਹੋਰ ਵੀ ਚਿੰਤਾ ਤੇ ਚਿੰਤਨ ਦਾ ਵਿਸ਼ਾ ਹੈ ਕਿਉਂਕਿ ਔਰਤ ਜਾਤ ਦੇ ਹੱਕ-ਹਕੂਕ ਸੁਰੱਖਿਅਤ ਰੱਖਣ ਲਈ ਸਭ ਤੋਂ ਵੱਧ ਬੁਲੰਦ ਆਵਾਜ਼ ਇਸ ਖਿੱਤੇ 'ਚੋਂ ਹੀ ਚੁੱਕੀ ਜਾਂਦੀ ਰਹੀ ਹੈ। ਜਿਸ ਵੇਲੇ ਔਰਤ ਜਾਤ 'ਤੇ ਅਕਹਿ ਤੇ ਅਸਹਿ ਜ਼ੁਲਮ ਹੁੰਦੇ ਸਨ, ਉਦੋਂ ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਨੇ 'ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ" ਸ਼ਲੋਕ ਰਾਹੀਂ ਮਨੁੱਖ ਦੀ ਜ਼ਮੀਰ ਨੂੰ ਝੰਜੋੜਿਆ ਸੀ। ਮਹਾਵਾਕ ਅਨੁਸਾਰ ਔਰਤ ਜਗਤ-ਜਣਨੀ ਹੈ। ਉਸ ਨੇ ਰਾਜੇ-ਰਾਣਿਆਂ ਤੱਕ ਨੂੰ ਜਨਮ ਦਿੱਤਾ ਹੈ। ਇਕ ਸੱਚਾ ਰੱਬ ਹੀ ਹੈ ਜੋ ਉਸ ਦੇ ਉਦਰ 'ਚੋਂ ਪੈਦਾ ਨਹੀਂ ਹੋਇਆ। ਸੋਲਵੀਂ ਸਦੀ ਵਿਚ ਪੰਜਾਬ ਦਾ ਲੋਕ-ਨਾਇਕ ਅਬਦੁੱਲਾ ਖ਼ਾਨ ਭੱਟੀ (ਦੁੱਲਾ ਭੱਟੀ) ਔਰਤ ਦੇ ਮਨੁੱਖੀ ਅਧਿਕਾਰਾਂ ਨੂੰ ਅਮਲੀ ਜਾਮਾ ਪਹਿਨਾਉਂਦਾ ਹੈ। ਜ਼ੁਲਮ ਖ਼ਿਲਾਫ਼ ਲੜਨ ਵਾਲੀ ਭੱਟੀ ਖ਼ਾਨ ਦੀ ਉਹ ਤੀਜੀ ਪੀੜ੍ਹੀ ਦਾ ਨਾਇਕ ਸੀ ਜੋ ਅੱਜ ਵੀ ਲੋਕ-ਮਨਾਂ 'ਤੇ ਰਾਜ ਕਰਦਾ ਹੈ। ਧੀਆਂ ਦੀ ਲਾਜ ਦਾ ਰਾਖਾ ਬਣਨ ਕਰ ਕੇ ਉਸ ਦਾ ਨਾਂ ਅੱਜ ਵੀ ਸਤਿਕਾਰ ਨਾਲ ਲਿਆ ਜਾਂਦਾ ਹੈ। 'ਸੁੰਦਰ ਮੁੰਦਰੀਏ, ਤੇਰਾ ਕੌਣ ਵਿਚਾਰਾ/ਦੁੱਲਾ ਭੱਟੀ ਵਾਲਾ, ਹੋ/ਦੁੱਲੇ ਧੀ ਵਿਆਹੀ...' ਵਰਗੇ ਲੋਕ ਗੀਤਾਂ ਨੇ ਉਸ ਨੂੰ ਅਮਰ ਕਰ ਦਿੱਤਾ ਹੈ। ਅਗਲੀ ਸਦੀ 'ਚ ਜੱਸਾ ਸਿੰਘ ਆਹਲੂਵਾਲੀਆ ਵਰਗੇ ਸੂਰਬੀਰ ਜਰਨੈਲ ਨੇ ਮੁਗ਼ਲ ਸੈਨਾਵਾਂ ਵੱਲੋਂ ਅਗਵਾ ਕੀਤੀਆਂ ਗਈਆਂ ਕੁੜੀਆਂ ਨੂੰ ਛੁਡਵਾ ਕੇ ਬੰਦੀ ਛੋੜ ਦਾ ਲਕਬ ਹਾਸਲ ਕੀਤਾ। ਛੋਟੀਆਂ ਬੱਚੀਆਂ ਨੂੰ ਕੰਜਕਾਂ ਤੇ ਦੇਵੀਆਂ ਵਾਂਗ ਪੂਜਣ ਵਾਲੇ ਖਿੱਤੇ ਵਿਚ ਜਲੰਧਰ ਵਰਗੀ ਵਹਿਸ਼ੀਆਨਾ ਵਾਰਦਾਤ ਵਾਪਰਨ ਬਾਰੇ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ।

ਸੋਲਾਂ ਦਸੰਬਰ 2012 ਨੂੰ ਜਦੋਂ ਰਾਜਧਾਨੀ ਦਿੱਲੀ 'ਚ ਨਿਰਭੈਆ ਕਾਂਡ ਵਾਪਰਿਆ ਸੀ ਤਾਂ ਹੱਥਾਂ ਵਿਚ ਬਲਦੀਆਂ ਮੋਮਬੱਤੀਆਂ ਲੈ ਕੇ ਰੋਸ ਪ੍ਰਦਰਸ਼ਨ ਕਰਨ ਵਾਲਿਆਂ ਦਾ ਸੈਲਾਬ ਆ ਗਿਆ ਸੀ। ਸਭ ਤੋਂ ਵੱਧ ਮੋਮ ਪੰਜਾਬ ਵਿਚ ਪਿਘਲੀ ਸੀ। ਨਿਰਭੈਆ ਨਾਲ ਹੋਈ ਦਰਿੰਦਗੀ ਤੋਂ ਬਾਅਦ ਉਸ ਨੇ 20 ਮਾਰਚ 2012 ਨੂੰ ਸਿੰਗਾਪੁਰ ਦੇ ਹਸਪਤਾਲ ਵਿਚ ਆਖ਼ਰੀ ਸਾਹ ਲਿਆ ਸੀ। ਇਹ ਵਾਰਦਾਤ ਰਾਤ ਵੇਲੇ ਇਕ ਪ੍ਰਾਈਵੇਟ ਬੱਸ ਵਿਚ ਵਾਪਰੀ ਸੀ। ਇਸ ਕੇਸ ਵਿਚ ਚਾਰ ਨੂੰ ਫਾਂਸੀ ਹੋਈ, ਇਕ ਨੇ ਜੇਲ੍ਹ ਵਿਚ ਆਤਮਹੱਤਿਆ ਕਰ ਲਈ ਤੇ ਛੇਵੇਂ ਦੋਸ਼ੀ ਨੂੰ ਨਾਬਾਲਗ ਹੋਣ ਕਾਰਨ ਕੇਵਲ ਤਿੰਨ ਸਾਲ ਦੀ ਸਜ਼ਾ ਹੋਈ ਸੀ। ਇਸ ਦੇ ਵਿਪਰੀਤ ਜਲੰਧਰ ਵਾਲੀ ਸ਼ਰਮਨਾਕ ਘਟਨਾ ਤਾਂ ਚਿੱਟੇ ਦਿਨ ਵਾਪਰੀ ਸੀ।

ਉਹ ਵੀ ਪੀੜਤ ਦੇ ਘਰ ਤੋਂ ਚੰਦ ਕਦਮਾਂ ਦੀ ਦੂਰੀ 'ਤੇ। ਨਿਰਭੈਆ ਕਾਂਡ ਤੋਂ ਬਾਅਦ ਕਾਨੂੰਨ ਵਿਚ ਸੋਧਾਂ ਕਰ ਕੇ ਸਜ਼ਾਵਾਂ ਨੂੰ ਹੋਰ ਸਖ਼ਤ ਬਣਾਇਆ ਗਿਆ ਸੀ। ਕਾਨੂੰਨ ਬਦਲੇ ਗਏ ਫਿਰ ਵੀ ਅਪਰਾਧੀਆਂ ਦੀ ਮਾਨਸਿਕਤਾ ਨਹੀਂ ਬਦਲੀ। ਘਿਨੌਣੇ ਅਪਰਾਧਾਂ ਨੂੰ ਠੱਲ੍ਹ ਪਾਉਣ ਲਈ ਸਮਾਜ ਦੀ ਵੱਡੀ ਭੂਮਿਕਾ ਹੁੰਦੀ ਹੈ। ਜਗਤ-ਜਣਨੀ ਤੋਂ ਬਿਨਾਂ ਮਨੁੱਖਤਾ ਦੀ ਹੋਂਦ ਸੰਭਵ ਨਹੀਂ ਹੈ। ਇਸ ਬਾਰੇ ਜਾਗਰੂਕਤਾ ਪੈਦਾ ਕਰਨ ਦੀ ਲੋੜ ਹੈ। ਜ਼ਾਲਮਾਂ ਦੀ ਆਤਮਾ ਨੂੰ ਝੰਜੋੜਨ ਲਈ ਥਾਂ-ਥਾਂ ਗੋਸ਼ਠੀਆਂ ਦਾ ਆਯੋਜਨ ਕਰਨ ਦੀ ਜ਼ਰੂਰਤ ਹੈ। ਇੰਟਰਨੈੱਟ ਦੇ ਯੁੱਗ 'ਚ ਅਜਿਹੇ ਹੰਭਲਿਆਂ ਦੀ ਹੋਰ ਵੀ ਲੋੜ ਹੈ। ਨੈੱਟ 'ਤੇ ਪਰੋਸੀਆਂ ਜਾ ਰਹੀਆਂ ਫ਼ਾਹਸ਼ ਪੋਸਟਾਂ ਮਾਨਸਿਕਤਾ ਨੂੰ ਪ੍ਰਦੂਸ਼ਤ ਕਰ ਰਹੀਆਂ ਹਨ। 'ਕੁੜੀਆਂ ਕਿਸਮਤ ਥੁੜ੍ਹੀਆਂ' ਨਹੀਂ ਹਨ। ਉਹ ਕਿਹੜਾ ਖੇਤਰ ਹੈ ਜਿੱਥੇ ਧੀਆਂ ਨੇ ਮੱਲਾਂ ਨਹੀਂ ਮਾਰੀਆਂ। ਕੁੜੀਆਂ ਨੂੰ ਧੀਆਂ, ਭੈਣਾਂ, ਮਾਵਾਂ ਤੇ ਦੇਵੀਆਂ ਦੇ ਰੂਪ ਵਿਚ ਵੇਖਣਾ ਸੱਭਿਅਕ ਮਨੁੱਖ ਦੀ ਨਿਸ਼ਾਨੀ ਹੁੰਦੀ ਹੈ। ਸ਼ਿਵ ਕੁਮਾਰ ਬਟਾਲਵੀ ਨਾਰੀ ਨੂੰ ਧਰਤੀ ਦੀ ਕਵਿਤਾ ਕਹਿੰਦਾ ਹੈ।

ਇਨ੍ਹਾਂ ਨਾਲ ਜੁੜੇ ਅਲੰਕਾਰ ਇਤਰਾਂ ਦੇ ਬੁੱਲੇ ਵਾਂਗ ਹੁੰਦੇ ਹਨ। ਇਨ੍ਹਾਂ ਦੀ ਸੋਚ ਨੂੰ ਜ਼ੰਜੀਰਾਂ ਪਾਉਣ ਵਾਲਾ ਸਮਾਜ ਰਸਾਤਲ ਵੱਲ ਜਾਂਦਾ ਹੈ। ਪੱਛਮ ਨੇ ਔਰਤਾਂ ਨੂੰ ਘਰਾਂ ਦੀ ਚਾਰਦੀਵਾਰੀ ਦੇ ਪਿੰਜਰਿਆਂ ਤੋਂ ਆਜ਼ਾਦ ਕੀਤਾ ਤਾਂ ਇਸ ਨੇ ਬਹੁ-ਪੱਖੀ ਵਿਕਾਸ ਕੀਤਾ ਸੀ। ਪਿੰਜਰਾ ਸੋਨੇ ਦਾ ਵੀ ਹੋਵੇ, ਇਸ ਵਿਚ ਕੈਦ ਹੋਇਆ ਪੰਛੀ ਕੋਈ ਗੀਤ ਨਹੀਂ ਗਾ ਸਕਦਾ। ਪੰਛੀ ਦੇ ਪੌਂਚੇ 'ਚ ਪੱਥਰ-ਗੀਟੀਆਂ ਦੀਆਂ ਝਾਂਜਰਾਂ ਪਾ ਦਿੱਤੀਆਂ ਜਾਣ ਤਾਂ ਉਹ ਭਲਾ ਕਿੰਨੀ ਕੁ ਪਰਵਾਜ਼ ਭਰ ਸਕੇਗਾ? ਜੇ ਔਰਤ ਖ਼ੁਸ਼ ਹੈ ਤਾਂ ਉਸ ਘਰ ਦੀ ਤਸਵੀਰ ਤੇ ਤਕਦੀਰ ਬਦਲ ਜਾਂਦੀ ਹੈ।

ਕਬਾਇਲੀ ਮਾਨਸਿਕਤਾ ਨੇ ਸਮਾਜ ਦੀ ਮਾਨਸਿਕਤਾ ਨੂੰ ਜ਼ਖਮੀ ਕੀਤਾ ਸੀ। ਜਿਨ੍ਹਾਂ ਕੌਮਾਂ ਨੇ ਔਰਤ ਨੂੰ ਬੋਝ ਦੀ ਬਜਾਏ ਬਰਕਤ ਸਮਝਿਆ, ਉਨ੍ਹਾਂ ਨੇ ਹਰ ਮੁਸ਼ਕਲ ਮੰਜ਼ਿਲ ਨੂੰ ਸਰ ਕੀਤਾ। ਮਾਵਾਂ ਠੰਢੀਆਂ ਛਾਵਾਂ ਮੰਨੀਆਂ ਗਈਆਂ ਤਾਂ ਉਨ੍ਹਾਂ ਘਰਾਂ ਨੂੰ ਭਾਗ ਲੱਗ ਗਏ। ਜਿਸ ਘਰ 'ਚ ਧੀਆਂ ਦੇ ਚਿਹਰਿਆਂ 'ਤੇ ਖੇੜਾ ਹੋਵੇ, ਓਥੇ ਮਹਿਕਾਂ ਦਾ ਡੇਰਾ ਜ਼ਰੂਰ ਹੁੰਦਾ ਹੈ। ਤ੍ਰੈਲੋਚਨ ਲੋਚੀ ਦੇ ਬੋਲ ਯਾਦ ਆਉਂਦੇ ਹਨ, "ਜ਼ਾਲਮ ਕਹਿਣ ਬਲਾਵਾਂ ਹੁੰਦੀਆਂ/ਕੁੜੀਆਂ ਤੇ ਕਵਿਤਾਵਾਂ ਹੁੰਦੀਆਂ।" ਮਹਾ-ਕਾਵਿ 'ਲੂਣਾ' ਵਿਚ ਸ਼ਿਵ ਕਹਿੰਦਾ ਹੈ, "ਧਰਤੀ 'ਤੇ ਜੋ ਕੁਝ ਸੋਹਣਾ ਹੈ/ਉਸ ਦੇ ਪਿੱਛੇ ਨਾਰ ਅਵੱਸ਼ ਹੈ।" ਵਿਡੰਬਣਾ ਇਹ ਹੈ ਕਿ ਇੱਕੀਵੀਂ ਸਦੀ 'ਚ ਵੀ ਅਣਗਿਣਤ ਬੱਚੀਆਂ ਕੁੱਖ 'ਚ ਮਰਦੀਆਂ ਹਨ। ਕਈ ਜਿਉਂਦੀਆਂ ਮਰਦੀਆਂ ਹਨ। ਕਈਆਂ ਨੂੰ ਫੋਕੀ ਅਣਖ ਕਾਰਨ ਮਾਰ ਦਿੱਤਾ ਜਾਂਦਾ ਹੈ। ਸਿੱਖ ਧਰਮ 'ਚ 'ਕੁੜੀਮਾਰ' ਤੇ 'ਨੜੀ ਮਾਰ' ਨੂੰ ਪੰਥ 'ਚੋਂ ਛੇਕਿਆ ਮੰਨਿਆ ਜਾਂਦਾ ਹੈ। ਉਨ੍ਹਾਂ ਖ਼ਿਲਾਫ਼ ਹੁਕਮਨਾਮਾ ਜਾਰੀ ਕਰਨ ਦੀ ਵੀ ਲੋੜ ਨਹੀਂ ਸਮਝੀ ਜਾਂਦੀ। ਇਸ ਦੇ ਬਾਵਜੂਦ ਬੱਚੀਆਂ ਬਾਰੇ ਸੋਚ ਨਹੀਂ ਬਦਲੀ ਹੈ। ਕੁੜੀ ਮਗਰੋਂ ਮੁੰਡਾ ਜੰਮ ਪਵੇ ਤਾਂ ਪਰਿਵਾਰ ਸੰਪੂਰਨ ਸਮਝਿਆ ਜਾਂਦਾ ਹੈ। 'ਧੀਆਂ ਦੀ ਲੋਹੜੀ' ਮਨਾਉਣ ਵਰਗੇ ਉਪਰਾਲਿਆਂ ਨੇ ਮਾਨਸਿਕਤਾ ਨੂੰ ਬਦਲਣ ਲਈ ਕੁਝ ਹੱਦ ਤੱਕ ਨੇਕ ਕਾਰਜ ਕੀਤਾ ਹੈ। ਫਿਰ ਵੀ 'ਇਕ ਵੀਰ ਦੇਵੀਂ ਵੇ ਰੱਬਾ, ਸਹੁੰ ਖਾਣ ਨੂੰ ਬੜਾ ਚਿੱਤ ਕਰਦਾ' ਜਾਂ 'ਪੁੱਤਰ ਮਿੱਠੜੇ ਮੇਵੇ, ਅੱਲਾ ਸਭ ਨੂੰ ਦੇਵੇ' ਵਰਗੇ ਲੋਕ ਗੀਤ ਲੋਕ ਮਾਨਸਿਕਤਾ ਨੂੰ ਪ੍ਰਭਾਵਿਤ ਕਰਦੇ ਹਨ। ਅਜਿਹਾ ਨਾ ਹੁੰਦਾ ਤਾਂ ਭਰੂਣ-ਹੱਤਿਆਵਾਂ ਵਰਗੇ ਅਪਰਾਧਾਂ ਨੂੰ ਪੂਰੀ ਤਰ੍ਹਾਂ ਠੱਲ੍ਹ ਪੈ ਜਾਂਦੀ।

# ਇਮਰਾਨ 'ਮਾਨਸਿਕ ਤਸੀਹੇ' ਝੱਲ ਰਹੇ: ਉਜ਼ਮਾ

## ਸਾਬਕਾ ਪ੍ਰਧਾਨ ਮੰਤਰੀ ਨਾਲ ਜੇਲ੍ਹ 'ਚ ਮੁਲਾਕਾਤ ਮਗਰੋਂ ਭੈਣ ਦਾ ਦਾਅਵਾ






ਲਾਹੌਰ : ਆਖਿਰਕਾਰ ਇਮਰਾਨ ਖਾਨ ਦੀ ਭੈਣ, ਉਜ਼ਮਾ ਖਾਤੂਨ ਨੇ ਰਾਵਲਪਿੰਡੀ ਦੀ ਅਦਿਆਲਾ ਜੇਲ੍ਹ ਵਿੱਚ ਉਨ੍ਹਾਂ ਨਾਲ ਮੁਲਾਕਾਤ ਕਰ ਲਈ ਹੈ। 20 ਮਿੰਟ ਦੀ ਮੁਲਾਕਾਤ ਤੋਂ ਬਾਅਦ ਉਹ ਜੇਲ੍ਹ ਤੋਂ ਬਾਹਰ ਆਈ ਅਤੇ ਇਮਰਾਨ ਬਾਰੇ ਜਾਣਕਾਰੀ ਦਿੱਤੀ। ਉਜ਼ਮਾ ਨੇ ਦੱਸਿਆ ਕਿ ਇਮਰਾਨ ਖਾਨ ਦੀ ਸਿਹਤ ਠੀਕ ਹੈ ਪਰ ਉਨ੍ਹਾਂ ਨੂੰ ਆਈਸੋਲੇਸ਼ਨ ਵਿੱਚ ਰੱਖਿਆ ਗਿਆ ਹੈ। ਇਮਰਾਨ ਨੂੰ ਜੇਲ੍ਹ ਵਿੱਚ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। ਇਮਰਾਨ ਦੀ ਸਿਹਤ ਬਾਰੇ ਆਖਰੀ ਅਪਡੇਟ 4 ਨਵੰਬਰ ਨੂੰ ਆਈ ਸੀ ਜਦੋਂ ਉਨ੍ਹਾਂ ਦੀ ਭੈਣ ਅਲੀਮਾ ਉਨ੍ਹਾਂ ਨੂੰ ਮਿਲਣ ਗਈ ਸੀ। ਇਸ ਤੋਂ ਬਾਅਦ, ਉਨ੍ਹਾਂ ਦੀ ਸਿਹਤ ਬਾਰੇ ਕਈ ਤਰ੍ਹਾਂ ਦੀਆਂ ਅਟਕਲਾਂ ਲਗਾਈਆਂ ਜਾ ਰਹੀਆਂ ਸਨ।

ਉਜ਼ਮਾ ਨੇ ਕਿਹਾ ਕਿ ਇਮਰਾਨ ਬਹੁਤ ਗੁੱਸੇ 'ਚ ਸੀ। ਉਸਨੂੰ ਮੈਂਟਲ ਟਾਰਚਰ ਕੀਤਾ ਜਾ ਰਿਹਾ ਹੈ। ਸਾਰਾ ਦਿਨ ਕਮਰੇ 'ਚ ਬੰਦ ਰੱਖਿਆ ਜਾ ਰਿਹਾ ਹੈ। ਕਿਸੇ ਨਾਲ ਕੋਈ ਗੱਲਬਾਤ ਨਹੀਂ ਕਰਨ ਦਿੱਤੀ ਜਾ ਰਹੀ। ਇਹ ਜੋ ਕੁਝ ਵੀ ਹੋ ਰਿਹਾ ਹੈ ਉਸ ਲਈ ਆਰਮੀ ਚੀਫ ਮੁਨੀਰ ਜ਼ਿੰਮੇਵਾਰ ਹੈ।

ਦਰਅਸਲ, ਪਿਛਲੇ ਕਰੀਬ ਇਕ ਮਹੀਨੇ ਤੋਂ ਇਮਰਾਨ ਖਾਨ ਨਾਲ ਕਿਸੇ ਵੀ ਪਰਿਵਾਰਕ ਮੈਂਬਰ ਨੂੰ ਮਿਲਣ ਦੀ ਮਨਜ਼ੂਰੀ ਨਹੀਂ ਸੀ, ਜਿਸ ਨਾਲ ਉਨ੍ਹਾਂ ਦੀ ਸਿਹਤ ਨੂੰ ਲੈ ਕੇ ਸੋਸ਼ਲ ਮੀਡੀਆ 'ਤੇ ਅਟਕਲਾਂ ਤੇਜ਼ ਹੋ ਗਈਆ ਸਨ। ਕਈ ਲੋਕਾਂ ਨੇ ਇਥੋਂ ਤਕ ਸਵਾਲ ਚੁੱਕੇ ਕਿ ਕੀ ਉਹ ਜਿਊਂਦੇ ਵੀ ਹਨ ਜਾਂ ਨਹੀਂ। ਇਸਨੂੰ ਲੈ ਕੇ ਮੰਗਲਵਾਰ ਨੂੰ ਪਾਕਿਸਤਾਨ ਦੀਆਂ ਸੜਕਾਂ 'ਤੇ ਇਮਰਾਨ ਖਾਨ ਦੇ ਸਮਰਥਕਾਂ ਨੇ ਕਾਫੀ ਹੰਗਾਮਾ ਕੀਤਾ। ਇਸਤੋਂ ਬਾਅਦ ਸਾਬਕਾ ਪੀ.ਐੱਮ. ਦੀ ਇਕ ਭੈਣ ਨੂੰ ਮਿਲਣ ਦੀ ਮਨਜ਼ੂਰੀ ਮਿਲ ਗਈ ਸੀ।

ਇਸ ਮੁਲਾਕਾਤ ਨੇ ਪਾਕਿਸਤਾਨ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਇਮਰਾਨ ਖਾਨ ਦੀ ਸਿਹਤ ਅਤੇ ਜੇਲ੍ਹ ਦੇ ਹਲਾਤਾਂ 'ਤੇ ਚੱਲ ਰਹੀਆਂ ਅਟਕਲਾਂ 'ਤੇ ਵਿਰਾਮ ਲਗਾਇਆ ਹੈ। ਮੰਗਲਵਾਰ ਨੂੰ ਇਮਰਾਨ ਖਾਨ ਨੂੰ ਮਿਲਣ ਲਈ ਅਦਿਆਲਾ ਜੇਲ੍ਹ ਦੇ ਬਾਹਰ ਹਜ਼ਾਰਾਂ ਸਮਰਥਕ ਇਕੱਠੇ ਹੋਏ। ਕਈ ਥਾਵਾਂ 'ਤੇ ਪੁਲਸ ਅਤੇ ਇਮਰਾਨ ਖਾਨ ਦੇ ਸਮਰਥਕਾਂ ਵਿਚਕਾਰ ਝੜਪਾਂ ਹੋਈਆਂ, ਜਿਨ੍ਹਾਂ ਨੇ 'ਇਮਰਾਨ ਨੂੰ ਰਿਹਾਅ ਕਰੋ' ਅਤੇ 'ਇਮਰਾਨ ਨਹੀਂ ਝੁਕੇਗਾ' ਵਰਗੇ ਨਾਅਰੇ ਲਗਾਏ।

ਪਿਛਲੇ ਹਫ਼ਤੇ, ਇਮਰਾਨ ਦੀਆਂ ਭੈਣਾਂ ਨੇ ਇਸ ਮਾਮਲੇ ਨੂੰ ਲੈ ਕੇ ਇਸਲਾਮਾਬਾਦ ਹਾਈ ਕੋਰਟ ਦਾ ਦਰਵਾਜ਼ਾ ਖੜਕਾਇਆ। ਇਮਰਾਨ ਦੀ ਭੈਣ, ਆਲਿਮਾ ਦੇ ਅਨੁਸਾਰ, ਜੇਲ੍ਹ ਪ੍ਰਸ਼ਾਸਨ ਉਸਦੇ ਭਰਾ ਦੇ ਮਾਮਲੇ ਵਿੱਚ ਅਦਾਲਤ ਦੀ ਉਲੰਘਣਾ ਕਰ ਰਿਹਾ ਹੈ। ਪਾਕਿਸਤਾਨ ਤਹਿਰੀਕ-ਏ-ਇਨਸਾਫ਼ (ਪੀਟੀਆਈ) ਸਮਰਥਕਾਂ ਦੇ ਵਿਰੋਧ ਪ੍ਰਦਰਸ਼ਨਾਂ ਦੇ ਮੱਦੇਨਜ਼ਰ, ਇਸਲਾਮਾਬਾਦ ਅਤੇ ਰਾਵਲਪਿੰਡੀ ਵਿੱਚ ਦੋ ਹਫ਼ਤਿਆਂ ਲਈ ਧਾਰਾ 144 ਲਾਗੂ ਕਰ ਦਿੱਤੀ ਗਈ ਹੈ।

# ਪਾਕਿਸਤਾਨ 'ਚ ਬਣੇ ਗ੍ਰਹਿ ਯੁੱਧ ਵਰਗੇ ਹਾਲਾਤ



ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਦੇ ਸਮਰਥਕਾਂ ਨੇ ਇਸਲਾਮਾਬਾਦ ਅਤੇ ਰਾਵਲਪਿੰਡੀ ਵਿੱਚ ਵੱਡੇ ਪੱਧਰ 'ਤੇ ਵਿਰੋਧ ਪ੍ਰਦਰਸ਼ਨ ਕਰਨ ਦੀ ਯੋਜਨਾ ਬਣਾਈ ਹੈ। ਇਹ ਪ੍ਰਦਰਸ਼ਨ ਖਾਨ ਦੀ ਸਿਹਤ ਨੂੰ ਲੈ ਕੇ ਵਧ ਰਹੀਆਂ ਚਿੰਤਾਵਾਂ ਦੇ ਮੱਦੇਨਜ਼ਰ ਕੀਤੇ ਜਾ ਰਹੇ ਹਨ, ਕਿਉਂਕਿ ਜੇਲ੍ਹ ਵਿੱਚ ਉਨ੍ਹਾਂ ਦਾ ਲਗਭਗ ਇੱਕ ਮਹੀਨੇ ਤੋਂ ਉਨ੍ਹਾਂ ਦਾ ਕਿਸੇ ਨਾਲ ਕੋਈ ਸੰਪਰਕ ਨਹੀਂ ਹੋਇਆ ਹੈ। ਇਸ ਕਾਰਨ ਉਨ੍ਹਾਂ ਦੀ ਮੌਤ ਹੋਣ ਦੀਆਂ ਅਫਵਾਹਾਂ ਵੀ ਤੇਜ਼ ਹੋ ਗਈਆਂ ਹਨ।

ਇਹ ਪ੍ਰਦਰਸ਼ਨ ਇਮਰਾਨ ਖਾਨ ਦੀ ਪਾਰਟੀ, ਪਾਕਿਸਤਾਨ ਤਹਿਰੀਕ-ਏ-ਇਨਸਾਫ਼ (PTI) ਵੱਲੋਂ ਕੀਤੇ ਜਾ ਰਹੇ ਹਨ। ਇਹ ਪ੍ਰਦਰਸ਼ਨ ਰਾਵਲਪਿੰਡੀ ਵਿੱਚ ਅਦਿਆਲਾ ਜੇਲ੍ਹ ਦੇ ਬਾਹਰ ਅਤੇ ਇਸਲਾਮਾਬਾਦ ਹਾਈ ਕੋਰਟ ਦੇ ਬਾਹਰ ਹੋਣੇ ਤੈਅ ਹਨ। ਜਾਣਕਾਰੀ ਦਿੰਦੇ ਹੋਏ ਪੀ.ਟੀ.ਆਈ. ਨੇਤਾ ਅਸਦ ਕੈਸਰ ਨੇ ਦੱਸਿਆ ਕਿ ਪ੍ਰਦਰਸ਼ਨਾਂ ਦੀ ਯੋਜਨਾ ਇਸ ਲਈ ਬਣਾਈ ਗਈ ਹੈ ਕਿਉਂਕਿ ਇਸਲਾਮਾਬਾਦ ਹਾਈ ਕੋਰਟ ਆਪਣੇ ਆਦੇਸ਼ ਨੂੰ ਲਾਗੂ ਨਹੀਂ ਕਰ ਸਕੀ ਅਤੇ ਅਦਿਆਲਾ ਜੇਲ੍ਹ ਪ੍ਰਸ਼ਾਸਨ ਅਦਾਲਤੀ ਨਿਰਦੇਸ਼ਾਂ ਨੂੰ ਲਾਗੂ ਕਰਨ ਲਈ ਤਿਆਰ ਨਹੀਂ ਹੈ।

ਇਸ ਪ੍ਰਦਰਸ਼ਨ ਦੇ ਮੱਦੇਨਜ਼ਰ ਜਵਾਬ ਪ੍ਰਸ਼ਾਸਨ ਨੇ ਇਸਲਾਮਾਬਾਦ ਤੇ ਰਾਵਲਪਿੰਡੀ, ਦੋਵਾਂ ਸ਼ਹਿਰਾਂ ਵਿੱਚ ਧਾਰਾ 144 ਲਾਗੂ ਕਰ ਦਿੱਤੀ ਹੈ। ਇਸਲਾਮਾਬਾਦ ਵਿੱਚ 'ਰੈੱਡ ਜ਼ੋਨ' ਸਮੇਤ ਕਿਸੇ ਵੀ ਜਨਤਕ ਥਾਂ 'ਤੇ 5 ਜਾਂ ਵੱਧ ਵਿਅਕਤੀਆਂ ਦੇ ਸਾਰੇ ਤਰ੍ਹਾਂ ਦੇ ਇਕੱਠਾਂ, ਰੈਲੀਆਂ ਅਤੇ ਪ੍ਰਦਰਸ਼ਨਾਂ 'ਤੇ ਦੋ ਮਹੀਨਿਆਂ ਦੀ ਪਾਬੰਦੀ ਲਗਾਈ ਗਈ ਹੈ, ਜੋ 18 ਜਨਵਰੀ 2026 ਤੱਕ ਲਾਗੂ ਰਹੇਗੀ, ਜਦਕਿ ਰਾਵਲਪਿੰਡੀ ਵਿੱਚ ਜ਼ਿਲ੍ਹਾ ਪ੍ਰਸ਼ਾਸਨ ਨੇ 1 ਦਸੰਬਰ ਤੋਂ 3 ਦਸੰਬਰ ਤੱਕ ਤਿੰਨ ਦਿਨਾਂ ਲਈ ਧਾਰਾ 144 ਲਾਗੂ ਕੀਤੀ ਹੈ, ਜਿਸ ਵਿੱਚ ਅਸਲੇ, ਪੈਟਰੋਲ ਬੰਬਾਂ ਅਤੇ ਹਿੰਸਾ ਲਈ ਵਰਤੇ ਜਾਣ ਵਾਲੇ ਕਿਸੇ ਵੀ ਯੰਤਰ ਨੂੰ ਚੁੱਕਣ 'ਤੇ ਵੀ ਮਨਾਹੀ ਹੈ।

ਜ਼ਿਕਰਯੋਗ ਹੈ ਕਿ ਦੇਸ਼ ਦੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਅਗਸਤ 2023 ਤੋਂ ਜੇਲ੍ਹ ਵਿੱਚ ਹਨ ਅਤੇ ਭ੍ਰਿਸ਼ਟਾਚਾਰ ਸਮੇਤ ਕਈ ਮਾਮਲਿਆਂ ਵਿੱਚ ਸਜ਼ਾ ਕੱਟ ਰਹੇ ਹਨ। ਪਰ ਬੀਤੇ ਕਰੀਬ 1 ਮਹੀਨੇ ਤੋਂ ਉਨ੍ਹਾਂ ਨੂੰ ਕਿਸੇ ਨਾਲ ਵੀ ਮਿਲਣ ਦੀ ਇਜਾਜ਼ਤ ਨਹੀਂ ਦਿੱਤੀ ਗਈ, ਜਿਸ ਕਾਰਨ ਉਨ੍ਹਾਂ ਦੀ ਸਿਹਤ ਨੂੰ ਲੈ ਕੇ ਚਿੰਤਾਵਾਂ ਪੈਦਾ ਹੋ ਰਹੀਆਂ ਹਨ। ਖਾਨ ਦੇ ਪਰਿਵਾਰ ਨੇ ਕਿਹਾ ਹੈ ਕਿ ਉਨ੍ਹਾਂ ਨੂੰ ਡਰ ਹੈ ਕਿ ਅਧਿਕਾਰੀ ਉਨ੍ਹਾਂ ਦੀ ਸਥਿਤੀ ਬਾਰੇ ਕੁਝ ਲੁਕਾ ਰਹੇ ਹਨ। ਇਸ ਤੋਂ ਬਾਅਦ ਬੀਤੇ ਕੁਝ ਦਿਨਾਂ ਤੋਂ ਇਮਰਾਨ ਦੀਆਂ ਮੌਤ ਦੀਆਂ ਖ਼ਬਰਾਂ ਨੇ ਸਥਿਤੀ ਹੋਰ ਜ਼ਿਆਦਾ ਤਣਾਅਪੂਰਨ ਬਣਾ ਦਿੱਤੀ ਹੈ, ਜਿਸ ਮਗਰੋਂ ਇਮਰਾਨ ਦੇ ਸਮਰਥਕਾਂ ਨੇ ਵੱਡੇ ਪੱਧਰ 'ਤੇ ਪ੍ਰਦਰਸ਼ਨ ਕਰਨ ਦਾ ਐਲਾਨ ਕੀਤਾ ਹੈ।

# ਬੰਗਲਾਦੇਸ਼ ਦੀ ਅਦਾਲਤ ਵਲੋਂ ਜ਼ਮੀਨ ਘੁਟਾਲੇ 'ਚ ਸ਼ੇਖ ਹਸੀਨਾ ਨੂੰ 5 ਸਾਲ ਦੀ ਕੈਦ

## ਯੂ.ਕੇ. ਦੀ ਸੰਸਦ ਮੈਂਬਰ ਭਾਣਜੀ ਨੂੰ ਵੀ 2 ਸਾਲ ਦੀ ਸਜ਼ਾ ਸੁਣਾਈ



ਢਾਕਾ : ਬੰਗਲਾਦੇਸ਼ ਦੀ ਇੱਕ ਅਦਾਲਤ ਨੇ ਸੋਮਵਾਰ ਨੂੰ ਜ਼ਮੀਨ ਘੁਟਾਲੇ ਦੇ ਇੱਕ ਮਾਮਲੇ 'ਚ ਅਹੁਦੇ ਤੋਂ ਹਟਾਈ ਗਈ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਨੂੰ ਪੰਜ ਸਾਲ ਦੀ ਕੈਦ ਅਤੇ ਉਸ ਦੀ ਭਾਣਜੀ ਯੂ.ਕੇ ਦੀ ਸੰਸਦ ਮੈਂਬਰ ਟਿਊਲਿਪ ਸਿੱਦੀਕ ਨੂੰ ਵੀ ਦੋ ਸਾਲ ਦੀ ਕੈਦ ਦੀ ਸਜ਼ਾ ਸੁਣਾਈ। ਸਰਕਾਰੀ ਬੀ.ਐਸ.ਐਸ ਨਿਊਜ਼ ਏਜੰਸੀ ਦੀ ਰਿਪੋਰਟ ਅਨੁਸਾਰ ਢਾਕਾ ਦੀ ਵਿਸ਼ੇਸ਼ ਜੱਜ ਅਦਾਲਤ-4 ਦੇ ਜੱਜ ਮੁਹੰਮਦ ਰਬੀਉਲ ਆਲਮ ਨੇ 17 ਲੋਕਾਂ ਵਿਰੁੱਧ ਦਰਜ ਭਿ ?ਸ਼ਟਾਚਾਰ ਦੇ ਮਾਮਲੇ ਵਿਚ ਸ਼ੇਖ ਹਸੀਨਾ ਦੀ ਭੈਣ ਸ਼ੇਖ ਰੇਹਾਨਾ ਨੂੰ ਵੀ ਸੱਤ ਸਾਲ ਦੀ ਕੈਦ ਦੀ ਸਜ਼ਾ ਸੁਣਾਈ। ਅਦਾਲਤ ਨੇ ਤਿੰਨ ਦੋਸ਼ੀਆਂ ਦੀ ਗੈਰਹਾਜ਼ਰੀ ਵਿਚ ਆਪਣਾ ਫ਼ੈਸਲਾ ਸੁਣਾਇਆ। ਬਾਕੇ ਦੀ 14 ਹੋਰ ਦੋਸ਼ੀਆਂ ਨੂੰ ਪੰਜ-ਪੰਜ ਸਾਲ ਦੀ ਕੈਦ ਦੀ ਸਜ਼ਾ ਸੁਣਾਈ ਗਈ ਹੈ। ਅਦਾਲਤ ਨੇ ਸ਼ੇਖ ਹਸੀਨਾ, ਰੇਹਾਨਾ ਅਤੇ ਸਿੱਦੀਕ ਸਮੇਤ ਸਾਰੇ 17 ਦੋਸ਼ੀਆਂ 'ਤੇ 1-1 ਲੱਖ ਰੁਪਏ ਦਾ ਜੁਰਮਾਨਾ ਵੀ ਲਗਾਇਆ, ਜਿਸ ਨੂੰ ਅਦਾ ਨਾ ਕਰਨ 'ਤੇ ਉਨ੍ਹਾਂ ਨੂੰ ਛੇ ਮਹੀਨੇ ਵਾਧੂ ਕੈਦ ਕੱਟਣੀ ਪਵੇਗੀ। ਸਿੱਦੀਕ, ਇੱਕ ਬ੍ਰਿਟਿਸ਼-ਬੰਗਲਾਦੇਸ਼ੀ ਲੇਬਰ ਪਾਰਟੀ ਦੀ ਸਿਆਸਤਦਾਨ ਹੈ ਅਤੇ ਰੇਹਾਨਾ ਦੀ ਧੀ ਹੈ ਅਤੇ 2015 ਤੋਂ ਹੈਂਪਸਟੇਡ ਅਤੇ ਹਾਈਗੇਟ ਤੋਂ ਸੰਸਦ ਮੈਂਬਰ ਰਹੀ ਹੈ। ਸ਼ੇਖ ਹਸੀਨਾ ਦੇ ਪ੍ਰਧਾਨ ਮੰਤਰੀ ਦੇ ਕਾਰਜਕਾਲ ਦੌਰਾਨ ਭ੍ਰਿਸ਼ਟਾਚਾਰ ਦੀ ਜਾਂਚ ਦੇ ਹਿੱਸੇ ਵਜੋਂ ਅਪ੍ਰੈਲ ਵਿਚ ਅੰਤਰਿਮ ਸਰਕਾਰ ਨੇ 43 ਸਾਲਾ ਸਿੱਦੀਕ ਲਈ ਗਿ ?ਫ਼ਤਾਰੀ ਵਾਰੰਟ ਜਾਰੀ ਕੀਤਾ ਸੀ। ਉਸ ਨੂੰ ਢਾਕਾ ਦੇ ਬਾਹਰੀ ਇਲਾਕੇ ਵਿਚ ਆਪਣੀ ਮਾਂ, ਭਰਾ ਅਤੇ ਭੈਣ ਲਈ ਜ਼ਮੀਨ ਦਾ ਇੱਕ ਪਲਾਟ ਪ੍ਰਾਪਤ ਕਰਨ ਲਈ ਆਪਣੀ ਮਾਸੀ ਸ਼ੇਖ ਹਸੀਨਾ ਨੂੰ ਪ੍ਰਭਾਵਿਤ ਕਰਨ ਦਾ ਦੋਸ਼ੀ ਪਾਇਆ ਗਿਆ ਸੀ। ਡੇਲੀ ਸਟਾਰ ਅਖ਼ਬਾਰ ਦੀ ਰਿਪੋਰਟ ਅਨੁਸਾਰ ਭਿ ?ਸ਼ਟਾਚਾਰ ਵਿਰੋਧੀ ਕਮਿਸ਼ਨ (ਏ.ਸੀ.ਸੀ) ਵਲੋਂ ਦਾਇਰ ਭ੍ਰਿਸ਼ਟਾਚਾਰ ਦੇ ਮਾਮਲਿਆਂ ਵਿਚ ਸ਼ੇਖ ਹਸੀਨਾ ਨਾਲ ਸੰਬੰਧਿਤ ਇਹ ਚੌਥਾ ਫ਼ੈਸਲਾ ਹੈ। ਏ.ਸੀ.ਸੀ ਨੇ 13 ਜਨਵਰੀ ਨੂੰ ਸ਼ੇਖ ਹਸੀਨਾ, ਰੇਹਾਨਾ ਅਤੇ ਸਿੱਦੀਕ ਸਮੇਤ 15 ਲੋਕਾਂ ਦੇ ਖ਼ਿਲਾਫ਼ ਜ਼ਮੀਨ ਘੁਟਾਲੇ ਦਾ ਮਾਮਲਾ ਦਾਇਰ ਕੀਤਾ ਸੀ। ਜਾਂਚ ਅਧਿਕਾਰੀ ਨੇ ਬਾਅਦ ਵਿਚ 10 ਮਾਰਚ ਨੂੰ 17 ਮੁਲਜ਼ਮਾਂ ਵਿਰੁੱਧ ਦੋਸ਼ ਪੱਤਰ ਦਾਖ਼ਲ ਕੀਤਾ ਸੀ।

### ਇਜ਼ਰਾਈਲ ਦਾ ਵੱਡਾ ਦਾਅਵਾ

# ਸੁਰੰਗਾਂ 'ਚ ਫਸੇ 40 ਹਮਾਸ ਲੜਾਕਿਆਂ ਨੂੰ ਕੀਤਾ ਢੇਰ



ਇਜ਼ਰਾਈਲ ਨੇ ਦਾਅਵਾ ਕੀਤਾ ਹੈ ਕਿ ਉਸ ਨੇ ਸੁਰੰਗਾਂ 'ਚ ਫਸੇ 40 ਹਮਾਸ ਲੜਾਕਿਆਂ ਨੂੰ ਮਾਰ ਦਿੱਤਾ ਹੈ। ਇਹ ਲੜਾਕੇ ਗਾਜ਼ਾ ਦੇ ਦੱਖਣੀ ਸ਼ਹਿਰ ਰਾਫਾ ਦੀਆਂ ਸੁਰੰਗਾਂ 'ਚ ਮੌਜੂਦ ਸਨ। ਇਜ਼ਰਾਈਲੀ ਫੌਜ ਨੇ ਕਿਹਾ ਕਿ ਹਥਿਆਰਬੰਦ ਲੜਾਕਿਆਂ ਨੂੰ ਖਤਮ ਕਰਨ ਲਈ ਰਾਫਾ 'ਚ ਮੌਜੂਦ ਸੁਰੰਗਾਂ ਨੂੰ ਤਬਾਹ ਕੀਤਾ ਜਾ ਰਿਹਾ ਹੈ।

ਪਿਛਲੇ ਹਫ਼ਤੇ ਸੁਰੰਗਾਂ ਦੇ ਅੰਦਰ 40 ਤੋਂ ਵੱਧ ਲੜਾਕੇ ਮਾਰੇ ਗਏ ਹਨ। ਇਜ਼ਰਾਈਲ ਇਸ ਤੋਂ ਪਹਿਲਾਂ ਵੀ ਰਾਫਾ 'ਚ ਕਈ ਲੜਾਕਿਆਂ ਨੂੰ ਮਾਰਨ ਅਤੇ ਗ੍ਰਿਫ਼ਤਾਰ ਕਰਨ ਦਾ ਦਾਅਵਾ ਕਰ ਚੁੱਕਾ ਹੈ। ਹਾਲਾਂਕਿ ਹਮਾਸ ਨੇ ਇਨ੍ਹਾਂ ਦਾਅਵਿਆਂ 'ਤੇ ਕੋਈ ਪ੍ਰਤੀਕਿਰਿਆ ਨਹੀਂ ਦਿੱਤੀ। ਇਜ਼ਰਾਈਲੀ ਮੀਡੀਆ ਰਿਪੋਰਟਾਂ ਦੇ ਅਨੁਸਾਰ ਰਾਫਾ ਦੀ ਜ਼ਮੀਨ ਹੇਠਾਂ ਪਿਛਲੇ 9 ਮਹੀਨਿਆਂ ਤੋਂ (ਮਾਰਚ ਤੋਂ) ਲੱਗਭਗ 200 ਹਮਾਸ ਲੜਾਕੇ ਫਸੇ ਹੋਏ ਹਨ।

ਹਮਾਸ ਦੀ ਮੰਗ ਦੇ ਬਾਵਜੂਦ ਇਜ਼ਰਾਈਲ ਉਨ੍ਹਾਂ ਨੂੰ ਬਾਹਰ ਨਿਕਲਣ ਦਾ ਰਸਤਾ ਦੇਣ ਲਈ ਤਿਆਰ ਨਹੀਂ ਹੈ। ਇਕ ਰਿਪੋਰਟ ਅਨੁਸਾਰ ਰਾਫਾ 'ਚ ਮੌਜੂਦ ਹਮਾਸ ਦੇ ਲੜਾਕੇ, ਜਿਨ੍ਹਾਂ ਨਾਲ ਪਿਛਲੇ 7-8 ਮਹੀਨਿਆਂ ਤੋਂ ਸੰਪਰਕ ਨਹੀਂ ਹੋ ਸਕਿਆ ਹੈ, ਸ਼ਾਇਦ ਇਹ ਵੀ ਪਤਾ ਨਾ ਹੋਵੇ ਕਿ ਜੰਗਬੰਦੀ ਲਾਗੂ ਹੋ ਗਈ ਹੈ। ਉਨ੍ਹਾਂ 'ਚੋਂ ਇਕ ਨੇ ਕਿਹਾ ਕਿ ਉਨ੍ਹਾਂ ਲੜਾਕਿਆਂ ਨੂੰ ਉਥੋਂ ਕੱਢਣਾ ਜੰਗਬੰਦੀ ਬਣਾਈ ਰੱਖਣ ਲਈ ਜ਼ਰੂਰੀ ਹੈ।

# ਰੂਸ ਦੇ 5 ਇਲਾਕਿਆਂ 'ਤੇ ਯੂਕ੍ਰੇਨ ਵੱਲੋਂ ਡਰੋਨ ਹਮਲਾ, 2 ਦੀ ਮੌਤ



ਕੀਵ : ਰੂਸ ਦੇ ਸਰਹੱਦੀ ਇਲਾਕੇ ਬੇਲਗੋਰੋਡ ਵਿਚ ਯੂਕ੍ਰੇਨੀ ਡਰੋਨ ਹਮਲਿਆਂ ਵਿਚ 2 ਲੋਕ ਮਾਰੇ ਗਏ ਅਤੇ 2 ਹੋਰ ਜ਼ਖਮੀ ਹੋ ਗਏ। ਸਥਾਨਕ ਅਧਿਕਾਰੀਆਂ ਨੇ ਘਟਨਾ ਦੀ ਪੁਸ਼ਟੀ ਕੀਤੀ ਹੈ। ਖੇਤਰੀ ਸੰਚਾਲਨ ਹੈੱਡਕੁਆਰਟਰ ਨੇ ਦੱਸਿਆ ਕਿ ਬੋਰੀਸੋਵਸਕੀ ਜ਼ਿਲੇ ਦੇ ਬੇਰੀਓਜ਼ੋਵਕਾ ਪਿੰਡ ਵਿਚ ਇਕ ਡਰੋਨ ਨੇ ਇਕ ਵਾਹਨ 'ਤੇ ਹਮਲਾ ਕੀਤਾ, ਜਿਸ ਨਾਲ 2 ਲੋਕਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ। ਇਕ ਹੋਰ ਡਰੋਨ ਗ੍ਰੈਵੋਰੋਨ ਜ਼ਿਲੇ ਵਿਚ ਫਟ ਗਿਆ, ਜਿਸ ਵਿਚ ਇਕ ਵਿਅਕਤੀ ਜ਼ਖਮੀ ਹੋ ਗਿਆ, ਜਿਸ ਨੂੰ ਗੰਭੀਰ ਹਾਲਤ ਵਿਚ ਹਸਪਤਾਲ 'ਚ ਦਾਖਲ ਕਰਵਾਇਆ ਗਿਆ। ਅਧਿਕਾਰੀਆਂ ਨੇ ਦੱਸਿਆ ਕਿ ਡਰੋਨ ਹਮਲੇ 5 ਥਾਵਾਂ 'ਤੇ ਹੋਏ, ਜਿਸ ਨਾਲ ਨਿੱਜੀ ਘਰਾਂ, ਵਾਹਨਾਂ ਅਤੇ ਇਮਾਰਤਾਂ ਨੂੰ ਨੁਕਸਾਨ ਪਹੁੰਚਿਆ। ਰੂਸੀ ਰੱਖਿਆ ਮੰਤਰਾਲੇ ਨੇ ਪਹਿਲਾਂ ਦੱਸਿਆ ਸੀ ਕਿ ਉਸ ਦੀਆਂ ਹਵਾਈ ਰੱਖਿਆ ਪ੍ਰਣਾਲੀਆਂ ਨੇ ਪਿਛਲੇ ਦਿਨ 230 ਡਰੋਨਾਂ ਨੂੰ ਡੇਗ ਦਿੱਤਾ ਹੈ। ਇਸ ਦੇ ਜਵਾਬ ਵਿਚ ਰੂਸ ਨੇ ਯੂਕ੍ਰੇਨ ਦੇ ਕੀਵ ਦੇ ਬਾਹਰ ਵਿਸ਼ਗੋਰੋਡ ਵਿਚ ਇਕ ਬਹੁ-ਮੰਜ਼ਿਲਾ ਰਿਹਾਇਸ਼ੀ ਇਮਾਰਤ 'ਤੇ ਮਿਜ਼ਾਈਲ ਹਮਲਾ ਕੀਤਾ, ਜਿਸ ਕਾਰਨ ਇਮਾਰਤ ਨੂੰ ਅੱਗ ਲੱਗ ਗਈ। ਸਥਾਨਕ ਅਧਿਕਾਰੀਆਂ ਨੇ ਦੱਸਿਆ ਕਿ ਹਮਲੇ ਵਿਚ 1 ਵਿਅਕਤੀ ਦੀ ਮੌਤ ਹੋ ਗਈ ਅਤੇ 4 ਬੱਚਿਆਂ ਸਮੇਤ 19 ਹੋਰ ਜ਼ਖਮੀ ਹੋ ਗਏ। ਇਕ ਦਿਨ ਪਹਿਲਾਂ ਯੂਕ੍ਰੇਨ ਨੇ ਕਾਲਾ ਸਾਗਰ ਵਿਚ ਰੂਸ ਦੇ ਤੇਲ ਟੈਂਕਰਾਂ 'ਤੇ ਇਕ ਵੱਡਾ ਹਮਲਾ ਕੀਤਾ ਸੀ। ਯੂਕ੍ਰੇਨੀ ਸੁਰੱਖਿਆ ਸੇਵਾਵਾਂ ਨੇ ਦਾਅਵਾ ਕੀਤਾ ਕਿ ਉਨ੍ਹਾਂ ਦੇ 'ਸੀ ਬੇਬੀ' ਸਮੁੰਦਰੀ ਡਰੋਨਾਂ ਨੇ 2 ਰੂਸੀ ਤੇਲ ਟੈਂਕਰਾਂ 'ਵਿਰਾਟ' ਅਤੇ 'ਕਾਇਰੋਸ' 'ਤੇ ਹਮਲਾ ਕੀਤਾ, ਜੋ ਅੰਤਰਰਾਸ਼ਟਰੀ ਪਾਬੰਦੀਆਂ ਦੀ ਉਲੰਘਣਾ ਕਰ ਕੇ ਰੂਸੀ ਤੇਲ ਦੀ ਸਮੱਗਲਿੰਗ ਕਰ ਰਹੇ ਸਨ।

# 328 ਪਾਵਨ ਸਰੂਪਾਂ ਦੇ ਮਾਮਲੇ 'ਚ ਇਨਸਾਫ਼ ਸੰਬੰਧੀ 7 ਨੂੰ ਅੰਮ੍ਰਿਤਸਰ 'ਚ ਕੀਤਾ ਜਾਵੇਗਾ ਵਿਸ਼ਾਲ ਇਕੱਠ : ਡੱਲੇਵਾਲ

## ਇਨਸਾਫ਼ ਮਿਲਣ ਤੱਕ ਸੰਘਰਸ਼ ਜਾਰੀ ਰੱਖਿਆ ਜਾਵੇਗਾ : ਭਾਈ ਵਡਾਲਾ



ਜਲੰਧਰ : ਸੰਯੁਕਤ ਕਿਸਾਨ ਮੋਰਚਾ (ਗੈਰ-ਰਾਜਨੀਤਕ) ਦੇ ਪ੍ਰਧਾਨ ਜਗਜੀਤ ਸਿੰਘ ਡੱਲੇਵਾਲ ਨੇ 328 ਸਰੂਪਾਂ ਦੇ ਮਾਮਲੇ 'ਚ ਪਿਛਲੇ ਲੰਬੇ ਸਮੇਂ ਤੋਂ ਇਨਸਾਫ਼ ਦੀ ਲੜਾਈ ਲੜ ਰਹੇ ਭਾਈ ਬਲਦੇਵ ਸਿੰਘ ਵਡਾਲਾ ਪ੍ਰਮੁੱਖ ਆਗੂ ਸਿੱਖ ਸਦਭਾਵਨਾ ਦਲ ਨਾਲ ਪੂਰੀ ਤਰ੍ਹਾਂ ਨਾਲ ਇਕਜੁੱਟਤਾ ਦਾ ਪ੍ਰਗਟਾਵਾ ਕਰਦੇ ਹੋਏ 7 ਦਸੰਬਰ ਨੂੰ ਅੰਮ੍ਰਿਤਸਰ ਵਿਖੇ ਇਕ ਵਿਸ਼ਾਲ ਇਕੱਠ ਕਰਨ ਦਾ ਐਲਾਨ ਕੀਤਾ ਹੈ। ਉਨ੍ਹਾਂ ਇੱਥੇ ਪੱਤਰਕਾਰ ਸੰਮੇਲਨ 'ਚ ਉਕਤ ਐਲਾਨ ਕਰਦਿਆਂ ਕਿਹਾ ਕਿ ਭਾਈ ਬਲਦੇਵ ਸਿੰਘ ਵਡਾਲਾ ਤੇ ਉਨ੍ਹਾਂ ਦੇ ਸਾਥੀ ਪਿਛਲੇ ਲੰਬੇ ਸਮੇਂ ਤੋਂ 328 ਪਾਵਨ ਸਰੂਪਾਂ ਦੇ ਮਾਮਲੇ 'ਚ ਇਨਸਾਫ ਦੀ ਲੜਾਈ ਲੜ ਰਹੀ ਹਨ ਪਰ ਸਰਕਾਰਾਂ ਵਲੋਂ ਉਨ੍ਹਾਂ ਨੂੰ ਇਨਸਾਫ ਨਹੀਂ ਦਿੱਤਾ ਜਾ ਰਿਹਾ। ਇਸ ਮੌਕੇ ਉਨ੍ਹਾਂ ਦੇ ਨਾਲ ਬਲਦੇਵ ਸਿੰਘ ਸਿਰਸਾ, ਮਨਪ੍ਰੀਤ ਸਿੰਘ ਬਾਠ, ਦਿਲਬਾਗ ਸਿੰਘ, ਗੁਰਨਾਮ ਸਿੰਘ ਜਹਾਣਪੁਰ, ਅਮਰਜੀਤ ਸਿੰਘ ਰੜਾ, ਭਾਈ ਗੁਰਮੀਤ ਸਿੰਘ ਥੂਹੀ, ਭਾਈ ਗੁਰਬਚਨ ਸਿੰਘ, ਭਾਈ ਅਵਤਾਰ ਸਿੰਘ ਕਮਾਂਡੋ, ਭਾਈ ਜਗਿੰਦਰ ਸਿੰਘ ਸਵਰਾਜਪੁਰ, ਭਾਈ ਨਿਸ਼ਾਨ ਸਿੰਘ, ਭਾਈ ਸੁਰਿੰਦਰ ਸਿੰਘ, ਭਾਈ ਸਰਬਜੀਤ ਸਿੰਘ, ਭਾਈ ਹਰਪਿੰਦਰ ਸਿੰਘ ਭਿੰਦਾ ਤੇ ਜਥੇਦਾਰ ਕੁਲਵਿੰਦਰ ਸਿੰਘ ਮਛਿਆਣਾ ਆਦਿ ਵੀ ਮੌਜੂਦ ਸਨ।

# ਤਰਨ ਤਾਰਨ 'ਚ ਲੁਟੇਰਿਆਂ ਵਲੋਂ ਦੁਕਾਨਦਾਰ ਦੀ ਗੋਲੀਆਂ ਮਾਰ ਕੇ ਹੱਤਿਆ



ਰਾਹਗੀਰ 'ਤੇ ਗੋਲੀਆਂ ਚਲਾਉਂਦੇ ਹੋਏ ਮੋਟਰਸਾਈਕਲ ਸਵਾਰ ਲੁਟੇਰੇ ਤੇ (ਹਾਸ਼ੀਏ 'ਚ) ਦਲਜੀਤ ਸਿੰਘ ਦੀ ਪੁਰਾਣੀ ਤਸਵੀਰ।

ਤਰਨ ਤਾਰਨ : ਤਰਨ ਤਾਰਨ ਦੇ ਨਜ਼ਦੀਕੀ ਪਿੰਡ ਭੁੱਲਰ ਵਿਖੇ ਦਿਨ-ਦਿਹਾੜੇ ਨਕਾਬਪੋਸ਼ ਲੁਟੇਰਿਆਂ ਨੇ ਇਕ ਕਰਿਆਨਾ ਵਪਾਰੀ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਅਤੇ ਗੱਲੇ 'ਚੋਂ ਪੈਸੇ ਲੈ ਕੇ ਫ਼ਰਾਰ ਹੋ ਗਏ। ਜਾਂਦੇ ਸਮੇਂ ਲੁਟੇਰਿਆਂ ਨੂੰ ਇਕ ਰਾਹਗੀਰ ਵਲੋਂ ਪੱਥਰ ਮਾਰ ਕੇ ਰੋਕਣ ਦੀ ਕੋਸ਼ਿਸ਼ ਕਰਨ 'ਤੇ ਲੁਟੇਰਿਆਂ ਨੇ ਉਸ 'ਤੇ ਵੀ ਗੋਲੀਆਂ ਚਲਾਈਆਂ ਪਰ ਉਹ ਬਚ ਗਿਆ। ਘਟਨਾ ਦੀ ਜਾਣਕਾਰੀ ਮਿਲਦਿਆਂ ਹੀ ਪੁਲਿਸ ਦੇ ਉੱਚ ਅਧਿਕਾਰੀ ਮੌਕੇ 'ਤੇ ਪਹੁੰਚ ਗਏ ਤੇ ਕਾਰਵਾਈ ਸ਼ੁਰੂ ਕਰ ਦਿੱਤੀ। ਪ੍ਰਾਪਤ ਜਾਣਕਾਰੀ ਅਨੁਸਾਰ ਦਲਜੀਤ ਸਿੰਘ ਪੁੱਤਰ ਖਜਾਨ ਸਿੰਘ ਵਾਸੀ ਪਿੰਡ ਭੁੱਲਰ ਪਿੰਡ ਦੇ ਬਾਹਰਵਾਰ ਕਰਿਆਨੇ ਦੀ ਦੁਕਾਨ ਕਰਦਾ ਸੀ। ਦੁਕਾਨ ਦੇ ਪਿੱਛੇ ਹੀ ਉਸ ਨੇ ਆਟੇ ਦੀ ਚੱਕੀ ਲਗਾਈ ਹੋਈ ਸੀ। ਦਲਜੀਤ ਸਿੰਘ ਦਾ ਪਿਤਾ ਖਜਾਨ ਸਿੰਘ ਸਾਬਕਾ ਸਰਪੰਚ ਹੈ। ਸੋਮਵਾਰ ਨੂੰ ਦੁਪਹਿਰ ਇਕ ਵਜੇ ਦੇ ਕਰੀਬ ਦਲਜੀਤ ਸਿੰਘ (42) ਆਪਣੀ ਪਤਨੀ ਸਰਬਜੀਤ ਕੌਰ ਅਤੇ ਛੋਟੇ ਲੜਕੇ ਸਿਮਰਨਜੀਤ ਸਿੰਘ ਨਾਲ ਆਪਣੀ ਦੁਕਾਨ 'ਤੇ ਬੈਠਾ ਸੀ। ਇਸੇ ਦੌਰਾਨ ਹੀਰੋ ਡੀਲਕਸ ਮੋਟਰਸਾਈਕਲ 'ਤੇ 2 ਨਕਾਬਪੋਸ਼ ਹਥਿਆਰਬੰਦ ਲੁਟੇਰੇ ਦੁਕਾਨ ਵਿਚ ਦਾਖ਼ਲ ਹੋਏ ਅਤੇ ਉਨ੍ਹਾਂ ਨੇ ਦਲਜੀਤ ਸਿੰਘ ਕੋਲੋਂ ਪੈਸਿਆਂ ਦੀ ਮੰਗ ਕੀਤੀ। ਦਲਜੀਤ ਸਿੰਘ ਨੇ ਜਦ ਲੁਟੇਰਿਆਂ ਨੂੰ ਪੈਸੇ ਦੇਣ ਤੋਂ ਮਨ੍ਹਾਂ ਕਰ ਦਿੱਤਾ ਤਾਂ ਉਹ ਆਪਸ 'ਚ ਗੁੱਥਮ ਗੁੱਥਾ ਹੋ ਗਏ। ਇਸੇ ਦੌਰਾਨ ਲੁਟੇਰਿਆਂ ਨੇ ਆਪਣੇ ਪਿਸਤੌਲ ਨਾਲ ਦਲਜੀਤ ਸਿੰਘ ਉਪਰ ਗੋਲੀਆਂ ਚਲਾ ਦਿੱਤੀਆਂ, ਜਿਸ ਕਾਰਨ ਦਲਜੀਤ ਸਿੰਘ ਜ਼ਮੀਨ 'ਤੇ ਡਿੱਗ ਪਿਆ। ਦਲਜੀਤ ਸਿੰਘ ਦੀ ਪਤਨੀ ਸਰਬਜੀਤ ਕੌਰ ਅਤੇ ਲੜਕੇ ਸਿਮਰਨਜੀਤ ਸਿੰਘ ਦਲਜੀਤ ਸਿੰਘ ਨੂੰ ਸੰਭਾਲਣ ਲੱਗੇ। ਗੋਲੀਆਂ ਮਾਰਨ ਤੋਂ ਬਾਅਦ ਦੋਵੇਂ ਲੁਟੇਰੇ ਦੁਕਾਨ ਦੇ ਗੱਲੇ 'ਚੋਂ ਪੈਸੇ ਲੁੱਟ ਕੇ ਮੋਟਰਸਾਈਕਲ 'ਤੇ ਫਰਾਰ ਹੋਣ ਲੱਗੇ ਤਾਂ ਦੁਕਾਨ ਦੇ ਬਾਹਰ ਪਿੰਡ ਦੇ ਇਕ ਵਿਅਕਤੀ ਨੇ ਲੁਟੇਰਿਆਂ ਨੂੰ ਰੋਕਣ ਦੀ ਕੋਸ਼ਿਸ਼ ਕਰਦਿਆਂ ਉਨ੍ਹਾਂ ਨੂੰ ਪੱਥਰ ਮਾਰੇ ਤਾਂ ਲੁਟੇਰਿਆਂ ਨੇ ਉਸ ਉਪਰ ਵੀ ਗੋਲੀਆਂ ਚਲਾਈਆਂ, ਪਰ ਉਸ ਵਿਅਕਤੀ ਨੂੰ ਗੋਲੀ ਨਹੀਂ ਲੱਗੀ ਅਤੇ ਲੁਟੇਰੇ ਮੋਟਰਸਾਈਕਲ 'ਤੇ ਫਰਾਰ ਹੋ ਗਏ। ਜ਼ਖ਼ਮੀ ਹਾਲਤ 'ਚ ਦਲਜੀਤ ਸਿੰਘ ਨੂੰ ਗੁਰੂ ਨਾਨਕ ਦੇਵ ਹਸਪਤਾਲ ਵਿਖੇ ਲਿਆਂਦਾ ਗਿਆ, ਜਿਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਕਰਾਰ ਦਿੱਤਾ। ਦਲਜੀਤ ਸਿੰਘ ਦੇ ਸਰੀਰ ਉਪਰ ਤਿੰਨ ਗੋਲੀਆਂ ਲੱਗੀਆਂ। ਘਟਨਾ ਦੀ ਜਾਣਕਾਰੀ ਮਿਲਦਿਆਂ ਹੀ ਡੀ.ਐੱਸ.ਪੀ. ਸੁਖਬੀਰ ਸਿੰਘ, ਐੱਸ.ਐੱਚ.ਓ. ਸਦਰ ਰਣਜੀਤ ਸਿੰਘ ਤੇ ਹੋਰ ਉੱਚ ਅਧਿਕਾਰੀ ਮੌਕੇ 'ਤੇ ਪਹੁੰਚ ਗਏ। ਇਹ ਸਾਰੀ ਘਟਨਾ ਦੁਕਾਨ ਦੇ ਅੰਦਰ ਅਤੇ ਬਾਹਰ ਲੱਗੇ ਸੀ.ਸੀ.ਟੀ.ਵੀ. ਕੈਮਰਿਆਂ 'ਚ ਕੈਦ ਹੋ ਗਈ। ਇਸ ਸੰਬੰਧੀ ਐੱਸ.ਐੱਸ.ਪੀ. ਸੁਰਿੰਦਰ ਲਾਂਬਾ ਨੇ ਲੁਟੇਰਿਆਂ ਦੀਆਂ ਸੀ.ਸੀ.ਟੀ.ਵੀ ਕੈਮਰਿਆਂ 'ਚ ਤਸਵੀਰਾਂ ਜਾਰੀ ਕਰਕੇ ਕਿਹਾ ਕਿ ਪੁਲਿਸ ਵਲੋਂ ਲੁਟੇਰਿਆਂ ਦੀ ਭਾਲ ਕੀਤੀ ਜਾ ਰਹੀ ਹੈ ਤੇ ਇਨ੍ਹਾਂ ਨੂੰ ਜਲਦ ਗ੍ਰਿਫ਼ਤਾਰ ਕਰ ਲਿਆ ਜਾਵੇਗਾ।

# ਰਜਿੰਦਰ ਸਿੰਘ ਮਾਰਸ਼ਲ ਲੜਨਗੇ ਮਿਆਣੀ ਜ਼ੋਨ ਤੋਂ ਜ਼ਿਲ੍ਹਾ ਪਰਿਸ਼ਦ ਦੀ ਚੋਣ

## ਲੁਬਾਣਾ ਬਰਾਦਰੀ ਵਿੱਚ ਦੌੜੀ ਖੁਸ਼ੀ ਦੀ ਲਹਿਰ



ਟਾਂਡਾ ਉੜਮੁੜ, (ਰਵਿੰਦਰ ਸਿੰਘ ਟਾਂਡਾ) : 14 ਦਸੰਬਰ ਨੂੰ ਪੰਜਾਬ ਭਰ ਵਿੱਚ ਪੈ ਰਹੀਆਂ ਬਲਾਕ ਸੰਮਤੀ ਅਤੇ ਜ਼ਿਲ੍ਹਾ ਪਰਿਸ਼ਦ ਚੋਣਾਂ ਲਈ ਉਮੀਦਵਾਰਾਂ ਦੇ ਨਾਵਾਂ ਦਾ ਐਲਾਨ ਵੱਖ ਵੱਖ ਪਾਰਟੀਆਂ ਵੱਲੋਂ ਕੀਤਾ ਜਾ ਰਿਹਾ ਹੈ ਹਲਕਾ ਟਾਂਡਾ ਵਿਖੇ ਪੈਂਦੇ ਤਿੰਨ ਜ਼ਿਲ੍ਹਾ ਪ੍ਰੀਸ਼ਦ ਜੋਨਾਂ ਵਿੱਚੋਂ ਮਿਆਣੀ ਜੋਨ ਦੀ ਟਿਕਟ ਆਮ ਆਦਮੀ ਪਾਰਟੀ ਵੱਲੋਂ ਰਜਿੰਦਰ ਸਿੰਘ ਮਾਰਸਲ ਨੂੰ ਦਿੱਤੀ ਗਈ ਹੈ ਜੋ ਕੇ ਲੁਬਾਣਾ ਬਰਾਦਰੀ ਨਾਲ ਸੰਬੰਧਿਤ ਹਨ ਜਿਸ ਦਾ ਭਰਵਾਂ ਸਵਾਗਤ ਕੀਤਾ ਜਾ ਰਿਹਾ ਹੈ ਬੇਟ ਖੇਤਰ ਦੀਆਂ ਲਗਭਗ ਸਾਰੀਆਂ ਪੰਚਾਇਤਾਂ ਵੱਲੋਂ ਇਸ ਨੂੰ ਲਬਾਣਾ ਬਰਾਦਰੀ ਦੀ ਵੱਡੀ ਜਿੱਤ ਦੇ ਤੌਰ ਤੇ ਲਿਆ ਜਾ ਰਿਹਾ ਹੈ ਇਥੇ ਦੱਸ ਦਈਏ ਕਿ ਇਸ ਤੋਂ ਪਹਿਲਾਂ ਪੰਜਾਬ ਵਿੱਚ ਅਕਾਲੀ ਭਾਜਪਾ ਅਤੇ ਕਾਂਗਰਸ ਸਰਕਾਰ ਵੱਲੋਂ ਹਮੇਸ਼ਾ ਲਬਾਣਾ ਬਰਾਦਰੀ ਨੂੰ ਜਿੱਥੇ ਸਰਕਾਰ ਵਿੱਚ ਵਜਾਰਤ ਮਿਲਦੀ ਰਹੀ ਹੈ ਉਥੇ ਇਸਦੇ ਨਾਲ ਨਾਲ ਪੰਜਾਬ ਪੱਧਰ ਦੀਆਂ ਚੇਅਰਮੈਨੀਆਂ ਵੀ ਲਬਾਣਾ ਬਰਾਦਰ ਨੂੰ ਦਿੱਤੀਆਂ ਜਾਂਦੀਆਂ ਰਹੀਆਂ ਹਨ ਪਰੰਤੂ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਉਪਰੰਤ ਇਸ ਬਰਾਦਰੀ ਨੂੰ ਬਣਦਾ ਮਾਨ ਸਤਿਕਾਰ ਨਹੀਂ ਸੀ ਮਿਲਿਆ ਜਿਸ ਕਾਰਨ ਇਸ ਬਰਾਦਰੀ ਅੰਦਰ ਕਿਤੇ ਨਾ ਕਿਤੇ ਸਰਕਾਰ ਪ੍ਰਤੀ ਰੋਸ ਨਜ਼ਰ ਆ ਰਿਹਾ ਸੀ ਹੁਣ ਜਦੋਂ ਰਜਿੰਦਰ ਸਿੰਘ ਮਾਰਸ਼ਲ ਨੂੰ ਜ਼ਿਲ੍ਹਾ ਪਰਿਸ਼ਦ ਦੇ ਉਮੀਦਵਾਰ ਦਾ ਐਲਾਨ ਕੀਤਾ ਗਿਆ ਤਾਂ ਬੇਟ ਖੇਤਰ ਵਿਚ ਖੁਸ਼ੀ ਦੀ ਲਹਿਰ ਮਹਿਸੂਸ ਕੀਤੀ ਗਈ। ਦੂਜੇ ਪਾਸੇ ਇਹ ਵੀ ਚਰਚਾ ਚੱਲ ਰਹੀ ਹੈ ਕਿ ਦੂਜੀਆਂ ਪਾਰਟੀਆਂ ਕੋਲ ਰਜਿੰਦਰ ਸਿੰਘ ਮਾਰਸ਼ਲ ਦੇ ਕੱਦ ਦਾ ਉਮੀਦਵਾਰ ਲੱਭਣਾ ਮੁਸ਼ਕਿਲ ਹੈ ਇਸੇ ਲਈ ਇਹ ਮੰਨਿਆ ਜਾ ਰਿਹਾ ਹੈ ਕਿ ਉਹ ਜਿਲਾ ਪਰਿਸ਼ਦ ਦੇ ਨਾਲ ਨਾਲ ਬਲਾਕ ਸਮਤੀ ਮੈਂਬਰਾਂ ਲਈ ਵੀ ਜਿੱਤ ਵਿੱਚ ਸਹਾਈ ਹੋਣਗੇ। ਅਗਲੇ ਦੋ ਤਿੰਨ ਦਿਨਾਂ ਵਿੱਚ ਕੀ ਸਥਿਤੀ ਬਣਦੀ ਹੈ ਉਸ ਨਾਲ ਸਭ ਕੁਝ ਸਾਹਮਣੇ ਆ ਜਾਵੇਗਾ ਕਿਉਂਕਿ ਇੱਕ ਦੋ ਦਿਨਾਂ ਵਿੱਚ ਸਾਰੀਆਂ ਪਾਰਟੀਆਂ ਵੱਲੋਂ ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਜਾਵੇਗਾ ਵੇਟ ਖੇਤਰ ਦੀਆਂ ਵੱਡੀ ਗਿਣਤੀ ਪੰਚਾਇਤਾਂ ਵੱਲੋਂ ਹਲਕਾ ਵਿਧਾਇਕ ਜਸਵੀਰ ਸਿੰਘ ਰਾਜਾ ਦਾ ਇਸ ਗੱਲੋਂ ਧੰਨਵਾਦ ਕੀਤਾ ਜਾ ਰਿਹਾ ਹੈ ਕਿ ਉਹਨਾਂ ਨੇ ਇੱਕ ਸੂਝਵਾਨ ਪੜੇ ਲਿਖੇ ਨੇਕ ਦਿਲ ਨੇਕ ਦਿਲ ਇਨਸਾਨ ਨੂੰ ਜਿਲਾ ਪਰਿਸ਼ਦ ਦੇ ਉਮੀਦਵਾਰ ਵਜੋਂ ਖੜਾ ਕੀਤਾ ਗਿਆ ਹੈ। ਇਸ ਸਬੰਧੀ ਰਜਿੰਦਰ ਸਿੰਘ ਮਾਰਸਲ ਨਾਲ ਗੱਲਬਾਤ ਦੌਰਾਨ ਉਹਨਾਂ ਦੱਸਿਆ ਕਿ ਉਹਨਾਂ ਦਾ ਮਕਸਦ ਸਮਾਜ ਦੀ ਸੇਵਾ ਕਰਨਾ ਹੈ ਤੇ ਉਹ ਇਸ ਪੱਖ ਤੋਂ ਕਦੀ ਪਿੱਛੇ ਨਹੀਂ ਹਟਣਗੇ ਟਿਕਟ ਦੇ ਐਲਾਨ ਮੌਕੇ ਹਲਕੇ ਦੇ ਕਈ ਪਤਵੰਤ ਹਾਜ਼ਰ ਸਨ ਜਿਨਾਂ ਵਿੱਚ ਸਮਾਜ ਸੇਵੀ ਸੁਖਵਿੰਦਰ ਸਿੰਘ ਅਰੋੜਾ, ਜਸਵੰਤ ਸਿੰਘ ਬਿੱਟੂ, ਕੇਸ਼ਵ ਸਿੰਘ ਸੈਣੀ, ਸੋਨੂ ਮਾਰਸ਼ਲ, ਸੇਠੀ ਜਲਾਲਪੁਰ, ਰਕੇਸ਼ ਡੇਜੀ, ਭਾਰਤ ਭੂਸ਼ਣ ਮੈਦਾਨ, ਸੇਵਾ ਸਿੰਘ, ਬੱਬੂ ਸੰਦਾਵਾਲੀਆ, ਨਰੇਸ਼ ਜ਼ੈਨ, ਦਲਵੀਰ ਗਿੱਲ, ਅੰਸ਼ ਅਤੇ ਹੋਰ ਹਾਜ਼ਰ ਸਨ।

# ਸਰ ਮਾਰਸ਼ਲ ਕਾਨਵੈਂਟ ਸਕੂਲ ਨੈਣੋਵਾਲ ਵੈਦ ਦਾ ਸਾਲਾਨਾ ਸਮਾਗਮ ਹੋਇਆ ਸੰਪੰਨ





ਟਾਂਡਾ ਉੜਮੁੜ, (ਰਵਿੰਦਰ ਸਿੰਘ ਟਾਂਡਾ) : ਸਰ ਮਾਰਸ਼ਲ ਐਜੂਕੇਸ਼ਨਲ ਸੋਸਾਇਟੀ ਦੇ ਚੇਅਰਮੈਨ ਰਜਿੰਦਰ ਸਿੰਘ ਮਾਰਸ਼ਲ ਦੇ ਦਿਸ਼ਾ-ਨਿਰਦੇਸ਼ਾਂ ਅਧੀਨ ਪ੍ਰਿੰਸੀਪਲ ਪਰਵਿੰਦਰ ਸਿੰਘ ਦੀ ਅਗਵਾਈ ਵਿੱਚ ਹੋਏ ਸਮਾਗਮ ਦੌਰਾਨ ਐੱਮ. ਐੱਲ. ਏ. ਜਸਵੀਰ ਸਿੰਘ ਰਾਜਾ ਗਿੱਲ, ਲੈਫਟੀਨੈਂਟ ਸਹਿਜਲਦੀਪ ਕੌਰ, ਸੰਦੀਪ ਸਿੰਘ ਸਿਕਰੀ, ਮਾਤਾ ਹਰਭਜਨ ਕੌਰ ਜੀ,ਬਲਵਿੰਦਰ ਕੌਰ ਮਾਰਸ਼ਲ, ਕੁਲਵੰਤ ਸਿੰਘ ਮਾਰਸ਼ਲ, ਸੁੱਖਵਿੰਦਰ ਸਿੰਘ ਅਰੋੜਾ, ਨਰਿੰਦਰ ਸਿੰਘ ਸਰਪੰਚ ਨੈਣੋਵਾਲ ਵੈਦ, ਗੋਲਡੀ ਨਰਵਾਲ ਸਰਪੰਚ ਜੋੜਾ, ਪੱਤਰਕਾਰ ਮੰਚ, ਬਰਿੰਦਰ ਵਾਲੀ, ਗੁਰਮੇਲ ਸਿੰਘ, ਨਰੇਸ਼ ਕੁਮਾਰ, ਸਤਨਾਮ ਸਿੰਘ ਢਿੱਲੋਂ ਮੁੱਖ ਮਹਿਮਾਨ ਦੇ ਰੂਪ ਵਿੱਚ ਸ਼ਾਮਲ ਹੋਏ। ਸਮਾਗਮ ਵਿੱਚ ਨਰਸਰੀ ਕਲਾਸ ਤੋਂ ਲੈ ਕੇ ਦਸਵੀਂ ਕਲਾਸ ਦੇ ਵਿਦਿਆਰਥੀਆਂ ਨੇ ਭਾਗ ਲਿਆ। ਸਮਾਗਮ ਦਾ ਆਗਾਜ਼ ਬੱਚਿਆਂ ਵੱਲੋਂ ਧਾਰਮਿਕ ਗੀਤ ਨਾਲ ਕੀਤਾ ਗਿਆ। ਜਿਸ ਤੋਂ ਬਾਅਦ ਵਿਦਿਆਰਥੀਆਂ ਨੇ ਪੰਜਾਬੀ ਸੱਭਿਆਚਾਰ ਦੀਆਂ ਵੱਖ-ਵੱਖ ਵੰਨਗੀਆਂ ਪੇਸ਼ ਕੀਤੀਆਂ, ਨਾਟਕ, ਝੂਮਰ ਤੇ ਅਖ਼ੀਰ ਵਿੱਚ ਗਿੱਧੇ ਅਤੇ ਭੰਗੜੇ ਦੀ ਸ਼ਾਨਦਾਰ ਪੇਸ਼ਕਸ਼ ਨੇ ਸਮਾਗਮ ਨੂੰ ਚਾਰ ਚੰਨ ਲਗਾ ਦਿੱਤੇ। ਇਸ ਮੌਕੇ ਚੇਅਰਮੈਨ ਰਜਿੰਦਰ ਸਿੰਘ ਮਾਰਸ਼ਲ ਨੇ ਸਕੂਲ ਦੀਆਂ ਪ੍ਰਾਪਤੀਆਂ ਬਾਰੇ ਜਾਣਕਾਰੀ ਦਿੰਦੇ ਹੋਏ ਮੁੱਖ ਮਹਿਮਾਨਾਂ ਦਾ ਸਵਾਗਤ ਕੀਤਾ। ਸਮਾਗਮ ਦੌਰਾਨ ਹੋਣਹਾਰ ਵਿਦਿਆਰਥੀਆਂ ਦਾ ਸਨਮਾਨ ਕਰਦੇ ਹੋਏ ਮੁੱਖ ਮਹਿਮਾਨਾਂ ਦੇ ਦੁਆਰਾ ਸਿੱਖਿਆ ਦੇ ਪ੍ਰਸਾਰ ਵਿਚ ਸਰ ਮਾਰਸ਼ਲ ਸੰਸਥਾਵਾਂ ਦੇ ਯੋਗਦਾਨ ਦੀ ਸ਼ਲਾਘਾ ਕਰਦੇ ਹੋਏ ਵਿਦਿਆਰਥੀਆਂ ਨੂੰ ਸੇਧ ਭਰੀਆਂ ਗੱਲਾਂ ਨਾਲ ਨਿਵਾਜਿਆ ਅਤੇ ਪੜ੍ਹਾਈ ਵਿੱਚ ਸਖ਼ਤ ਮਿਹਨਤ ਕਰਨ ਦੀ ਪ੍ਰੇਰਨਾ ਦਿੱਤੀ।

ਇਸ ਮੌਕੇ 'ਤੇ ਸਰ ਮਾਰਸ਼ਲ ਕਾਨਵੈਂਟ ਸਕੂਲ ਭਲਿਆਲਾ ਦੇ ਪ੍ਰਿੰਸੀਪਲ ਰਮਨਦੀਪ ਸਿੰਘ ਅਤੇ ਸਮੂਹ ਸਟਾਫ਼ ਮੈਂਬਰ, ਸਰ ਮਾਰਸ਼ਲ ਸਕੂਲ ਬੈਂਸ ਅਵਾਨ ਦੇ ਪ੍ਰਿੰਸੀਪਲ ਗਾਇਤਰੀ ਅਤੇ ਸਮੂਹ ਸਟਾਫ਼ ਮੈਂਬਰ, ਸਰ ਮਾਰਸ਼ਲ ਕਾਨਵੈਂਟ ਸਕੂਲ ਵੈਦ ਦੇ ਵਾਈਸ ਪ੍ਰਿੰਸੀਪਲ ਸਰਬਜੀਤ ਕੌਰ, ਅਧਿਆਪਕ ਮਨਦੀਪ ਸਿੰਘ, ਸੁਖਲਿੰਦਰਪਾਲ ਸਿੰਘ , ਦਲਜੀਤ ਕੌਰ, ਇੰਦੂ, ਕਿਰਨਦੀਪ ਕੌਰ, ਸਿਮਰਪ੍ਰੀਤ, ਅਮਨਦੀਪ ਕੌਰ, ਗੁਰਪ੍ਰੀਤ ਕੌਰ, ਮੋਨਿਕਾ, ਨੀਲਮਾ ਦੇਵੀ, ਬਬੀਤਾ, ਰਾਜਪ੍ਰੀਤ ਕੌਰ, ਇੰਦਰਵੀਰ ਕੌਰ, ਸੰਦੀਪ ਕੌਰ, ਰਾਜਦੀਪ ਕੌਰ, ਨਵਨੀਤ ਕੌਰ, ਪਰਮਦੀਪ ਕੌਰ, ਅਕਰਸ਼ਦੀਪ ਕੌਰ, ਰਮਨਦੀਪ ਕੌਰ ਆਦਿ ਮੌਜੂਦ ਸਨ।

# ਵਿਧਾਇਕ ਰਾਜਾ ਵੱਲੋਂ ਜ਼ਿਲ੍ਹਾ ਪ੍ਰੀਸ਼ਦ ਲਈ ਰਜਿੰਦਰ ਮਾਰਸ਼ਲ ਸਮੇਤ ਬਲਾਕ ਸੰਮਤੀ ਲਈ 'ਆਪ' ਦੇ ਉਮੀਦਵਾਰ ਦਾ ਐਲਾਨ



ਪਾਰਟੀ ਉਮੀਦਵਾਰ ਨਾਲ ਵਿਧਾਇਕ ਜਸਵੀਰ ਸਿੰਘ ਰਾਜਾ, ਰਜਿੰਦਰ ਸਿੰਘ ਮਾਰਸ਼ਲ ਅਤੇ ਹੋਰ।

ਟਾਂਡਾ ਉੜਮੁੜ, (ਰਵਿੰਦਰ ਸਿੰਘ ਟਾਂਡਾ) : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਸੂਬੇ ਨੂੰ ਇਕ ਨੰਬਰ ਬਣਾਉਣ ਲਈ ਯਤਨਸ਼ੀਲ ਹਨ ਅਤੇ ਆਉਣ ਵਾਲੀਆਂ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਚੋਣਾਂ ਵਿੱਚ ਪਾਰਟੀ ਹੂੰਝਾ ਫਿਰ ਜਿੱਤ ਪ੍ਰਾਪਤ ਕਰੇਗੀ। ਉਕਤ ਵਿਚਾਰ ਜਸਵੀਰ ਸਿੰਘ ਰਾਜਾ ਗਿੱਲ ਵਿਧਾਇਕ ਉੜਮੁੜ ਟਾਂਡਾ ਨੇ ਗੋਲਡਨ ਪੈਲਸ ਪਿੰਡ ਬੈਂਸ-ਅਵਾਨ ਵਿਖੇ ਪਾਰਟੀ ਵਰਕਰਾਂ ਦੀ ਮੀਟਿੰਗ ਦੌਰਾਨ ਕੀਤਾ। ਉਨ੍ਹਾਂ ਇਸ ਮੌਕੇ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਲਈ ਜ਼ਿਲ੍ਹਾ ਪ੍ਰੀਸ਼ਦ ਜ਼ੋਨ ਮਿਆਣੀ ਤੋਂ ਰਜਿੰਦਰ ਸਿੰਘ ਮਾਰਸ਼ਲ ਤੋਂ ਹੀ ਇਲਾਵਾ ਬਲਾਕ ਸੰਮਤੀਆਂ ਲਈ ਟਾਹਲੀ ਜ਼ੋਨ ਤੋਂ ਹਰਜਿੰਦਰ ਕੌਰ, ਜਲਾਲਪੁਰ ਜ਼ੋਨ ਤੋਂ ਲਖਵਿੰਦਰ ਸਿੰਘ ਸੇਠੀ,ਮਿਆਣੀ ਜੌਨ ਤੋਂ ਮਾ. ਕਮਲ ਲਾਲ, ਸਹਿਬਾਜਪੁਰ ਜ਼ੋਨ ਤੋਂ ਗੁਰਪ੍ਰੀਤ ਕੌਰ, ਭੂਲਪੁਰ ਜ਼ੋਨ ਤੋਂ ਵਰਿੰਦਰ ਸਿੰਘ ਭੂਲਪੁਰ, ਜਹੂਰਾ ਜ਼ੋਨ ਤੋ ਸੰਨੀ ਜੂਹਰਾ, ਡੱਡੀਆਂ ਜ਼ੋਨ ਤੋਂ ਰਿੰਕੂ ਤੇਜੀ ਨੂੰ ਉਮੀਦਵਾਰ ਬਣਾਇਆ। ਇਸ ਮੌਕੇ ਭਰਵੇਂ ਇਕੱਠ ਵਿਚ ਆਮ ਆਦਮੀ ਪਾਰਟੀ ਦੇ ਵਰਕਰਾਂ ਨੂੰ ਅਪੀਲ ਕੀਤੀ ਕਿ ਉਹ ਦਿਨ ਰਾਤ ਇੱਕ ਕਰਕੇ ਇਹਨਾਂ ਉਮੀਦਵਾਰਾਂ ਨੂੰ ਵੱਡੀ ਜਿੱਤ ਦਵਾਉਣ ਲਈ ਕੋਈ ਕਸਰ ਨਾ ਛੱਡਣ। ਇਸ ਮੌਕੇ ਉਨ੍ਹਾਂ ਅੱਗੇ ਕਿਹਾ ਕਿ ਆਮ ਪਾਰਟੀ ਵਰਕਰਾਂ ਨੂੰ ਹੀ ਅੱਗੇ ਲਿਆਂਦਾ ਦੂਸਰੀਆਂ ਪਾਰਟੀਆਂ ਵਾਂਗ ਭਾਈ ਭਤੀਜਾਵਾਦ ਦੀ ਨੀਤੀ ਮਹੀਨ ਅਪਨਾਈ। ਇਸ ਮੌਕੇ ਜ਼ਿਲ੍ਹਾ ਪ੍ਰੀਸ਼ਦ ਲਈ ਪਾਰਟੀ ਉਮੀਦਵਾਰ ਰਜਿੰਦਰ ਮਾਰਸ਼ਲ ਨੇ ਆਏ ਹੋਏ ਸਾਰੇ ਪੰਚਾਂ-ਸਰਪੰਚਾਂ ਅਤੇ ਹੋਰ ਪਾਰਟੀ ਵਰਕਰਾਂ ਦਾ ਧੰਨਵਾਦ ਕਰਦਿਆਂ ਉਨ੍ਹਾਂ ਨੂੰ ਵੱਡੇ ਅੰਤਰ ਨਾਲ ਜਿਤਾਉਣ ਲਈ ਅਪੀਲ ਕੀਤੀ। ਇਸ ਮੌਕੇ ਇਨ੍ਹਾਂ ਤੋਂ ਇਲਾਵਾ ਸਮਾਜ ਸੇਵੀ ਸੁਖਵਿੰਦਰ ਸਿੰਘ ਅਰੋੜਾ, ਹੁਸ਼ਿਆਰਪੁਰ ਸੈਂਟਰਲ ਕੋਆਪਰੇਟਿਵ ਬੈਂਕ ਹੁਸ਼ਿਆਰਪੁਰ ਦੇ ਵਾਈਸ ਚੇਅਰਮੈਨ ਰਣਬੀਰ ਸਿੰਘ ਨੱਥੂਪੁਰ, ਸਰਪੰਚ ਜਸਵੰਤ ਸਿੰਘ ਬਿੱਟੂ ਜਲਾਲਪੁਰ, ਸਰਪੰਚ ਗੁਰਪ੍ਰੀਤ ਸਿੰਘ ਤੱਲਾ, ਸਰਪੰਚ ਗੁਰਪ੍ਰੀਤ ਸਿੰਘ ਮਿਆਣੀ, ਨਿਸ਼ਾਨ ਸਿੰਘ ਦਬੁਰਜ਼ੀ, ਜਸਵੀਰ ਸਿੰਘ ਵਿੱਕੀ, ਗੁਰਦੀਪ ਸਿੰਘ ਹੈਪੀ, ਸੁਰਜੀਤ ਸਿੰਘ ਭੂਲਪੁਰ, ਲਖਵਿੰਦਰ ਸਿੰਘ ਸੇਠੀ, ਕੁਲਵੰਤ ਸਿੰਘ ਮਾਰਸ਼ਲ, ਬਲਵਿੰਦਰ ਸਿੰਘ, ਬਲਜੀਤ ਸਿੰਘ ਸੈਣੀ, ਲਖਵੀਰ ਸਿੰਘ ਚੌਹਾਣਾ ਸਮੇਤ ਵੱਡੀ ਗਿਣਤੀ ਵਿੱਚ ਪੰਚ ਅਤੇ ਪਾਰਟੀ ਵਰਕਰ ਹਾਜ਼ਰ ਸਨ।

# ਪਟਿਆੜਿਆਂ-ਡੱਲੇਵਾਲ-ਠਰੋਲੀ ਖੇਤਰ 'ਚ ਵਿਕਾਸ ਨੂੰ ਮਿਲੀ ਨਵੀਂ ਰਫ਼ਤਾਰ

## ਵਿਧਾਇਕ ਜਿੰਪਾ ਵੱਲੋਂ ਦੋ ਮਹੱਤਵਪੂਰਨ ਸੜਕ ਪ੍ਰੋਜੈਕਟਾਂ ਦੀ ਸ਼ੁਰੂਆਤ



ਹੁਸ਼ਿਆਰਪੁਰ, (ਰਵਿੰਦਰ ਸਿੰਘ ਟਾਂਡਾ) : ਇਲਾਕੇ ਦੇ ਪਿੰਡਾਂ ਨੂੰ ਬਿਹਤਰ ਸੜਕ ਸੁਵਿਧਾਵਾਂ ਨਾਲ ਜੋੜਨ ਵੱਲ ਵਧਦੇ ਹੋਏ, ਪਟਿਆੜਿਆਂ ਤੋਂ ਡੱਲੇਵਾਲ (ਲੰਬਾਈ 3.03 ਕਿਮੀ) ਅਤੇ ਡੱਲੇਵਾਲ ਤੋਂ ਠਰੋਲੀ (ਲੰਬਾਈ 1.46 ਕਿਮੀ) ਸੜਕਾਂ ਦੇ ਨਿਰਮਾਣ ਕਾਰਜਾਂ ਦੀ ਅੱਜ ਰਸਮੀ ਸ਼ੁਰੂਆਤ ਵਿਧਾਇਕ ਬ੍ਰਮ ਸ਼ੰਕਰ ਜਿੰਪਾ ਵੱਲੋਂ ਕੀਤੀ ਗਈ। ਵਿਧਾਇਕ ਜਿੰਪਾ ਨੇ ਕਿਹਾ ਕਿ ਦੋਵੇਂ ਸੜਕਾਂ ਦਾ ਨਿਰਮਾਣ ਸਰਕਾਰ ਵੱਲੋਂ ਮਨਜ਼ੂਰ ਕੀਤੇ 66 ਲੱਖ ਰੁਪਏ ਦੀ ਲਾਗਤ ਨਾਲ ਕੀਤਾ ਜਾ ਰਿਹਾ ਹੈ, ਜਿਸ ਨਾਲ ਪਿੰਡਾਂ ਦੀ ਕਨੈਕਟੀਵਿਟੀ ਨੂੰ ਨਵੀਂ ਮਜ਼ਬੂਤੀ ਮਿਲੇਗੀ।

ਵਿਧਾਇਕ ਨੇ ਕਿਹਾ ਕਿ ਇਹ ਵਿਕਾਸੀ ਯਤਨ ਇਲਾਕੇ ਦੇ ਲੋਕਾਂ ਦੀਆਂ ਪੁਰਾਣੀਆਂ ਅਤੇ ਮਹੱਤਵਪੂਰਨ ਮੰਗਾਂ ਨੂੰ ਪੂਰਾ ਕਰਨ ਵੱਲ ਇੱਕ ਵੱਡਾ ਕਦਮ ਸਾਬਤ ਹੋਵੇਗਾ। ਉਨ੍ਹਾਂ ਕਿਹਾ ਕਿ ਸੜਕਾਂ ਦੇ ਬਣਨ ਨਾਲ ਖੇਤਰ ਦੇ ਵਸਨੀਕਾਂ ਨੂੰ ਆਵਾਜਾਈ ਵਿੱਚ ਆ ਰਹੀ ਮੁਸ਼ਕਲ ਤੋਂ ਰਾਹਤ ਮਿਲੇਗੀ ਅਤੇ ਆਰਥਿਕ ਗਤੀਵਿਧੀਆਂ ਨੂੰ ਵੀ ਵਧਾਵਾ ਮਿਲੇਗਾ।

ਇਸ ਮੌਕੇ 'ਤੇ ਪਿੰਡ ਠਰੋਲੀ ਦੀ ਸਰਪੰਚ ਰੀਨਾ, ਪਿੰਡ ਡੱਲੇਵਾਲ ਦੀ ਸਰਪੰਚ ਹਰਦੀਪ ਕੌਰ, ਪ੍ਰਿਤਪਾਲ, ਸਾਧੂ ਰਾਮ, ਕੁਲਜੀਤ ਸਿੰਘ ਨਗਰਾ, ਰਜਿੰਦਰ ਸਿੰਘ ਅਤੇ ਹੋਰ ਸਥਾਨਕ ਨਿਵਾਸੀ ਹਾਜ਼ਰ ਰਹੇ ਅਤੇ ਇਸ ਵਿਕਾਸੀ ਕਦਮ ਦਾ ਸਵਾਗਤ ਕੀਤਾ।

ਪਿੰਡ ਵਾਸੀਆਂ ਨੇ ਪ੍ਰਸ਼ਾਸਨ ਅਤੇ ਸਬੰਧਤ ਅਧਿਕਾਰੀਆਂ ਦਾ ਧੰਨਵਾਦ ਕੀਤਾ ਤੇ ਵਿਧਾਇਕ ਨੇ ਕਿਹਾ ਕਿ ਇਹ ਸੜਕ ਪ੍ਰੋਜੈਕਟ ਇਲਾਕੇ ਦੇ ਵਿਕਾਸ ਲਈ ਨਵੇਂ ਯੁੱਗ ਦੀ ਸ਼ੁਰੂਆਤ ਹਨ ਅਤੇ ਭਵਿੱਖ ਵਿੱਚ ਵੀ ਇਨ੍ਹਾਂ ਤਰ੍ਹਾਂ ਦੇ ਕੰਮ ਲਗਾਤਾਰ ਹੋਣ ਦੀ ਉਮੀਦ ਜਤਾਈ।

# ਵਿਧਾਇਕ ਜਿੰਪਾ ਨੇ ਨਿਊ ਸ਼ਾਂਤੀ ਨਗਰ 'ਚ ਕਈ ਵਿਕਾਸ ਪ੍ਰੋਜੈਕਟਾਂ ਦੀ ਕੀਤੀ ਸ਼ੁਰੂਆਤ



ਹੁਸ਼ਿਆਰਪੁਰ, (ਰਵਿੰਦਰ ਸਿੰਘ ਟਾਂਡਾ) : ਪਿੰਡ ਨਿਊ ਸ਼ਾਂਤੀ ਨਗਰ ਵਿੱਚ ਖੇਤਰ ਦੇ ਵਿਧਾਇਕ ਬ੍ਰਮ ਸ਼ੰਕਰ ਜਿੰਪਾ ਦੀ ਅਗਵਾਈ ਹੇਠ ਵੱਖ-ਵੱਖ ਵਿਕਾਸ ਪ੍ਰੋਜੈਕਟਾਂ ਦੀ ਵਿਧੀਵਤ ਸ਼ੁਰੂਆਤ ਕੀਤੀ ਗਈ। ਇਸ ਮੌਕੇ ਵਿਧਾਇਕ ਨੇ ਕਿਹਾ ਕਿ ਪੰਜਾਬ ਸਰਕਾਰ ਦੀਆਂ ਵਿਕਾਸ ਨੀਤੀਆਂ ਦਾ ਮੁੱਖ ਮਕਸਦ ਪਿੰਡਾਂ ਅਤੇ ਸ਼ਹਿਰੀ ਖੇਤਰਾਂ ਵਿੱਚ ਮੁਢਲੀ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨਾ ਹੈ, ਤਾਂ ਜੋ ਹਰ ਨਾਗਰਿਕ ਨੂੰ ਆਧੁਨਿਕ ਸਹੂਲਤਾਂ ਉਪਲਬਧ ਹੋ ਸਕਣ। ਵਿਧਾਇਕ ਨੇ ਇਲਾਕਾ ਵਾਸੀਆਂ ਦੀਆਂ ਮੰਗਾਂ ਅਤੇ ਲੋੜਾਂ ਨੂੰ ਤਰਜੀਹ ਦਿੰਦੇ ਹੋਏ ਮੁੱਖ ਕਾਰਜਾਂ ਦੀ ਸ਼ੁਰੂਆਤ ਕੀਤੀ। ਉਨ੍ਹਾਂ ਕਿਹਾ ਕਿ ਇਨ੍ਹਾਂ ਪ੍ਰੋਜੈਕਟਾਂ ਦਾ ਮਕਸਦ ਖੇਤਰ ਵਿੱਚ ਸਫ਼ਾਈ, ਸੁਰੱਖਿਆ, ਵਾਤਾਵਰਣ ਸੰਭਾਲ ਅਤੇ ਆਵਾਜਾਈ ਸਹੂਲਤਾਂ ਨੂੰ ਬਿਹਤਰ ਬਣਾਉਣਾ ਹੈ। ਇਸ ਮੌਕੇ ਵਿਧਾਇਕ ਨੇ ਸਬੰਧਤ ਅਧਿਕਾਰੀਆਂ ਅਤੇ ਠੇਕੇਦਾਰਾਂ ਨੂੰ ਸਖ਼ਤ ਹਦਾਇਤਾਂ ਦਿੱਤੀਆਂ ਕਿ ਕੰਮ ਗੁਣਵੱਤਾ ਮਾਪਦੰਡਾਂ ਅਨੁਸਾਰ ਨਿਰਧਾਰਤ ਸਮੇਂ-ਸੀਮਾ ਵਿੱਚ ਪੂਰੇ ਕੀਤੇ ਜਾਣ। ਉਨ੍ਹਾਂ ਇਹ ਵੀ ਕਿਹਾ ਕਿ ਵਿਕਾਸ ਕਾਰਜ ਉਦੋਂ ਹੀ ਸਾਰਥਕ ਹੋਣਗੇ ਜਦੋਂ ਇਨ੍ਹਾਂ ਵਿੱਚ ਪਾਰਦਰਸ਼ਤਾ ਅਤੇ ਜਨਤਾ ਦੀ ਸ਼ਮੂਲੀਅਤ ਯਕੀਨੀ ਬਣਾਈ ਜਾਵੇ। ਵਿਧਾਇਕ ਨੇ ਕਿਹਾ ਕਿ ਪੰਜਾਬ ਸਰਕਾਰ ਸੂਬੇ ਦੇ ਸਰਵਪੱਖੀ ਵਿਕਾਸ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਆਉਣ ਵਾਲੇ ਸਮੇਂ ਵਿੱਚ ਵੀ ਖੇਤਰ ਵਿੱਚ ਇਸੇ ਤਰ੍ਹਾਂ ਦੀਆਂ ਲੋਕਹਿਤਕਾਰੀ ਯੋਜਨਾਵਾਂ ਨੂੰ ਤਰਜੀਹ ਦੇ ਅਧਾਰ 'ਤੇ ਲਾਗੂ ਕੀਤਾ ਜਾਵੇਗਾ। ਪ੍ਰੋਗਰਾਮ ਵਿੱਚ ਸਥਾਨਕ ਪੰਚਾਇਤ ਅਤੇ ਲੋਕਾਂ ਨੇ ਵਿਧਾਇਕ ਦਾ ਧੰਨਵਾਦ ਕੀਤਾ। ਇਸ ਮੌਕੇ ਸਤਪਾਲ ਫੌਜੀ, ਜਗਦੀਸ਼, ਪ੍ਰਕਾਸ਼ ਚੰਦ, ਚੌਧਰੀ ਬੱਗੂ, ਚਾਂਦ ਮੁਹੰਮਦ, ਰਣਜੀਤ ਭੋਲੂ, ਹਰਜੀਤ ਸੈਣੀ, ਪ੍ਰੀਤਮ ਚੰਦ, ਬੌਬੀ, ਰਾਜ ਰਾਣੀ, ਰੋਹਿਤ, ਕਮਲ, ਬੱਬੂ, ਬੰਟੀ ਬਿੰਦਰ ਵੀ ਮੌਜੂਦ ਸਨ।

# 100ਵੇਂ ਜਨਮ ਦਿਨ ਤੋਂ ਪਹਿਲਾਂ ਮਹਿਲਾ ਡਾਕਟਰ ਨੇ ਦਾਨ ਕੀਤੇ ਜ਼ਿੰਦਗੀ ਭਰ ਦੀ ਕਮਾਈ ਦੇ 3.4 ਕਰੋੜ ਰੁਪਏ

ਬ੍ਰਹਮਪੁਰ : ਓਡਿਸ਼ਾ ਦੀ ਪ੍ਰਸਿੱਧ ਡਾਕਟਰ ਕੇ. ਲਕਸ਼ਮੀ ਬਾਈ ਨੇ ਆਪਣੇ 100ਵੇਂ ਜਨਮ ਦਿਨ ਤੋਂ ਕੁਝ ਦਿਨ ਪਹਿਲਾਂ ਔਰਤਾਂ ਦੇ ਕੈਂਸਰ ਦੇ ਇਲਾਜ ਲਈ ਏਮਸ ਭੁਵਨੇਸ਼ਵਰ ਨੂੰ ਆਪਣੀ ਜੀਵਨ ਭਰ ਦੀ ਕਮਾਈ 3.4 ਕਰੋੜ ਰੁਪਏ ਦਾਨ ਕਰ ਦਿੱਤੀ ਹੈ। ਅਜਿਹਾ ਕਰਕੇ ਉਕਤ ਮਹਿਲਾ ਨੇ ਇਕ ਮਿਸਾਲ ਕਾਇਮ ਕਰ ਦਿੱਤੀ ਹੈ। ਦੱਸ ਦੇਈਏ ਕਿ 5 ਦਸੰਬਰ ਨੂੰ 100 ਸਾਲ ਦੀ ਹੋਣ ਜਾ ਰਹੀ ਡਾ. ਬਾਈ ਬ੍ਰਹਮਪੁਰ 'ਚ ਐੱਮ. ਕੇ. ਸੀ. ਜੀ. ਮੈਡੀਕਲ ਕਾਲਜ ਦੇ ਜਣੇਪਾ ਤੇ ਇਸਤਰੀ ਰੋਗ ਵਿਭਾਗ 'ਚ ਪ੍ਰੋਫੈਸਰ ਰਹੀ ਹੈ ਅਤੇ 1986 'ਚ ਸੇਵਾਮੁਕਤ ਹੋਈ ਸੀ।



ਇਸ ਮਾਮਲੇ ਦੇ ਸਬੰਧ ਵਿਚ ਇਸਤਰੀ ਰੋਗ ਮਾਹਿਰ ਡਾ. ਬਾਈ ਨੇ ਕਿਹਾ ਕਿ ਉਨ੍ਹਾਂ ਨੇ ਕਈ ਗਰੀਬ ਔਰਤਾਂ ਨੂੰ ਕੈਂਸਰ ਦਾ ਇਲਾਜ ਨਾ ਮਿਲਣ ਕਾਰਨ ਮਰਦੇ ਹੋਏ ਵੇਖਿਆ ਹੈ। ਉਨ੍ਹਾਂ ਕਿਹਾ,"ਮੈਨੂੰ ਉਮੀਦ ਹੈ ਕਿ ਮੇਰੇ ਵੱਲੋਂ ਦਾਨ ਕੀਤੀ ਗਈ ਰਕਮ ਦੀ ਵਰਤੋਂ ਅਜਿਹੀਆਂ ਗਰੀਬ ਤੇ ਬੇਵੱਸ ਔਰਤਾਂ ਦੇ ਲਾਭ ਲਈ ਕੀਤੀ ਜਾਵੇਗੀ।" 5 ਦਸੰਬਰ, 1926 ਨੂੰ ਪੈਦਾ ਹੋਈ ਡਾ. ਬਾਈ ਨੇ 1945 'ਚ ਕਟਕ ਦੇ ਐੱਸ. ਸੀ. ਬੀ. ਮੈਡੀਕਲ ਕਾਲਜ ਤੋਂ ਮੈਡੀਕਲ ਖੇਤਰ 'ਚ ਆਪਣਾ ਸਫਰ ਸ਼ੁਰੂ ਕੀਤਾ ਸੀ।

# ਮਾਤਾ ਸਾਹਿਬ ਕੌਰ ਹਾਈ ਸਕੂਲ ਤਲਵੰਡੀ ਡੱਡੀਆਂ ਦਾ ਦੋ ਦਿਨਾ ਖੇਡ ਉਤਸਵ ਸੰਪੰਨ

## ਓਵਰ ਆਲ ਟਰਾਫੀ ਭਾਈ ਘਨਈਆ ਹਾਊਸ ਨੇ ਜਿੱਤੀ

ਟਾਂਡਾ ਉੜਮੁੜ, (ਰਵਿੰਦਰ ਸਿੰਘ ਟਾਂਡਾ) : ਬੇਟ ਖੇਤਰ ਦੀ ਨਾਮਵਰ ਵਿਦਿਅਕ ਸੰਸਥਾ ਮਾਤਾ ਸਾਹਿਬ ਕੌਰ ਇੰਟਰਨੈਸ਼ਨਲ ਪਬਲਿਕ ਹਾਈ ਸਕੂਲ ਤਲਵੰਡੀ ਡੱਡੀਆਂ ਵਿਖੇ ਵਿਦਿਆਰਥੀਆਂ ਵੱਲੋਂ ਦੋ ਦਿਨਾ ਖੇਡ ਉਤਸਵ ਧੂਮ ਧਾਮ ਨਾਲ ਮਨਾਇਆ ਗਿਆ। ਮਾਤਾ ਸਾਹਿਬ ਕੌਰ ਐਜੂਕੇਸ਼ਨਲ ਸੁਸਾਇਟੀ ਦੇ ਪ੍ਰਧਾਨ ਸੁਖਵਿੰਦਰ ਸਿੰਘ ਅਰੋੜਾ ਦੀ ਅਗਵਾਈ ਅਤੇ ਪ੍ਰਿੰਸੀਪਲ ਅੰਜੂ ਬਾਲਾ ਦੀ ਦੇਖ ਰੇਖ ਹੇਠ ਕਰਵਾਏ ਗਏ ਇਸ ਖੇਡ ਉਤਸਵ ਵਿੱਚ ਨਰਸਰੀ ਕਲਾਸ ਤੋਂ ਲੈ ਕੇ ਦਸਵੀਂ ਕਲਾਸ ਤੱਕ ਦੇ ਵਿਦਿਆਰਥੀਆਂ ਨੇ ਭਾਗ ਲਿਆ। ਖੇਡ ਦਿਵਸ ਦੀ ਸ਼ੁਰੂਆਤ ਸਕੂਲ ਦੇ ਚਾਰ ਹਾਊਸ ਭਗਤ ਸਿੰਘ ਹਾਊਸ, ਭਾਈ ਘਨਈਆ ਹਾਊਸ, ਰਣਜੀਤ ਸਿੰਘ ਹਾਊਸ ਅਤੇ ਖਾਲਸਾ ਹਾਊਸ ਦੇ ਬੱਚਿਆਂ ਵੱਲੋਂ ਖੂਬਸੂਰਤ ਮਾਰਚ ਪਾਸ ਕਰਕੇ ਕੀਤੀ ਗਈ ਇਸੇ ਦੌਰਾਨ ਹੀ ਹੈਡ ਬੋਆਏ ਗਿਆਨ ਇੰਦਰ ਅਤੇ ਹੈਡ ਗਰਲ ਹਰਪ੍ਰੀਤ ਕੌਰ ਨੇ ਮਸ਼ਾਲ ਨਾਲ ਗਰਾਊਂਡ ਦਾ ਚੱਕਰ ਲਗਾਇਆ। ਇਸ ਮੌਕੇ ਚਾਰੋਂ ਹਾਊਸਾਂ ਦੇ ਬੱਚਿਆਂ ਨੇ ਮੁੱਖ ਮਹਿਮਾਨ ਪ੍ਰਧਾਨ ਸੁਖਵਿੰਦਰ ਸਿੰਘ ਅਰੋੜਾ, ਪ੍ਰਿੰਸੀਪਲ ਮੈਡਮ ਅੰਜੂ ਬਾਲਾ ਨੂੰ ਸਲਾਮੀ ਦਿੱਤੀ ਜਿਸ ਉਪਰੰਤ ਸਾਰੇ ਵਿਦਿਆਰਥੀਆਂ ਨੇ ਮਿਲ ਕੇ ਰਾਸ਼ਟਰੀ ਗੀਤ ਗਾਇਆ। ਇਸ ਮੌਕੇ ਮੁੱਖ ਮਹਿਮਾਨ ਵਜੋਂ ਪਹੁੰਚੇ ਮਾਤਾ ਸਾਹਿਬ ਕੌਰ ਐਜੂਕੇਸ਼ਨਲ ਸੋਸਾਇਟੀ ਦੇ ਪ੍ਰਧਾਨ ਸੁਖਵਿੰਦਰ ਸਿੰਘ ਅਰੋੜਾ ਨੇ ਬੱਚਿਆਂ ਦਾ ਹੌਸਲਾ ਵਧਾਉਂਦੇ ਬੱਚਿਆਂ ਅਤੇ ਅਧਿਆਪਕਾਂ ਨੂੰ ਮੁਬਾਰਕਬਾਦ ਦਿੱਤੀ ਅਤੇ ਕਿਹਾ ਕਿ ਇਸ ਸਕੂਲ ਦੇ ਬੱਚਿਆਂ ਨੇ ਬੀਤੇ 22 ਸਾਲਾਂ ਤੋਂ ਬੋਰਡ ਦੀਆਂ ਕਲਾਸਾਂ ਦੇ ਸੌ ਫੀ ਸਦੀ ਨਸੀਜੇ ਦੇ ਕੇ ਜਿਥੇ ਪੜਾਈ ਵਿੱਚ ਅੱਗੇ ਹੋਣ ਦਾ ਮਾਣ ਪ੍ਰਾਪਤ ਕੀਤਾ ਹੈ ਉੱਥੇ ਹੀ ਖੇਡਾਂ ਵਿੱਚ ਰਾਜ ਪੱਧਰ ਤੇ ਕਈ ਮੈਡਲ ਹਾਸਲ ਕਰਕੇ ਸਕੂਲ ਦੇ ਨਾਂ ਨੂੰ ਉੱਚਾ ਕੀਤਾ ਹੈ। ਉਨ੍ਹਾਂ ਨੇ ਕਿਹਾ ਕਿ ਖੇਡਾਂ ਨਾਲ ਬੱਚਿਆਂ ਦੇ ਸਰੀਰਕ ਵਿਕਾਸ ਦੇ ਨਾਲ ਨਾਲ ਉਹਨਾਂ ਵਿੱਚ ਅਨੂਸ਼ਾਸਨ ਦੀ ਭਾਵਨਾ, ਮਿਲ ਕੇ ਖੇਡਣਾ ਨਾਲ ਸ਼ਹਿਨਸ਼ੀਲਤਾ ਅਤੇ ਅਗਾਵਧੂ ਸੋਚਣ ਸ਼ਕਤੀ ਪੈਦਾ ਹੁੰਦੀ ਹੈ। ਇਸ ਮੌਕੇ ਸਕੂਲ ਪ੍ਰਿੰਸੀਪਲ ਮੈਡਮ ਅੰਜੂ ਬਾਲਾ ਨੇ ਸਕੂਲ ਦੀਆਂ ਉਪਲਬਧੀਆਂ ਦਾ ਜ਼ਿਕਰ ਕਰਦੇ ਹੋਏ ਦੱਸਿਆ ਕਿ ਸਾਡਾ ਸਕੂਲ ਪੜ੍ਹਾਈ ਦੇ ਨਾਲ ਨਾਲ ਨੈਤਿਕ ਸਮਾਜਕ ਅਤੇ ਧਾਰਮਿਕ ਗਤੀਵਿਧੀਆਂ ਵਿੱਚ ਹਮੇਸ਼ਾ ਅੱਗੇ ਰਿਹਾ ਹੈ ਤੇ ਭਵਿੱਖ ਵਿੱਚ ਵੀ ਇਹ ਹਰ ਪੱਖ ਤੋਂ ਵਿਦਿਆਰਥੀਆਂ ਦੀ ਗੁਣਵੱਤਾ ਦਾ ਧਿਆਨ ਰੱਖੇਗਾ ਅਤੇ ਹਮੇਸ਼ਾ ਮਾਪਿਆਂ ਦੀ ਸੰਤੁਸ਼ਟੀ ਲਈ ਕੰਮ ਕਰੇਗਾ ਸਾਡੇ ਸਕੂਲ ਦਾ ਨਤੀਜਾ ਪਿਛਲੇ 22 ਸਾਲਾਂ ਤੋਂ 100 ਫੀਸਦੀ ਆ ਰਿਹਾ ਹੈ ਤੇ ਸਕੂਲ ਦੇ ਬੱਚੇ ਸਾਰੀਆਂ ਹੀ ਗਤੀਵਿਧੀਆਂ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਂਦੇ ਹਨ। ਇਸ ਮੌਕੇ ਇਹਨਾਂ ਖੇਡਾਂ ਵਿੱਚ ਪਹਿਲੇ ਦੂਸਰੇ 3 ਤੇ ਤੀਸਰੇ ਸਥਾਨ ਤੇ ਰਹੇ ਖਿਡਾਰੀਆਂ ਨੂੰ ਗੋਲਡ ਮੈਡਲ, ਸਿਲਵਰ ਮੈਡਲ, ਬਰਾਉਨਸ ਮੈਡਲ ਅਤੇ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ। ਇਹਨਾਂ ਖੇਡਾਂ ਦੌਰਾਨ ਪਹਿਲਾ ਸਥਾਨ ਪ੍ਰਾਪਤ ਕਰਕੇ ਓਵਰ ਆਲ ਟਰਾਫੀ ਘਨਈਆ ਹਾਊਸ ਨੇ ਜਿੱਤੀ ਜਦਕਿ ਦੂਜਾ ਸਥਾਨ ਭਗਤ ਸਿੰਘ ਹਾਊਸ ਅਤੇ ਤੀਸਰਾ ਸਥਾਨ ਖਾਲਸਾ ਹਾਊਸ ਨੇ ਹਾਸਿਲ ਕੀਤਾ। ਇਸ ਮੌਕੇ ਸਕੂਲ ਸਟਾਫ ਵਿੱਚ ਮੈਡਮ ਪਰਮਜੀਤ ਕੌਰ, ਜਸਵਿੰਦਰ ਕੌਰ, ਜਸਵੀਰ, ਕੌਰ, ਦਮਨਜੀਤ ਕੌਰ, ਮਨਪ੍ਰੀਤ ਕੌਰ, ਤਰਨਜੀਤ ਕੌਰ, ਰਾਜਵਿੰਦਰ ਕੌਰ, ਮਮਤਾ, ਸ਼ਾਲੂ, ਜੋਤੀ, ਪਾਇਲ, ਸਤਨਾਮ ਕੌਰ, ਪਰਵਿੰਦਰ ਕੌਰ, ਸੁਖਵਿੰਦਰ ਕੌਰ, ਆਰਤੀ, ਅੰਜਲੀ ਅਤੇ ਨੀਰਜ ਸ਼ਰਮਾ ਵੀ ਹਾਜ਼ਰ ਸਨ।



ਮਾਤਾ ਸਾਹਿਬ ਕੌਰ ਇੰਟਰਨੈਸ਼ਨਲ ਪਬਲਿਕ ਸਕੂਲ ਤਲਵੰਡੀ ਡੱਡੀਆਂ ਵਿਖੇ ਹੋਏ ਖੇਡ ਉਤਸਵ ਦੀਆਂ ਵੱਖ ਵੱਖ ਝਲਕੀਆਂ

# ਵਿਧਾਇਕ ਜਿੰਪਾ ਨੇ ਹੜ੍ਹ ਪ੍ਰਭਾਵਿਤ ਪਰਿਵਾਰਾਂ ਨੂੰ ਰਾਹਤ ਰਾਸ਼ੀ ਦੇ 1.65 ਕਰੋੜ ਰੁਪਏ ਦੇ ਸਵੀਕ੍ਰਿਤੀ ਪੱਤਰ ਸੌਂਪੇ





ਹੁਸ਼ਿਆਪੁਰ, ਟਾਂਡਾ ਉੜਮੁੜ, (ਰਵਿੰਦਰ ਸਿੰਘ ਟਾਂਡਾ) : ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ ਵੀਰਵਾਰ ਨੂੰ ਭਾਰੀ ਮੀਂਹ ਅਤੇ ਹੜ੍ਹਾਂ ਕਾਰਨ ਘਰਾਂ ਨੂੰ ਹੋਏ ਨੁਕਸਾਨ ਦੀ ਭਰਪਾਈ ਲਈ 104 ਪ੍ਰਭਾਵਿਤ ਪਰਿਵਾਰਾਂ ਨੂੰ 1.56 ਕਰੋੜ ਰੁਪਏ ਦੇ ਮਨਜ਼ੂਰੀ ਪੱਤਰ ਵੰਡੇ। ਇਹ ਸਮਾਗਮ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਆਯੋਜਿਤ ਕੀਤਾ ਗਿਆ, ਜਿੱਥੇ ਰਾਹਤ ਸਹਾਇਤਾ ਲਈ ਪ੍ਰਵਾਨਗੀ ਪੱਤਰ ਸਿੱਧੇ ਲਾਭਪਾਤਰੀਆਂ ਨੂੰ ਸੌਂਪੇ ਗਏ।

ਸਮਾਗਮ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਸੰਕਟ ਦੇ ਸਮੇਂ, ਜਨਤਕ ਸੇਵਾ ਅਤੇ ਪ੍ਰਭਾਵਿਤ ਪਰਿਵਾਰਾਂ ਦੀ ਮਦਦ ਕਰਨਾ ਸਭ ਤੋਂ ਵੱਡੀ ਤਰਜ਼ੀਹ ਹੁੰਦੀ ਹੈ। ਵਿਧਾਇਕ ਨੇ ਅੱਗੇ ਕਿਹਾ ਕਿ ਪੰਜਾਬ ਸਰਕਾਰ ਦੇ ਮਾਲ ਵਿਭਾਗ ਨੇ ਹੜ੍ਹਾਂ ਦੌਰਾਨ ਜਿਨ੍ਹਾਂ ਲੋਕਾਂ ਦੇ ਘਰਾਂ ਨੂੰ ਅੰਸ਼ਕ ਜਾਂ ਪੂਰੀ ਤਰ੍ਹਾਂ ਨੁਕਸਾਨ ਪਹੁੰਚਿਆ ਸੀ, ਉਨ੍ਹਾਂ ਨੂੰ ਵਿੱਤੀ ਸਹਾਇਤਾ ਪ੍ਰਦਾਨ ਕਰਨ ਲਈ ਵਿਸ਼ੇਸ਼ ਗਿਰਦਾਵਰੀ ਅਤੇ ਨੁਕਸਾਨ ਮੁਲਾਂਕਣ ਰਿਪੋਰਟਾਂ ਤਿਆਰ ਕੀਤੀਆਂ ਅਤੇ ਪ੍ਰਵਾਨਗੀ ਪ੍ਰਕਿਰਿਆ ਤੇਜ਼ੀ ਨਾਲ ਪੂਰੀ ਕੀਤੀ ਗਈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਧੰਨਵਾਦ ਕਰਦਿਆਂ ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਦੀ ਅਗਵਾਈ ਹੇਠ ਰਾਹਤ ਸਹਾਇਤਾ ਵੰਡ ਅਤੇ ਮੁੜ ਵਸੇਬੇ ਦੇ ਕੰਮ ਪਾਰਦਰਸ਼ੀ ਅਤੇ ਤੇਜ਼ੀ ਨਾਲ ਲਾਗੂ ਕੀਤੇ ਜਾ ਰਹੇ ਹਨ।

ਉਨ੍ਹਾਂ ਕਿਹਾ ਕਿ ਇਹ ਰਾਹਤ ਰਾਸ਼ੀ ਸਿੱਧੇ ਪ੍ਰਭਾਵਿਤ ਪਰਿਵਾਰਾਂ ਦੇ ਬੈਂਕ ਖਾਤਿਆਂ ਵਿੱਚ ਤਬਦੀਲ ਕੀਤੀ ਜਾਵੇਗੀ, ਤਾਂ ਜੋ ਕੋਈ ਦੇਰੀ ਜਾਂ ਵਿਚੋਲਿਆਂ ਦੀ ਭੂਮਿਕਾ ਨਾ ਹੋਵੇ।

ਬ੍ਰਮ ਸ਼ੰਕਰ ਜਿੰਪਾ ਨੇ ਰਾਹਤ ਲਾਭਪਾਤਰੀਆਂ ਦੇ ਸਬਰ ਅਤੇ ਵਿਸ਼ਵਾਸ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਕਿਸੇ ਵੀ ਆਫ਼ਤ ਦੌਰਾਨ, ਲੋਕਾਂ ਦਾ ਵਿਸ਼ਵਾਸ ਸਾਡੀ ਊਰਜਾ ਹੁੰਦਾ ਹੈ ਅਤੇ ਇਕੱਠੇ ਮਿਲ ਕੇ ਅਸੀਂ ਇਸ ਖੇਤਰ ਨੂੰ ਪਹਿਲਾਂ ਨਾਲੋਂ ਵੀ ਮਜ਼ਬੂਤ ਬਣਾਵਾਂਗੇ।

ਇਸ ਮੌਕੇ ਮੇਅਰ ਸੁਰਿੰਦਰ ਕੁਮਾਰ, ਪ੍ਰੀਤਪਾਲ, ਮੰਗੀ ਲਾਲ, ਅਮਰਜੋਤ ਸੈਣੀ ਹਲਕਾ ਸੰਗਠਨ ਇੰਚਾਰਜ, ਕੁਲਜੀਤ ਸਿੰਘ, ਅਮਰਜੀਤ ਬਾਜਵਾ, ਸਰਬਜੀਤ ਕੌਰ ਸਰਪੰਚ ਨੰਗਲ ਸ਼ਹੀਦਾਂ ਆਦਿ ਹਾਜ਼ਰ ਸਨ।

# ਕਾਲਜਾਂ 'ਚ ਬੰਬ ! ਧਮਕੀ ਭਰੇ ਈਮੇਲ ਮਿਲਣ ਮਗਰੋਂ ਮਚੀ ਦਹਿਸ਼ਤ

ਨਵੀਂ ਦਿੱਲੀ : ਰਾਜਧਾਨੀ ਦਿੱਲੀ ਤੋਂ ਇਕ ਸਨਸਨੀਖੇਜ਼ ਖ਼ਬਰ ਸਾਹਮਣੇ ਆ ਰਹੀ ਹੈ, ਜਿੱਥੇ ਦਿੱਲੀ ਯੂਨੀਵਰਸਿਟੀ (ਡੀ.ਯੂ.) ਅਧੀਨ ਆਉਂਦੇ ਦੋ ਕਾਲਜਾਂ ਨੂੰ ਬੁੱਧਵਾਰ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਵਾਲੇ ਈਮੇਲ ਮਿਲੇ, ਹਨ, ਜਿਸ ਮਗਰੋਂ ਇਲਾਕੇ 'ਚ ਹਫੜਾ-ਤਫੜੀ ਮਚ ਗਈ ਹੈ। ਇਸ ਦੀ ਜਾਣਕਾਰੀ ਮਿਲਦਿਆਂ ਹੀ ਕਈ ਏਜੰਸੀਆਂ ਸੁਰੱਖਿਆ ਜਾਂਚ ਲਈ ਮੌਕੇ 'ਤੇ ਪਹੁੰਚ ਗਈਆਂ ਹਨ।

ਜਾਣਕਾਰੀ ਦਿੰਦੇ ਹੋਏ ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਇਹ ਧਮਕੀਆਂ ਉੱਤਰੀ ਦਿੱਲੀ ਦੇ ਰਾਮਜਸ ਕਾਲਜ ਅਤੇ ਦੱਖਣੀ ਦਿੱਲੀ ਦੇ



ਦੇਸ਼ਬੰਧੂ ਕਾਲਜ ਨੂੰ ਈਮੇਲ ਰਾਹੀਂ ਭੇਜੀਆਂ ਗਈਆਂ ਸਨ। ਉੱਤਰੀ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਆਫ਼ ਪੁਲਿਸ ਰਾਜਾ ਬੰਠੀਆ ਨੇ ਦੱਸਿਆ, "ਰਾਮਜਸ ਕਾਲਜ ਦੇ ਪ੍ਰਿੰਸੀਪਲ ਨੇ ਅਧਿਕਾਰੀਆਂ ਨੂੰ ਸੂਚਿਤ ਕੀਤਾ ਕਿ ਸਵੇਰੇ 1:59 ਵਜੇ ਇੱਕ ਧਮਕੀ ਭਰਿਆ ਈਮੇਲ ਮਿਲਿਆ, ਜਿਸ ਤੋਂ ਬਾਅਦ ਦਿੱਲੀ ਪੁਲਸ ਅਤੇ ਬੰਬ ਡਿਸਪੋਜ਼ਲ ਸਕੁਐਡ (ਬੀ.ਡੀ.ਟੀ.) ਕੈਂਪਸ ਪਹੁੰਚੇ ਅਤੇ ਜਾਂਚ ਸ਼ੁਰੂ ਕਰ ਦਿੱਤੀ।"

ਡੀ.ਸੀ.ਪੀ. ਨੇ ਕਿਹਾ ਕਿ ਪੁਲਸ ਨੇ ਪੂਰੇ ਇਲਾਕੇ ਦੀ ਘੇਰਾਬੰਦੀ ਕਰ ਕੇ ਕੈਂਪਸ ਦੀਆਂ ਸਾਰੀਆਂ ਇਮਾਰਤਾਂ ਅਤੇ ਖੁੱਲ੍ਹੀਆਂ ਥਾਵਾਂ ਦੀ ਤਲਾਸ਼ੀ ਸ਼ੁਰੂ ਕਰ ਦਿੱਤੀ ਹੈ। ਉਨ੍ਹਾਂ ਕਿਹਾ ਕਿ ਹੁਣ ਤੱਕ ਕੋਈ ਸ਼ੱਕੀ ਵਸਤੂ ਨਹੀਂ ਮਿਲੀ ਹੈ।

# ਕਾਰ ਸੇਵਾ ਕਿਲ੍ਹਾ ਅਨੰਦਗੜ੍ਹ ਸਾਹਿਬ ਦੇ ਮੁੱਖ ਪ੍ਰਬੰਧਕ ਸੰਤ ਸੁੱਚਾ ਸਿੰਘ ਨਹੀਂ ਰਹੇ

ਸ੍ਰੀ ਅਨੰਦਪੁਰ ਸਾਹਿਬ : ਕਾਰ ਸੇਵਾਵਾਂ 'ਚ ਪਿਛਲੇ ਲੰਮੇ ਸਮੇਂ ਤੋਂ ਸ਼ਲਾਘਾਯੋਗ ਸੇਵਾਵਾਂ ਨਿਭਾਅ ਰਹੇ ਕਾਰ ਸੇਵਾ ਕਿਲ੍ਹਾ ਅਨੰਦਗੜ੍ਹ ਸਾਹਿਬ ਦੇ ਮੁੱਖ ਪ੍ਰਬੰਧਕ ਸੰਤ ਸੁੱਚਾ ਸਿੰਘ ਆਪਣੀ ਸੁਆਸਾਂ ਦੀ ਪੂੰਜੀ ਖਰਚ ਕੇ ਅਕਾਲ ਚਲਾਣਾ ਕਰ ਗਏ ਹਨ। ਸੰਤ ਸੁੱਚਾ ਸਿੰਘ ਪਿਛਲੇ ਕਈ ਦਿਨਾਂ ਤੋਂ ਦਿਲ ਦੀਆਂ ਬੀਮਾਰੀਆਂ ਤੋਂ ਪੀੜਤ ਹੋਣ ਕਰਕੇ ਸ੍ਰੀ ਅੰਮਿ ?ਤਸਰ ਸਾਹਿਬ ਵਿਖੇ ਇਕ ਨਿੱਜੀ ਹਸਪਤਾਲ ਵਿਖੇ ਜ਼ੇਰੇ ਇਲਾਜ ਸਨ। ਅਚਾਨਕ ਉਨ੍ਹਾਂ ਦੇ ਦਿਲ ਦੀ ਧੜਕਣ ਰੁਕਣ ਕਰਕੇ ਅਕਾਲ ਚਲਾਣਾ ਕਰ ਗਏ ਹਨ। ਸੰਤ ਸੁੱਚਾ ਸਿੰਘ ਨੂੰ ਸੰਤ ਹਰਭਜਨ ਸਿੰਘ ਭਲਵਾਨ ਦੇ ਅਕਾਲ ਚਲਾਣੇ ਉਪਰੰਤ ਕਾਰ ਸੇਵਾ ਕਿਲ੍ਹਾਂ ਅਨੰਦਗੜ੍ਹ ਸਾਹਿਬ ਦਾ ਜਨਵਰੀ, 2020 'ਚ ਮੁੱਖ ਪ੍ਰਬੰਧਕ ਥਾਪਿਆ ਗਿਆ ਸੀ। ਜ਼ਿਕਰਯੋਗ ਹੈ ਕਿ ਸੰਤ ਬਾਬਾ ਸੁੱਚਾ ਸਿੰਘ ਦੀ ਯੋਗ ਅਗਵਾਈ 'ਚ ਕਾਰ ਸੇਵਾ ਕਿਲ੍ਹਾ ਅਨੰਦਗੜ੍ਹ ਸਾਹਿਬ ਵਲੋਂ ਧਾਰਮਿਕ ਅਸਥਾਨਾਂ, ਸਕੂਲਾਂ, ਕਾਲਜਾਂ ਦੀ ਉਸਾਰੀ ਅਤੇ ਪ੍ਰਬੰਧ, ਪੁੱਲੀਆਂ ਅਤੇ ਵੱਡੇ ਪੁੱਲਾਂ ਦੀ ਉਸਾਰੀ ਦੇ ਨਾਲ ਪਿਛਲੇ ਕਰੀਬ ਪੌਣੇ ਦੋ ਸਾਲ ਤੋਂ ਸ੍ਰੀ ਅਨੰਦਪੁਰ ਸਾਹਿਬ ਗੜ੍ਹਸੰਕਰ ਮੁੱਖ ਮਾਰਗ ਨੂੰ 4 ਮਾਰਗੀ ਬਣਾਉਣ ਤੇ ਨਵਿਆਉਣ ਦੀ ਕਾਰ ਸੇਵਾ ਚਲਾਈ ਜਾ ਰਹੀ ਹੈ। ਕਾਰ ਸੇਵਾ ਕਿਲ੍ਹਾ ਅਨੰਦਗੜ੍ਹ ਸਾਹਿਬ ਦੇ ਪ੍ਰਬੰਧਕਾਂ ਵਲੋਂ ਦੱਸਿਆ ਗਿਆ ਹੈ ਕਿ ਸੰਤ ਸੁੱਚਾ ਸਿੰਘ ਵਲੋਂ ਇਸ ਵੇਲੇ



ਸ੍ਰੀ ਅਨੰਦਪੁਰ ਸਾਹਿਬ ਗੜ੍ਹਸੰਕਰ ਮਾਰਗ ਦੀ ਕਾਰ ਸੇਵਾ ਦੇ ਨਾਲ-ਨਾਲ ਬਾਬਾ ਬਕਾਲਾ ਸਾਹਿਬ ਵਿਖੇ ਲੰਗਰ ਹਾਲ, ਅੰਮ੍ਰਿਤਸਰ ਸਾਹਿਬ ਤੇ 10 ਮੰਜਿਲਾਂ ਯਾਤਰੀ ਨਿਵਾਸ ਸ੍ਰੀ ਅਨੰਦਪੁਰ ਸਾਹਿਬ ਆਦਿ ਦੀ ਕਾਰ ਸੇਵਾ ਚੱਲ ਰਹੀ ਹੈ। ਉਨ੍ਹ ਾਂ ਦੱਸਿਆ ਕਿ ਸੰਤ ਸੁੱਚਾ ਸਿੰਘ ਦੀ ਮ੍ਰਿਤਕ ਦੇਹ ਸ੍ਰੀ ਅਨੰਦਪੁਰ ਸਾਹਿਬ ਵਿਖੇ ਲਿਆਂਦੀ ਜਾ ਰਹੀ ਹੈ। ਜਿਥੇ ਕਿਲ੍ਹਾ ਅਨੰਦਗੜ੍ਹ ਸਾਹਿਬ ਦੇ ਦੀਵਾਨ ਹਾਲ ਵਿਖੇ ਉਨ੍ਹਾਂ ਦੇ ਮ੍ਰਿਤਕ ਸਰੀਰ ਨੂੰ ਸੰਗਤਾਂ ਦੇ ਦਰਸ਼ਨਾਂ ਲਈ ਰੱਖੇ ਜਾਣ ਉਪਰੰਤ 2 ਦਸੰਬਰ ਨੂੰ ਬਾਅਦ ਦੁਪਹਿਰ ਗੁਰਦੁਆਰਾ ਪਤਾਲਪੁਰੀ ਸਾਹਿਬ ਕੀਰਤਪੁਰ ਸਾਹਿਬ ਵਿਖੇ ਅੰਤਿਮ ਸੰਸਕਾਰ ਕਰ ਦਿੱਤਾ ਗਿਆ।

# ਗੁ: ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਧਮਧਾਨ ਸਾਹਿਬ ਵਿਖੇ ਧਾਰਮਿਕ ਸਮਾਗਮ ਵਿੱਚ ਬਾਬਾ ਬਲਬੀਰ ਸਿੰਘ 96 ਕਰੋੜੀ ਨੇ ਵਿਸ਼ੇਸ਼ ਤੌਰ 'ਤੇ ਹਾਜ਼ਰੀ ਭਰੀ

ਅੰਮ੍ਰਿਤਸਰ : ਸ੍ਰੀ ਗੁਰੂ ਤੇਗ ਬਹਾਦਰ ਜੀ, ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲਾ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਬੀਤੇ ਦਿਨੀ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਧਮਧਾਨ ਸਾਹਿਬ ਵਿਖੇ ਧਾਰਮਿਕ ਸਮਾਗਮ ਹੋਇਆ। ਜਿਸ ਵਿੱਚ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ 14ਵੇਂ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਵਿਸ਼ੇਸ਼ ਤੌਰ ਤੇ ਸਮੂਲੀਅਤ ਕੀਤੀ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ, ਹਰਿਆਣਾ ਕਮੇਟੀ ਦੇ ਪ੍ਰਧਾਨ ਜਥੇਦਾਰ ਜਗਦੀਸ਼ ਸਿੰਘ ਝੀਂਡਾ, ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਪ੍ਰੇਮ ਸਿੰਘ ਲਾਲਪੁਰਾ, ਮੁੱਖ ਮੰਤਰੀ ਭਗਵੰਤ ਮਾਨ ਦੀ ਮਾਤਾ ਹਰਪਾਲ ਕੌਰ, ਕੈਬਿਨਟ ਮੰਤਰੀ ਵਰਿੰਦਰ ਗੋਇਲ, ਸ਼ ?ਰੋਮਣੀ ਅਕਾਲੀ ਦਲ ਦੇ ਸਾਬਕਾ ਕਾਰਜਕਾਰੀ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ, ਅਭੈ ਚੌਟਾਲਾ, ਸਾਬਕਾ ਵਿਧਾਇਕ ਅਤੇ ਭਾਜਪਾ ਹਰਿਆਣਾ ਦੇ ਸਾਬਕਾ ਪ੍ਰਧਾਨ ਸੁਭਾਸ਼ ਬਰਾਰਾ ਸਮੇਤ ਰਾਜਨੀਤਕ ਆਗੂਆਂ ਅਤੇ ਸੰਗਤਾਂ ਨੇ ਹਾਜ਼ਰੀ ਭਰੀ। ਸਮਾਗਮ ਵਿਚ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਹਜ਼ੂਰੀ ਰਾਗੀ ਭਾਈ ਜਬਰਤੋੜ ਸਿੰਘ, ਭਾਈ ਗੁਰਦੇਵ ਸਿੰਘ ਦੇ ਰਾਗੀ ਜਥਿਆਂ ਅਤੇ ਗੰਗਾਨਗਰ ਤੋਂ ਕਥਾਵਾਚਕ ਭਾਈ ਹਰਵਿੰਦਰ ਸਿੰਘ, ਗੁਰਦੁਆਰਾ ਦੀਵਾਨ ਹਾਲ ਮੰਜੀ ਸਾਹਿਬ ਦੇ ਮੁੱਖ ਗ੍ਰੰਥੀ ਜਥੇਦਾਰ ਵਿਸ਼ਾਲ



ਸਿੰਘ ਅਤੇ ਕੇਵਲ ਸਿੰਘ ਸਮੇਤ ਵੱਖ-ਵੱਖ ਰਾਗੀ ਅਤੇ ਢਾਡੀ ਜਥਿਆਂ ਵਲੋਂ ਕੀਰਤਨ ਕੀਤਾ। ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਹਰਿਆਣਾ ਕਮੇਟੀ ਵਲੋਂ ਰਾਜ 'ਚ ਖੋਲ੍ਹੇ ਜਾਣਗੇ 350 ਸਕੂਲ-ਜਗਦੀਸ਼ ਸਿੰਘ ਝੀਂਡਾ ਗਿਆ। ਇਸ ਮੌਕੇ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਹਰਿਆਣਾ ਦੇ ਸਿੱਖ ਸੁਚੇਤ ਰਹਿਣ ਅਤੇ ਪੂਰੀ ਦੁਨੀਆ ਵਿਚ ਵੱਸਦੇ ਸਿੱਖ ਆਪਸੀ ਭਾਈ ਹਨ। ਗੁਰੂ ਸਾਹਿਬ ਦੇ ਮਾਰਗ ਤੇ ਚਲਣ ਦੀ ਪਰੇਣਾ ਦਿਤੀ। ਅੰਮ੍ਰਿਤ ਛੱਕ ਕੇ ਗੁਰੂ ਵਾਲੇ ਬਨਣ ਦੀ ਸੰਗਤਾਂ ਨੂੰ ਅਪੀਲ ਦਿਤੀ ਅਤੇ ਉਨ੍ਹਾਂ ਕੇਂਦਰ ਸਰਕਾਰ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਬੰਦੀ ਸਿੰਘਾਂ ਨੂੰ ਜਲਦ ਰਿਹਾ ਕਰੇ। ਉਨ੍ਹਾਂ ਗੁਰਦੁਆਰਾ ਧਮਧਾਨ ਸਾਹਿਬ ਵਿਖੇ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਪਹੁੰਚੇ ਵੱਖ-ਵੱਖ ਆਗੂਆਂ ਅਤੇ ਸੰਗਤਾਂ ਦਾ ਧੰਨਵਾਦ ਕੀਤਾ। ਇਸ ਮੌਕੇ ਝੀਂਡਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਸਮੁੱਚੇ ਹਰਿਆਣਾ ਰਾਜ 'ਚ ਹਰਿਆਣਾ ਕਮੇਟੀ ਵਲੋਂ 350 ਸਕੂਲ ਖੋਲ੍ਹੇ ਜਾਣਗੇ। ਉਨ੍ਹਾਂ ਕਿਹਾ ਕਿ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਅੰਮ੍ਰਿਤਸਰ ਸਾਹਿਬ ਵਿਖੇ ਹਰਿਆਣਾ ਕਮੇਟੀ ਵਲੋਂ ਸੰਗਤਾਂ ਦੇ ਠਹਿਰਨ ਲਈ 350 ਕਮਰਿਆਂ ਦੀ ਸਰ੍ਹਾਂ ਬਣਾਈ ਜਾਵੇਗੀ। ਇਸ ਮੌਕੇ ਇੰਦਰਪਾਲ ਸਿੰਘ ਫੌਜੀ, ਬਾਬਾ ਮਲੂਕ ਸਿੰਘ ਲਾਡੀ, ਬਾਬਾ ਗੁਰਮੁਖ ਸਿੰਘ, ਬਾਬਾ ਸੁਖਦੇਵ ਸਿੰਘ ਸੁੱਖਾ, ਬਾਬਾ ਵਿਸ਼ਵਪ੍ਰਤਾਪ ਸਿੰਘ, ਬਾਬਾ ਸੁਖਵਿੰਦਰ ਸਿੰਘ ਮੌਰ, ਬਾਬਾ ਗੁਰਮੁਖ ਸਿੰਘ, ਬਾਬਾ ਹਰਪ੍ਰੀਤ ਸਿੰਘ ਹੈਪੀ, ਬਾਬਾ ਰਣਜੋਧ ਸਿੰਘ, ਬਾਬਾ ਸਰਜੀਤ ਸਿੰਘ ਡੀਸੀ, ਬਾਬਾ ਜਸਬੀਰ ਸਿੰਘ, ਬਾਬਾ ਜੋਗਾ ਸਿੰਘ ਹਨੂੰਮਾਨਗੜ੍ਹ, ਬਾਬਾ ਬੂਟਾ ਸਿੰਘ ਲੰਬਵਾਲੀ ਆਦਿ ਹਾਜ਼ਰ ਸਨ।

## ਰੱਖਿਆ ਸਹਿਯੋਗ ਵੱਲ ਭਾਰਤ ਤੇ ਅਮਰੀਕਾ ਦਾ ਇਕ ਹੋਰ ਵੱਡਾ ਕਦਮ !

# 7995 ਕਰੋੜ ਦੇ ਸਮਝੌਤੇ 'ਤੇ ਕੀਤੇ ਦਸਤਖ਼ਤ

ਨਵੀਂ ਦਿੱਲੀ : ਭਾਰਤ ਤੇ ਅਮਰੀਕਾ ਦਰਮਿਆਨ ਰੱਖਿਆ ਸਹਿਯੋਗ ਨੂੰ ਹੋਰ ਡੂੰਘਾ ਕਰਨ ਵੱਲ ਇਕ ਕਦਮ ਵਧਾਉਂਦੇ ਹੋਏ ਰੱਖਿਆ ਮੰਤਰਾਲਾ ਨੇ ਭਾਰਤੀ ਸਮੁੰਦਰੀ ਫੌਜ ਦੇ ਐੱਮ. ਐੱਚ -60 ਰੋਮੀਓ ਮਲਟੀ-ਰੋਲ ਹੈਲੀਕਾਪਟਰਾਂ ਦੀ ਦੇਖਭਾਲ ਲਈ 7995 ਕਰੋੜ ਰੁਪਏ ਦੇ ਸਮਝੌਤੇ 'ਤੇ ਸ਼ੁੱਕਰਵਾਰ ਹਸਤਾਖਰ ਕੀਤੇ ਹਨ। ਇਹ ਹਸਤਾਖਰ ਅਮਰੀਕੀ ਫੌਜੀ ਵਿਕਰੀ ਪ੍ਰੋਗਰਾਮ ਅਧੀਨ ਰੱਖਿਆ ਸਕੱਤਰ ਰਾਜੇਸ਼ ਕੁਮਾਰ ਸਿੰਘ ਦੀ ਮੌਜੂਦਗੀ 'ਚ ਕੀਤੇ ਗਏ। 5 ਸਾਲਾਂ ਦਾ ਇਹ ਸਮਝੌਤਾ ਸਪੇਅਰ ਪਾਰਟਸ ਦੀ ਸਪਲਾਈ, ਸਿਖਲਾਈ, ਤਕਨੀਕੀ ਮਦਦ ਤੇ ਜ਼ਰੂਰੀ ਹਿੱਸਿਆਂ ਦੀ ਮੁਰੰਮਤ ਨੂੰ ਕਵਰ ਕਰਦਾ ਹੈ।

ਇਸ ਤੋਂ ਇਲਾਵਾ ਭਾਰਤ 'ਚ ਵਿਚਕਾਰਲੇ



ਪੱਧਰ ਦੀ ਮੁਰੰਮਤ ਤੇ ਸਮੇਂ-ਸਮੇਂ 'ਤੇ ਰੱਖ-ਰਖਾਅ ਦੇ ਨਾਲ ਹੀ ਨਿਰੀਖਣ ਸਹੂਲਤਾਂ ਵੀ ਵਿਕਸਤ ਕੀਤੀਆਂ ਜਾਣਗੀਆਂ। ਇਹ ਘਰੇਲੂ ਸਹੂਲਤਾਂ ਨਾ ਸਿਰਫ਼ ਭਾਰਤ ਦੀ ਸਮਰੱਥਾ ਨੂੰ ਵਧਾਉਣਗੀਆਂ ਸਗੋਂ ਅਮਰੀਕੀ ਸਪਲਾਈ 'ਤੇ ਇਸ ਦੀ ਨਿਰਭਰਤਾ ਨੂੰ ਵੀ ਘਟਾਉਣਗੀਆਂ।

# ਕੇਂਦਰੀ ਗ੍ਰਹਿ ਮੰਤਰਾਲੇ ਵਲੋਂ ਚੰਡੀਗੜ੍ਹ 'ਚ ਹਰਿਆਣਾ ਵਿਧਾਨ ਸਭਾ ਲਈ ਵੱਖਰੀ ਜ਼ਮੀਨ ਤੋਂ ਨਾਂਹ

ਚੰਡੀਗੜ੍ਹ : ਕੇਂਦਰੀ ਗ੍ਰਹਿ ਮੰਤਰਾਲੇ ਵਲੋਂ ਚੰਡੀਗੜ੍ਹ 'ਚ ਹਰਿਆਣਾ ਦੀ ਵੱਖਰੀ ਵਿਧਾਨ ਸਭਾ ਦਾ ਪ੍ਰਸਤਾਵ ਰੱਦ ਕਰਕੇ ਪੰਜਾਬ ਦੇ ਹੱਕ ਦੇ ਵਿਚ ਫ਼ੈਸਲਾ ਕੀਤਾ ਗਿਆ ਹੈ। ਪੰਜਾਬ ਵਿਧਾਨ ਸਭਾ ਦੀਆਂ 2027 ਦੀਆਂ ਚੋਣਾਂ ਸਿਰ 'ਤੇ ਹਨ, ਜਿਸ ਨੂੰ ਦੇਖਦੇ ਹੋਏ ਕੇਂਦਰ ਸਰਕਾਰ ਕਿਸੇ ਵੀ ਤਰੀਕੇ ਦੇ ਨਾਲ ਇਹ ਨਹੀਂ ਚਾਹੇਗੀ ਕਿ ਪੰਜਾਬ ਦੇ ਵਿਚ ਕੇਂਦਰ ਸਰਕਾਰ ਦੇ ਫ਼ੈਸਲੇ ਦਾ ਵਿਰੋਧ ਹੋਵੇ ਫਿਰ ਚਾਹੇ ਉਹ ਪੰਜਾਬ ਯੂਨੀਵਰਸਿਟੀ ਦਾ ਮਸਲਾ ਹੋਵੇ ਚਾਹੇ ਚੰਡੀਗੜ੍ਹ 'ਤੇ ਪੰਜਾਬ ਦੇ ਹੱਕ ਸੰਬੰਧੀ ਮਸਲਾ ਹੋਵੇ ਜਾਂ ਪਾਣੀਆਂ ਦਾ ਮਸਲਾ ਹੋਵੇ ਕੇਂਦਰ ਸਰਕਾਰ ਨੂੰ ਪਿਛਲੇ ਕੁੱਝ ਸਮੇਂ ਤੋਂ ਪੰਜਾਬ ਦੇ ਹੱਕ ਦੇ ਵਿਚ ਲਗਾਤਾਰ ਫ਼ੈਸਲੇ ਕਰਨੇ ਪੈ ਰਹੇ ਹਨ। ਦੱਸ ਦਈਏ ਕਿ ਹਰਿਆਣਾ ਸਰਕਾਰ ਦੇ ਅਧਿਕਾਰੀਆਂ ਵਲੋਂ ਇਹ ਪ੍ਰਸਤਾਵ ਦਿੱਤਾ ਗਿਆ ਸੀ ਕਿ ਚੰਡੀਗੜ੍ਹ 'ਚ ਹਰਿਆਣਾ ਦੀ ਵੱਖਰੀ ਵਿਧਾਨ ਸਭਾ ਲਈ ਜ਼ਮੀਨ ਦਿੱਤੀ ਜਾਵੇ, ਜਿਸ 'ਤੇ ਹੁਣ ਕੇਂਦਰ ਸਰਕਾਰ ਨੇ ਸਿੱਧੇ ਤੌਰ 'ਤੇ ਇਸ ਪ੍ਰਸਤਾਵ ਨੂੰ ਰੱਦ ਕਰ ਦਿੱਤਾ ਹੈ। ਆਗਾਮੀ 2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਨੂੰ ਲੈ ਕੇ ਪੰਜਾਬੀਆਂ ਦੇ ਵਧ ਰਹੇ ਰੋਹ ਨੂੰ ਵੇਖਦਿਆਂ ਕੇਂਦਰੀ ਗ੍ਰਹਿ ਮੰਤਰਾਲੇ ਨੇ ਹਰਿਆਣਾ ਸਰਕਾਰ ਦੀ ਚੰਡੀਗੜ੍ਹ ਵਿਚ ਵੱਖਰੀ ਵਿਧਾਨ ਸਭਾ ਦੀ ਇਮਾਰਤ ਉਸਾਰਨ ਦੀ ਮੰਗ ਨੂੰ ਮੁੱਢੋਂ ਖ਼ਾਰਜ ਕਰ ਦਿੱਤਾ। ਇਸ ਫ਼ੈਸਲੇ ਤੋਂ ਬਾਅਦ ਹੁਣ ਇਹ ਸਪੱਸ਼ਟ ਹੋ ਗਿਆ ਕਿ ਚੰਡੀਗੜ੍ਹ ਦੇ ਵਿਚ ਹਰਿਆਣਾ ਵਿਧਾਨ ਸਭਾ ਦੀ ਵੱਖਰੀ ਇਮਾਰਤ ਨਹੀਂ ਬਣੇਗੀ। ਸੂਤਰਾਂ ਅਨੁਸਾਰ ਹਰਿਆਣਾ ਸਰਕਾਰ ਦੇ ਸੀਨੀਅਰ ਅਧਿਕਾਰੀਆਂ ਨੇ ਹਾਲ ਹੀ 'ਚ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਅੱਗੇ ਚੰਡੀਗੜ੍ਹ ਦੇ ਵਿਚ ਵੱਖਰੀ ਵਿਧਾਨ ਸਭਾ ਦੀ ਇਮਾਰਤ ਬਣਾਉਣ ਦਾ ਮੁੱਦਾ ਬੜੇ ਜ਼ੋਰਾਂ ਦੇ ਨਾਲ ਚੁੱਕਿਆ ਸੀ। ਇਸ 'ਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਹਰਿਆਣਾ ਸਰਕਾਰ ਨੂੰ ਵੱਖਰੀ ਵਿਧਾਨ ਸਭਾ ਦਾ ਮੁੱਦਾ ਚੰਡੀਗੜ੍ਹ ਪ੍ਰਸ਼ਾਸਨ ਕੋਲ ਨਾ ਚੁੱਕਣ ਦੇ ਸਖ਼ਤ ਨਿਰਦੇਸ਼ ਦਿੱਤੇ ਹਨ, ਹਾਲਾਂਕਿ ਚੰਡੀਗੜ੍ਹ ਪ੍ਰਸ਼ਾਸਨ ਨੇ ਪਹਿਲਾਂ ਹੀ ਯੂ.ਟੀ ਮਾਸਟਰ ਪਲਾਨ 2031 ਵਿਚ ਅਜਿਹੀ ਕੋਈ ਵਿਵਸਥਾ ਨਾ ਹੋਣ ਦਾ ਹਵਾਲਾ ਦਿੰਦਿਆਂ ਹਰਿਆਣਾ ਵਿਧਾਨ ਸਭਾ ਦੀ ਨਵੀਂ ਇਮਾਰਤ ਲਈ ਜ਼ਮੀਨ ਦੀ ਅਦਲਾ ਬਦਲੀ ਦੇ ਪ੍ਰਸਤਾਵ ਨੂੰ ਰੱਦ ਕਰ ਦਿੱਤਾ ਸੀ। ਹਰਿਆਣਾ ਵਿਚ ਵੀ ਨਵੀਂ ਹੱਦਬੰਦੀ ਕਾਰਨ ਵਿਧਾਨ ਸਭਾ ਹਲਕਿਆਂ ਦੀ ਗਿਣਤੀ 90 ਤੋਂ ਵਧ ਕੇ 126 ਹੋਣ ਦਾ ਅਨੁਮਾਨ ਹੈ। ਜਿਸ ਕਾਰਨ ਮੌਜੂਦਾ ਵਿਧਾਨ ਸਭਾ ਭਵਨ ਵਿਚ ਥਾਂ ਦੀ ਘਾਟ ਦਾ ਮਾਮਲਾ ਸਾਹਮਣੇ ਆ ਸਕਦਾ ਹੈ, ਇਸੇ ਨੂੰ ਮੁੱਖ ਰੱਖਦਿਆਂ ਵਿਧਾਨ ਸਭਾ ਦੇ ਸਪੀਕਰ ਗਿਆਨ ਚੰਦ ਗੁਪਤਾ ਨੇ ਸਾਲ 2022 ਦੇ ਸ਼ੁਰੂ ਵਿਚ ਪੰਜਾਬ ਤੇ ਹਰਿਆਣਾ ਦੀ ਸਾਂਝੀ ਰਾਜਧਾਨੀ ਚੰਡੀਗੜ੍ਹ ਵਿਖੇ ਹਰਿਆਣਾ ਦੀ ਵੱਖਰੀ ਵਿਧਾਨ ਸਭਾ ਬਣਾਉਣ ਲਈ ਜ਼ਮੀਨ ਅਲਾਟ ਕਰਨ ਦੀ ਮੰਗ ਕੀਤੀ ਸੀ। ਇਸ ਤੋਂ ਬਾਅਦ ਯੂ.ਟੀ. ਪ੍ਰਸ਼ਾਸਨ ਨੇ ਹਰਿਆਣਾ ਸਰਕਾਰ ਨੂੰ ਤਿੰਨ ਥਾਵਾਂ ਦੀ ਪੇਸ਼ਕਸ਼ ਕੀਤੀ ਸੀ। ਜਿਸ ਵਿਚ ਆਈ.ਟੀ. ਪਾਰਕ ਨੇੜੇ ਮਨੀਮਾਜਰਾ, ਕਲਾਗ੍ਰਾਮ ਕਲਾਮ ਦੇ ਨੇੜੇ ਅਤੇ ਰੇਲਵੇ ਲਾਈਵ ਪੁਆਇੰਟ ਤੋਂ ਆਈ.ਟੀ ਪਾਰਕ ਜਾਣ ਵਾਲੀ ਸੜਕ 'ਤੇ ਜ਼ਮੀਨ ਸ਼ਾਮਿਲ ਸੀ। ਹਰਿਆਣਾ ਦੇ ਤਤਕਾਲੀ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਰੇਲਵੇ ਲਾਈਟ ਪੁਆਇੰਟ ਤੋਂ ਆਈ.ਟੀ ਪਾਰਕ



ਵਾਲੀ ਸੜਕ 'ਤੇ 10 ਏਕੜ ਜ਼ਮੀਨ ਲੈਣ ਦੀ ਸਹਿਮਤੀ ਦਿੱਤੀ ਸੀ। ਇਸ ਬਦਲੇ ਹਰਿਆਣਾ ਸਰਕਾਰ ਵਲੋਂ ਯੂ.ਟੀ ਪ੍ਰਸ਼ਾਸਨ ਨੂੰ ਪੰਚਕੂਲਾ ਦੇ ਸਕੇਤੜੀ ਦੇ ਵਿਚ 12 ਏਕੜ ਜ਼ਮੀਨ ਦਿੱਤੀ ਜਾ ਰਹੀ ਸੀ ਹਾਲਾਂਕਿ ਚੰਡੀਗੜ੍ਹ ਪ੍ਰਸ਼ਾਸਨ ਨੇ ਇਸ ਪ੍ਰਸਤਾਵ ਨੂੰ ਇਹ ਕਹਿ ਕੇ ਰੱਦ ਕਰ ਦਿੱਤਾ ਸੀ ਕਿ ਹਰਿਆਣਾ ਵਲੋਂ ਦਿੱਤੀ ਜਾਣ ਵਾਲੀ ਜ਼ਮੀਨ ਉਸਾਰੀ ਯੋਗ ਨਹੀਂ ਹੈ ਅਤੇ ਉਥੇ ਉਸਾਰੀ ਦੌਰਾਨ ਵਾਤਾਵਰਨ ਵਿਭਾਗ ਸਣੇ ਹੋਰ ਕਈ ਤਰ੍ਹਾਂ ਦੇ ਕਾਨੂੰਨੀ ਅੜਿੱਕੇ ਆ ਰਹੇ ਹਨ। ਜ਼ਿਕਰਯੋਗ ਹੈ ਕਿ ਪਿਛਲੇ ਸਮੇਂ ਵਿਚ ਕਈ ਵਾਰ ਚੰਡੀਗੜ੍ਹ ਤੋਂ ਪੰਜਾਬ ਦੇ ਅਧਿਕਾਰਾਂ ਨੂੰ ਖੋਰਾ ਲਗਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ। ਜਿਨ੍ਹਾਂ ਦਾ ਪੰਜਾਬ ਦੇ ਵਲੋਂ ਤਿੱਖਾ ਵਿਰੋਧ ਕੀਤਾ ਗਿਆ। ਕੇਂਦਰ ਸਰਕਾਰ ਨੂੰ ਉਥੇ ਯੂ-ਟਰਨ ਲੈਣਾ ਪਿਆ। ਅਜਿਹੇ ਬਹੁਤ ਸਾਰੇ ਮਸਲੇ ਹਨ ਜਦ ਕੇਂਦਰ ਸਰਕਾਰ ਵਲੋਂ ਪਹਿਲਾਂ ਨੋਟੀਫ਼ ?ਕੇਸ਼ਨ ਜਾਰੀ ਕੀਤੇ ਗਏ, ਪਰ ਪੰਜਾਬ ਵਲੋਂ ਤਿੱਖਾ ਵਿਰੋਧ ਹੁੰਦਾ ਦੇਖ ਕੇਂਦਰ ਸਰਕਾਰ ਨੂੰ ਯੂ-ਟਰਨ ਲੈਣ ਦੇ ਲਈ ਮਜਬੂਰ ਹੋਣਾ ਪਿਆ, ਇਨ੍ਹਾਂ 'ਚ 2022 ਦੌਰਾਨ ਹਰਿਆਣਾ ਦੇ ਵਿਧਾਨ ਸਭਾ ਸਪੀਕਰ ਵਲੋਂ ਪ੍ਰਸਤਾਵ ਦਿੱਤਾ ਗਿਆ ਸੀ ਕਿ ਵੱਖਰੀ ਵਿਧਾਨ ਸਭਾ ਲਈ ਹਰਿਆਣਾ ਨੂੰ ਚੰਡੀਗੜ੍ਹ ਵਿਚ ਜ਼ਮੀਨ ਦਿੱਤੀ ਜਾਵੇ ਪਰ ਹੁਣ ਕੇਂਦਰੀ ਗ੍ਰਹਿ ਮੰਤਰਾਲੇ ਵਲੋਂ ਹਰਿਆਣਾ ਦੇ ਪ੍ਰਸਤਾਵ ਨੂੰ ਮੁੱਢੋਂ ਖ਼ਾਰਜ ਕਰ ਦਿੱਤਾ ਗਿਆ ਹੈ।

# ਜੇਕਰ ਪੰਜਾਬ 'ਚ ਸਰਕਾਰ ਬਣਾਉਣੀ ਹੈ ਤਾਂ ਭਾਜਪਾ ਦਾ ਅਕਾਲੀ ਦਲ ਨਾਲ ਗੱਠਜੋੜ ਜ਼ਰੂਰੀ : ਕੈਪਟਨ

ਚੰਡੀਗੜ੍ਹ : ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਆਉਣ ਵਾਲੀਆਂ 2027 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਸਿਆਸੀ ਗਲਿਆਰਿਆਂ 'ਚ ਨਵੀਂ ਚਰਚਾ ਛੇੜ ਦਿੱਤੀ ਹੈ। ਉਨ੍ਹਾਂ ਸਪੱਸ਼ਟ ਤੌਰ 'ਤੇ ਕਿਹਾ ਕਿ ਭਾਜਪਾ ਲਈ ਪੰਜਾਬ ਵਿਚ ਸੱਤਾ ਮਿਲਣ ਦਾ ਰਾਹ ਸਿਰਫ਼ ਸ਼੍ਰੋਮਣੀ ਅਕਾਲੀ ਦਲ ਨਾਲ ਗੱਠਜੋੜ ਰਾਹੀਂ ਹੀ ਖੁੱਲ ਸਕਦਾ ਹੈ। ਕੈਪਟਨ ਦੇ ਬਿਆਨ ਨਾਲ ਸੂਬੇ ਦੇ ਸਿਆਸੀ ਹਲਕਿਆਂ ਵਿਚ ਮੁੜ ਹਲਚਲ ਦਿੱਖਣ ਲੱਗੀ ਹੈ। ਕੈਪਟਨ ਨੇ ਇੱਕ ਨਿੱਜੀ ਚੈਨਲ ਨੂੰ ਦਿੱਤੇ ਇੰਟਰਵਿਊ ਵਿਚ ਕਿਹਾ ਕਿ 2027 ਦੀਆਂ ਚੋਣਾਂ 'ਚ ਭਾਜਪਾ ਦੀ ਜਿੱਤ ਸਿਰਫ਼ ਸ਼੍ਰੋਮਣੀ ਅਕਾਲੀ ਦਲ ਨਾਲ ਗੱਠਜੋੜ ਰਾਹੀਂ ਹੀ ਸੰਭਵ ਹੈ। ਉਨ੍ਹਾਂ ਨੇ ਸਪੱਸ਼ਟ ਤੌਰ 'ਤੇ ਕਿਹਾ ਕਿ ਸੂਬੇ ਦੀ ਸਿਆਸੀ ਤੇ ਸਮਾਜਿਕ ਬਣਤਰ ਦੀ ਪੂਰੀ ਸਮਝ ਭਾਜਪਾ ਕੋਲ ਅਜੇ ਨਹੀਂ ਹੈ ਅਤੇ ਇਸ ਕਾਰਨ ਇਕੱਲਿਆਂ ਪੰਜਾਬ ਦੀ ਸੱਤਾ ਹਾਸਲ ਕਰਨਾ ਮੁਸ਼ਕਿਲ ਹੈ। ਉਨ੍ਹਾਂ ਕਿਹਾ ਕਿ ਭਾਜਪਾ ਨੂੰ ਆਪਣਾ ਕੇਡਰ ਮਜ਼ਬੂਤ ਕਰਨ ਲਈ ਘੱਟੋ-ਘੱਟ ਦੋ-ਤਿੰਨ ਚੋਣਾਂ ਦਾ ਸਮਾਂ ਲੱਗੇਗਾ। ਇਸ ਲਈ ਮੌਜੂਦਾ ਹਾਲਾਤ 'ਚ ਸ਼੍ਰੋਮਣੀ ਅਕਾਲੀ ਦਲ ਨਾਲ ਹੱਥ ਮਿਲਾਉਣਾ ਭਾਜਪਾ ਦਾ ਸਭ ਤੋਂ ਮਜ਼ਬੂਤ ਹਥਿਆਰ ਬਣ ਸਕਦਾ ਹੈ।



ਕੈਪਟਨ ਨੇ ਕਿਹਾ ਕਿ ਉਹ ਪੂਰੀ ਤਰ੍ਹਾਂ ਸਿਹਤਮੰਦ ਹਨ ਅਤੇ 2027 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਸਰਗਰਮ ਭੂਮਿਕਾ ਨਿਭਾਉਣ ਲਈ ਤਿਆਰ ਹਨ।

# ਸ੍ਰੀ ਅਨੰਦਪੁਰ ਸਾਹਿਬ ਵਿਖੇ 350 ਸਾਲਾ ਸ਼ਹੀਦੀ ਸ਼ਤਾਬਦੀ ਸਮਾਗਮ ਸਮਾਪਤ

- ਦਿੱਲੀ ਤੋਂ ਚੱਲਿਆ 'ਸੀਸ ਮਾਰਗ ਨਗਰ ਕੀਰਤਨ' ਗੁਰਦੁਆਰਾ ਸੀਸ ਗੰਜ ਸਾਹਿਬ ਪੁੱਜਾ
- ਹਰ ਸਾਲ ਸਜਾਇਆ ਜਾਵੇਗਾ ਨਗਰ ਕੀਰਤਨ : ਜਥੇਦਾਰ ਗੜਗੱਜ
- ਸ਼ਤਾਬਦੀ ਸਮਾਗਮ ਗੁਰੂ ਸਾਹਿਬ ਦੇ ਉਪਦੇਸ਼ਾਂ ਅਨੁਸਾਰ ਜੀਵਨ ਜਿਊਣ ਦੀ ਪ੍ਰੇਰਨਾ : ਧਾਮੀ





ਸ੍ਰੀ ਅਨੰਦਪੁਰ ਸਾਹਿਬ : ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਅਤੇ ਉਨ੍ਹਾਂ ਨਾਲ ਸ਼ਹੀਦੀ ਪ੍ਰਾਪਤ ਕਰਨ ਵਾਲੇ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਸੰਬੰਧੀ ਸਮਾਗਮਾਂ ਦੀ ਸਮਾਪਤੀ ਗੁਰਦੁਆਰਾ ਸੀਸਗੰਜ ਸਾਹਿਬ ਸ੍ਰੀ ਅਨੰਦਪੁਰ ਸਾਹਿਬ ਵਿਚ ਰੂਹਾਨੀਅਤ ਭਰੇ ਮਾਹੌਲ ਵਿਚ ਹੋਈ। ਸਮਾਗਮ 'ਸੀਸ ਸਸਕਾਰ ਦਿਵਸ' ਵਜੋਂ ਗੁਰੂ ਸਾਹਿਬ ਦੀ ਲਾਸਾਨੀ ਕੁਰਬਾਨੀ ਦੀ ਸਦੀਵੀ ਯਾਦ ਵਜੋਂ ਮਨਾਏ ਗਏ। ਇਸ ਤੋਂ ਪਹਿਲਾਂ 'ਸੀਸ ਮਾਰਗ ਨਗਰ ਕੀਰਤਨ' ਗੁਰਦੁਆਰਾ ਬਿਬਾਨਗੜ੍ਹ ਸਾਹਿਬ ਸ੍ਰੀ ਕੀਰਤਪੁਰ ਸਾਹਿਬ ਤੋਂ ਚੱਲ ਕੇ ਗੁਰਦੁਆਰਾ ਸੀਸਗੰਜ ਸਾਹਿਬ ਸ੍ਰੀ ਅਨੰਦਪੁਰ ਸਾਹਿਬ ਵਿਖੇ ਪਹੁੰਚ ਕੇ ਸੰਪੰਨ ਹੋਇਆ। ਨਗਰ ਕੀਰਤਨ ਦਿੱਲੀ ਤੋਂ ਬੀਤੇ ਦਿਨੀਂ ਆਰੰਭ ਹੋਇਆ ਸੀ, ਜੋ ਕਿ ਪੜਾਅ ਦਰ ਪੜਾਅ ਲੰਘੀ ਰਾਤ ਗੁਰਦੁਆਰਾ ਬਿਬਾਨਗੜ੍ਹ ਸਾਹਿਬ ਸ੍ਰੀ ਕੀਰਤਪੁਰ ਸਾਹਿਬ ਵਿਖੇ ਪੁੱਜਾ ਸੀ। ਸ੍ਰੀ ਕੀਰਤਪੁਰ ਸਾਹਿਬ ਤੋਂ ਸ੍ਰੀ ਅਨੰਦਪੁਰ ਸਾਹਿਬ ਤੱਕ ਸਜਾਏ ਸੀਸ ਮਾਰਗ ਨਗਰ ਕੀਰਤਨ ਵਿਚ ਵੱਡੀ ਗਿਣਤੀ 'ਚ ਸੰਗਤ ਨੇ ਹਿੱਸਾ ਲਿਆ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਅਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ, ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਟੇਕ ਸਿੰਘ ਧਨੌਲਾ, ਤਖ਼ਤ ਸ੍ਰੀ ਹਰਿਮੰਦਰ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਬਲਦੇਵ ਸਿੰਘ, ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਬਾਬਾ ਬਲਬੀਰ ਸਿੰਘ, ਤਰਨਾ ਦਲ ਹਰੀਆਂ ਵੇਲਾਂ ਦੇ ਮੁਖੀ ਬਾਬਾ ਨਿਹਾਲ ਸਿੰਘ, ਦਲ ਬਾਬਾ ਬਿਧੀ ਚੰਦ ਦੇ ਮੁਖੀ ਬਾਬਾ ਅਵਤਾਰ ਸਿੰਘ ਸੁਰਸਿੰਘ, ਤਰਨਾ ਦਲ ਬਾਬਾ ਬਕਾਲਾ ਸਾਹਿਬ ਦੇ ਮੁਖੀ ਬਾਬਾ ਜੋਗਾ ਸਿੰਘ, ਬਾਬਾ ਕਸ਼ਮੀਰ ਸਿੰਘ ਭੂਰੀ ਵਾਲੇ, ਦਸਮੇਸ਼ ਤਰਨਾ ਦਲ ਦੇ ਮੁਖੀ ਬਾਬਾ ਮੇਜਰ ਸਿੰਘ ਸੋਢੀ, ਬਾਬਾ ਨਾਗਰ ਸਿੰਘ ਹਰੀਆਂ ਵੇਲਾਂ, ਬਾਬਾ ਸਤਨਾਮ ਸਿੰਘ ਕਿਲ੍ਹਾ ਅਨੰਦਗੜ੍ਹ ਸਾਹਿਬ, ਬਾਬਾ ਅਵਤਾਰ ਸਿੰਘ ਟਿੱਬੀ ਸਾਹਿਬ, ਬਾਬਾ ਤੀਰਥ ਸਿੰਘ ਗੁਰਦੁਆਰਾ ਤਪ ਅਸਥਾਨ, ਬਾਬਾ ਜਰਨੈਲ ਸਿੰਘ ਕਾਰਸੇਵਾ ਸਮੇਤ ਹੋਰ ਪੰਥਕ ਹਸਤੀਆਂ ਨੇ ਹਾਜ਼ਰੀ ਭਰੀ। ਨਿਹੰਗ ਸਿੰਘ ਜਥੇਬੰਦੀਆਂ ਵਲੋਂ ਘੋੜਿਆਂ ਹਾਥੀਆਂ ਨਾਲ ਭਰਵੀਂ ਸ਼ਮੂਲੀਅਤ ਕੀਤੀ ਗਈ ਅਤੇ ਸਕੂਲਾਂ ਕਾਲਜਾਂ ਦੇ ਵਿਦਿਆਰਥੀਆਂ ਨੇ ਵੀ ਹੱਥਾਂ ਵਿਚ ਖ਼ਾਲਸਾਈ ਨਿਸ਼ਾਨ ਫੜ ਕੇ ਨਗਰ ਕੀਰਤਨ ਵਿਚ ਭਰਵੀਂ ਹਾਜ਼ਰੀ ਲਗਵਾਈ। ਭਾਈ ਜੈਤਾ ਜੀ ਵਲੋਂ ਗੁਰੂ ਸਾਹਿਬ ਦਾ ਪਾਵਨ ਸੀਸ ਦਿੱਲੀ ਤੋਂ ਸ੍ਰੀ ਅਨੰਦਪੁਰ ਸਾਹਿਬ ਲਿਆਉਣ ਦੀ ਯਾਦ ਵਿਚ ਇਹ ਨਗਰ ਕੀਰਤਨ ਸੰਗਤ ਨੂੰ ਭਾਵੁਕ ਕਰ ਰਿਹਾ ਸੀ। ਸੰਗਤਾਂ ਸ਼ਰਧਾ, ਸਮਰਪਣ ਅਤੇ ਵੈਰਾਗ ਦੀ ਭਾਵਨਾ ਨਾਲ ਸਤਿਨਾਮ ਵਾਹਿਗੁਰੂ ਦਾ ਉਚਾਰਨ ਕਰਦਿਆਂ ਨਾਲ-ਨਾਲ ਚੱਲ ਰਹੀਆਂ ਸਨ।

ਇਸੇ ਦੌਰਾਨ ਗੁਰਦੁਆਰਾ ਸੀਸਗੰਜ ਸਾਹਿਬ ਵਿਖੇ ਸਜੇ ਦੀਵਾਨ ਵਿਚ ਸ਼੍ਰੋਮਣੀ ਰਾਗੀ ਭਾਈ ਹਰਜਿੰਦਰ ਸਿੰਘ ਸ੍ਰੀਨਗਰ ਵਾਲੇ, ਸੱਚਖੰਡ ਸ੍ਰੀ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਕਰਨੈਲ ਸਿੰਘ, ਭਾਈ ਸ਼ੌਕੀਨ ਸਿੰਘ ਅਤੇ ਭਾਈ ਕਾਰਜ ਸਿੰਘ ਦੇ ਜਥਿਆਂ ਨੇ ਕੀਰਤਨ ਕੀਤਾ, ਜਦੋਂਕਿ ਕਥਾਵਾਚਕ ਭਾਈ ਪਿੰਦਰਪਾਲ ਸਿੰਘ ਨੇ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੇ ਜੀਵਨ ਅਤੇ ਸ਼ਹਾਦਤ ਦਾ ਅਦੁੱਤੀ ਬਿਰਤਾਂਤ ਸੰਗਤ ਨਾਲ ਸਾਂਝਾ ਕੀਤਾ। ਜ਼ਿਕਰਯੋਗ ਹੈ ਕਿ ਭਾਈ ਪਿੰਦਰਪਾਲ ਸਿੰਘ ਪਿਛਲੇ ਤਿੰਨ ਸਾਲਾਂ ਤੋਂ ਆਪਣੇ ਹਰ ਸਮਾਗਮ 'ਚ ਸੰਗਤਾਂ ਨੂੰ ਇਨ੍ਹਾਂ ਸ਼ਹੀਦੀ ਸ਼ਤਾਬਦੀ ਸਮਾਗਮਾਂ 'ਚ ਹਾਜ਼ਰੀਆਂ ਭਰਨ ਦੀ ਅਪੀਲ ਕਰਦੇ ਆ ਰਹੇ ਹਨ।

ਇਸ ਮੌਕੇ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਅੱਜ ਦਾ ਸਮਾਗਮ ਸਿਰਫ਼ ਇਕ ਯਾਦਗਾਰ ਦਿਹਾੜਾ ਹੀ ਨਹੀਂ, ਸਗੋਂ ਧਰਮ ਇਨਸਾਨੀਅਤ ਅਤੇ ਨਿਆਂ ਦੀ ਰੱਖਿਆ ਲਈ ਸ੍ਰੀ ਗੁਰੂ ਤੇਗ਼ ਬਹਾਦਰ ਜੀ ਵਲੋਂ ਦਿੱਤੀ ਗਈ ਸਰਬੋਤਮ ਕੁਰਬਾਨੀ ਨੂੰ ਹਿਰਦੇ ਵਿਚ ਵਸਾਉਣ ਅਤੇ ਗੁਰੂ ਸਾਹਿਬ ਦੇ ਉਪਦੇਸ਼ਾਂ ਅਨੁਸਾਰ ਜੀਵਨ ਜੀਣ ਦੀ ਇਕ ਪ੍ਰੇਰਨਾ ਵਜੋਂ ਹੈ। ਐਡਵੋਕੇਟ ਧਾਮੀ ਨੇ ਸ਼ਤਾਬਦੀ ਸਮਾਗਮਾਂ ਅਤੇ ਨਗਰ ਕੀਰਤਨਾਂ ਵਿਚ ਸਹਿਯੋਗ ਕਰਨ ਲਈ ਸਿੰਘ ਸਾਹਿਬਾਨ, ਤਖ਼ਤ ਸਾਹਿਬਾਨ ਦੇ ਜਥੇਦਾਰ ਸਾਹਿਬਾਨ, ਤਖ਼ਤ ਸਾਹਿਬਾਨ ਦੀਆਂ ਪ੍ਰਬੰਧਕ ਕਮੇਟੀਆਂ, ਸਮੂਹ ਨਿਹੰਗ ਸਿੰਘ ਦਲਾਂ, ਟਕਸਾਲਾਂ, ਸਿੱਖ ਜਥੇਬੰਦੀਆਂ, ਨਿਰਮਲੇ, ਉਦਾਸੀਨ ਸੰਪ੍ਰਦਾਵਾਂ, ਕਾਰਸੇਵਾ ਵਾਲੇ ਮਹਾਂਪੁਰਖਾਂ, ਲੰਗਰਾਂ ਲਈ ਸਹਿਯੋਗ ਕਰਨੀ ਵਾਲੀਆਂ ਸੰਸਥਾਵਾਂ, ਵੱਖ ਵੱਖ ਸੂਬਿਆਂ ਦੀਆਂ ਗੁਰਦੁਆਰਾ ਕਮੇਟੀਆਂ ਸਮੇਤ ਵੱਖ-ਵੱਖ ਧਰਮਾਂ ਦੇ ਲੋਕਾਂ ਦਾ ਧੰਨਵਾਦ ਕੀਤਾ। ਇਸ ਮੌਕੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਨੌਵੇਂ ਪਾਤਸ਼ਾਹ ਜੀ ਦੇ ਸੀਸ ਸਸਕਾਰ ਦਿਵਸ ਮੌਕੇ ਗੁਰਦੁਆਰਾ ਬਿਬਾਣਗੜ੍ਹ ਸਾਹਿਬ ਸ੍ਰੀ ਕੀਰਤਪੁਰ ਸਾਹਿਬ ਤੋਂ ਗੁਰਦੁਆਰਾ ਸੀਸਗੰਜ ਸਾਹਿਬ ਸ੍ਰੀ ਅਨੰਦਪੁਰ ਸਾਹਿਬ ਤੱਕ ਹਰ ਸਾਲ ਨਗਰ ਕੀਰਤਨ ਸਜਾਉਣ ਦਾ ਐਲਾਨ ਕੀਤਾ। ਉਨ੍ਹਾਂ ਕਿਹਾ ਕਿ ਸਿੱਖ ਜਥੇਬੰਦੀਆਂ ਵਲੋਂ ਆਏ ਸੁਝਾਅ ਅਨੁਸਾਰ ਇਹ ਨਗਰ ਕੀਰਤਨ ਹਰ ਸਾਲ ਗੁਰਦੁਆਰਾ ਬਿਬਾਣਗੜ੍ਹ ਸਾਹਿਬ ਤੋਂ ਸਵੇਰੇ 9 ਵਜੇ ਆਰੰਭ ਹੋਇਆ ਕਰੇਗਾ ਜੋ ਦੁਪਹਿਰ 1 ਵਜੇ ਗੁਰਦੁਆਰਾ ਸੀਸਗੰਜ ਸਾਹਿਬ ਪਹੁੰਚ ਕੇ ਜਪੁਜੀ ਸਾਹਿਬ ਤੇ ਕੀਰਤਨ ਸੋਹਿਲਾ ਸਾਹਿਬ ਦੇ ਪਾਠ ਉਪਰੰਤ ਅਰਦਾਸ ਨਾਲ ਸੰਪੂਰਨ ਹੋਇਆ ਕਰੇਗਾ। ਉਨ੍ਹਾਂ ਕਿਹਾ ਕਿ ਅੱਜ ਦਾ ਇਕੱਠ ਇਹ ਦਰਸਾਅ ਰਿਹਾ ਹੈ ਕਿ ਸਿੱਖ ਦਾ ਮੁਖ ਅੱਜ ਵੀ ਗੁਰੂ ਵੱਲ ਹੈ, ਉਨ੍ਹਾਂ ਕਿਹਾ ਕਿ ਜੇਕਰ ਕੋਈ ਸਾਡੀ ਪਹਿਚਾਣ ਨੂੰ ਜ਼ਜ਼ਬ ਕਰਨ ਦੀ ਸੋਚ ਰੱਖਦਾ ਹੈ, ਉਹ ਇਹ ਜ਼ਰੂਰ ਯਾਦ ਰੱਖੇ ਕਿ ਇਹ ਗੁਰੂ ਤੇਗ ਬਹਾਦਰ ਸਾਹਿਬ ਦੇ ਵਾਰਸ ਹਨ। ਮੰਚ ਸੰਚਾਲਨ ਦੀ ਸੇਵਾ ਸ਼੍ਰੋਮਣੀ ਕਮੇਟੀ ਮੈਂਬਰ ਭਾਈ ਅਮਰਜੀਤ ਸਿੰਘ ਚਾਵਲਾ ਵਲੋਂ ਨਿਭਾਈ ਗਈ। ਨਗਰ ਕੀਰਤਨ ਵਿਚ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਪਰਵਿੰਦਰਪਾਲ ਸਿੰਘ, ਤਖ਼ਤ ਸ੍ਰੀ ਪਟਨਾ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਗੁਰਦਿਆਲ ਸਿੰਘ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਜੋਗਿੰਦਰ ਸਿੰਘ, ਗਿਆਨੀ ਹਰਪਾਲ ਸਿੰਘ ਮੁੱਖ ਗ੍ਰੰਥੀ ਗੁਰਦੁਆਰਾ ਫ਼ਤਹਿਗੜ੍ਹ ਸਾਹਿਬ, ਭਾਈ ਮਹਿੰਦਰ ਸਿੰਘ ਨਿਸ਼ਕਾਮ ਸੇਵਕ ਜਥਾ ਯੂਕੇ, ਬਾਬਾ ਨਰਿੰਦਰ ਸਿੰਘ ਹਜ਼ੂਰ ਸਾਹਿਬ ਵਾਲੇ, ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖ਼ਾਲਸਾ ਵਲੋਂ ਬਾਬਾ ਗੁਰਮੀਤ ਸਿੰਘ, ਬਾਬਾ ਲੱਖਾ ਸਿੰਘ ਨਾਨਕਸਰ, ਬਾਬਾ ਸੁੱਖਾ ਸਿੰਘ ਸਰਹਾਲੀ, ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਮੀਤ ਪ੍ਰਧਾਨ ਡਾ. ਦਲਜੀਤ ਸਿੰਘ ਚੀਮਾ, ਮਹੇਸ਼ਇੰਦਰ ਸਿੰਘ ਗਰੇਵਾਲ, ਦਰਬਾਰਾ ਸਿੰਘ ਗੁਰੂ, ਦਿੱਲੀ ਕਮੇਟੀ ਦੇ ਸਾਬਕਾ ਪ੍ਰਧਾਨ ਪਰਮਜੀਤ ਸਿੰਘ ਸਰਨਾ, ਸ਼੍ਰੋਮਣੀ ਕਮੇਟੀ ਦੇ ਜੂਨੀਅਰ ਮੀਤ ਪ੍ਰਧਾਨ ਬਲਦੇਵ ਸਿੰਘ ਕਲਿਆਣ, ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ, ਅੰਤ੍ਰਿੰਗ ਕਮੇਟੀ ਮੈਂਬਰ ਦਲਜੀਤ ਸਿੰਘ ਭਿੰਡਰ, ਗੁਰਪ੍ਰੀਤ ਸਿੰਘ ਝੱਬਰ, ਮੰਗਵਿੰਦਰ ਸਿੰਘ ਖਾਪੜਖੇੜੀ, ਸੁਰਜੀਤ ਸਿੰਘ ਤੁਗਲਵਾਲ, ਬੀਬੀ ਹਰਜਿੰਦਰ ਕੌਰ, ਡਾ. ਜੰਗ ਬਹਾਦਰ ਸਿੰਘ ਰਾਏ, ਬਲਦੇਵ ਸਿੰਘ ਕਾਇਮਪੁਰ, ਭਾਈ ਗੁਰਚਰਨ ਸਿੰਘ ਗਰੇਵਾਲ, ਸੁਰਜੀਤ ਸਿੰਘ ਭਿੱਟੇਵੱਡ, ਪਰਮਜੀਤ ਸਿੰਘ ਲੱਖੇਵਾਲ, ਰਣਜੀਤ ਸਿੰਘ ਕਾਹਲੋਂ, ਅਵਤਾਰ ਸਿੰਘ ਰਿਆ, ਫੁੰਮਣ ਸਿੰਘ, ਜਰਨੈਲ ਸਿੰਘ ਡੋਗਰਾਂਵਾਲ, ਗੁਰਬਖਸ਼ ਸਿੰਘ ਖਾਲਸਾ, ਕੇਵਲ ਸਿੰਘ ਬਾਦਲ, ਸਤਪਾਲ ਸਿੰਘ ਤਲਵੰਡੀ ਭਾਈ, ਭਾਈ ਅਜੈਬ ਸਿੰਘ ਅਭਿਆਸੀ, ਅਮਰੀਕ ਸਿੰਘ ਕੋਟਸ਼ਮੀਰ, ਬਲਜੀਤ ਸਿੰਘ ਜਲਾਲਉਸਮਾ, ਅਮਰਜੀਤ ਸਿੰਘ ਭਲਾਈਪੁਰ, ਬਾਬਾ ਬੂਟਾ ਸਿੰਘ ਗੁਰਥੜੀ, ਬਾਬਾ ਗੁਰਮੀਤ ਸਿੰਘ ਤ੍ਰਿਲੋਕੇਵਾਲਾ, ਬੀਬੀ ਜੋਗਿੰਦਰ ਕੌਰ, ਓ.ਐਸ.ਡੀ. ਸਤਬੀਰ ਸਿੰਘ ਧਾਮੀ, ਸਕੱਤਰ ਪ੍ਰਤਾਪ ਸਿੰਘ, ਇੰਜੀ ਸੁਖਮਿੰਦਰ ਸਿੰਘ, ਬਲਵਿੰਦਰ ਸਿੰਘ ਕਾਹਲਵਾਂ, ਵਧੀਕ ਸਕੱਤਰ ਗੁਰਿੰਦਰ ਸਿੰਘ ਮਥਰੇਵਾਲ, ਬਿਜੈ ਸਿੰਘ, ਨਿੱਜੀ ਸਕੱਤਰ ਸ਼ਾਹਬਾਜ਼ ਸਿੰਘ, ਮੀਤ ਸਕੱਤਰ ਜਸਵਿੰਦਰ ਸਿੰਘ ਜੱਸੀ, ਗੁਰਦਿਆਲ ਸਿੰਘ, ਬਲਵਿੰਦਰ ਸਿੰਘ ਖੈਰਾਬਾਦ, ਗੁਰਨਾਮ ਸਿੰਘ, ਹਰਭਜਨ ਸਿੰਘ ਵਕਤਾ, ਮਨਜੀਤ ਸਿੰਘ ਤਲਵੰਡੀ, ਸੁਖਬੀਰ ਸਿੰਘ, ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਭਗਵੰਤ ਸਿੰਘ ਧੰਗੇੜਾ, ਕਥਾਵਾਚਕ ਗਿਆਨੀ ਗੁਰਬਖਸ਼ ਸਿੰਘ ਗੁਲਸ਼ਨ, ਗਿਆਨੀ ਬਲਬੀਰ ਸਿੰਘ ਚੰਗਿਆੜਾ, ਬਾਬਾ ਦਰਸ਼ਨ ਸਿੰਘ ਟਾਹਲਾ ਸਾਹਿਬ, ਬਾਬਾ ਸੇਵਾ ਸਿੰਘ ਖਡੂਰ ਸਾਹਿਬ ਵਲੋਂ ਬਾਬਾ ਗੁਰਪ੍ਰੀਤ ਸਿੰਘ, ਬਾਬਾ ਸੁਰਜਨ ਸਿੰਘ, ਬਾਬਾ ਅਵਤਾਰ ਸਿੰਘ ਧੱਤਲ, ਬਾਬਾ ਅਮਨਦੀਪ ਸਿੰਘ ਅੰਮ੍ਰਿਤਸਰ, ਬਾਬਾ ਬਲਦੇਵ ਸਿੰਘ ਵੱਲਾ, ਬਾਬਾ ਬਲਦੇਵ ਸਿੰਘ ਮੁਸਤਾਫਾਪੁਰ, ਬਾਬਾ ਸਤਨਾਮ ਸਿੰਘ ਖਾਪੜਖੇੜੀ, ਬਾਬਾ ਪ੍ਰਗਟ ਸਿੰਘ ਮਜੀਠਾ ਰੋਡ, ਬਾਬਾ ਜਸਪਾਲ ਸਿੰਘ ਮੁਕਤਸਰ, ਬਾਬਾ ਕਸ਼ਮੀਰ ਸਿੰਘ ਬਟਾਲਾ, ਬਾਬਾ ਗੁਰਮੇਜ ਸਿੰਘ, ਬਾਬਾ ਸ਼ਮਸ਼ੇਰ ਸਿੰਘ, ਬਾਬਾ ਬਲਕਾਰ ਸਿੰਘ, ਬਾਬਾ ਹਰਜਿੰਦਰ ਸਿੰਘ, ਬਾਬਾ ਬਲਵਿੰਦਰ ਸਿੰਘ ਮਹਿਤਾ ਚੌਕ, ਬਾਬਾ ਜੋਗਾ ਸਿੰਘ ਕਰਨਾਲ, ਬਾਬਾ ਨੌਨਿਹਾਲ ਸਿੰਘ, ਗੁਰਦੁਆਰਾ ਪਾਉਂਟਾ ਸਾਹਿਬ ਦੇ ਮੈਨੇਜਰ ਜਗੀਰ ਸਿੰਘ, ਸਵਾਮੀ ਹੁਸ਼ਿਆਰਪੁਰ ਵਾਲੇ, ਬਾਬਾ ਗੁਰਦੇਵ ਸਿੰਘ, ਪ੍ਰਿੰਸੀਪਲ ਡਾ ਜਸਵੀਰ ਸਿੰਘ, ਸੁਪਰਡੈਂਟ ਨਿਸ਼ਾਨ ਸਿੰਘ, ਮਲਕੀਤ ਸਿੰਘ ਬਹਿੜਵਾਲ, ਇੰਚਾਰਜ ਮੇਜ਼ਰ ਸਿੰਘ, ਗੁਰਮੇਜ ਸਿੰਘ, ਬਲਦੇਵ ਸਿੰਘ, ਜਗਦੀਸ਼ ਸਿੰਘ ਬੁੱਟਰ ਚੀਫ 85, ਮੈਨੇਜਰ ਸਤਨਾਮ ਸਿੰਘ ਰਿਆੜ, ਸਤਿੰਦਰ ਸਿੰਘ, ਜਸਪਾਲ ਸਿੰਘ ਢੱਡੇ, ਨਿਸ਼ਾਨ ਸਿੰਘ ਜ਼ਫਰਵਾਲ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਮੈਨੇਜਰ ਗੁਰਦੀਪ ਸਿੰਘ ਕੰਗ, ਰਣਜੀਤ ਸਿੰਘ, ਤਖਤ ਸ੍ਰੀ ਦਮਦਮਾ ਸਹਿਬ ਦੇ ਮੈਨੇਜਰ ਨਰਿੰਦਰਜੀਤ ਸਿੰਘ ਭਵਾਨੀਗੜ੍ਹ, ਗੁਰਪ੍ਰੀਤ ਸਿੰਘ, ਸਤਨਾਮ ਸਿੰਘ ਗੋਸਲ, ਸੁਰਜੀਤ ਸਿੰਘ ਬਰਨਾਲਾ, ਵਧੀਕ ਮੈਨੇਜਰ ਹਰਦੇਵ ਸਿੰਘ ਐਡਵੋਕੇਟ, ਸੰਦੀਪ ਸਿੰਘ ਕਲੋਤਾ, ਅਮਰਜੀਤ ਸਿੰਘ ਜਿੰਦਵੜੀ, ਮੁੱਖ ਪ੍ਰਚਾਰਕ ਭਾਈ ਜਗਦੇਵ ਸਿੰਘ, ਭਾਈ ਸਰਬਜੀਤ ਸਿੰਘ ਢੋਟੀਆਂ, ਭਾਈ ਬਲਵੰਤ ਸਿੰਘ ਐਨੋਕੋਟ, ਭਾਈ ਸਰਬਜੀਤ ਸਿੰਘ ਲੁਧਿਆਣਾ, ਅਕਾਲੀ ਦਲ ਦੇ ਸਾਬਕਾ ਜ਼ਿਲ੍ਹਾ ਪ੍ਰਧਾਨ ਜਥੇਦਾਰ ਮੋਹਨ ਸਿੰਘ ਢਾਹੇ, ਸਾਬਕਾ ਚੇਅਰਮੈਨ ਮੋਹਨ ਸਿੰਘ ਡੂਮੇਵਾਲ, ਹਰਦੇਵ ਸਿੰਘ ਦੇਬੀ, ਇੰ: ਬਲਜਿੰਦਰ ਸਿੰਘ, ਗੁਰਿੰਦਰ ਸਿੰਘ ਵਾਲੀਆ, ਸੁਰਿੰਦਰ ਸਿੰਘ ਮਟੌਰ, ਭਾਈ ਵਿਰਸਾ ਸਿੰਘ ਖ਼ਾਲਸਾ ਸਮੇਤ ਵੱਡੀ ਗਿਣਤੀ ਵਿਚ ਸੰਗਤ ਹਾਜ਼ਰ ਸੀ।





## ਪੰਜਾਬੀ ਸਾਹਿਤ ਸਭਿਆਚਾਰ ਦੀ ਦੁਨੀਆਂ 'ਚ ਜਾਣੀ ਪਹਿਚਾਣੀ ਸ਼ਖ਼ਸੀਅਤ - ਡਾ. ਗੁਰਪਾਲ ਸਿੰਘ ਸੰਧੂ: ਇੱਕ ਜਾਣ-ਪਛਾਣ

ਡਾ. ਗੁਰਪਾਲ ਸਿੰਘ ਸੰਧੂ ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਦੇ ਖੇਤਰ ਵਿੱਚ ਇੱਕ ਜਾਣਿਆ-ਪਛਾਣਿਆ ਨਾਮ ਹਨ। ਵਰਤਮਾਨ ਵਿੱਚ ਉਹ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵਿਖੇ ਪੰਜਾਬੀ ਸਕੂਲ ਆਫ ਸਟੱਡੀਜ਼ ਵਿਭਾਗ ਦੇ ਮੁਖੀ ਹਨ। ਉਨ੍ਹਾਂ ਨੇ ਆਪਣੀ ਉੱਚ ਸਿੱਖਿਆ ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਹਾਸਲ ਕੀਤੀ ਅਤੇ ਪੰਜਾਬੀ ਅਧਿਐਨ ਦੇ ਖੇਤਰ ਵਿੱਚ ਡੂੰਘੀ ਮੁਹਾਰਤ ਰੱਖਦੇ ਹਨ। ਡਾ. ਸੰਧੂ ਇੱਕ ਉੱਘੇ ਖੋਜਕਾਰ, ਆਲੋਚਕ ਅਤੇ ਇੱਕ ਪ੍ਰੇਰਣਾਦਾਇਕ ਅਧਿਆਪਕ ਵਜੋਂ ਜਾਣੇ ਜਾਂਦੇ ਹਨ। ਉਨ੍ਹਾਂ ਦੀ ਖੋਜ ਦੇ ਮੁੱਖ ਵਿਸ਼ਿਆਂ ਵਿੱਚ ਪੰਜਾਬੀ ਲੋਕਧਾਰਾ, ਮੱਧਕਾਲੀ ਸਾਹਿਤ ਅਤੇ ਆਧੁਨਿਕ ਪੰਜਾਬੀ ਕਵਿਤਾ ਸ਼ਾਮਲ ਹਨ। ਉਹਨਾਂ ਨੇ ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੈਮੀਨਾਰਾਂ ਅਤੇ ਕਾਨਫਰੰਸਾਂ ਵਿੱਚ ਆਪਣੇ ਖੋਜ ਪੱਤਰ ਪੇਸ਼ ਕੀਤੇ ਹਨ ਅਤੇ ਉਹਨਾਂ ਦੇ ਲੇਖ ਵੱਖ-ਵੱਖ ਵੱਕਾਰੀ ਰਸਾਲਿਆਂ ਵਿੱਚ ਛਪ ਚੁੱਕੇ ਹਨ। ਆਪਣੇ ਅਧਿਆਪਨ ਅਤੇ ਖੋਜ ਕਾਰਜਾਂ ਰਾਹੀਂ, ਡਾ. ਸੰਧੂ ਨੌਜਵਾਨ ਪੀੜ੍ਹੀ ਵਿੱਚ ਪੰਜਾਬੀ ਭਾਸ਼ਾ ਅਤੇ ਵਿਰਸੇ ਪ੍ਰਤੀ ਚੇਤਨਾ ਅਤੇ ਪਿਆਰ ਪੈਦਾ ਕਰਨ ਲਈ ਲਗਾਤਾਰ ਯਤਨਸ਼ੀਲ ਹਨ। ਉਨ੍ਹਾਂ ਦੀ ਅਗਵਾਈ ਹੇਠ ਕਈ ਵਿਦਿਆਰਥੀ ਐਮ.ਫਿਲ ਅਤੇ ਪੀਐਚ.ਡੀ. ਦੀਆਂ ਡਿਗਰੀਆਂ ਹਾਸਲ ਕਰ ਚੁੱਕੇ ਹਨ। ਪੰਜਾਬੀ ਅਕਾਦਮਿਕਤਾ ਵਿੱਚ ਉਨ੍ਹਾਂ ਦਾ ਯੋਗਦਾਨ ਬਹੁਤ ਹੀ ਸ਼ਲਾਘਾਯੋਗ ਹੈ। ਅਸੀਂ ਉਨ੍ਹਾਂ ਦੇ ਅਮਰੀਕੀ ਤੇ ਪੰਜਾਬੀ ਸਾਹਿਤ ਦੇ ਰੰਗ ਨੂੰ 'ਸਾਡੇ ਲੋਕ' ਦੇ ਪਾਠਕਾਂ ਲਈ ਲੜੀਵਾਰ ਛਾਪਕੇ ਅਸੀਮ ਖੁਸ਼ੀ ਪ੍ਰਾਪਤ ਕਰ ਰਹੇ ਹਾ : ਸਤਨਾਮ ਸਿੰਘ ਖਾਲਸਾ

### ਅਮਰੀਕੀ ਜ਼ਮੀਨ 'ਤੇ ਪੰਜਾਬੀ ਸਾਹਿਤ ਦਾ ਨਵਾਂ ਰੰਗ:

ਪੇਸ਼ ਹੈ ਪ੍ਰਸਿੱਧ ਵਿਦਵਾਨ ਡਾ. ਗੁਰਪਾਲ ਸਿੰਘ ਸੰਧੂ ਦਾ ਖੋਜ ਭਰਪੂਰ ਲੇਖ, ਜੋ ਅਮਰੀਕੀ ਪੰਜਾਬੀ ਸਾਹਿਤ ਦੇ ਇੱਕ ਦਿਲਚਸਪ ਅਤੇ ਉੱਭਰ ਰਹੇ ਰੁਝਾਨ 'ਤੇ ਚਾਨਣਾ ਪਾਉਂਦਾ ਹੈ। ਜਿੱਥੇ ਪੰਜਾਬ ਵਿੱਚ ਇੱਕੋ ਲੇਖਕ ਦੁਆਰਾ ਸਾਹਿਤ ਦੀਆਂ ਵੱਖ-ਵੱਖ ਵਿਧਾਵਾਂ (ਜਿਵੇਂ ਕਵਿਤਾ, ਕਹਾਣੀ, ਨਾਵਲ ਆਦਿ) ਵਿੱਚ ਇੱਕੋ ਸਮੇਂ ਲਿਖਣ ਦੀ ਪਰੰਪਰਾ ਮੱਧਮ ਪੈ ਰਹੀ ਹੈ, ਉੱਥੇ ਹੀ ਅਮਰੀਕਾ ਵਿੱਚ ਵੱਸਦੇ ਪੰਜਾਬੀ ਲੇਖਕ ਇਸ 'ਬਹੁ-ਵਿਧਾਈ ਸਿਰਜਣਾ' ਨੂੰ ਨਵੀਂ ਊਰਜਾ ਪ੍ਰਦਾਨ ਕਰ ਰਹੇ ਹਨ। ਇਸ ਲੇਖ ਵਿੱਚ, ਲੇਖਕ ਨੇ ਚਾਰ ਪ੍ਰਮੁੱਖ ਅਮਰੀਕੀ ਪੰਜਾਬੀ ਲੇਖਕਾਂ ਦੀਆਂ ਰਚਨਾਵਾਂ ਦਾ ਡੂੰਘਾਈ ਨਾਲ ਵਿਸ਼ਲੇਸ਼ਣ ਕਰਦੇ ਹੋਏ ਇਹ ਦਰਸਾਇਆ ਹੈ ਕਿ ਕਿਵੇਂ ਉਹ ਵੱਖ-ਵੱਖ ਸਾਹਿਤਕ ਰੂਪਾਂ ਨੂੰ ਇੱਕੋ ਸਮੇਂ ਵਰਤ ਕੇ ਪੰਜਾਬੀ ਸਾਹਿਤ ਲਈ ਨਵੀਆਂ ਸੰਭਾਵਨਾਵਾਂ ਸਿਰਜ ਰਹੇ ਹਨ। ਆਓ ਪੜ੍ਹੀਏ ਇਹ ਵਿਸਤ੍ਰਿਤ ਵਿਸ਼ਲੇਸ਼ਣ...

# ਅਮਰੀਕੀ ਪੰਜਾਬੀ ਸਾਹਿਤ ਸਿਰਜਣਾ ਦੀ ਬਹੁ-ਵਿਧਾਈ ਰਚਨਾ-ਵਿਉਂਤ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਸੁਪਨਿਆਂ ਤੇ ਸਿਮਰਤੀਆਂ ਦੀ ਇਸ ਖੇਡ ਵਿੱਚ ਬੇਬੱਸੀ ਤੇ ਨਿਹੱਥਪਣ ਦੇ ਭਾਵ ਉਪਜਦੇ ਹਨ, ਜੋ ਵਿਅਕਤੀ ਦੇ ਹੋਂਦ-ਮੂਲਕ ਪ੍ਰਸ਼ਨਾਂ ਅਤੇ ਉਨਾਂ ਦੇ ਪੰਜਾਬੀ ਸੰਵੇਦਨਾ ਅਨੁਸਾਰ ਜੁਆਬਾਂ ਨੂੰ ਇਕੋ ਵੇਲੇ ਤਲਾਸ਼ਦੇ ਤੇ ਪ੍ਰਸਤੁਤ ਕਰਦੇ ਹਨ। ਇਹ ਸਿਲਸਿਲਾ ਵਿਅਕਤੀਗਤ ਬੇਬਸੀਆਂ ਤੇ ਨਿਹੱਥੇਪਣ ਨਾਲ ਜੁੜੀਆਂ ਸਥਿਤੀਆਂ ਦੀ ਵਿਅਕਤੀਗਤਤਾ ਨੂੰ ਸਮੂਹਿਕਤਾ ਦੇ ਦਾਇਰੇ ਵਿਚ ਲੈ ਕੇ ਜਾਣ ਦਾ ਹੈ। ਇਸੇ ਵਾਸਤੇ, ਇਥੇ ਸਾਰੇ ਮਾਨਵੀ ਹੁੰਗਾਰੇ ਵਿਅਕਤੀਗਤ ਪੱਧਰ ਦੇ ਉਚਾਰ ਤੇ ਵਿਵਹਾਰ ਦਾ ਹਿੱਸਾ ਹੁੰਦੇ ਹੋਏ ਵੀ ਸਮੂਹਿਕਤਾ ਦਾ ਹਿੱਸਾ ਬਣ ਜਾਂਦੇ ਹਨ;

ਤਰਾਸ਼ਦੇ ਨੇ ਉਹ ਨਕਸ਼ ਮੇਰੇ, ਨਿਖਾਰਦੇ ਨੇ ਵਜੂਦ ਮੇਰਾ।
ਖ਼ਿਲਾਫ਼ ਮੇਰੇ ਜੋ ਕਰਨ ਚਰਚਾ, ਉਭਾਰਦੇ ਨੇ ਵਜੂਦ ਮੇਰਾ।
(ਸੁਰਿੰਦਰ ਸੋਹਲ, ਕਵਿਤਾ ਸੰਗ ਸੰਵਾਦ ਪੰਨਾ,15)

ਵਿਅਕਤੀ ਤੇ ਸਮੂਹਿਕਤਾ ਅਤੇ ਰੋਸ ਤੇ ਸੰਘਰਸ਼ ਦੇ ਇਹਨਾਂ ਸੁਨੇਹਿਆਂ ਨਾਲ ਲਬਰੇਜ਼ ਇਹ ਸ਼ਿਅਰ ਆਪਣੇ ਆਪ ਵਿੱਚ ਗ਼ਜ਼ਲ ਦੀ ਸਿਨਫ਼ ਦੀ ਸ਼ਾਇਸਤਗੀ ਨੂੰ ਕਾਇਮ ਵੀ ਰੱਖ ਰਹੇ ਹਨ ਅਤੇ ਮਾਨਵਵਾਦੀ ਪ੍ਰਤਿਰੋਧ ਦੀ ਸੁਰ ਵੀ। ਭਾਵੇਂ ਇਹ ਗ਼ੈਰ-ਮਾਨਵਵਾਦੀ ਮੁੱਲਾਂ ਤੇ ਤਾਕਤਾਂ ਲਈ ਯੁੱਧ ਦੀ ਘੋਸ਼ਣਾ ਨਹੀ ਪਰ ਫਿਰ ਵੀ ਉਹਨਾਂ ਪ੍ਰਤਿ ਨਾਬਰੀ ਦੀ ਸੁਰ ਬਨਣ ਦਾ ਕਾਰਜ ਜਰੂਰ ਕਰਦੀ ਹੈ। ਅਗਲੇਰੇ ਪੱਧਰ 'ਤੇ ਇਹੋ ਸੁਰ ਇਕੋ ਵੇਲੇ ਗ਼ਜ਼ਲ ਦੀ ਸੰਜਮਤਾ, ਪ੍ਰਗੀਤਕਤਾ ਤੇ ਇਤਿਹਾਸਕਤਾ ਦਾ ਸੁਮੇਲ ਬਣ ਕੇ ਪੇਸ਼ ਹੁੰਦੀ ਹੈ ਤੇ ਇਸਦੇ ਸ਼ਿਅਰਾਂ ਦੇ ਭਾਵ-ਪ੍ਰਬੰਧ ਵਿਚ ਮੂਲਵਾਸ ਤੇ ਵਾਸਭੂਮੀ ਦੇ ਵੇਲੇ ਦੇ ਸੱਚ ਤੇ ਸਿਮਰਤੀਆਂ ਤੋਂ ਲੈ ਕੇ ਇਤਿਹਾਸ ਦੇ ਪੰਨਿਆਂ ਉੱਤੇ ਅੰਕਿਤ ਸਬਰ, ਸਿਦਕ ਤੇ ਸ਼ਹੀਦੀਆਂ ਦੇ ਚਿੰਨ੍ਹ, ਗ਼ੈਰ-ਕਾਨੂੰਨੀ ਪਰਵਾਸ ਦੇ ਰਾਹ ਤੁਰੇ ਨੌਜਵਾਨਾਂ ਤੇ ਖੁਦਕੁਸ਼ੀਆਂ ਕਰ ਰਹੇ ਕਿਸਾਨਾਂ ਦੇ ਘਰਾਂ ਦੀ ਵੀਰਾਨਗੀ ਵੀ ਸ਼ਾਮਲ ਹੋ ਜਾਂਦੀ ਹੈ।



ਸੁਰਿੰਦਰ ਸੋਹਲ ਦੀਆਂ ਕਵਿਤਾ ਦੀਆਂ ਤਿੰਨ ਕਿਤਾਬਾਂ, 'ਚਿਹਰੇ ਦੀ ਤਲਾਸ਼' (2006), 'ਇਬਾਰਤ ਚੁੱਪ ਕਿਉਂ ਹੈ' (2020) ਅਤੇ 'ਸਾਖੀਓਂ ਨੂਰ ਝਰੈ' (2020) ਵਿਚ ਉਸਦੀ ਕਾਵਿਕਤਾ ਗ਼ਜ਼ਲ ਤੋਂ ਨਜ਼ਮ ਦੇ ਰੂਪਾਕਾਰ ਵਿਚ ਰੂਪਾਂਤਰਣ ਦੀ ਵਧੀਆ ਮਿਸਾਲ ਬਣ ਕੇ ਪੇਸ਼ ਹੁੰਦੀ ਹੈ । 'ਇਬਾਰਤ ਚੁੱਪ ਕਿਉਂ ਹੈ' ਨਿਊਯਾਰਕ ਬਾਰੇ ਲਿਖੀਆਂ ਨਜ਼ਮਾਂ ਦਾ ਸੰਗ੍ਰਹਿ ਹੋਣ ਕਰਕੇ ਕਿਸੇ ਆਵਾਸੀ ਕਵੀ ਦਾ ਵਾਸਭੂਮੀ ਨਾਲ ਸਿਰਜੇ ਜਾਣ ਵਾਲੇ ਭਾਵਾਤਮਕ ਤੇ ਵਿਸ਼ਲੇਸ਼ਣਾਤਮਕ ਰਿਸ਼ਤੇ ਦੀ ਕਾਵਿਕ ਅਭਿਵਿਅਕਤੀ ਦੀ ਉਦਾਹਰਣ ਬਣ ਕੇ ਪੇਸ਼ ਹੁੰਦਾ ਹੈ। ਖਾਸ ਤੌਰ 'ਤੇ ਉਸ ਸਮੇਂ ਜਦੋਂ ਨਿਊਯਾਰਕ ਵਿੱਚ ਹੀ 9/11 ਵਰਗਾ ਦਿਲ ਕੰਬਾਊ ਹਾਦਸਾ ਵਾਪਰਿਆ ਹੋਵੇ। ਇਸ ਵੇਲੇ ਨਿਊਯਾਰਕ ਵਿਚ ਸਥਿਤ ਅਮਰੀਕੀ ਸਾਮਰਾਜ ਦਾ ਪ੍ਰਤੀਕ ਮੰਨੇ ਜਾਂਦੇ ਜੁੜਵੇਂ ਟਾਵਰਾਂ ਦੇ ਢਾਹੇ ਜਾਣ ਦੇ ਦ੍ਰਿਸ਼ ਪ੍ਰਤਿ ਸੋਹਲ ਦਾ ਨਜ਼ਰੀਆ ਵਿਚਾਰਨ ਵਾਲਾ ਹੈ:

ਵਰਲਡ ਟਰੇਡ ਦੇ ਜੌੜੇ ਟਾਵਰ
ਲਟ ਲਟ ਬਲਦੇ
ਸੁੱਖੇ ਰੁੱਖਾਂ ਵਾਂਗਰ

ਮੌਤ ਦਾ ਡਰ ਕਿੰਨਾ ਭਿਆਨਕ ਹੈ

ਅੰਬਰ ਛਸ਼ੂੰਹਦੇ ਟਾਵਰਾਂ ਤੋਂ
ਲੋਕ ਛਾਲਾਂ ਮਾਰਦੇ ਨੇ
ਅੱਗ ਲੱਗੇ ਰੁੱਖ ਦੇ ਆਲ੍ਹਣਿਆਂ ਚੋਂ
ਡਿਗਦੇ ਬੋਟਾਂ ਵਾਂਗ...

(ਚਲਦਾ)

# ਹਰਿਆਣਾ ਨੇ ਸੁਚੱਜੇ ਢੰਗ ਨਾਲ ਮਨਾਈ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ 350ਵੀਂ ਸ਼ਹੀਦੀ ਸ਼ਤਾਬਦੀ

ਹਰਿਆਣਾ ਰਾਜ ਨੇ 25 ਨਵੰਬਰ 2025 ਨੂੰ ਕੁਰੂਕਸ਼ੇਤਰ ਦੇ ਜੋਤੀਸਰ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਮੌਕੇ ਇਕ ਇਤਿਹਾਸਕ ਸਮਾਗਮ ਵਿਚ ਗੁਰੂ ਜੀ ਦੀ ਵਿਰਾਸਤ ਨੂੰ ਯਾਦ ਕਰਕੇ ਪੂਰੇ ਦੇਸ਼ ਵਿਚ ਇਕ ਮਿਸਾਲੀ ਉਦਾਹਰਨ ਕਾਇਮ ਕੀਤੀ ਹੈ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਸ ਸਮਾਗਮ 'ਚ ਸ਼ਿਰਕਤ ਕੀਤੀ, ਜਿਨ੍ਹਾਂ ਨੇ ਅਧਿਆਤਮਕ, ਸ਼ਰਧਾ ਤੇ ਰਾਸ਼ਟਰੀ ਲੀਡਰਸ਼ਿਪ ਨੂੰ ਇਕੱਠਾ ਇਕ ਮੰਚ 'ਤੇ ਲਿਆ ਕੇ ਖੜ੍ਹਾ ਕੀਤਾ। ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਨੌਵੇਂ ਪਾਤਿਸ਼ਾਹ ਦੀ ਵਿਰਾਸਤ ਨੂੰ ਸਮਰਪਿਤ ਕਈ ਵੱਡੀਆਂ ਪਹਿਲਕਦਮੀਆਂ ਦਾ ਐਲਾਨ ਕੀਤਾ। ਮੁੱਖ ਮੰਤਰੀ ਤੇ ਵੱਖ-ਵੱਖ ਰਾਜ ਵਿਭਾਗਾਂ ਨੇ ਲੱਖਾਂ ਨਾਗਰਿਕਾਂ, ਵਿਦਿਆਰਥੀਆਂ, ਵਿਦਵਾਨਾਂ ਤੇ ਸੰਗਠਨਾਂ ਦੀ ਸਰਗਰਮ ਭਾਗੀਦਾਰੀ ਨਾਲ ਇਨ੍ਹਾਂ ਕੋਸ਼ਿਸ਼ਾਂ ਨੂੰ ਅੱਗੇ ਵਧਾਇਆ ਗਿਆ, ਜਿਸ ਨਾਲ ਹਰਿਆਣਾ ਗੁਰੂ ਸਾਹਿਬ ਦੇ ਕੁਰਬਾਨੀ, ਆਜ਼ਾਦੀ ਤੇ ਵਿਸ਼ਵਵਿਆਪੀ ਭਾਈਚਾਰੇ ਦੇ ਮੁੱਲਾਂ ਲਈ ਫਿਰਕੂ ਸਦਭਾਵਨਾ ਅਤੇ ਸਤਿਕਾਰ ਦੀ ਇਕ ਵਿਲੱਖਣ ਉਦਾਹਰਨ ਬਣ ਗਿਆ। ਵਿੱਦਿਅਕ ਪ੍ਰੋਗਰਾਮਾਂ ਅਤੇ ਖੂਨਦਾਨ ਮੁਹਿੰਮਾਂ ਤੋਂ ਲੈ ਕੇ ਰਾਜ ਪੱਧਰੀ ਯਾਤਰਾਵਾਂ, ਰੇਤ ਕਲਾ ਪ੍ਰਦਰਸ਼ਨੀਆਂ, ਸੈਮੀਨਾਰਾਂ, ਲਾਈਟ ਐਂਡ ਸਾਊਂਡ ਸ਼ੋਅ ਅਤੇ ਯਾਦਗਾਰੀ ਸਰਕਾਰੀ ਐਲਾਨਾਂ ਤੱਕ, ਮਹੀਨਾ ਭਰ ਚੱਲਣ ਵਾਲੀ ਯਾਦਗਾਰੀ ਮੁਹਿੰਮ ਨੇ ਸਿੱਖ ਵਿਰਾਸਤ ਨੂੰ ਸਾਰਥਕ ਤਰੀਕੇ ਨਾਲ ਸੁਰੱਖਿਅਤ ਰੱਖਣ ਲਈ ਰਾਜ ਦੀ ਵਚਨਬੱਧਤਾ ਨੂੰ ਦਰਸਾਇਆ। ਇਸ ਯਾਦਗਾਰੀ ਸ਼ਹੀਦੀ ਦਿਹਾੜੇ ਦਾ ਮੁੱਖ ਆਕਰਸ਼ਨ ਗੁਰੂ ਸਾਹਿਬ ਨੂੰ ਸਮਰਪਿਤ ਇਕ ਡਾਕ ਟਿਕਟ ਤੇ ਯਾਦਗਾਰੀ ਸਿੱਕਾ ਜਾਰੀ ਕਰਨਾ ਅਤੇ ਪ੍ਰਧਾਨ ਮੰਤਰੀ ਦੁਆਰਾ ਗੁਰੂ ਜੀ 'ਤੇ ਇਕ ਸੁੰਦਰ ਢੰਗ ਨਾਲ ਤਿਆਰ ਕੀਤੀ 'ਕਾਫੀ ਟੇਬਲ ਬੁੱਕ' ਨੂੰ ਜਾਰੀ ਕਰਨਾ ਸੀ, ਜੋ ਆਉਣ ਵਾਲੀਆਂ ਪੀੜ੍ਹੀਆਂ ਲਈ ਇਕ ਇਤਿਹਾਸਕ ਦਸਤਾਵੇਜ਼ ਵਜੋਂ ਕੰਮ ਕਰੇਗੀ।

ਗੁਰੂ ਤੇਗ਼ ਬਹਾਦਰ ਜੀ ਨੂੰ ਸਮਰਪਿਤ ਇਕ ਮਤਾ ਵਿਧਾਨ ਸਭਾ ਵਿਚ ਪੇਸ਼ ਕੀਤਾ ਗਿਆ। ਇਸ ਮਤੇ ਨੇ ਧਾਰਮਿਕ ਆਜ਼ਾਦੀ ਤੇ ਮਨੁੱਖੀ ਅਧਿਕਾਰਾਂ ਦੀ ਰੱਖਿਆ ਵਿਚ ਗੁਰੂ ਜੀ ਦੇ ਵਿਲੱਖਣ ਯੋਗਦਾਨ ਨੂੰ ਰਸਮੀ ਤੌਰ 'ਤੇ ਪ੍ਰਵਾਨ ਕਰ ਕੇ ਆਉਣ ਵਾਲੀਆਂ ਪਹਿਲਕਦਮੀਆਂ ਲਈ ਸੁਰ ਤੈਅ ਕੀਤੀ ਹੈ। ਹਰਿਆਣਾ ਨੇ ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੇ ਜੀਵਨ, ਵਿਰਾਸਤ ਅਤੇ

**ਪ੍ਰਭਲੀਨ ਸਿੰਘ**

ਸਰਬਉੱਚ ਸ਼ਹਾਦਤ ਨੂੰ ਸਮਰਪਿਤ ਰਾਜ ਪੱਧਰੀ ਪਹਿਲਕਦਮੀਆਂ ਦੀ ਇਕ ਬੇਮਿਸਾਲ ਸਤਿਕਾਰਯੋਗ ਲੜੀ ਵੇਖੀ ਹੈ। 1 ਨਵੰਬਰ 2025 ਨੂੰ ਪੰਚਕੂਲਾ ਵਿਚ ਇਕ ਮੈਗਾ ਖੂਨਦਾਨ ਕੈਂਪ ਲਗਾਇਆ ਗਿਆ, ਜਿਸ ਤੋਂ ਬਾਅਦ ਹਰਿਆਣਾ ਭਰ ਵਿਚ 350 ਖੂਨਦਾਨ ਕੈਂਪ ਲਗਾਏ ਗਏ। ਇਹ ਕੈਂਪ ਸਮੂਹਿਕ ਤੌਰ 'ਤੇ ਸੇਵਾ ਦੀ ਭਾਵਨਾ ਨੂੰ ਦਰਸਾਉਂਦੇ ਹਨ, ਜੋ ਸਿੱਖ ਸੇਵਾ ਸੰਕਲਪ ਦੀ ਨੀਂਹ ਬਣਾਉਂਦੇ ਹਨ। ਅੱਜ ਤੱਕ ਲਗਭਗ 27,000 ਯੂਨਿਟ ਖੂਨ ਇਕੱਠਾ ਕੀਤਾ ਗਿਆ, ਜਿਸ ਨਾਲ ਇਹ ਰਾਜ ਦੇ ਇਤਿਹਾਸ 'ਚ ਸਭ ਤੋਂ ਵੱਡੇ ਸਵੈ-ਸੇਵਕ-ਸੰਚਾਲਿਤ ਸਿਹਤ ਸੰਭਾਲ ਮੁਹਿੰਮਾਂ ਵਿਚ ਇਕ ਮਿਸਾਲ ਬਣ ਗਿਆ ਹੈ।

ਨੌਜਵਾਨਾਂ ਦੇ ਮਨਾਂ ਨੂੰ ਪ੍ਰੇਰਿਤ ਕਰਨ ਅਤੇ ਗੁਰੂ ਸਾਹਿਬ ਦੀਆਂ ਸਿੱਖਿਆਵਾਂ ਦੀ ਸਮਝ ਪੈਦਾ ਕਰਨ ਲਈ ਰਾਜ ਨੇ ਸਰਕਾਰੀ ਤੇ ਨਿੱਜੀ ਸਕੂਲਾਂ 'ਚ ਵੱਡੇ ਪੱਧਰ 'ਤੇ ਲੇਖ-ਲਿਖਣ ਮੁਕਾਬਲੇ ਦਾ ਆਯੋਜਨ ਕੀਤਾ, ਜਿਸ 'ਚ 3.5 ਲੱਖ ਵਿਦਿਆਰਥੀਆਂ ਨੇ ਹਿੱਸਾ ਲਿਆ, ਜਿਨ੍ਹਾਂ ਨੇ ਅੰਗਰੇਜ਼ੀ, ਹਿੰਦੀ, ਪੰਜਾਬੀ ਤੇ ਸੰਸਕ੍ਰਿਤ ਵਿਚ ਲੇਖ ਲਿਖੇ। ਇਸ ਬਹੁ-ਭਾਸ਼ਾਈ ਪਹੁੰਚ ਨੇ ਵੱਧ ਤੋਂ ਵੱਧ ਸ਼ਮੂਲੀਅਤ ਨੂੰ ਯਕੀਨੀ ਬਣਾਇਆ ਅਤੇ ਵਿਦਿਆਰਥੀਆਂ ਨੂੰ ਗੁਰੂ ਸਾਹਿਬ ਦੀ ਵਿਰਾਸਤ ਨਾਲ ਡੂੰਘਾਈ ਨਾਲ ਜੁੜਨ ਵਿਚ ਮਦਦ ਕੀਤੀ।

3 ਨਵੰਬਰ 2025 ਨੂੰ ਹਰ ਜ਼ਿਲ੍ਹੇ ਦੇ 350 ਵਿਦਿਆਰਥੀਆਂ ਨੇ 'ਸੁਨੋ ਕਹਾਨੀ ਗੁਰੂ ਤੇਗ ਬਹਾਦਰ ਜੀ ਕੀ' ਪ੍ਰੋਗਰਾਮ ਵਿਚ ਹਿੱਸਾ ਲਿਆ, ਜਿਸ 'ਚ ਗੁਰੂ ਜੀ ਦੇ ਜੀਵਨ ਦੀਆਂ ਘਟਨਾਵਾਂ ਬਾਰੇ ਜਾਣਕਾਰੀ ਦਿੱਤੀ ਗਈ। ਇਸ ਪਲੇਟਫਾਰਮ ਨੇ ਵਿਦਿਆਰਥੀਆਂ ਨੂੰ ਸਿੱਖਣ ਲਈ ਉਤਸ਼ਾਹਿਤ ਕੀਤਾ, ਜਿਸ ਨਾਲ ਸਿੱਖ ਗੁਰੂਆਂ ਦੀਆਂ ਸਿੱਖਿਆਵਾਂ ਦੁਆਰਾ ਪੈਦਾ ਹੋਇਆ ਸਾਹਸ, ਦਇਆ ਅਤੇ ਦ੍ਰਿੜ੍ਹਤਾ ਦੀਆਂ ਕਦਰਾਂ-ਕੀਮਤਾਂ ਨੂੰ ਮੁੜ ਜਾਗਰੂਕ ਕੀਤਾ ਗਿਆ। ਪਹਿਲੀ ਯਾਤਰਾ 8 ਨਵੰਬਰ ਨੂੰ ਰੋੜੀ (ਸਿਰਸਾ) ਤੋਂ ਸ਼ੁਰੂ ਹੋਈ, ਇਸ ਤੋਂ ਬਾਅਦ ਸੀ.ਡੀ.ਐਲ.ਯੂ. (ਸਿਰਸਾ) ਵਿਖੇ ਇਕ ਰਾਸ਼ਟਰੀ ਸੈਮੀਨਾਰ ਹੋਇਆ, ਜਿੱਥੇ ਮੁੱਖ ਮੰਤਰੀ ਸੈਣੀ ਨੇ ਗੁਰੂ ਤੇਗ਼ ਬਹਾਦਰ ਰਿਸਰਚ ਚੇਅਰ ਬਣਾਉਣ ਦਾ ਐਲਾਨ ਕੀਤਾ। 9 ਨਵੰਬਰ ਨੂੰ ਕਰਨਾਲ ਵਿਚ ਹਿੰਦ ਦੀ ਚਾਦਰ ਦੌੜ ਵਿਚ 50,000 ਤੋਂ ਵੱਧ ਨੌਜਵਾਨਾਂ ਨੇ ਉਤਸ਼ਾਹ ਨਾਲ ਹਿੱਸਾ ਲਿਆ, ਜੋ ਗੁਰੂ ਸਾਹਿਬ ਦੇ ਸੰਦੇਸ਼ ਪ੍ਰਤੀ ਸਾਰਿਆਂ ਦੇ ਸਤਿਕਾਰ ਤੇ ਜਨੂੰਨ ਨੂੰ ਦਿਖਾਉਂਦੀ ਸੀ। ਦੂਜੀ ਸ਼ਹੀਦੀ ਯਾਤਰਾ 11 ਨਵੰਬਰ ਨੂੰ ਪਿੰਜੌਰ ਤੋਂ ਸ਼ੁਰੂ ਹੋਈ, ਉਸੇ ਦਿਨ ਸਰਕਾਰੀ ਪੌਲੀਟੈਕਨਿਕ ਕਾਲਜ (ਅੰਬਾਲਾ) ਦਾ ਨਾਂਅ ਬਦਲ ਕੇ ਗੁਰੂ ਤੇਗ਼ ਬਹਾਦਰ ਪੌਲੀਟੈਕਨਿਕ ਕਾਲਜ ਅੰਬਾਲਾ ਰੱਖਿਆ ਗਿਆ। 14 ਨਵੰਬਰ ਨੂੰ ਤੀਜੀ ਸ਼ਹੀਦੀ ਯਾਤਰਾ ਫਰੀਦਾਬਾਦ ਤੋਂ ਸ਼ੁਰੂ ਹੋਈ, ਜਿਸ ਨੂੰ ਕੇਂਦਰੀ ਕੈਬਨਿਟ ਮੰਤਰੀ ਸ੍ਰੀ ਮਨੋਹਰ ਲਾਲ ਨੇ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ। ਨਾਲ ਹੀ ਟੋਹਾਣਾ-ਜੀਂਦ-ਧਮਧਾਨ ਸਾਹਿਬ ਸੜਕ ਦਾ ਨਾਂਅ ਬਦਲ ਕੇ ਗੁਰੂ ਤੇਗ਼ ਬਹਾਦਰ ਮਾਰਗ ਰੱਖਿਆ ਗਿਆ ਅਤੇ ਗੁਰੂ ਸਾਹਿਬ ਦੇ ਸੀਸ ਦੀ ਰੱਖਿਆ ਦੇ ਲਈ ਆਪਣੀ ਜਾਨ ਕੁਰਬਾਨ ਕਰਨ ਵਾਲੇ ਕੁਸ਼ਲ ਸਿੰਘ ਦਹੀਆ ਦੇ ਸਨਮਾਨ 'ਚ ਬਡਖ਼ਾਲਸਾ ਵਿਖੇ ਇਕ ਰਾਜ ਪੱਧਰੀ ਸਮਾਗਮ ਕਰਵਾਇਆ ਗਿਆ। 18 ਨਵੰਬਰ ਨੂੰ ਚੌਥੀ ਸ਼ਹੀਦੀ ਯਾਤਰਾ ਸਿਡੌਰਾ, ਯਮੁਨਾਨਗਰ ਤੋਂ ਸ਼ੁਰੂ ਹੋਈ, ਜਿੱਥੇ ਮੁੱਖ ਮੰਤਰੀ ਨੇ 'ਗੁਰੂ ਤੇਗ਼ ਬਹਾਦਰ ਵਣ' ਦੀ ਨੀਂਹ ਰੱਖੀ ਅਤੇ ਗੁਰੂ ਤੇਗ਼ ਬਹਾਦਰ ਐਗਰੀਕਲਚਰ ਕਾਲਜ ਦੀ ਸਥਾਪਨਾ ਦਾ ਐਲਾਨ ਕੀਤਾ। ਚਾਰੇ ਯਾਤਰਾਵਾਂ 24 ਨਵੰਬਰ ਨੂੰ ਕੁਰੂਕਸ਼ੇਤਰ ਵਿਚ ਸਮਾਪਤ ਹੋਈਆਂ। ਇਹ ਯਾਦਗਾਰੀ ਲੜੀ 25 ਨਵੰਬਰ ਨੂੰ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਦੇ ਸ਼ਾਨਦਾਰ ਸਮਾਗਮ ਨਾਲ ਸਮਾਪਤ ਹੋਈ, ਜਿਸ ਵਿਚ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨੇ ਸ਼ਿਰਕਤ ਕੀਤੀ, ਜਿਸ ਨਾਲ ਇਸ ਦੀ ਰਾਸ਼ਟਰੀ ਮਹੱਤਤਾ ਹੋਰ ਵੀ ਵਧ ਗਈ ਹੈ।



ਇਹ ਗੱਲ ਧਿਆਨ ਦੇਣ ਯੋਗ ਹੈ ਕਿ 2014 ਤੋਂ ਮੁੱਖ ਮੰਤਰੀ ਵਜੋਂ ਆਪਣੇ ਕਾਰਜਕਾਲ ਦੌਰਾਨ ਸ੍ਰੀ ਮਨੋਹਰ ਲਾਲ ਨੇ ਵੱਡੇ ਸਿੱਖ ਧਾਰਮਿਕ ਸਮਾਗਮਾਂ ਵਿਚ ਹਿੱਸਾ ਲੈ ਕੇ ਵਿਰਾਸਤੀ ਸਥਾਨਾਂ ਨੂੰ ਉਤਸ਼ਾਹਿਤ ਕਰਕੇ ਅਤੇ ਸਿੱਖ ਇਤਿਹਾਸ ਨਾਲ ਜੁੜੀਆਂ ਸੰਸਥਾਵਾਂ ਨੂੰ ਆਪਣੇ ਨਾਲ ਜੋੜਨ ਲਈ ਲਗਾਤਾਰ ਕਦਮ ਚੁੱਕੇ ਹਨ। ਉਨ੍ਹਾਂ ਦਾ ਦ੍ਰਿਸ਼ਟੀਕੋਣ ਨਾ ਸਿਰਫ਼ ਜਸ਼ਨਾਂ ਦੁਆਰਾ, ਸਗੋਂ ਇਮਾਨਦਾਰ ਜਨਤਕ ਸੇਵਾ, ਵਿਕਾਸ ਯਤਨਾਂ ਅਤੇ ਸੰਸਥਾਗਤ ਸਮਰਥਨ ਦੁਆਰਾ ਵੀ ਦਰਸਾਇਆ ਗਿਆ ਸੀ। ਇਸ ਪਰੰਪਰਾ ਨੂੰ ਮੌਜੂਦਾ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਦੁਆਰਾ ਪੂਰੇ ਦਿਲ ਨਾਲ ਅੱਗੇ ਵਧਾਇਆ ਗਿਆ ਹੈ, ਜਿਨ੍ਹਾਂ ਨੇ ਇਹ ਯਕੀਨੀ ਬਣਾਇਆ ਕਿ ਇਹ ਪਹਿਲਕਦਮੀਆਂ ਸਿੱਖ ਭਾਈਚਾਰੇ ਨਾਲ ਰਾਜ ਦੇ ਸਬੰਧਾਂ ਵਿਚ ਨਿਰੰਤਰਤਾ, ਸਤਿਕਾਰ ਤੇ ਵਿਕਾਸ ਨੂੰ ਵਧਾਉਂਦੀਆਂ ਰਹਿਣ। ਅੱਜ ਹਰਿਆਣਾ ਸ਼ਾਇਦ ਪੰਜਾਬ ਤੋਂ ਬਾਅਦ ਇਕਲੌਤਾ ਅਜਿਹਾ ਰਾਜ ਹੈ, ਜਿੱਥੇ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਵਿਰਾਸਤ ਨੂੰ ਵੱਡੇ ਪੱਧਰ 'ਤੇ ਅਤੇ ਸੇਵਾ-ਮੁਖੀ ਪ੍ਰੋਗਰਾਮਾਂ ਰਾਹੀਂ ਸਨਮਾਨਿਤ ਕੀਤਾ ਗਿਆ ਹੈ। ਇਹ ਸਿਰਫ਼ ਸਮਾਗਮ ਨਹੀਂ ਹਨ, ਸਗੋਂ ਭਾਈਚਾਰੇ ਦੀ ਭਲਾਈ ਅਤੇ ਸੇਵਾ, ਸਦਭਾਵਨਾ ਤੇ ਸਾਂਝੇ ਸੱਭਿਆਚਾਰਕ ਮਾਣ ਨੂੰ ਉਤਸ਼ਾਹਿਤ ਕਰਨ ਲਈ ਵਚਨਬੱਧਤਾ ਵਾਲੇ ਯਤਨ ਵੀ ਹਨ।

# ਕੀ ਪ੍ਰਵਾਸੀ ਹੁਣ ਪੰਜਾਬੀ ਬਣ ਚੁੱਕੇ ਹਨ ?



ਅੱਜ-ਕਲ੍ਹ ਪੰਜਾਬ ਵਿਚ ਇਕ ਖ਼ਾਸ ਚਰਚਾ ਹੈ ਕਿ ਪੰਜਾਬ ਦੇ ਲੋਕਾਂ ਖਾਸ ਕਰਕੇ ਨੌਜਵਾਨਾਂ ਦੇ ਵਿਦੇਸ਼ ਤੁਰ ਜਾਣ ਨਾਲ ਪੰਜਾਬ ਖਾਲੀ ਹੋਣ ਲੱਗਾ ਹੈ। ਉਨ੍ਹਾਂ ਦੀ ਜਗ੍ਹਾ ਇੱਥੇ ਦੂਜੇ ਸੂਬਿਆਂ ਤੋਂ ਆਏ ਲੋਕਾਂ, ਖਾਸ ਕਰਕੇ ਬਿਹਾਰ ਤੇ ਯੂ.ਪੀ. ਵਾਲਿਆਂ ਲੈ ਲਈ ਹੈ। ਪੰਜਾਬ ਵਿਚ ਸਭ ਤੋਂ ਪਹਿਲਾਂ ਦੁਆਬੇ ਦੇ ਪਿੰਡਾਂ 'ਚੋਂ ਲੋਕਾਂ ਨੇ ਇੰਗਲੈਂਡ ਜਾਣਾ ਸ਼ੁਰੂ ਕੀਤਾ ਸੀ। ਇਸ ਦਾ ਮੁੱਖ ਕਾਰਨ ਜ਼ਮੀਨਾਂ ਥੋੜ੍ਹੀਆਂ ਹੋਣ ਕਰਕੇ ਲੋਕਾਂ ਦਾ ਗੁਜ਼ਾਰਾ ਔਖਾ ਹੁੰਦਾ ਸੀ, ਪੜ੍ਹੇ-ਲਿਖੇ ਲੋਕਾਂ ਦੇ ਬਾਹਰ ਚਲੇ ਜਾਣ ਨਾਲ ਪਿੱਛੇ ਪਰਿਵਾਰਾਂ ਦਾ ਗੁਜ਼ਾਰਾ ਸੌਖਾ ਹੋਣ ਲੱਗਾ। ਜਦੋਂ ਬਾਹਰੋਂ ਪੌਂਡ/ਡਾਲਰ ਆਉਣ ਲੱਗੇ ਤਾਂ ਮਗਰ ਵਾਲਿਆਂ ਨੇ ਜ਼ਮੀਨਾਂ ਤੇ ਵੱਡੇ ਘਰ ਬਣਾਉਣ ਤੋਂ ਇਲਾਵਾ ਸਾਧਾਰਨ ਕਿਸਾਨ ਤੋਂ ਸਰਦਾਰੀ ਤੱਕ ਦਾ ਸਫ਼ਰ ਤਹਿ ਕੀਤਾ।

ਪੰਜਾਬ ਤੋਂ ਪ੍ਰਵਾਸ ਨੂੰ ਵੱਡਾ ਹੁਲਾਰਾ ਸਾਲ 1984 ਵਿਚ ਵੀ ਮਿਲਿਆ, ਜਦੋਂ ਲੋਕਾਂ ਨੇ ਪੰਜਾਬ ਦੇ ਮਾਹੌਲ ਤੋਂ ਡਰਦਿਆਂ ਆਪਣੇ ਬੱਚੇ ਬਾਹਰ ਭੇਜਣੇ ਸ਼ੁਰੂ ਕਰ ਦਿੱਤੇ। ਸਮਾਂ ਬੀਤਣ 'ਤੇ ਬਾਹਰਲਿਆਂ ਦੀ ਚੜ੍ਹਾਈ ਵੇਖ ਕੇ ਵਿਦੇਸ਼ ਜਾਣ ਦਾ ਰੁਝਾਨ ਵਧ ਗਿਆ। ਫਿਰ ਪੰਜਾਬੀਆਂ ਦੀ ਵਿਦੇਸ਼ਾਂ 'ਚ ਤੂਤੀ ਬੋਲਣ ਲੱਗੀ, ਅੱਜ ਉਹ ਬਾਹਰਲੇ ਦੇਸ਼ਾਂ ਦੀ ਪਾਰਲੀਮੈਂਟ ਵਿਚ ਪਹੁੰਚ ਕੇ ਵਜ਼ੀਰ ਤੱਕ ਬਣ ਚੁੱਕੇ ਹਨ। ਇੱਥੇ ਅਸੀਂ ਉਨ੍ਹਾਂ ਦੀ ਉੱਥੇ ਤਰੱਕੀ ਦੇਖ ਕੇ ਖ਼ੁਸ਼ ਹੁੰਦੇ ਹਾਂ, ਪਰ ਇਹ ਕਦੇ ਨਹੀਂ ਸੋਚਿਆ ਕਿ ਪਿੱਛੇ ਪੰਜਾਬ ਖਾਲੀ ਹੁੰਦਾ ਜਾ ਰਿਹਾ ਹੈ। ਜਦਕਿ ਬਿਹਾਰ, ਉੱਤਰ ਪ੍ਰਦੇਸ਼ ਤੇ ਹੋਰ ਸੂਬਿਆਂ ਤੋਂ ਧੜਾਧੜ ਪ੍ਰਵਾਸੀ ਆ ਰਹੇ ਹਨ। ਭਾਵੇਂ ਹੁਣ ਪ੍ਰਵਾਸੀਆਂ ਨੂੰ ਪੰਜਾਬ 'ਚੋਂ ਕੱਢਣ ਦੇ ਚਰਚੇ ਚੱਲ ਰਹੇ ਹਨ, ਪਰ ਉਨ੍ਹਾਂ ਦੇ ਚਲੇ ਜਾਣ ਨਾਲ ਮਿਸਤਰੀਆਂ ਤੇ ਮਜ਼ਦੂਰਾਂ ਦੀ ਘਾਟ ਮਹਿਸੂਸ ਹੋਵੇਗੀ ਤੇ ਕਈ ਤਰ੍ਹਾਂ ਦੇ ਵਪਾਰ ਰੁਕ ਜਾਣਗੇ। ਇਕ ਉਦਾਹਰਨ ਨਾਲ ਸਮਝਦੇ ਹਾਂ, ਸਾਡੇ ਇਕ ਰਿਸ਼ਤੇਦਾਰ ਨੇ ਦੋ ਕਮਰੇ ਬਣਾਉਣੇ ਸੀ ਤੇ ਉਹ ਕੰਮ ਸਿਰਫ਼ ਪੰਜਾਬੀ ਮਿਸਤਰੀ ਤੋਂ ਕਰਵਾਉਣਾ ਚਾਹੁੰਦਾ ਸੀ। ਜਦੋਂ ਉਸ ਨੂੰ ਇਕ ਪੰਜਾਬੀ ਮਿਸਤਰੀ ਮਿਲਿਆ ਤਾਂ ਉਸ ਨੇ ਕੰਮ ਦਾ ਰੇਟ ਇੰਨਾ ਜ਼ਿਆਦਾ ਮੰਗਿਆ ਕਿ ਆਖਰ ਉਸ ਨੂੰ ਪ੍ਰਵਾਸੀਆਂ ਤੋਂ ਹੀ ਕਮਰੇ ਬਣਵਾਉਣੇ ਪਏ। ਫਿਰ ਬਿਜਲੀ ਦਾ ਕੰਮ ਕਰਨ ਵਾਲੇ ਪੰਜਾਬੀ ਨੇ ਉਸ ਦੇ ਨੱਕ ਵਿਚ ਦਮ ਕਰ ਦਿੱਤਾ, ਜੋ ਕੁਝ ਦੱਸਣ ਜਾਂ ਪੁੱਛਣ 'ਤੇ ਕੰਮ ਛੱਡ ਕੇ ਅੱਗੋਂ ਬਹਿਸ ਕਰਨ ਲੱਗ ਪੈਂਦਾ। ਉਸ ਨੇ ਦੂਜੇ ਕਮਰਿਆਂ 'ਚੋਂ ਕੁਨੈਕਸ਼ਨ ਲੈਣ ਸਮੇਂ ਗ਼ਲਤ ਤਾਰ ਕੱਟ ਕੇ ਸਾਰੇ ਘਰ ਦੀ ਬਿਜਲੀ ਹੀ ਖਰਾਬ ਕਰ ਦਿੱਤੀ ਅਤੇ ਸਮਝਾਉਣ 'ਤੇ ਨਾਰਾਜ਼ ਹੋ ਕੇ ਘਰ ਚਲਾ ਗਿਆ। ਆਖਿਰ ਉਸ ਨੂੰ ਬਿਜਲੀ ਦਾ ਕੰਮ ਕਿਸੇ ਹੋਰ ਇਲੈਕਟ ?ਰੀਸ਼ਨ ਤੋਂ ਕਰਵਾਉਣਾ ਪਿਆ, ਇਹ ਸਾਡੇ ਅੱਖੀਂ ਦੇਖੀ ਹਕੀਕਤ ਹੈ।

**ਡਾ. ਅਮਨਪ੍ਰੀਤ ਸਿੰਘ ਬਰਾੜ**

ਪੰਜਾਬ 'ਚੋਂ ਪ੍ਰਵਾਸੀ ਭਜਾਓ ਕਿਸੇ ਮਸਲੇ ਦਾ ਹੱਲ ਨਹੀਂ ਹੈ, ਸਗੋਂ ਸਾਡੇ ਕਾਨੂੰਨ ਅਜਿਹੇ ਹੋਣੇ ਚਾਹੀਦੇ ਹਨ ਕਿ ਦੋਵੇਂ ਧਿਰਾਂ ਪੰਜਾਬ ਤੇ ਪ੍ਰਵਾਸੀਆਂ ਦਾ ਫਾਇਦਾ ਹੋਵੇ। ਜਿਵੇਂ ਸਾਡੇ ਲੋਕ ਬਾਹਰਲੇ ਦੇਸ਼ਾਂ ਵਿਚ ਜਾਂਦੇ ਹਨ ਤਾਂ ਉਨ੍ਹਾਂ ਨੂੰ ਜਾਂਦੇ ਸਾਰ ਕੰਮ ਕਰਨ ਦੀ ਇਜਾਜ਼ਤ ਲੈਣ ਲਈ ਰਜਿਸਟ੍ਰੇਸ਼ਨ ਕਰਾਉਣੀ ਪੈਂਦੀ ਹੈ, ਕੈਨੇਡਾ ਵਿਚ ਸਿੰਮ ਨੰਬਰ ਤੇ ਅਮਰੀਕਾ 'ਚ ਗ੍ਰੀਨ ਕਾਰਡ ਹੁੰਦਾ ਹੈ। ਅਜਿਹੀ ਵਿਵਸਥਾ ਪੰਜਾਬ ਵਿਚ ਵੀ ਹੋਣੀ ਚਾਹੀਦੀ ਹੈ, ਕੋਈ ਵੀ ਪ੍ਰਵਾਸੀ ਪੰਜਾਬ ਆਵੇ ਤਾਂ ਸਭ ਤੋਂ ਪਹਿਲਾਂ ਉਸ ਦੀ ਰਜਿਸਟ੍ਰੇਸ਼ਨ ਰੇਲਵੇ ਸਟੇਸ਼ਨ ਜਾਂ ਬੱਸ ਅੱਡੇ 'ਤੇ ਹੀ ਹੋ ਜਾਣੀ ਚਾਹੀਦੀ ਹੈ। ਉਨ੍ਹਾਂ ਕੋਲ ਕਾਰਡ ਹੋਵੇ ਤਾਂ ਹੀ ਉਨ੍ਹਾਂ ਨੂੰ ਕੰਮ 'ਤੇ ਰੱਖਿਆ ਜਾਵੇ, ਸਰਕਾਰ ਕੋਲ ਹਰ ਸੂਚਨਾ ਹੋਵੇ ਕਿ ਉਹ ਕਿੱਥੇ ਕੰਮ ਕਰਦੇ ਹਨ ਜਾਂ ਰਹਿ ਰਹੇ ਹਨ। ਇਸੇ ਤਰ੍ਹਾਂ ਪ੍ਰਵਾਸੀ ਠੇਕੇਦਾਰਾਂ ਦੇ ਵੱਖ-ਵੱਖ ਕੰਮਾਂ ਦੇ ਲਾਇਸੰਸ ਬਣਨੇ ਚਾਹੀਦੇ ਹਨ ਅਤੇ ਉਨ੍ਹਾਂ ਨੂੰ ਆਪਣੇ ਕੋਲ ਕੰਮ ਕਰਦੇ ਕਿਰਤੀਆਂ ਬਾਰੇ ਵੀ ਪੱਕੀ ਜਾਣਕਾਰੀ ਰੱਖਣੀ ਚਾਹੀਦੀ ਹੈ। ਜਿਹੜੇ ਲੋਕ ਕਿਰਤੀਆਂ ਨੂੰ ਕਿਰਾਏ 'ਤੇ ਕੁਆਟਰ ਜਾਂ ਮਕਾਨ ਦਿੰਦੇ ਹਨ, ਉਨ੍ਹਾਂ ਨੂੰ ਵੀ ਕਾਰਡ ਵੇਖ ਕੇ ਮਕਾਨ ਕਿਰਾਏ 'ਤੇ ਦੇਣਾ ਚਾਹੀਦਾ ਹੈ, ਅਜਿਹਾ ਨਾ ਕਰਨ 'ਤੇ ਮਕਾਨ ਮਾਲਕ ਨੂੰ ਜੁਰਮਾਨਾ ਹੋਣਾ ਚਾਹੀਦਾ ਹੈ। ਇਹ ਸਮਝਣਾ ਜ਼ਰੂਰੀ ਹੈ ਕਿ ਪ੍ਰਵਾਸੀਆਂ ਦੀ ਪੰਜਾਬ ਵਿਚ ਆਮਦ ਦੀ ਸ਼ੁਰੂਆਤ ਕਿਵੇਂ ਹੋਈ? ਦਰਅਸਲ ਜਦੋਂ ਪੰਜਾਬੀ ਪੱਕੇ ਤੌਰ 'ਤੇ ਬਾਹਰ ਜਾਣ ਲੱਗੇ ਤਾਂ ਆਪਣੇ ਘਰ ਤੇ ਜ਼ਮੀਨਾਂ ਆਪਣੇ ਰਿਸ਼ਤੇਦਾਰਾਂ ਨੂੰ ਸੰਭਾਲ ਗਏ। ਫਿਰ ਰਿਸ਼ਤੇਦਾਰ ਘਰਾਂ ਜ਼ਮੀਨਾਂ ਦੀ ਦੇਖਭਾਲ ਕਰਦੇ-ਕਰਦੇ ਲਾਲਚ ਵੱਸ ਉਨ੍ਹਾਂ 'ਤੇ ਕਬਜ਼ੇ ਕਰਨ ਲੱਗ ਪਏ ਤਾਂ ਝਗੜੇ ਤੋਂ ਬਚਣ ਲਈ ਐੱਨ.ਆਰ.ਆਈ. ਆਪਣੇ ਘਰਾਂ ਦੀ ਦੇਖਭਾਲ ਪ੍ਰਵਾਸੀਆਂ ਹਵਾਲੇ ਕਰਨ ਲੱਗੇ। ਅੱਜ ਹਾਲਾਤ ਅਜਿਹੇ ਹੋ ਗਏ ਹਨ ਕਿ ਪ੍ਰਵਾਸੀ ਵੀ ਧੱਕੇਸ਼ਾਹੀ ਕਰਨ ਲੱਗ ਪਏ ਹਨ।

ਕਿਸੇ ਸੂਬੇ 'ਚ ਕੰਮ ਕਰਨ ਲਈ ਆਉਣ ਤੇ ਜ਼ਮੀਨ ਜਾਇਦਾਦ ਖਰੀਦ ਕੇ ਪੱਕੇ ਹੋਣ ਵਿਚ ਬਹੁਤ ਅੰਤਰ ਹੁੰਦਾ ਹੈ। ਇਨ੍ਹਾਂ ਪ੍ਰਵਾਸੀਆਂ ਕਰਕੇ ਪੰਜਾਬ 'ਚ ਬਿਮਾਰੀਆਂ ਤੇ ਜੁਰਮ ਵੀ ਵਧੇ ਹਨ। ਲੁਧਿਆਣਾ ਦੇ ਸਿਵਲ ਹਸਪਤਾਲ ਵਿਚ ਤੁਹਾਨੂੰ ਬਹੁਤੇ ਪ੍ਰਵਾਸੀ ਹੀ ਨਜ਼ਰ ਆਉਣਗੇ। ਕਈ ਇਥੇ ਵਸਦੇ ਪ੍ਰਵਾਸੀਆਂ ਦੀ ਦੂਜੀ-ਤੀਜੀ ਪੀੜ੍ਹੀ ਆ ਗਈ ਹੈ, ਉਨ੍ਹਾਂ 'ਚੋਂ ਕਈ ਦਾਹੜੀ ਰੱਖ ਕੇ ਪੰਜਾਬੀਆਂ ਵਾਂਗ ਪੱਗਾਂ ਵੀ ਬੰਨ੍ਹਣ ਲੱਗੇ ਹਨ। ਉਨ੍ਹਾਂ ਦੇ ਨਾਂਅ, ਬੋਲੀ ਸਭ ਕੁਝ ਬਦਲ ਚੁੱਕਾ ਹੈ, ਪਰ ਸੋਚ ਤੇ ਸੰਸਕਾਰ ਨਹੀਂ ਬਦਲੇ। ਬਹੁਤੇ ਪ੍ਰਵਾਸੀਆਂ ਦੇ ਬੱਚੇ ਇੱਥੇ ਸਰਕਾਰੀ ਸਕੂਲਾਂ 'ਚ ਵੀ ਪੜ੍ਹ ਰਹੇ ਹਨ। ਅਜਿਹਾ ਹੀ ਹਾਲ ਕੈਨੇਡਾ ਵਿਚ ਪੰਜਾਬੀਆਂ ਨੇ ਕੀਤਾ ਹੋਇਆ ਹੈ, ਜੋ ਹੁਣ ਦੁਨੀਆ ਤੋਂ ਛੁਪਿਆ ਹੋਇਆ ਨਹੀਂ। ਸ਼ਾਇਦ ਉਨ੍ਹਾਂ ਦੀਆਂ ਆਪਹੁਦਰੀਆਂ ਕਾਰਨ ਹੀ ਵੀਜ਼ੇ ਨਾ ਮਿਲਣ ਜਾਂ ਹੋਰ ਸਖਤੀਆਂ ਦਾ ਸੰਤਾਪ ਚੰਗੇ ਲੋਕਾਂ ਨੂੰ ਝੱਲਣਾ ਪੈ ਰਿਹਾ ਹੈ। ਜੇਕਰ ਇਹੀ ਹਾਲ ਰਿਹਾ ਤਾਂ ਆਉਣ ਵਾਲੇ ਸਮੇਂ ਵਿਚ ਕਈਆਂ ਦੇ ਡਿਪੋਰਟ ਕੀਤੇ ਜਾਣ ਦੀ ਵੀ ਸੰਭਾਵਨਾ ਬਣੀ ਹੋਈ ਹੈ। ਭਾਵੇਂ ਬਹੁਤੇ ਲੋਕ ਪ੍ਰਵਾਸੀਆਂ ਨੂੰ ਪੰਜਾਬ 'ਚੋਂ ਕੱਢਣ ਬਾਰੇ ਕਹਿ ਰਹੇ ਹਨ, ਪਰ ਉਨ੍ਹਾਂ ਦੇ ਚਲੇ ਜਾਣ ਨਾਲ ਕਾਰਖਾਨਿਆਂ, ਝੋਨੇ ਦੀ ਲਵਾਈ ਤੇ ਘਰੇਲੂ ਕੰਮਾਂ ਲਈ ਮਜ਼ਦੂਰ ਨਹੀਂ ਮਿਲਣੇ ਅਤੇ ਪੰਜਾਬੀ ਕਿਰਤੀਆਂ ਦੀ ਮਜ਼ਦੂਰੀ ਦੇਣੀ ਬਹੁਤੇ ਲੋਕਾਂ ਦੀ ਜੇਬ ਤੋਂ ਬਾਹਰ ਹੋਵੇਗੀ। ਜਦੋਂ ਛੱਠ ਪੂਜਾ ਦੌਰਾਨ ਬਹੁਤ ਸਾਰੇ ਪ੍ਰਵਾਸੀ ਆਪਣੇ ਘਰਾਂ ਨੂੰ ਚਲੇ ਗਏ ਤਾਂ ਲੁਧਿਆਣੇ ਵਿਚ ਕੰਮ ਠੱਪ ਹੋਣ ਲੱਗ ਪਏ ਸਨ। ਖਾਣੇ ਦੀਆਂ ਰੇਹੜੀਆਂ ਲਾਉਣ ਵਾਲੇ ਪ੍ਰਵਾਸੀਆਂ ਦੀ ਚਰਚਾ ਅਕਸਰ ਸੋਸ਼ਲ ਮੀਡੀਆ 'ਤੇ ਬਹੁਤ ਹੁੰਦੀ ਹੈ ਕਿ ਇਹ ਲੋਕਾਂ ਨੂੰ ਗੰਦ ਖੁਆ ਰਹੇ ਹਨ। ਪਰ ਜਿਹੜੇ ਪੰਜਾਬੀ ਇਹੀ ਕੰਮ ਧੰਦੇ ਕਰਦੇ ਹਨ, ਅਸੀਂ ਉਨ੍ਹਾਂ ਦਾ ਸਾਥ ਹੀ ਨਹੀਂ ਦਿੰਦੇ। ਜਦੋਂ ਗੱਲ ਸਿਹਤ ਦੀ ਆਉਂਦੀ ਹੈ ਤਾਂ ਜ਼ਰੂਰੀ ਹੈ ਕਿ ਕੋਈ ਵੀ ਰੇਹੜੀ ਲਾਉਣ ਵਾਲਾ, ਫਾਸਟ ਫੂਡ ਦੀ ਦੁਕਾਨ ਜਾਂ ਢਾਬਾ ਚਲਾਉਣ ਵਾਲਾ ਹੋਵੇ ਪਰ ਖਾਣੇ ਦੀ ਗੁਣਵੱਤਾ ਦੇ ਨਾਲ-ਨਾਲ ਸਾਫ ਸਫ਼ਾਈ ਦਾ ਵੀ ਖਿਆਲ ਜ਼ਰੂਰ ਰੱਖੇ। ਉਨ੍ਹਾਂ ਘੱਟੋ-ਘੱਟ ਦਸਵੀਂ ਪਾਸ ਕੀਤੀ ਹੋਵੇ ਅਤੇ ਉਸ ਨੇ ਖਾਣ ਦਾ ਸਾਮਾਨ ਬਣਾਉਣ ਦਾ ਮੁੱਢਲਾ ਕੋਰਸ ਜ਼ਰੂਰ ਕੀਤਾ ਹੋਵੇ, ਜਿਵੇਂ ਬਾਹਰਲੇ ਦੇਸ਼ਾਂ ਵਿਚ ਹੁੰਦਾ ਹੈ।

ਭਾਵੇਂ ਕੁਝ ਸਿਆਸੀ ਲੋਕ ਬਹੁਤ ਦੇਰ ਤੋਂ ਕਹਿ ਰਹੇ ਹਨ ਕਿ ਗ਼ੈਰ ਪੰਜਾਬੀਆਂ ਨੂੰ ਪੰਜਾਬ ਵਿਚ ਜ਼ਮੀਨ ਖਰੀਦਣ ਦੀ ਇਜਾਜ਼ਤ ਨਾ ਹੋਵੇ। ਇਹ ਗੱਲ ਠੀਕ ਵੀ ਹੈ ਕਿ ਇਕ ਦੇਸ਼ ਇਕ ਕਾਨੂੰਨ ਕਿਉਂ ਨਹੀਂ, ਜਦੋਂ ਪੰਜਾਬੀ ਕਈਆਂ ਹੋਰ ਸੂਬਿਆਂ 'ਚ ਜ਼ਮੀਨ ਨਹੀਂ ਖਰੀਦ ਸਕਦੇ ਤਾਂ ਫਿਰ ਦੂਜੇ ਸੂਬਿਆਂ ਦੇ ਲੋਕ ਇੱਥੇ ਆ ਕੇ ਜ਼ਮੀਨ ਕਿਵੇਂ ਖਰੀਦ ਸਕਦੇ ਹਨ? ਪਰ ਸਿਆਸਤਦਾਨ ਇਸ ਦਾ ਕੋਈ ਪੱਕਾ ਹੱਲ ਲੱਭਣ ਲਈ ਤਿਆਰ ਨਹੀਂ, ਕਿਉਂਕਿ ਉਨ੍ਹਾਂ ਲਈ ਪ੍ਰਵਾਸੀ ਇਕ ਵੱਡਾ ਵੋਟ ਬੈਂਕ ਹੈ, ਜਿਸ ਦੀ ਅਸਾਨੀ ਨਾਲ ਖਰੀਦੋ-ਫਰੋਖਤ ਹੋ ਸਕਦੀ ਹੈ। ਮੁੱਕਦੀ ਗੱਲ ਇਹ ਹੈ ਕਿ ਜੇ ਉਨ੍ਹਾਂ ਦੀਆਂ ਵੋਟਾਂ ਬਣਾਉਗੇ ਤਾਂ ਫਿਰ ਆਉਣ ਵਾਲੇ ਸਮੇਂ ਦੌਰਾਨ ਉਨ੍ਹਾਂ ਦੇ ਕੌਂਸਲਰ, ਐਮ.ਐਲ.ਏ., ਐਮ.ਪੀ. ਵੀ ਬਣਨਗੇ। ਪਰ ਪ੍ਰਵਾਸੀਆਂ ਨੂੰ ਭਜਾਉਣਾ ਕਿਸੇ ਵੀ ਸਮੱਸਿਆ ਦਾ ਕੋਈ ਹੱਲ ਨਹੀਂ ਹੈ, ਇਨ੍ਹਾਂ ਨੂੰ ਰਜਿਸਟਰ ਕਰਕੇ ਸਿਰਫ਼ ਕੰਮ ਕਰਨ ਦੀ ਆਗਿਆ ਦਿੱਤੀ ਜਾਵੇ। ਜੇ ਕੋਈ ਅਪਰਾਧ ਕਰਦਾ ਹੈ ਤਾਂ ਕਾਨੂੰਨ ਅਨੁਸਾਰ ਬਣਦੀ ਸਜ਼ਾ ਵੀ ਜ਼ਰੂਰ ਦਿੱਤੀ ਜਾਵੇ। ਕੋਈ ਵੀ ਨੀਤੀ ਬਣਾਉਣ ਤੇ ਲਾਗੂ ਕਰਨ ਵਾਲਿਆਂ ਦੀ ਨੀਯਤ ਵੀ ਠੀਕ ਹੋਣੀ ਜ਼ਰੂਰੀ ਹੈ।

# ਮੁੱਖ ਮੰਤਰੀ ਵਲੋਂ ਜਪਾਨੀ ਉਦਯੋਗਪਤੀਆਂ ਨੂੰ ਪੰਜਾਬ 'ਚ ਨਿਵੇਸ਼ ਕਰਨ ਦਾ ਸੱਦਾ

## ਕਿਹਾ, ਆਧੁਨਿਕ ਉਦਯੋਗ, ਤਕਨਾਲੋਜੀ ਤੇ ਵਿਸ਼ਵ ਵਿਆਪੀ ਸਹਿਯੋਗ ਲਈ ਮੋਹਰੀ ਕੇਂਦਰ ਬਣ ਰਿਹੈ ਸੂਬਾ





ਚੰਡੀਗੜ੍ਹ : ਮੁੱਖ ਮੰਤਰੀ ਭਗਵੰਤ ਮਾਨ ਨੇ ਜਾਪਾਨ ਦੇ ਕਾਰੋਬਾਰੀ ਦਿੱਗਜ਼ਾਂ ਅੱਗੇ ਪੰਜਾਬ ਨੂੰ ਸਭ ਤੋਂ ਪਸੰਦੀਦਾ ਨਿਵੇਸ਼ ਸਥਾਨ ਵਜੋਂ ਪੇਸ਼ ਕਰਦਿਆਂ ਉਨ੍ਹਾਂ ਨੂੰ ਆਪਣੇ ਕਾਰੋਬਾਰ ਦੇ ਵਿਸਥਾਰ ਲਈ ਸੂਬੇ 'ਚ ਨਿਵੇਸ਼ ਦਾ ਸੱਦਾ ਦਿੱਤਾ। ਆਪਣੀ ਜਾਪਾਨ ਫੇਰੀ ਦੇ ਪਹਿਲੇ ਦਿਨ ਮੁੱਖ ਮੰਤਰੀ ਨੇ ਜੇ.ਬੀ.ਆਈ.ਸੀ., ਆਈਸਨ ਇੰਡਸਟਰੀ, ਯਾਮਾਹਾ, ਹੌਂਡਾ ਮੋਟਰ, ਜੇ.ਆਈ.ਸੀ.ਏ. ਦੱਖਣੀ ਏਸ਼ੀਆ ਵਿਭਾਗ ਦੇ ਡਾਇਰੈਕਟਰ ਜਨਰਲ, ਟੋਰੇ ਇੰਡਸਟਰੀਜ਼, ਪਾਰਲੀਮੈਂਟਰੀ ਵਾਈਸ-ਮਨਿਸਟਰ ਆਫ਼ ਇਕਾਨਮੀ, ਵਪਾਰ ਤੇ ਉਦਯੋਗ, ਫੁਜਿਤਸੂ ਲਿਮਟਿਡ ਤੇ ਹੋਰਾਂ ਨਾਲ ਗੱਲਬਾਤ ਕੀਤੀ। ਵਿਚਾਰ-ਵਟਾਂਦਰੇ ਦੌਰਾਨ ਮੁੱਖ ਮੰਤਰੀ ਨੇ ਐਡਵਾਂਸਡ ਮੈਨੂਫੈਕਚਰਿੰਗ, ਮੋਬਿਲਟੀ, ਇਲੈਕਟ੍ਰਾਨਿਕਸ, ਫੂਡ ਪ੍ਰੋਸੈਸਿੰਗ, ਨਵਿਆਉਣਯੋਗ ਊਰਜਾ ਅਤੇ ਗਲੋਬਲ ਸਰਵਿਸਿਜ਼ ਵਰਗੇ ਪ੍ਰਮੁੱਖ ਖੇਤਰਾਂ 'ਚ ਜਾਪਾਨ ਨਾਲ ਰਣਨੀਤਕ ਸਮਝੌਤੇ ਦੀ ਇੱਛਾ ਪ੍ਰਗਟਾਈ। ਉਨ੍ਹਾਂ ਨੇ ਜਾਪਾਨੀ ਕੰਪਨੀਆਂ ਨੂੰ ਸੂਬੇ 'ਚ ਉੱਭਰ ਰਹੀਆਂ ਨਵੀਆਂ ਸੰਭਾਵਨਾਵਾਂ ਦੀ ਪੜਚੋਲ ਦਾ ਸੱਦਾ ਦਿੰਦਿਆਂ ਕਿਹਾ ਕਿ ਪੰਜਾਬ ਦਾ ਭਵਿੱਖ ਇਨ੍ਹਾਂ ਖੇਤਰਾਂ ਦੀਆਂ ਜ਼ਰੂਰਤਾਂ ਅਨੁਸਾਰ ਨਵਾਂ ਰੂਪ ਲੈ ਰਿਹਾ ਹੈ। ਮੁੱਖ ਮੰਤਰੀ ਨੇ ਨਿਵੇਸ਼ਕਾਂ ਨੂੰ 13-15 ਮਾਰਚ, 2026 ਨੂੰ ਆਈ.ਐਸ.ਬੀ ਮੋਹਾਲੀ ਕੈਂਪਸ ਪੰਜਾਬ ਵਿਖੇ ਹੋਣ ਵਾਲੇ 6ਵੇਂ ਪ੍ਰਗਤੀਸ਼ੀਲ ਪੰਜਾਬ ਨਿਵੇਸ਼ਕ ਸੰਮੇਲਨ 'ਚ ਸ਼ਾਮਿਲ ਹੋਣ ਦਾ ਸੱਦਾ ਦਿੱਤਾ। ਮੁੱਖ ਮੰਤਰੀ ਨੇ ਕਿਹਾ ਕਿ ਇਹ ਸੰਮੇਲਨ ਪੰਜਾਬ ਦੀ ਤਰੱਕੀ ਨੂੰ ਦਰਸਾਉਂਦਾ ਹੈ, ਜੋ ਵੱਡੇ ਕਾਰੋਬਾਰੀ ਦਿੱਗਜ਼ਾਂ ਨੂੰ ਇੱਕ ਮੰਚ 'ਤੇ ਲਿਆ ਕੇ ਭਾਈਵਾਲੀ ਅਤੇ ਸਹਿਯੋਗ ਦੇ ਨਵੇਂ ਮੌਕੇ ਪੇਸ਼ ਕਰੇਗਾ। ਉਨ੍ਹਾਂ ਦੁਹਰਾਇਆ ਕਿ ਪੰਜਾਬ ਅਤੇ ਜਾਪਾਨ ਵਿਸ਼ਵਾਸ, ਗੁਣਵੱਤਾ ਅਤੇ ਲੰਬੇ ਸਮੇਂ ਦੀ ਵਚਨਬੱਧਤਾ ਨਾਲ ਡੂੰਘੇ ਵਪਾਰਕ ਸੰਬੰਧਾਂ ਦੀ ਸਮਰੱਥਾ ਰੱਖਦੇ ਹਨ ਅਤੇ ਸੂਬਾ ਸਰਕਾਰ ਇਨ੍ਹਾਂ ਸੰਬੰਧਾਂ ਨੂੰ ਹੋਰ ਮਜ਼ਬੂਤ ਕਰਨ ਲਈ ਪੂਰੀ ਤਰ੍ਹਾਂ ਸਮਰਪਿਤ ਹੈ। ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਮਜ਼ਬੂਤ ਆਰਥਿਕ ਅਤੇ ਸੱਭਿਆਚਾਰਕ ਸੰਬੰਧਾਂ ਰਾਹੀਂ ਵਿਕਾਸ ਤੇ ਖ਼ੁਸ਼ਹਾਲੀ ਦਾ ਸਾਂਝਾ ਭਵਿੱਖ ਸਿਰਜਣ ਲਈ ਵਚਨਬੱਧ ਹੈ।





# ਲੋਕ ਸਭਾ 'ਚ ਹਰਸਿਮਰਤ ਬਾਦਲ ਨੇ ਚੁੱਕਿਆ ਪੰਜਾਬ ਦੇ ਹੜ੍ਹ ਦਾ ਮੁੱਦਾ

ਨਵੀਂ ਦਿੱਲੀ : ਲੋਕ ਸਭਾ ਦੇ ਸਰਦ ਰੁੱਤ ਸੈਸ਼ਨ ਵਿਚ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਵਲੋਂ ਪੰਜਾਬ 'ਚ ਆਏ ਹੜ੍ਹ ਦਾ ਮੁੱਦਾ ਚੁੱਕਿਆ ਗਿਆ। ਇਸ ਦੌਰਾਨ ਉਨ੍ਹਾਂ ਕਿਹਾ ਕਿ ਪੰਜਾਬ ਵਿਚ ਅਗਸਤ ਅਤੇ ਸਤੰਬਰ ਦੇ ਮਹੀਨੇ ਹੋਈ ਮਾਨਸੂਨ ਦੀ ਬਰਸਾਤ ਦੇ ਪਾਣੀ ਨੇ ਕਹਿਰ ਮਚਾ ਕੇ ਰੱਖ ਦਿੱਤਾ ਸੀ। ਇਸ ਦੌਰਾਨ ਪੰਜਾਬ ਦੇ ਕਈ ਜ਼ਿਲ੍ਹਿਆਂ 'ਚ ਹੜ੍ਹ ਆਇਆ, ਜਿਸ ਨੇ ਭਿਆਨਕ ਰੂਪ ਧਾਰਨ ਕਰਦੇ ਹੋਏ ਸਭ ਕੁਝ ਤਹਿਸ-ਨਹਿਸ ਕਰਕੇ ਰੱਖ ਦਿੱਤਾ। ਪੰਜਾਬ ਵਿਚ ਆਏ ਹੜ੍ਹ ਕਾਰਨ 2300 ਪਿੰਡ ਪੂਰੇ ਤਰੀਕੇ ਨਾਲ ਤਬਾਹ ਹੋ ਗਏ। ਇਸ ਨਾਲ ਲੱਖਾਂ ਲੋਕ ਬੇਘਰ ਹੋ ਗਏ ਅਤੇ 5 ਲੱਖ ਏਕੜ ਫ਼ਸਲ ਪ੍ਰਭਾਵਿਤ ਹੋਈ।



ਹਰਸਿਮਰਤ ਬਾਦਲ ਨੇ ਕਿਹਾ ਕਿ ਹੜ੍ਹ ਕਾਰਨ ਬਿਆਸ, ਰਾਵੀ ਅਤੇ ਸੰਤਲੁਜ ਦੇ ਦਰਿਆਵਾਂ ਵਿਚ ਆਏ ਪਾਣੀ ਨੇ ਕਈ ਪਿੰਡਾਂ ਨੂੰ ਆਪਣੀ ਲਪੇਟ 'ਚ ਲੈ ਲਿਆ, ਜਿਸ ਕਾਰਨ ਹੋਇਆ ਨੁਕਸਾਨ ਇਕ ਚਰਚਾ ਦਾ ਵਿਸ਼ਾ ਹੈ। ਇਸ ਤਬਾਹੀ ਨਾਲ 3 ਲੱਖ ਏਕੜ ਲੋਕਾਂ ਦੀ ਖੜ੍ਹੀ ਫ਼ਸਲ, ਜੋ ਤਿਆਰ ਸੀ, ਉਹ ਹੜ੍ਹ ਦੇ ਪਾਣੀ ਕਾਰਨ ਤਬਾਹ ਹੋ ਗਈ। 5 ਲੱਖ ਏਕੜ ਜ਼ਮੀਨ ਤਬਾਹ ਹੋ ਗਈ। ਹੜ੍ਹ ਦਾ ਪਾਣੀ ਨਿਕਲ ਜਾਣ ਤੋਂ ਬਾਅਦ ਵੀ ਇਨ੍ਹਾਂ ਪਿੰਡਾਂ ਦੀ ਹਾਲਤ ਇੰਨੀ ਜ਼ਿਆਦਾ ਖ਼ਰਾਬ ਹੈ ਕਿ ਇਸ ਨੂੰ ਠੀਕ ਹੋਣ ਵਿਚ ਬਹੁਤ ਸਮਾਂ ਲੱਗ ਸਕਦਾ ਹੈ। ਹੜ੍ਹ ਦੀ ਲਪੇਟ ਵਿਚ ਆਏ ਪਿੰਡਾਂ ਵਿਚ ਕਈ ਫੁੱਟ ਤੱਕ ਰੇਤਾਂ ਜਮ੍ਹਾਂ ਹੋ ਗਈ ਹੈ। ਇਸ ਰੇਤਾਂ ਦੇ ਕਾਰਨ ਸ਼ਾਇਦ ਹੁਣ ਅਗਲੇ 2-3 ਸਾਲਾਂ ਤੱਕ ਕੋਈ ਫ਼ਸਲ ਨਾ ਹੋ ਸਕੇ।

ਹਰਸਿਮਰਤ ਬਾਦਲ ਨੇ ਕਿਹਾ ਕਿ ਸਰਹੱਦ ਪਾਰ ਜਿਹਨਾਂ ਲੋਕਾਂ ਦੀਆਂ ਪੁਰਾਣੀਆਂ ਯਾਨੀ ਪੁਰਖਿਆਂ ਦੀ ਜ਼ਮੀਨਾਂ ਸਨ, ਜਿਸ 'ਤੇ ਉਹ ਖੇਤੀ ਕਰਦੇ ਸਨ ਅਤੇ ਆਪਣਾ ਘਰ ਚਲਾਉਂਦੇ ਹਨ, ਉਹ ਹੜ੍ਹ ਕਾਰਨ ਨੁਕਸਾਨੀ ਗਈ। ਉਨ੍ਹਾਂ 'ਤੇ ਰਾਵੀ ਦੇ ਪਾਣੀ ਨੇ ਅਜਿਹਾ ਸਫ਼ਾਇਆ ਕੀਤਾ ਕਿ ਜ਼ਮੀਨਾਂ ਦੀ ਪਛਾਣ ਨਹੀਂ ਹੋ ਰਹੀ। ਹੜ੍ਹ ਪ੍ਰਭਾਵਿਤ ਲੋਕਾਂ ਦੀਆਂ ਨਾ ਜ਼ਮੀਨਾਂ ਰਹੀਆਂ, ਨਾ ਫਸਲਾਂ, ਨਾ ਘਰ, ਨਾ ਜਾਨਵਰ। ਬੀਬੀ ਬਾਦਲ ਨੇ ਸਪੀਕਰ ਨੂੰ ਸਵਾਲ ਕਰਦੇ ਹੋਏ ਕਿਹਾ ਕਿ ਕੇਂਦਰ ਸਰਕਾਰ ਕਹਿ ਰਹੀ ਹੈ ਕਿ ਸਟੇਟ ਡਿਜ਼ਾਸਟਰ ਰਿਸਪਾਂਸ ਫੰਡ ਦਾ 12,000 ਕਰੋੜ ਰੁਪਏ ਪੰਜਾਬ ਸਰਕਾਰ ਕੋਲ ਹਨ ਪਰ ਪੰਜਾਬ ਦੀ ਸਰਕਾਰ ਅਤੇ ਉਨ੍ਹਾਂ ਦੇ ਵਿੱਤ ਮੰਤਰੀ ਕਹਿ ਰਹੇ ਹਨ ਕਿ ਉਨ੍ਹਾਂ ਨੂੰ ਸਿਰਫ਼ 1500 ਮਿਲੇ ਹਨ ਇਸ ਸਾਲ ਵਿਚ।

ਇਸ ਤੋਂ ਇਲਾਵਾ ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਵਲੋਂ ਐਲਾਨ ਕੀਤੀ ਗਈ ਰਕਮ ਸਰਕਾਰ ਕਹਿੰਦੀ ਹੈ ਕਿ ਦੇ ਦਿੱਤੀ ਗਈ ਹੈ ਪਰ ਆਮ ਆਦਮੀ ਪਾਰਟੀ ਦੀ ਸਰਕਾਰ ਕਹਿ ਰਹੀ ਹੈ ਕਿ ਉਨ੍ਹਾਂ ਨੂੰ ਪੈਸੇ ਨਹੀਂ ਮਿਲੇ। ਲੋਕ ਜਿਨ੍ਹਾਂ ਕੋਲ ਘਰ ਵੀ ਨਹੀਂ, ਰਹਿਣ ਨੂੰ ਛੱਤ ਨਹੀਂ, ਜ਼ਮੀਨ ਨਹੀਂ, ਜਾਨਵਰ ਨਹੀਂ, ਸਕੂਲ-ਹਸਪਤਾਲ ਤਬਾਹ ਹੋ ਗਏ, ਉਹ ਲੋਕ ਕੀ ਕਰਨ ਅਤੇ ਕਿਥੇ ਜਾਣ? ਇਨ੍ਹਾਂ ਦਾ ਫੈਸਲਾ ਕੌਣ ਕਰੇਗਾ। ਲੋਕਾਂ ਦੇ ਖਾਤਿਆਂ ਵਿਚ ਪੈਸੇ ਕਿਵੇਂ ਆਉਣਗੇ। ਲੋਕਾਂ ਨੂੰ ਸਰਕਾਰ ਵਲੋਂ ਸਹੂਲਤਾਵਾਂ ਕਿਵੇਂ ਮਿਲਣਗੀਆਂ, ਦੇ ਬਾਰੇ ਕੁਝ ਨਹੀਂ ਪਤਾ।

# ਕੈਨੇਡਾ 'ਚ ਪੰਜਾਬੀ ਨੌਜਵਾਨ ਦੀ ਗੋਲੀਆਂ ਮਾਰ ਕੇ ਹੱਤਿਆ

ਐਬਟਸਫੋਰਡ : ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਸ਼ਹਿਰ ਚਿਲਾਬੈਕ ਨਿਵਾਸੀ ਪੰਜਾਬੀ ਨੌਜਵਾਨ ਜਸਕਰਨ ਸਿੰਘ ਬੜਿੰਗ ਦੀ ਅਣਪਛਾਤੇ ਵਿਅਕਤੀਆਂ ਨੇ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ। ਉਹ 26 ਵਰ੍ਹਿਆਂ ਦਾ ਸੀ। ਜਾਂਚ ਏਜੰਸੀ ਇੰਟੈਗਰੇਟਿਡ ਹੋਮੋਸਾਈਡ ਇਨਵੈਸਟੀਗੇਸ਼ਨ ਟੀਮ ਵਲੋਂ ਜਾਰੀ ਕੀਤੇ ਗਏ ਬਿਆਨ 'ਚ ਦੱਸਿਆ ਗਿਆ ਹੈ ਕਿ ਪੁਲਿਸ ਨੂੰ ਰਾਤ 11:40 ਵਜੇ ਸੂਚਨਾ ਮਿਲੀ ਸੀ ਕਿ 152 ਸਟਰੀਟ 'ਤੇ 104 ਐਵੇਨਿਊ ਨੇੜੇ ਗੋਲੀ ਚੱਲਣ ਦੀ ਘਟਨਾ ਵਾਪਰੀ ਹੈ, ਪੁਲਿਸ ਤੁਰੰਤ ਜਦੋਂ ਘਟਨਾ ਸਥਾਨ 'ਤੇ ਪਹੁੰਚੀ ਤਾਂ ਉਥੇ ਇਕ ਨੌਜਵਾਨ ਗੰਭੀਰ ਜ਼ਖ਼ਮੀ ਹਾਲਤ ਵਿਚ ਪਿਆ ਸੀ, ਜਿਸ ਦੇ ਗੋਲੀਆਂ ਲੱਗੀਆਂ ਸਨ। ਪੈਰਾਮੈਡਿਕਾਂ ਵਲੋਂ ਉਸਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਗਈ, ਪਰ ਉਸਦੀ ਮੌਕੇ 'ਤੇ ਹੀ ਮੌਤ ਹੋ ਗਈ। ਪੁਲਿਸ ਦਾ ਮੰਨਣਾ ਹੈ ਕਿ ਇਹ ਮਿੱਥ ਕੇ ਕੀਤਾ ਗਿਆ ਕਤਲ ਜਾਪਦਾ ਹੈ। ਪੁਲਿਸ ਦਾ ਇਹ ਵੀ ਕਹਿਣਾ ਹੈ ਕਿ ਜਸਕਰਨ ਸਿੰਘ ਗ਼ਲਤ ਗਤੀਵਿਧੀਆਂ ਵਿਚ ਸ਼ਾਮਿਲ ਸੀ, ਪੁਲਿਸ ਘਟਨਾ ਦੀ ਜਾਂਚ ਕਰ ਰਹੀ ਹੈ।



# 'ਪੰਜਾਂ ਦਰਿਆਵਾਂ ਨੂੰ ਅੱਗ ਲੱਗ ਜੂ...'

ਇਹ ਉਹ ਜੁਮਲਾ ਹੈ ਜੋ ਬੋਲਣਾ ਤਾਂ ਡਰਾਮੇਬਾਜ਼ ਪਾਰਟੀ ਦੇ ਭਗਵੰਤ ਮਾਨ ਜਿਹੇ ਕਿਰਦਾਰ ਨੂੰ ਬਣਦਾ ਸੀ, ਪਰ ਉੱਚਰ ਦਿੱਤਾ ਉਸ ਵਕੀਲ ਨੇ ਜਿਸ ਕੋਲ ਅਮ੍ਰਿਤਪਾਲ ਸਿੰਘ ਨੂੰ ਆਰਜ਼ੀ ਪੈਰੋਲ ਦੇਣ ਵਿਰੁੱਧ ਕੋਈ ਕਾਨੂੰਨੀ ਦਲੀਲ ਨਹੀਂ ਸੀ।

ਚਲਾਕ, ਤੇਜ਼ਤੱਰਾਰ ਵਕੀਲ, ਅਕਸਰ ਅਣਸਰਦੇ ਨੂੰ, ਜੱਜ ਸਾਹਿਬਾਨ ਨੂੰ ਪ੍ਰਭਾਵਤ ਕਰਨ ਲਈ, ਉਰਦੂ ਸ਼ੇਅਰਾਂ ਦਾ ਆਸਰਾ ਲੈਂਦੇ ਹਨ ਜਾਂ ਰੰਗੀਨ ਗੱਪ-ਨੁਮਾ ਜੁਮਲਿਆਂ ਨਾਲ ਕੰਮ ਚਲਾਉਂਦੇ ਹਨ। ਅਨੁਪਮ ਗੁਪਤਾ ਕਾਨੂੰਨ ਤੋਂ ਅਣਜਾਣ ਨਹੀਂ।

'ਮਹਿਜ਼ ਸ਼ਬਦੀ ਭਾਸ਼ਣ ਕਿਸੇ ਦੀ ਲੱਤ ਨਹੀਂ ਭੰਨਦੇ!' ਸਟੇਟ ਦੀਆਂ ਨਜ਼ਰਾਂ ਵਿੱਚ ਸੰਗੀਨ ਤੋਂ ਸੰਗੀਨ ਕਾਨੂੰਨਾਂ ਦੀ ਵਿਆਖਿਆ ਕਰਦਿਆਂ ਸੁਪਰੀਮ ਕੋਰਟ ਬਾਰ ਬਾਰ ਕਹਿੰਦੀ ਆ ਰਹੀ ਹੈ ਕਿ (ਕਿਸੇ ਦੋਸ਼ੀ ਦੇ) ਮਹਿਜ਼ ਭਾਸ਼ਾ ਨੂੰ ਅਦਾਲਤ ਐਕਸ਼ਨ ਦਾ ਆਧਾਰ ਨਹੀਂ ਮੰਨ ਸਕਦੀ ਜਿੰਨੀ ਦੇਰ ਉਸ ਭਾਸ਼ਣ ਨਾਲ ਜੁੜੀ ਕੋਈ ਹੋਰ ਸਹਾਇਕ ਸਮੱਗਰੀ ਪੇਸ਼ ਨਹੀਂ ਕੀਤੀ ਜਾਂਦੀ।

ਹਥਲੇ ਮਾਮਲੇ ਵਿੱਚ ਹਾਈ ਕੋਰਟ ਦੇ ਜੱਜ ਸਹਿਬਾਨ ਅਨੁਪਮ ਗੁਪਤਾ ਦੇ ਵਹਾਏ ਸ਼ਬਦੀ ਹੜ੍ਹ ਵਿੱਚ ਨਹੀਂ ਰੁੜ੍ਹੇ। ਉਹ 'ਸਮੱਗਰੀ' ਮੰਗ ਰਹੇ ਹਨ ਜਿਸ ਨਾਲ ਅਮ੍ਰਿਤਪਾਲ ਸਿੰਘ ਨੇ ਦਰਿਆਵਾਂ ਨੂੰ ਅੱਗ ਲਾਉਣੀ ਹੈ।

ਵੇਖੋ, ਸਟੇਟ ਸੋਮਵਾਰ ਨੂੰ ਕਿਹੜੀ ਸਮੱਗਰੀ ਪੇਸ਼ ਕਰਦੀ ਹੈ!

ਵੈਸੇ ਲੋਕ ਸਭਾ/ਰਾਜ ਸਭਾ ਦੇ ਸਪੀਕਰ ਕੋਲ ਅਜਿਹੀਆਂ ਬੇਅੰਤ ਤਾਕਤਾਂ ਹਨ ਜਿਨ੍ਹਾਂ ਦੀ ਵਰਤੋਂ ਕਰ ਕੇ ਉਹ ਕਿਸੇ ਮੈਂਬਰ ਦੇ ਉੱਚਰੇ ਅੱਧੇ ਇਤਰਾਜ਼ਯੋਗ ਸ਼ਬਦ ਨੂੰ ਵੀ ਸਦਨ ਦੀ ਚਾਰਦਿਵਾਰੀ ਤੋਂ ਬਾਹਰ ਜਾਣੋਂ ਰੋਕ ਸਕਦਾ ਹੈ।

ਵੇਖਿਆ ਜਾਵੇ ਤਾਂ ਅੰਮ੍ਰਿਤਪਾਲ ਸਿੰਘ ਪਾਰਲੀਮਾਨੀ ਮੰਚ ਦੇ ਉਸਾਰੂ ਪੱਖਾਂ ਦੀ ਮਹੱਤਤਾ ਤੋਂ ਅਣਜਾਣ ਨਹੀਂ। ਉਹ ਕਤਲ ਨਹੀਂ ਕਰੇਗਾ, ਨਾ ਹੀ ਕਰ ਸਕਦਾ ਹੈ, ਨਾ ਅੱਗ ਲਾਏਗਾ, ਨਾ ਉਸ ਕੋਲ ਅੱਗ ਲਾਉਣ ਦੀ ਸਮੱਗਰੀ ਹੈ... ਉਹ ਸਟੇਟ ਦਾ ਲੋਕਰਾਜ ਵਿਰੋਧੀ ਨੰਗੇਜ ਸੰਸਾਰ ਸਾਹਮਣੇ ਪ੍ਰਦਰਸ਼ਤ ਕਰੇਗਾ... ਇਸੇ ਤੋਂ ਸਟੇਟ ਭੈਅਭੀਤ ਹੈ!

- ਕਿਰਨਜੀਤ ਕੌਰ

# ਪੰਡਿਤ ਕਿਰਪਾ ਰਾਮ ਤੋਂ ਸ਼ਹੀਦ ਭਾਈ ਕਿਰਪਾ ਸਿੰਘ ਤੱਕ




ਡਾ. ਸੁਰਜੀਤ ਸਿੰਘ ਜਰਮਨੀ

ਏਨਾ ਕੁ ਤਾਂ ਅਸੀਂ ਸਾਰੇ ਜਾਣਦੇ ਹਾਂ ਕਿ ਔਰੰਗਜ਼ੇਬ ਦੇ ਦੂਸਰੇ ਧਰਮਾਂ ਦੇ ਲੋਕਾਂ ਵਿਰੁੱਧ ਫ਼ੈਸਲਿਆਂ ਅਤੇ ਕਾਰਵਾਈਆਂ ਅਰਥਾਤ ਜ਼ੁਲਮਾਂ ਦੇ ਸਤਾਏ ਕਸ਼ਮੀਰੀ ਪੰਡਿਤ ਆਪਣੇ ਆਗੂ ਪੰਡਿਤ ਕਿਰਪਾ ਰਾਮ ਦੀ ਅਗਵਾਈ ਵਿੱਚ ਗੁਰੂ ਤੇਗ ਬਹਾਦਰ ਦੇ ਦਰਬਾਰ ਵਿੱਚ ਫ਼ਰਿਆਦ ਲੈ ਕੇ ਆਏ ਸਨ ਪਰ ਕਹਾਣੀ ਇਸ ਤੋਂ ਪਿੱਛੇ ਵੀ ਹੈ ਅਤੇ ਇਸ ਤੋਂ ਅੱਗੇ ਤਾਂ ਹੋਰ ਵੀ ਬੜੀ ਮਹੱਤਵਪੂਰਨ ਹੈ।

ਸ੍ਰੀਨਗਰ ਤੋਂ 20 ਮੀਲ ਦੂਰ ਮੱਤਨ ਨਗਰ ਦੇ ਪੰਡਿਤ ਅੜੂ ਰਾਮ ਨਾਂ ਦੇ ਦੱਤ ਬ੍ਰਾਹਮਣ ਸਨ ਜੋ ਸੱਤਵੇਂ ਗੁਰੂ ਹਰਿ ਰਾਏ ਸਾਹਿਬ ਦੇ ਸ਼ਰਧਾਲੂ ਸਨ। ਸੰਨ 1660 ਈਸਵੀ ਵਿੱਚ ਜਦੋਂ ਗੁਰੂ ਹਰਿ ਰਾਇ ਸਾਹਿਬ ਕਸ਼ਮੀਰ ਗਏ ਤਾਂ ਪੰਡਿਤ ਅੜੂ ਰਾਮ ਨੇ ਉਨ੍ਹਾਂ ਨੂੰ ਸ੍ਰੀਨਗਰ ਤੋਂ ਲਿਜਾ ਕੇ ਆਪਣੇ ਨਗਰ ਮਤਨ ਵਿਖੇ ਚਰਨ ਪਵਾਏ।

ਪੰਡਿਤ ਜੀ ਦੇ ਤਿੰਨਾਂ ਪੁੱਤਰਾਂ 'ਚੋਂ ਕਿਰਪਾ ਰਾਮ ਸਭ ਤੋਂ ਵੱਡੇ ਅਤੇ ਬੜੇ ਗੁਣੀ ਗਿਆਨੀ ਸਨ। ਸੰਨ 1670 ਈਸਵੀ ਵਿੱਚ ਜਦੋਂ ਬਾਲ ਗੋਬਿੰਦ ਰਾਏ ਆਪਣੇ ਪਿਤਾ ਨੌਵੇਂ ਗੁਰੂ ਤੇਗ ਬਹਾਦਰ ਵੱਲੋਂ ਨਵੇਂ ਵਸਾਏ ਨਗਰ 'ਚੱਕ ਮਾਤਾ ਨਾਨਕੀ' (ਅਨੰਦਪੁਰ ਸਾਹਿਬ) ਆਏ ਤਾਂ ਪੰਡਿਤ ਕਿਰਪਾ ਰਾਮ ਲਖਨੌਰ ਵਿਖੇ ਉਨ੍ਹਾਂ ਦੇ ਦਰਸ਼ਨ ਕਰਨ ਪਹੁੰਚੇ।

ਔਰੰਗਜ਼ੇਬ ਦੇ ਰਾਜ ਵੇਲੇ ਜਦੋਂ ਜਬਰ-ਜ਼ੁਲਮ ਦਾ ਦੌਰ ਸ਼ੁਰੂ ਹੋਇਆ ਤਾਂ ਕਸ਼ਮੀਰੀ ਪੰਡਤਾਂ ਨੇ ਗੁਰੂ ਘਰ ਨਾਲ ਗਹਿਰੇ ਅਤੇ ਨੇੜਲੇ ਸਬੰਧ ਵਾਲੇ ਪੰਡਿਤ ਕਿਰਪਾ ਰਾਮ ਦੀ ਅਗਵਾਈ ਵਿੱਚ ਅਨੰਦਪੁਰ ਸਾਹਿਬ ਜਾ ਕੇ ਗੁਰੂ ਤੇਗ ਬਹਾਦਰ ਪਾਸ ਫ਼ਰਿਆਦ ਕਰਨ ਦਾ ਫ਼ੈਸਲਾ ਕੀਤਾ। ਇਨ੍ਹਾਂ ਕਸ਼ਮੀਰੀ ਪੰਡਤਾਂ ਨੇ ਆਪਣੇ ਦੁੱਖਾਂ ਦਰਦਾਂ ਦੀ ਕਹਾਣੀ ਗੁਰੂ ਸਾਹਿਬ ਅੱਗੇ ਰੱਖੀ ਤਾਂ ਗੁਰੂ ਜੀ ਇਸ ਬਾਰੇ ਬਾਦਸ਼ਾਹ ਔਰੰਗਜ਼ੇਬ ਨਾਲ ਗੱਲ ਕਰਨ ਵਾਸਤੇ ਦਿੱਲੀ ਜਾਣ ਲਈ ਤਿਆਰ ਹੋਏ। ਗੁਰੂ ਸਾਹਿਬ ਦੇ ਦਿੱਲੀ ਨੂੰ ਚਾਲੇ ਪਾਉਣ 'ਤੇ ਇਹ ਕਸ਼ਮੀਰੀ ਪੰਡਿਤ ਕਸ਼ਮੀਰ ਨੂੰ ਨਹੀਂ ਪਰਤੇ ਸਗੋਂ ਇਨ੍ਹਾਂ ਨੇ ਗੁਰੂ ਸਾਹਿਬ ਦੀ ਦਿੱਲੀ ਤੋਂ ਵਾਪਸੀ ਤੱਕ ਆਨੰਦਪੁਰ ਸਾਹਿਬ ਵਿਖੇ ਉਡੀਕ ਕਰਨ ਦਾ ਫ਼ੈਸਲਾ ਕੀਤਾ।

ਗੁਰੂ ਤੇਗ ਬਹਾਦਰ ਸਾਹਿਬ ਜੀ ਆਪ ਤਾਂ ਦਿੱਲੀ ਤੋਂ ਨਹੀਂ ਪਰਤੇ, ਉਨ੍ਹਾਂ ਦੀ ਚਾਂਦਨੀ ਚੌਂਕ ਵਿੱਚ ਹੋਈ ਲਾਸਾਨੀ ਕੁਰਬਾਨੀ ਅਤੇ ਸ਼ਹਾਦਤ ਦੀ ਖ਼ਬਰ ਹੀ ਪਹੁੰਚੀ ਅਤੇ ਭਾਈ ਜੈਤਾ ਨਾਂ ਦੇ ਗੱਭਰੂ ਰੰਗਰੇਟੇ ਸਿੱਖ ਦੇ ਹੱਥੀਂ ਉਨ੍ਹਾਂ ਦਾ ਸੀਸ ਅਨੰਦਪੁਰ ਸਾਹਿਬ ਪਰਤਿਆ। ਇਸ ਹਿਰਦੇ ਵੇਧਕ ਘਟਨਾ ਦਾ ਪੰਡਿਤ ਕਿਰਪਾ ਰਾਮ 'ਤੇ ਬਹੁਤ ਡੂੰਘਾ ਅਸਰ ਹੋਇਆ। ਉਨ੍ਹਾਂ ਨੇ (ਸ਼ਾਇਦ ਹੋਰ ਕਈ ਸਾਥੀਆਂ ਸਮੇਤ) ਕਸ਼ਮੀਰ ਵਾਪਸ ਜਾਣ ਦੀ ਬਜਾਏ, ਸ਼ਹੀਦ ਹੋਏ ਗੁਰੂ ਦੇ ਪਰਿਵਾਰ ਦੀ ਸੇਵਾ ਸੰਭਾਲ ਹਿਤ ਰਹਿੰਦੀ ਉਮਰ ਅਨੰਦਪੁਰ ਸਾਹਿਬ ਵਿਖੇ ਹੀ ਟਿਕੇ ਰਹਿਣ ਦਾ ਫ਼ੈਸਲਾ ਕੀਤਾ। ਪੰਡਿਤ ਜੀ ਸ਼ਾਸਤਰ ਅਤੇ ਸ਼ਸਤਰ ਵਿੱਦਿਆ ਦੇ ਧਨੀ ਸਨ। ਆਪ ਨੇ ਬਾਲ ਗੁਰੂ ਗੋਬਿੰਦ ਰਾਏ ਨੂੰ ਸੰਸਕ੍ਰਿਤ ਭਾਸ਼ਾ ਅਤੇ ਪੁਰਾਣੇ ਗ੍ਰੰਥਾਂ ਦਾ ਬੋਧ ਕਰਾਇਆ ਅਤੇ ਸ਼ਸਤਰ ਵਿੱਦਿਆ ਦਿੱਤੀ।

1699 ਦੀ ਵਿਸਾਖੀ ਨੂੰ ਜਦੋਂ ਦਸਮੇਸ਼ ਜੀ ਨੇ ਖਾਲਸਾ ਸਿਰਜਣਾ ਦਾ ਕੌਤਕ ਰਚਾਇਆ ਤਾਂ ਪੰਡਿਤ ਕਿਰਪਾ ਰਾਮ ਪਹਿਲੇ ਦਿਨ ਹੀ ਖੰਡੇ ਦੀ ਪਹੁਲ ਲੈ ਕੇ, ਗੁਰੂ ਦੀ ਖਾਲਸਾ ਸੈਨਾ ਦੇ ਮੋਹਰੀ ਸਿਪਾਹੀਆਂ ਵਿੱਚ ਸ਼ਾਮਿਲ ਹੋ ਗਏ ਅਤੇ ਉਸ ਦਿਨ ਤੋਂ ਉਨ੍ਹਾਂ ਦਾ ਨਾਮ ਭਾਈ ਕਿਰਪਾ ਸਿੰਘ ਹੋ ਗਿਆ।

ਕਈ ਮੁੱਠਭੇੜਾਂ ਅਤੇ ਲੜਾਈਆਂ ਤੋਂ ਬਾਅਦ 1705 ਈਸਵੀ ਵਿੱਚ ਪਹਾੜੀ ਰਾਜਿਆਂ, ਸੂਬਾ ਸਰਹੰਦ ਅਤੇ ਮੁਗ਼ਲ ਸੈਨਾ ਨੇ ਰਲ ਕੇ ਬਹੁਤ ਲੰਮਾ ਸਮਾਂ ਅਨੰਦਪੁਰ ਸਾਹਿਬ ਦੇ ਕਿਲ੍ਹੇ ਨੂੰ ਘੇਰਾ ਪਾਈ ਰੱਖਿਆ। ਅਖ਼ੀਰ ਦਸੰਬਰ 1705 ਨੂੰ ਗੁਰੂ ਸਾਹਿਬ ਨੂੰ ਆਪਣੇ ਪਰਿਵਾਰ ਅਤੇ ਪੰਜ ਸੌ ਦੇ ਕਰੀਬ ਸਿੰਘਾਂ ਸਮੇਤ ਕਿਲ੍ਹਾ ਛੱਡਣਾ ਪਿਆ। ਸਰਸਾ ਨਦੀ ਪਾਰ ਕਰਦਿਆਂ ਗੁਰੂ ਜੀ ਦੇ ਮਾਤਾ ਜੀ ਅਤੇ ਛੋਟੇ ਸਾਹਿਬਜ਼ਾਦੇ ਵਿਛੜ ਗਏ ਅਤੇ ਉਨ੍ਹਾਂ ਦੀ ਸਰਹੰਦ ਵਿਖੇ ਸ਼ਹੀਦੀ ਹੋਈ।

ਬਹੁਤ ਸਾਰੇ ਸਿੰਘ ਸ਼ਾਹੀ ਫ਼ੌਜਾਂ ਦਾ ਬਹਾਦਰੀ ਨਾਲ ਮੁਕਾਬਲਾ ਕਰਦੇ ਹੋਏ ਸ਼ਹੀਦ ਹੋਏ। ਗੁਰੂ ਕਾਲ ਦਾ ਇਹ ਸਭ ਤੋਂ ਦੁਖਦਾਈ ਸਮਾਂ ਚੱਲ ਰਿਹਾ ਸੀ। ਅਖ਼ੀਰ ਬਚੇ ਹੋਏ 40 ਦੇ ਕਰੀਬ ਸਿੰਘਾਂ ਅਤੇ ਵੱਡੇ ਸਾਹਿਬਜ਼ਾਦਿਆਂ ਸਮੇਤ, ਗੁਰੂ ਸਾਹਿਬ ਚਮਕੌਰ ਦੀ ਗੜ੍ਹੀ ਵਿੱਚ ਦਾਖ਼ਲ ਹੋਏ। ਗੜ੍ਹੀ ਦੇ ਬਾਹਰ ਲੱਖਾਂ ਦੀ ਗਿਣਤੀ ਵਿੱਚ ਹਕੂਮਤੀ ਫ਼ੌਜਾਂ ਦਾ ਘੇਰਾ ਪੈ ਗਿਆ ਦੱਸਿਆ ਜਾਂਦਾ ਹੈ। 40 ਸਿੰਘ ਅਤੇ ਦੋਵੇਂ ਸਾਹਿਬਜ਼ਾਦੇ ਏਨੀ ਭਾਰੀ ਫ਼ੌਜ ਨਾਲ ਸੰਸਾਰ ਦੀ ਸਭ ਤੋਂ ਅਸਾਵੀਂ ਲੜਾਈ ਲੜਦੇ ਹੋਏ 7-8 ਦਸੰਬਰ 1705 ਨੂੰ ਸ਼ਹੀਦ ਹੋਏ। ਇਨ੍ਹਾਂ ਲਾਸਾਨੀ ਸੂਰਬੀਰ ਯੋਧਿਆਂ ਵਿੱਚ ਸ਼ਹੀਦ ਭਾਈ ਕਿਰਪਾ ਸਿੰਘ ਦਾ ਨਾਂ ਵੀ ਸ਼ਾਮਲ ਹੈ।

# 15 ਸਾਲਾ ਬੈਲਜੀਅਮ ਦੇ ਵਿਦਿਆਰਥੀ ਨੇ ਰਚਿਆ ਇਤਿਹਾਸ: ਕੁਆਂਟਮ ਫਿਜ਼ਿਕਸ ਵਰਗੇ ਔਖੇ ਵਿਸ਼ੇ ਵਿੱਚ ਹਾਸਲ ਕੀਤੀ ਪੀਐਚਡੀ

ਬ੍ਰਸੇਲਜ਼/ਬੈਲਜੀਅਮ : ਦੁਨੀਆ ਵਿੱਚ ਅਜਿਹੇ ਬੱਚੇ ਬਹੁਤ ਘੱਟ ਹੁੰਦੇ ਹਨ ਜੋ ਆਪਣੀ ਬੌਧਿਕ ਸਮਰੱਥਾ ਨਾਲ ਵੱਡੇ-ਵੱਡੇ ਵਿਦਵਾਨਾਂ ਨੂੰ ਵੀ ਹੈਰਾਨ ਕਰ ਦਿੰਦੇ ਹਨ। ਅਜਿਹਾ ਹੀ ਇੱਕ ਕਾਰਨਾਮਾ ਬੈਲਜੀਅਮ ਦੇ 15 ਸਾਲਾ ਲੜਕੇ ਲੌਰੇਂਟ ਸਿਮੰਸ (Laurent Simons) ਨੇ ਕਰ ਦਿਖਾਇਆ ਹੈ। ਲੌਰੇਂਟ ਨੇ ਸਿਰਫ 15 ਸਾਲ ਦੀ ਉਮਰ ਵਿੱਚ ਕੁਆਂਟਮ ਫਿਜ਼ਿਕਸ (Quantum Physics) ਵਿੱਚ ਆਪਣੀ ਪੀਐਚਡੀ (PhD) ਪੂਰੀ ਕਰ ਲਈ ਹੈ, ਜਿਸ ਨਾਲ ਉਹ ਦੁਨੀਆ ਭਰ ਵਿੱਚ ਚਰਚਾ ਦਾ ਵਿਸ਼ਾ ਬਣ ਗਿਆ ਹੈ।



ਛੋਟੀ ਉਮਰ ਵਿੱਚ ਵੱਡੀਆਂ ਪ੍ਰਾਪਤੀਆਂ

ਲੌਰੇਂਟ ਸਿਮੰਸ ਸ਼ੁਰੂ ਤੋਂ ਹੀ ਇੱਕ ÷ਚਾਈਲਡ ਪ੍ਰੌਡੀਜੀ÷ (ਅਦਭੁਤ ਬੱਚਾ) ਰਿਹਾ ਹੈ। ਉਸਦੀ ਪੜ੍ਹਾਈ ਦੀ ਰਫ਼ਤਾਰ ਆਮ ਬੱਚਿਆਂ ਨਾਲੋਂ ਕਿਤੇ ਵੱਧ ਤੇਜ਼ ਰਹੀ ਹੈ:

- ਉਸਨੇ ਸਿਰਫ 8 ਸਾਲ ਦੀ ਉਮਰ ਵਿੱਚ ਆਪਣੀ ਹਾਈ ਸਕੂਲ (High School) ਦੀ ਪੜ੍ਹਾਈ ਪੂਰੀ ਕਰ ਲਈ ਸੀ।
- ਇਸ ਤੋਂ ਬਾਅਦ, 11 ਸਾਲ ਦੀ ਉਮਰ ਵਿੱਚ ਉਸਨੇ ਭੌਤਿਕ ਵਿਗਿਆਨ (Physics) ਵਿੱਚ ਬੈਚਲਰ ਦੀ ਡਿਗਰੀ ਹਾਸਲ ਕੀਤੀ।
- 12 ਸਾਲ ਦੀ ਉਮਰ ਵਿੱਚ ਉਸਨੇ ਬੈਲਜੀਅਮ ਦੀ ਐਂਟਵਰਪ ਯੂਨੀਵਰਸਿਟੀ (University of Antwerp) ਤੋਂ ਕੁਆਂਟਮ ਫਿਜ਼ਿਕਸ ਵਿੱਚ ਮਾਸਟਰ ਡਿਗਰੀ ਪੂਰੀ ਕੀਤੀ।

ਭਵਿੱਖ ਦਾ ਟੀਚਾ: ਇਨਸਾਨੀ ਜੀਵਨ ਨੂੰ ਲੰਬਾ ਕਰਨਾ ਲੌਰੇਂਟ ਦਾ ਮਕਸਦ ਸਿਰਫ ਡਿਗਰੀਆਂ ਇਕੱਠੀਆਂ ਕਰਨਾ ਨਹੀਂ ਹੈ, ਬਲਕਿ ਉਸਦਾ ਸੁਪਨਾ ਵਿਗਿਆਨ ਦੀ ਮਦਦ ਨਾਲ ਇਨਸਾਨੀਅਤ ਦੀ ਸੇਵਾ ਕਰਨਾ ਹੈ। ਉਹ ਆਪਣੇ ਆਪ ਨੂੰ 'ਸਾਇੰਸ ਦਾ ਵਿਦਿਆਰਥੀ' ਮੰਨਦਾ ਹੈ ਅਤੇ ਉਸਦਾ ਮੁੱਖ ਟੀਚਾ ਇਨਸਾਨਾਂ ਨੂੰ 'ਅਮਰ' ਬਣਾਉਣ ਵੱਲ ਕੰਮ ਕਰਨਾ ਹੈ।

ਲੌਰੇਂਟ ਦੀ ਯੋਜਨਾ ਅਜਿਹੇ ਮਕੈਨੀਕਲ ਅੰਗ (Artificial Organs) ਵਿਕਸਿਤ ਕਰਨ ਦੀ ਹੈ, ਜੋ ਖਰਾਬ ਹੋ ਚੁੱਕੇ ਇਨਸਾਨੀ ਅੰਗਾਂ ਦੀ ਥਾਂ ਲੈ ਸਕਣ। ਉਹ ਅਜਿਹੀ ਤਕਨੀਕ 'ਤੇ ਕੰਮ ਕਰਨਾ ਚਾਹੁੰਦਾ ਹੈ ਜਿਸ ਨਾਲ ਇਨਸਾਨੀ ਦਿਮਾਗ ਨੂੰ ਕੰਪਿਊਟਰ ਜਾਂ ਮਸ਼ੀਨੀ ਸਰੀਰ ਨਾਲ ਜੋੜਿਆ ਜਾ ਸਕੇ, ਤਾਂ ਜੋ ਇਨਸਾਨੀ ਜੀਵਨ ਨੂੰ ਲੰਬਾ ਕੀਤਾ ਜਾ ਸਕੇ।

ਮਾਪਿਆਂ ਦਾ ਸਮਰਥਨ ਲੌਰੇਂਟ ਦੇ ਮਾਤਾ-ਪਿਤਾ, ਲੀਡੀਆ ਅਤੇ ਅਲੈਗਜ਼ੈਂਡਰ ਸਿਮੰਸ, ਆਪਣੇ ਬੇਟੇ ਦੀਆਂ ਪ੍ਰਾਪਤੀਆਂ 'ਤੇ ਬਹੁਤ ਮਾਣ ਮਹਿਸੂਸ ਕਰਦੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਲੌਰੇਂਟ ਬਚਪਨ ਤੋਂ ਹੀ ਬਹੁਤ ਜਿਗਿਆਸੂ ਸੀ ਅਤੇ ਹਮੇਸ਼ਾ ਕੁਝ ਨਵਾਂ ਸਿੱਖਣ ਦੀ ਕੋਸ਼ਿਸ਼ ਕਰਦਾ ਰਹਿੰਦਾ ਸੀ।

ਇਸ ਪ੍ਰਾਪਤੀ ਨਾਲ ਲੌਰੇਂਟ ਸਿਮੰਸ ਦੁਨੀਆ ਭਰ ਦੇ ਨੌਜਵਾਨਾਂ ਲਈ ਪ੍ਰੇਰਨਾ ਸਰੋਤ ਬਣ ਗਿਆ ਹੈ, ਜੋ ਇਹ ਸਾਬਤ ਕਰਦਾ ਹੈ ਕਿ ਉਮਰ ਸਿਰਫ ਇੱਕ ਅੰਕੜਾ ਹੈ ਅਤੇ ਲਗਨ ਨਾਲ ਕੁਝ ਵੀ ਹਾਸਲ ਕੀਤਾ ਜਾ ਸਕਦਾ ਹੈ।




ਧਾਤੂ ਵਿੱਚ ਮੜ੍ਹਿਆ ਇਤਿਹਾਸ। ਇਹ ਦੁਰਲੱਭ ਨਕਸ਼ਾ ਸਿੱਖ ਰਾਜ ਦੇ ਇਲਾਕਿਆਂ ਅਤੇ ਪੁਰਾਣੇ ਨਾਵਾਂ ਨੂੰ ਹੂ-ਬ-ਹੂ ਪੇਸ਼ ਕਰਦਾ ਹੈ। ਕਸ਼ਮੀਰ ਦੀਆਂ ਚੋਟੀਆਂ ਤੋਂ ਮੁਲਤਾਨ ਦੇ ਮੈਦਾਨਾਂ ਤੱਕ—ਇਹ ਉਸ ਰਾਜ ਦੀ ਤਸਵੀਰ ਹੈ ਜਿਸਦੀ ਹਕੂਮਤ ਹਵਾਵਾਂ ਨਾਲ ਗੱਲਾਂ ਕਰਦੀ ਸੀ।
"ਇਹ ਲਕੀਰਾਂ ਕਾਗਜ਼ 'ਤੇ ਨਹੀਂ, ਖਾਲਸੇ ਦੇ ਦਿਲ 'ਤੇ ਉੱਕਰੀਆਂ ਸਨ।"

### ਬਰਤਾਨੀਆ ਦੀ ਅਦਾਲਤ 'ਚ ਨਿਵੇਕਲੀ ਮਿਸਾਲ

# ਸਿੱਖੀ ਸਰੂਪ ਅਤੇ ਤਲਵਾਰ ਨਾਲ ਮਿਲਿਆ 'ਅਟਰ ਬਾਰ' ਦਾ ਸਨਮਾਨ

**ਸ.ਸਿਮਰਨਜੀਤ ਸਿੰਘ ਦਿਗਪਾਲ ਨੂੰ 'ਅਟਰ ਬਾਰ' (Utter Bar) ਦੀ ਡਿਗਰੀ ਨਾਲ ਨਵਾਜਿਆ ਗਿਆ। ਇਹ ਮੌਕਾ ਸਿਰਫ਼ ਇੱਕ ਵਿਦਿਅਕ ਪ੍ਰਾਪਤੀ ਹੀ ਨਹੀਂ, ਸਗੋਂ ਸਿੱਖ ਕੌਮ ਲਈ ਇੱਕ ਵੱਡੇ ਮਾਣ ਦਾ ਪ੍ਰਤੀਕ ਬਣ ਗਿਆ, ਕਿਉਂਕਿ ਸਿਮਰਨਜੀਤ ਸਿੰਘ ਨੇ ਇਹ ਡਿਗਰੀ ਪੂਰਨ ਗੁਰਸਿੱਖੀ ਪਹਿਰਾਵੇ ਵਿੱਚ ਹਾਸਲ ਕੀਤੀ।**



ਲੰਡਨ (ਸਾਡੇ ਲੋਕ-ਸਪੈਸ਼ਲ ਰਿਪੋਰਟ) : ਬਰਤਾਨੀਆ ਦੇ ਕਾਨੂੰਨੀ ਖੇਤਰ ਵਿੱਚ ਇੱਕ ਇਤਿਹਾਸਕ ਅਤੇ ਭਾਵੁਕ ਪਲ ਉਸ ਵੇਲੇ ਵੇਖਣ ਨੂੰ ਮਿਲਿਆ, ਜਦੋਂ ਇੱਕ ਹੋਣਹਾਰ ਸਿੱਖ ਨੌਜਵਾਨ, ਸ. ਸਿਮਰਨਜੀਤ ਸਿੰਘ ਦਿਗਪਾਲ (Simranjit Singh Digpal) ਨੂੰ ਵੱਕਾਰੀ 'ਅਟਰ ਬਾਰ' (Utter Bar) ਦੀ ਡਿਗਰੀ ਨਾਲ ਨਵਾਜਿਆ ਗਿਆ। ਇਹ ਸਮਾਗਮ ਸਿਰਫ਼ ਇੱਕ ਅਕਾਦਮਿਕ ਪ੍ਰਾਪਤੀ ਤੱਕ ਸੀਮਤ ਨਹੀਂ ਰਿਹਾ, ਸਗੋਂ ਇਹ ਬਰਤਾਨਵੀ ਧਰਤੀ 'ਤੇ ਸਿੱਖ ਪਛਾਣ ਅਤੇ ਗੁਰਸਿੱਖੀ ਜੀਵਨ ਜਾਚ ਦੀ ਇੱਕ ਵੱਡੀ ਜਿੱਤ ਬਣ ਕੇ ਉੱਭਰਿਆ ਹੈ।

ਸਿੱਖੀ ਸਰੂਪ ਦਾ ਸਤਿਕਾਰ ਅਤੇ ਨਿਵੇਕਲੀ ਪਹਿਲ ਇਸ ਸਮਾਗਮ ਦੀ ਸਭ ਤੋਂ ਅਹਿਮ ਅਤੇ ਮਾਣਮੱਤੀ ਗੱਲ ਇਹ ਰਹੀ ਕਿ ਸਿਮਰਨਜੀਤ ਸਿੰਘ ਨੇ ਇਹ ਡਿਗਰੀ ਪੱਛਮੀ ਪਹਿਰਾਵੇ ਦੀ ਬਜਾਏ ਪੂਰਨ ਗੁਰਸਿੱਖੀ ਬਾਣੇ ਵਿੱਚ ਹਾਸਲ ਕੀਤੀ। ਉਨ੍ਹਾਂ ਨੇ ਸਿਰ 'ਤੇ ਦਸਤਾਰ ਸਜਾਈ ਹੋਈ ਸੀ ਅਤੇ ਗੁਰੂ ਸਾਹਿਬ ਦੀ ਬਖਸ਼ਿਸ਼ 'ਕਿਰਪਾਨ' (ਤਲਵਾਰ) ਧਾਰਨ ਕੀਤੀ ਹੋਈ ਸੀ। ਬਰਤਾਨੀਆ ਦੀ ਅਦਾਲਤ ਵਿੱਚ ਬੈਰਿਸਟਰ ਦੀ ਡਿਗਰੀ ਲੈਣ ਸਮੇਂ ਸ਼੍ਰੀ ਸਾਹਿਬ (ਕਿਰਪਾਨ) ਪਹਿਨ ਕੇ ਜਾਣਾ ਆਪਣੇ ਆਪ ਵਿੱਚ ਇੱਕ ਨਿਵੇਕਲੀ ਮਿਸਾਲ ਹੈ, ਜੋ ਉੱਥੋਂ ਦੇ ਕਾਨੂੰਨ ਵਿੱਚ ਸਿੱਖ ਕੱਕਾਰਾਂ ਪ੍ਰਤੀ ਵੱਧ ਰਹੇ ਸਤਿਕਾਰ ਨੂੰ ਦਰਸਾਉਂਦੀ ਹੈ।

'ਅਟਰ ਬਾਰ' (Utter Bar) ਦਾ ਮਹੱਤਵ 'ਅਟਰ ਬਾਰ' (ਜਿਸਨੂੰ ਆਊਟਰ ਬਾਰ ਵੀ ਕਿਹਾ ਜਾਂਦਾ ਹੈ) ਬਰਤਾਨੀਆ ਦੇ ਕਾਨੂੰਨੀ ਢਾਂਚੇ ਵਿੱਚ ਇੱਕ ਅਹਿਮ ਪੜਾਅ ਹੈ। ਇਸਦਾ ਮਤਲਬ ਹੈ ਕਿ ਵਿਅਕਤੀ ਹੁਣ ਅਧਿਕਾਰਤ ਤੌਰ 'ਤੇ ਅਦਾਲਤ ਵਿੱਚ ਬਤੌਰ ਬੈਰਿਸਟਰ ਪੇਸ਼ ਹੋ ਸਕਦਾ ਹੈ। ਸਿਮਰਨਜੀਤ ਸਿੰਘ ਦੀ ਇਹ ਪ੍ਰਾਪਤੀ ਸਾਬਤ ਕਰਦੀ ਹੈ ਕਿ ਵਿਦੇਸ਼ਾਂ ਵਿੱਚ ਵੱਸਦੇ ਸਿੱਖ ਆਪਣੀ ਧਾਰਮਿਕ ਮਰਿਆਦਾ ਵਿੱਚ ਰਹਿੰਦੇ ਹੋਏ ਵੀ ਉੱਚੇ ਤੋਂ ਉੱਚੇ ਮੁਕਾਮ ਹਾਸਲ ਕਰ ਸਕਦੇ ਹਨ।

ਕੌਮ ਲਈ ਮਾਣ ਦਾ ਪਲ ਸਿਮਰਨਜੀਤ ਸਿੰਘ ਦਿਗਪਾਲ ਦੀਆਂ ਤਸਵੀਰਾਂ, ਜਿਨ੍ਹਾਂ ਵਿੱਚ ਉਹ ਬੈਰਿਸਟਰ ਦੇ ਗਾਊਨ ਦੇ ਨਾਲ ਦਸਤਾਰ ਅਤੇ ਕਿਰਪਾਨ ਵਿੱਚ ਸਜੇ ਨਜ਼ਰ ਆ ਰਹੇ ਹਨ, ਸੋਸ਼ਲ ਮੀਡੀਆ 'ਤੇ ਚਰਚਾ ਦਾ ਵਿਸ਼ਾ ਬਣੀਆਂ ਹੋਈਆਂ ਹਨ। ਸਿੱਖ ਭਾਈਚਾਰੇ ਦਾ ਕਹਿਣਾ ਹੈ ਕਿ ਇਹ ਪ੍ਰਾਪਤੀ ਆਉਣ ਵਾਲੀਆਂ ਪੀੜ੍ਹੀਆਂ ਲਈ ਰਾਹ ਦਸੇਰਾ ਬਣੇਗੀ। ਇਹ ਦਰਸਾਉਂਦਾ ਹੈ ਕਿ ਸਫਲਤਾ ਹਾਸਲ ਕਰਨ ਲਈ ਆਪਣੀ ਪਛਾਣ ਛੱਡਣ ਦੀ ਲੋੜ ਨਹੀਂ, ਸਗੋਂ ਤੁਹਾਡੀ ਪਛਾਣ ਹੀ ਤੁਹਾਡੀ ਤਾਕਤ ਬਣ ਸਕਦੀ ਹੈ। ਇਸ ਮੌਕੇ ਸਿਮਰਨਜੀਤ ਸਿੰਘ ਨੂੰ ਵਧਾਈਆਂ ਦੇਣ ਵਾਲਿਆਂ ਦਾ ਤਾਂਤਾ ਲੱਗਾ ਹੋਇਆ ਹੈ ਅਤੇ ਦੇਸ਼-ਵਿਦੇਸ਼ ਵਿੱਚ ਵਸਦੇ ਪੰਜਾਬੀਆਂ ਲਈ ਇਹ ਖ਼ਬਰ ਮਾਣ ਦਾ ਸਬੱਬ ਬਣੀ ਹੈ।

# ਕਿਸੇ ਹੈਵਾਨ ਵਲੋਂ ਬੱਚੇ ਦੀ ਜਨਮ ਦਿਨ ਪਾਰਟੀ 'ਤੇ ਗੋਲੀਬਾਰੀ, 3 ਬੱਚਿਆਂ ਸਮੇਤ 4 ਦੀ ਮੌਤ, ਕਈ ਜ਼ਖਮੀ; ਕਾਤਲ ਅਜੇ ਤੱਕ ਪੁਲਿਸ ਦੀ ਗ੍ਰਿਫ਼ਤ ਤੋਂ ਬਾਹਰ

### ਸੈਨ ਜੋਕਿਨ ਕਾਉਂਟੀ ਵਿੱਚ 'ਕੈਂਡਲਲਾਈਟ ਵਿਜਿਲ': ਬੱਚਿਆਂ ਦੇ ਕਤਲੇਆਮ ਕਾਰਨ ਛਾਇਆ ਗਹਿਰਾ ਸੋਗ



(ਫੋਟੋਆਂ : ਧੰਨਵਾਦ ਸਹਿਤ ਸੋਸ਼ਲ ਮੀਡੀਆ)

ਸਟਾਕਟਨ (ਕੈਲੀਫੋਰਨੀਆ): ਸੈਨ ਜੋਕਿਨ ਕਾਉਂਟੀ ਦੇ ਡਿਸਟ੍ਰਿਕਟ ਅਟਾਰਨੀ ਰੌਨ ਫਰੀਟਾਸ (Ron Freitas), ਵਿਕਟਿਮ ਵਿਟਨੈੱਸ ਯੂਨਿਟ ਅਤੇ 'ਵਿਕਟਿਮਜ਼ ਆਫ਼ ਵਾਇਲੈਂਟ ਕ੍ਰਾਈਮ' ਸੰਸਥਾ ਵੱਲੋਂ ਬੀਤੀ ਰਾਤ ਇੱਕ ਸਾਲਾਨਾ 'ਕੈਂਡਲਲਾਈਟ ਵਿਜਿਲ' (ਮੋਮਬੱਤੀ ਮਾਰਚ) ਦਾ ਆਯੋਜਨ ਕੀਤਾ ਗਿਆ। ਹਰ ਸਾਲ ਹੋਣ ਵਾਲੇ ਇਸ ਸਮਾਗਮ ਵਿੱਚ ਇਸ ਵਾਰ ਮਾਹੌਲ ਬੇਹੱਦ ਗਮਗੀਨ ਸੀ, ਕਿਉਂਕਿ ਪਿਛਲੇ ਹਫ਼ਤੇ ਇੱਕ ਜਨਮ ਦਿਨ ਪਾਰਟੀ ਦੌਰਾਨ ਹੋਈ ਗੋਲੀਬਾਰੀ ਵਿੱਚ ਮਾਸੂਮ ਬੱਚਿਆਂ ਦੀ ਜਾਨ ਚਲੀ ਗਈ ਸੀ।

- ਸੋਗਮਈ ਮਾਹੌਲ: ਇਹ ਸਮਾਗਮ ਹਿੰਸਕ ਅਪਰਾਧਾਂ ਦੇ ਪੀੜਤਾਂ ਨੂੰ ਯਾਦ ਕਰਨ ਲਈ ਰੱਖਿਆ ਜਾਂਦਾ ਹੈ, ਪਰ ਇਸ ਵਾਰ ਪਿਛਲੇ ਹਫ਼ਤੇ ਹੋਏ ਕਤਲੇਆਮ ਨੇ ਸਭ ਨੂੰ ਝੰਜੋੜ ਕੇ ਰੱਖ ਦਿੱਤਾ।
- ਪਿਛੋਕੜ: ਪਿਛਲੇ ਹਫ਼ਤੇ ਸਟਾਕਟਨ ਵਿੱਚ ਇੱਕ ਜਨਮ ਦਿਨ ਦੀ ਪਾਰਟੀ ਦੌਰਾਨ ਹੋਈ ਅੰਨ੍ਹੇਵਾਹ ਫਾਇਰਿੰਗ ਵਿੱਚ ਨਿਹੱਥੇ ਅਤੇ ਮਾਸੂਮ ਬੱਚੇ ਮਾਰੇ ਗਏ ਸਨ। ਇਸ ਘਟਨਾ ਨੇ ਪੂਰੇ ਭਾਈਚਾਰੇ ਵਿੱਚ ਡਰ ਅਤੇ ਸੋਗ ਦੀ ਲਹਿਰ ਦੌੜਾ ਦਿੱਤੀ ਹੈ।

ਸਟਾਕਟਨ ਪੁਲਿਸ ਦਾ ਬਿਆਨ: ਸਟਾਕਟਨ ਪੁਲਿਸ ਨੇ ਇਸ ਮੌਕੇ 'ਤੇ ਕਿਹਾ 'ਇਹ ਸਮਾਗਮ ਕਮਿਊਨਿਟੀ ਦੇ ਮੈਂਬਰਾਂ ਲਈ ਇੱਕ ਅਜਿਹਾ ਮੰਚ ਬਣਿਆ ਜਿੱਥੇ ਉਹ ਇਕੱਠੇ ਹੋ ਕੇ ਹਿੰਸਕ ਅਪਰਾਧਾਂ ਦੇ ਪੀੜਤਾਂ ਨੂੰ ਯਾਦ ਕਰ ਸਕਣ। ਇਸ ਨੇ ਪੀੜਤ ਪਰਿਵਾਰਾਂ ਅਤੇ ਬਚੇ ਹੋਏ ਲੋਕਾਂ ਨਾਲ ਇੱਕਮੁੱਠਤਾ ਅਤੇ ਸਮਰਥਨ ਦੀ ਭਾਵਨਾ ਪੈਦਾ ਕੀਤੀ ਹੈ। ਇਹ ਸਾਡੇ ਸਾਰਿਆਂ ਲਈ ਇੱਕ ਸੁਰੱਖਿਅਤ ਭਾਈਚਾਰਾ ਬਣਾਉਣ ਅਤੇ ਜ਼ਖਮਾਂ ਨੂੰ ਭਰਨ ਦੀ ਸਾਡੀ ਸਾਂਝੀ ਵਚਨਬੱਧਤਾ ਨੂੰ ਦਰਸਾਉਂਦਾ ਹੈ।'

ਸਿੱਟਾ: ਇਸ ਮੌਕੇ 'ਤੇ ਇਕੱਠੇ ਹੋਏ ਲੋਕਾਂ ਨੇ ਮੋਮਬੱਤੀਆਂ ਜਗਾ ਕੇ ਵਿਛੜੀਆਂ ਰੂਹਾਂ ਨੂੰ ਸ਼ਰਧਾਂਜਲੀ ਦਿੱਤੀ ਅਤੇ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਅਜਿਹੇ ਹਿੰਸਕ ਅਪਰਾਧਾਂ ਨੂੰ ਰੋਕਣ ਲਈ ਸਖ਼ਤ ਕਦਮ ਚੁੱਕੇ ਜਾਣ ਤਾਂ ਜੋ ਭਵਿੱਖ ਵਿੱਚ ਕਿਸੇ ਹੋਰ ਪਰਿਵਾਰ ਨੂੰ ਅਜਿਹਾ ਦੁੱਖ ਨਾ ਦੇਖਣਾ ਪਵੇ।

(ਫੋਟੋਆਂ : ਧੰਨਵਾਦ ਸਹਿਤ ਸੋਸ਼ਲ ਮੀਡੀਆ)

# GM CAMI ਪਲਾਂਟ ਸੰਕਟ: 39 ਦਿਨ ਬੀਤਣ ਤੋਂ ਬਾਅਦ ਵੀ 1,200 ਵਰਕਰਾਂ ਦਾ ਭਵਿੱਖ ਅਧਰ 'ਚ




ਲੰਡਨ/ਇੰਗਰਸੋਲ (ਸਪੈਸ਼ਲ ਰਿਪੋਰਟ) : ਜਨਰਲ ਮੋਟਰਜ਼ (GM) ਵੱਲੋਂ ਇੰਗਰਸੋਲ ਸਥਿਤ 31$9 ਅਸੈਂਬਲੀ ਪਲਾਂਟ ਵਿੱਚ 'ਬ੍ਰਾਈਟਡ੍ਰੌਪ' (BrightDrop) ਇਲੈਕਟ੍ਰਿਕ ਵੈਨਾਂ ਦਾ ਉਤਪਾਦਨ ਬੰਦ ਕਰਨ ਦੇ ਐਲਾਨ ਨੂੰ ਇੱਕ ਮਹੀਨੇ ਤੋਂ ਵੱਧ ਦਾ ਸਮਾਂ ਹੋ ਗਿਆ ਹੈ, ਪਰ ਸੇਂਟ ਥਾਮਸ, ਐਲਗਿਨ ਅਤੇ ਲੰਡਨ ਖੇਤਰ ਦੇ 1,200 ਦੇ ਕਰੀਬ ਪ੍ਰਭਾਵਿਤ ਵਰਕਰਾਂ ਲਈ ਅਜੇ ਤੱਕ ਕੋਈ ਠੋਸ ਯੋਜਨਾ ਸਾਹਮਣੇ ਨਹੀਂ ਆਈ ਹੈ।

ਮੈਲਾਨੀ ਜੋਲੀ ਦਾ ਅਲਟੀਮੇਟਮ ਅਤੇ ਮੌਜੂਦਾ ਹਾਲਾਤ ਜਦੋਂ GM ਨੇ 21 ਅਕਤੂਬਰ, 2025 ਨੂੰ ਅਚਾਨਕ ਉਤਪਾਦਨ ਬੰਦ ਕਰਨ ਦਾ ਐਲਾਨ ਕੀਤਾ ਸੀ, ਤਾਂ ਫੈਡਰਲ ਉਦਯੋਗ ਮੰਤਰੀ ਮੈਲਾਨੀ ਜੋਲੀ (Melanie Joly) ਨੇ ਸਖ਼ਤ ਰੁਖ ਅਖਤਿਆਰ ਕੀਤਾ ਸੀ। ਉਨ੍ਹਾਂ ਨੇ GM ਤੋਂ 15 ਦਿਨਾਂ ਦੇ ਅੰਦਰ-ਅੰਦਰ 'ਪੂਰੀ ਅਪਡੇਟ' ਅਤੇ ਪਲਾਂਟ ਦੇ ਭਵਿੱਖ ਬਾਰੇ ਸਪੱਸ਼ਟ ਯੋਜਨਾ ਦੀ ਮੰਗ ਕੀਤੀ ਸੀ। ਅੱਜ ਇਸ ਘਟਨਾ ਨੂੰ 39 ਦਿਨ (ਲਗਭਗ 6 ਹਫ਼ਤੇ) ਬੀਤ ਚੁੱਕੇ ਹਨ, ਪਰ ਵਾਅਦੇ ਮੁਤਾਬਕ ਪਾਰਦਰਸ਼ਤਾ ਜਾਂ ਨਵੀਂ ਯੋਜਨਾ ਕਿਧਰੇ ਨਜ਼ਰ ਨਹੀਂ ਆ ਰਹੀ।

ਮੁੱਖ ਨੁਕਤੇ (Key Highlights):

ਡੈੱਡਲਾਈਨ ਖਤਮ: ਮੰਤਰੀ ਜੋਲੀ ਵੱਲੋਂ ਦਿੱਤੀ ਗਈ 15 ਦਿਨਾਂ ਦੀ ਸਮਾਂ ਸੀਮਾ ਨਵੰਬਰ ਦੇ ਪਹਿਲੇ ਹਫ਼ਤੇ ਹੀ ਖਤਮ ਹੋ ਗਈ ਸੀ। ਰਿਪੋਰਟਾਂ ਮੁਤਾਬਕ, GM ਨੇ ਅਜੇ ਤੱਕ ਕੋਈ ਪੱਕਾ ਜਵਾਬ ਨਹੀਂ ਦਿੱਤਾ ਹੈ ਕਿ ਉਹ ਪਲਾਂਟ ਵਿੱਚ ਕਿਹੜਾ ਨਵਾਂ ਵਾਹਨ (New Product) ਲੈ ਕੇ ਆਉਣਗੇ।

ਯੂਨੀਅਨ ਦਾ ਗੁੱਸਾ: ਯੂਨੀਫੋਰ ਲੋਕਲ 88 (Unifor Local 88) ਦੇ ਪ੍ਰਧਾਨ ਮਾਈਕ ਵੈਨ ਬੋਕਲ ਨੇ ਚੇਤਾਵਨੀ ਦਿੱਤੀ ਹੈ ਕਿ ਜੇਕਰ GM ਨੇ ਪਲਾਂਟ ਵਿੱਚੋਂ ਮਸ਼ੀਨਰੀ ਜਾਂ ਸਾਜ਼ੋ-ਸਾਮਾਨ ਬਾਹਰ ਕੱਢਣ ਦੀ ਕੋਸ਼ਿਸ਼ ਕੀਤੀ, ਤਾਂ ਵਰਕਰ ਫੈਕਟਰੀ ਨੂੰ ਆਪਣੇ ਕਬਜ਼ੇ (Takeover) ਵਿੱਚ ਲੈ ਲੈਣਗੇ। ਯੂਨੀਅਨ ਦਾ ਕਹਿਣਾ ਹੈ ਕਿ 'ਇੱਕ ਵੀ ਪੇਚ ਪਲਾਂਟ ਤੋਂ ਬਾਹਰ ਨਹੀਂ ਜਾਵੇਗਾ' ਜਦੋਂ ਤੱਕ ਨੌਕਰੀਆਂ ਦੀ ਗਰੰਟੀ ਨਹੀਂ ਮਿਲਦੀ।

ਆਰਥਿਕ ਸੱਟ: ਇਹ ਮਾਮਲਾ ਸਿਰਫ਼ ਇੰਗਰਸੋਲ ਤੱਕ ਸੀਮਤ ਨਹੀਂ ਹੈ। ਇਸ ਦਾ ਅਸਰ ਲੰਡਨ, ਸੇਂਟ ਥਾਮਸ ਅਤੇ ਐਲਗਿਨ ਕਾਉਂਟੀ ਦੇ ਸੈਂਕੜੇ ਪਰਿਵਾਰਾਂ 'ਤੇ ਪੈ ਰਿਹਾ ਹੈ ਜੋ ਸਿੱਧੇ ਜਾਂ ਅਸਿੱਧੇ ਤੌਰ 'ਤੇ ਇਸ ਪਲਾਂਟ ਨਾਲ ਜੁੜੇ ਹੋਏ ਸਨ।

ਸਰਕਾਰ ਦਾ ਪੱਖ: ਮੈਲਾਨੀ ਜੋਲੀ ਨੇ ਹਾਲ ਹੀ ਵਿੱਚ ਕਿਹਾ ਸੀ ਕਿ ਗੱਲਬਾਤ ਜਾਰੀ ਹੈ ਅਤੇ ਇੱਕ 'ਰਿਸਪਾਂਸ ਗਰੁੱਪ' (Response Group) ਬਣਾਇਆ ਗਿਆ ਹੈ ਜੋ GM 'ਤੇ ਦਬਾਅ ਪਾ ਰਿਹਾ ਹੈ। ਪਰ ਆਲੋਚਕਾਂ ਦਾ ਕਹਿਣਾ ਹੈ ਕਿ ਸਿਰਫ਼ ਗੱਲਬਾਤ ਨਾਲ ਵਰਕਰਾਂ ਦੇ ਘਰ ਨਹੀਂ ਚੱਲਣਗੇ, ਠੋਸ ਨਤੀਜੇ ਚਾਹੀਦੇ ਹਨ। ਅੱਗੇ ਕੀ ਹੋਵੇਗਾ? ਫਿਲਹਾਲ, GM ਦਾ ਕਹਿਣਾ ਹੈ ਕਿ ਉਹ ਪਲਾਂਟ ਲਈ 'ਭਵਿੱਖ ਦੇ ਮੌਕਿਆਂ' ਦਾ ਮੁਲਾਂਕਣ ਕਰ ਰਹੇ ਹਨ, ਪਰ ਇਸ ਅਨਿਸ਼ਚਿਤਤਾ ਕਾਰਨ ਵਰਕਰਾਂ ਵਿੱਚ ਭਾਰੀ ਰੋਸ ਅਤੇ ਚਿੰਤਾ ਪਾਈ ਜਾ ਰਹੀ ਹੈ। ਸਰਦੀਆਂ ਦਾ ਮੌਸਮ ਅਤੇ ਛੁੱਟੀਆਂ ਦਾ ਸੀਜ਼ਨ ਨੇੜੇ ਹੋਣ ਕਾਰਨ ਬੇਰੁਜ਼ਗਾਰ ਹੋਏ ਵਰਕਰਾਂ ਲਈ ਇਹ ਸਮਾਂ ਬਹੁਤ ਔਖਾ ਹੈ।

# ਗੁਰੂ ਦੇ ਤਖਤ ਨਾਲ ਟੱਕਰ ਲੈਣ ਵਾਲਿਆਂ ਨਾਲ ਜਿਹੜੇ ਵੀ ਸਮਝੌਤਾ ਕਰਨਗੇ ਗਰਕ ਜਾਣਗੇ

## ਇਹ ਹੁਣ ਹਕੂਮਤ ਨਹੀਂ ਕਰਨਗੇ ਇਹ ਤਾਂ ਬੌਰੇ ਹੋ ਕੇ ਕੰਧਾਂ 'ਚ ਟੱਕਰਾਂ ਮਾਰਿਆ ਕਰਨਗੇ : ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ






ਅੰਮ੍ਰਿਤਸਰ/ਪੰਜਾਬ : ਸ੍ਰੀ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਨੇ 2 ਦਸੰਬਰ ਉਪਰ ਅਕਾਲ ਤਖਤ ਤੋਂ ਕੀਤੇ ਇਲਾਹੀ ਜਲੌਅ ਵਾਲੇ ਹੁਕਮਨਾਮਿਆ ਦਾ ਜ਼ਿਕਰ ਕਰਦੇ ਸਮੇਂ ਸੰਗਤਾਂ ਨਾਲ ਵਿਚਾਰ ਸਾਂਝੇ ਕੀਤੇ। ਅੰਮ੍ਰਿਤਸਰ ਸਾਹਿਬ ਵਿੱਚ ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਦੇ ਮੁੱਖ ਦਫਤਰ ਦੇ ਉਦਘਾਟਨ ਤੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਗੁਰਬਾਣੀ ਕੀਰਤਨ ਦੀ ਰੌਸ਼ਨੀ ਵਿੱਚ—ਸੰਗਤ ਅੱਗੇ ਪੰਥਕ ਏਕਤਾ, ਸੇਵਾ-ਸੰਪਰਪਣ ਅਤੇ ਸਿੱਖ ਰਾਜਨੀਤਿਕ ਸੋਚ ਦੇ ਭਵਿੱਖ ਬਾਰੇ ਆਪਣੇ ਵਿਚਾਰ ਪ੍ਰਗਟ ਕੀਤੇ। ਇਹ ਥਾਂ ਕੇਵਲ ਦਫਤਰ ਨਹੀਂ, ਸਗੋਂ ਪੰਥ ਅਤੇ ਪੰਜਾਬ ਦੀ ਭਲਾਈ ਵਾਸਤੇ ਨਵੀਂ ਪ੍ਰੇਰਣਾਦਾਇਕ ਯਾਤਰਾ ਦੀ ਸ਼ੁਰੂਆਤ ਹੈ।

ਅੱਜ ਬੜਾ ਇਤਿਹਾਸਕ ਦਿਨ ਹੈ, 2 ਦਸੰਬਰ। ਔਰ ਇਸ ਇਤਿਹਾਸਕ ਦਿਨ ਦੇ ਉੱਤੇ, ਅੱਜ ਪੰਥ ਦੀ ਪਾਰਟੀ ਨੇ, ਜੋ ਵਾਅਦਾ ਕੀਤਾ ਸੀ ਪੰਜ ਮੈਂਬਰੀ ਭਰਤੀ ਕਮੇਟੀ ਦੇ ਰਾਹੀਂ ਸਿੱਖ ਸੰਗਤ ਦੇ ਨਾਲ, ਕਿ ਸਾਡਾ ਮੁੱਖ ਦਫ਼ਤਰ ਜਿਹੜਾ ਹੈ ਸ੍ਰੀ ਅੰਮ੍ਰਿਤਸਰ ਸਾਹਿਬ ਹੋਵੇਗਾ ਅਤੇ ਅੱਜ ਉਸ ਵਾਅਦੇ ਦੀ ਪੂਰਤੀ ਕੀਤੀ ਹੈ। ਤੁਸੀਂ ਸਾਰਿਆਂ ਨੇ ਰਲਮਿਲ ਕੇ ਅਤੇ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਇਸ ਪਾਵਨ ਪਵਿੱਤਰ ਧਰਤੀ ਦੇ ਉੱਤੇ, ਅੱਜ ਆਪਣੀ ਪਾਰਟੀ ਨੇ ਮੁੱਖ ਦਫ਼ਤਰ ਜਿਹੜਾ ਹੈ ਉਹ ਸਥਾਪਿਤ ਕੀਤਾ ਹੈ।

2 ਦਸੰਬਰ ਦਾ ਦਿਨ ਕਿਉਂ ਇਤਿਹਾਸਕ ਹੈ? ਪਹਿਲੋਂ ਵੀ ਬਹੁਤ ਹੁਕਮਨਾਮੇ ਹੋਏ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਤੇ 2 ਦਸੰਬਰ ਨੂੰ ਹੋਏ ਹੁਕਮਨਾਮਿਆਂ ਦੇ ਵਿੱਚ ਵਿਲੱਖਣਤਾ ਕੀ ਹੈ? ਸਭ ਤੋਂ ਵੱਡੀ ਵਿਲੱਖਣਤਾ ਹੈ ਕਿ ਇਤਿਹਾਸ ਦੇ ਵਿੱਚ ਕਦੇ ਵੀ, ਜਿੰਨਾ ਦਬਾਅ 2 ਦਸੰਬਰ ਤੋਂ ਪਹਿਲੋਂ ਜਥੇਦਾਰਾਂ ਦੇ ਉੱਤੇ ਪਾਇਆ, ਜਿਵੇਂ ਪਹਿਲੋਂ ਵੀ ਕਿਹਾ ਇਸ ਮੰਚ ਤੋਂ ਕਿ ਸਾਡੀ ਮਰਜ਼ੀ ਦੇ ਹੁਕਮਨਾਮੇ ਜਾਰੀ ਕਰੋ। ਮੈਨੂੰ ਨਹੀਂ ਲੱਗਦਾ ਕਿ ਇਤਿਹਾਸ ਦੇ ਵਿੱਚ ਕਦੇ ਕਿਸੇ ਸਿੰਘ ਸਾਹਿਬ ਦੇ ਉੱਤੇ ਇੰਨਾ ਦਬਾਅ ਪਿਆ ਹੋਵੇ।

ਮਹਾਰਾਜਾ ਰਣਜੀਤ ਸਿੰਘ, ਸ਼ੇਰੇ ਪੰਜਾਬ, ਉਹਦੇ ਇਰਦ-ਗਿਰਦ ਡੋਗਰਿਆਂ ਦਾ ਜਮਾਵੜਾ ਸੀ। ਪਰ ਉਹਦੇ ਜਿਉਂਦੇ ਜੀਅ ਪੂਰੀ ਤਰ੍ਹਾਂ ਡੋਗਰੇ ਜਿਹੜੇ ਹੈ ਉਹਦੇ 'ਤੇ ਹਾਵੀ ਨਹੀਂ ਸੀ। ਉਹਦਾ ਕੀ ਸਬੂਤ ਹੈ? ਭੀ ਡੋਗਰੇ ਪੂਰੀ ਤਰ੍ਹਾਂ ਮਹਾਰਾਜਾ ਰਣਜੀਤ ਸਿੰਘ 'ਤੇ ਹਾਵੀ ਨਹੀਂ ਸੀ ਹੋਏ। ਜੇ ਡੋਗਰੇ ਮਹਾਰਾਜਾ ਰਣਜੀਤ ਸਿੰਘ 'ਤੇ ਪੂਰੀ ਤਰ੍ਹਾਂ ਹਾਵੀ ਹੁੰਦੇ, ਤੇ ਜਦੋਂ ਸਿੱਖ ਪੰਥ ਦੇ ਮਹਾਨ ਜਥੇਦਾਰ ਸਿੰਘ ਸਾਹਿਬ ਬਾਬਾ ਅਕਾਲੀ ਫੂਲਾ ਸਿੰਘ ਜੀ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਤਲਬ ਕੀਤਾ ਸੀ ਤੇ ਤਨਖਾਹ ਲਾਈ ਸੀ, ਇਨ੍ਹਾਂ ਡੋਗਰਿਆਂ ਨੇ ਮਹਾਰਾਜਾ ਰਣਜੀਤ ਸਿੰਘ ਦੇ ਕੰਨ ਜ਼ਰੂਰ ਭਰਨੇ ਸੀ ਕਿ ਇਸ ਅਕਾਲੀ ਫੂਲਾ ਸਿੰਘ ਦੇ ਪਿੱਛੇ ਅੰਗਰੇਜ਼ਾਂ ਦਾ ਹੱਥ ਹੈ। ਪਰ ਐਸਾ ਨਹੀਂ ਹੋਇਆ।

ਇਹ ਅੱਜ ਦੇ ਡੋਗਰਿਆਂ ਨੇ ਕਿਹਾ ਹੈ ਕਿ ਜਿਹੜਾ 2 ਦਸੰਬਰ ਨੂੰ ਹੁਕਮਨਾਮਾ ਹੋਇਆ ਹੈ, ਇਹਦੇ ਪਿੱਛੇ ਬੀਜੇਪੀ ਦਾ ਹੱਥ ਹੈ। ਉਹਨਾਂ ਡੋਗਰਿਆਂ ਨੇ ਕਿਹਾ ਹੈ, ਜਿਹੜੇ ਬੀਜੇਪੀ ਦੇ ਨਾਲ ਮਿਲਣ ਵਾਸਤੇ ਤਰਲੋਮੱਛੀ ਹੋ ਰਹੇ ਸਨ। ਜਦੋਂ ਬੀਜੇਪੀ ਦਾ ਇੱਕ ਲੀਡਰ ਬਿਆਨ ਦਿੰਦਾ ਹੈ ਨਾ ਕਿ ਸ਼੍ਰੋਮਣੀ ਅਕਾਲੀ ਦਲ ਦਾ ਤੇ ਬੀਜੇਪੀ ਦਾ ਸਮਝੌਤਾ ਜ਼ਰੂਰੀ ਹੈ ਤੇ ਸਭ ਤੋਂ ਵੱਧ ਉਹਨੂੰ ਕੌਣ ਪ੍ਰਚਾਰਦਾ ਹੈ? ਭਗੌੜਿਆਂ ਦਾ ਆਈ.ਟੀ ਵਿੰਗ। ਭਗੌੜਿਆਂ ਦਾ ਆਈ.ਟੀ ਵਿੰਗ ਪ੍ਰਚਾਰਦਾ ਹੈ ਭੀ ਦੇਖੋ, ਸਾਡੇ ਬਿਨਾਂ ਬੀਜੇਪੀ ਦਾ ਸਰਦਾ ਨਹੀਂ ਹੈ। ਸਾਡਾ ਬੀਜੇਪੀ ਦੇ ਨਾਲ ਸਮਝੌਤਾ ਹੋਣਾ ਹੈ ਅਤੇ ਟੀਵੀ ਚੈਨਲਾਂ ਦੇ ਉੱਤੇ ਆ ਕੇ ਬਿਆਨ ਦਿੱਤੇ ਜਾਂਦੇ ਨੇ ਇਸ ਸਮਝੌਤੇ ਦੀ ਹਮਾਇਤ ਦੇ ਵਿੱਚ ਤੇ ਉਹ ਸਾਨੂੰ ਕਹਿੰਦੇ ਆ ਕਿ ਇਹ 2 ਦਸੰਬਰ ਦਾ ਹੁਕਮਨਾਮਾ ਜਿਹੜਾ ਹੈ ਇਹ ਬੀਜੇਪੀ ਦੇ ਇਸ਼ਾਰਿਆਂ 'ਤੇ ਹੋਇਆ ਹੈ।

ਧੰਨ ਗੁਰੂ ਗ੍ਰੰਥ ਸਾਹਿਬ ਸੱਚੇ ਪਾਤਸ਼ਾਹ ਦੀ ਹਜ਼ੂਰੀ 'ਚ ਖੜ੍ਹੇ ਹਾਂ, ਜਿਹੜੀਆਂ ਜ਼ੁਬਾਨਾਂ ਇਹ ਕਹਿੰਦੀਆਂ ਨੇ ਨਾ ਕਿ 2 ਦਸੰਬਰ ਦਾ ਹੁਕਮਨਾਮਾ ਬੀਜੇਪੀ ਦੇ ਇਸ਼ਾਰਿਆਂ 'ਤੇ ਹੋਇਆ ਹੈ, ਉਹ ਜ਼ੁਬਾਨਾਂ ਸੜ ਜਾਣ ਤੇ ਜਾਂ ਫਿਰ ਅਕਾਲ ਪੁਰਖ ਸਾਨੂੰ ਸਜ਼ਾ ਦੇਵੇ। ਇਹ ਪਹਿਲੀ ਵਾਰੀ ਹੋਇਆ ਹੈ ਕਿ ਪੰਜ ਸਿੰਘ ਸਾਹਿਬਾਨਾਂ ਦੇ ਹੁਕਮਨਾਮਿਆਂ ਤੇ ਜਿਹੜਾ ਹੈ ਉਹ ਬਹੁਤ ਵੱਡਾ ਕਿੰਤੂ-ਪ੍ਰੰਤੂ ਕੀਤਾ ਹੈ ਉਸ ਜਮਾਤ ਨੇ, ਜਿਹਦਾ ਜਨਮ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਫਸੀਲ ਤੋਂ ਹੋਇਆ ਹੈ। ਇਸ ਤੋਂ ਵੱਧ ਹੋਰ ਮਾੜੀ ਗੱਲ ਕੀ ਹੋ ਸਕਦੀ ਹੈ ਸਾਧ ਸੰਗਤ ਜੀ?

2 ਦਸੰਬਰ ਤੋਂ ਪਹਿਲੋਂ, ਤੁਸੀਂ ਮਾਣਯੋਗ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਜੀ ਦਾ ਇੱਕ ਬਿਆਨ ਸੁਣਿਆ ਹੋਣਾ, ਜਿਹਦੇ ਵਿੱਚ ਉਹਨਾਂ ਨੇ ਕਿਹਾ ਸੀ ਕਿ ਮੇਰੇ ਪਰਿਵਾਰ ਦੀ ਰੇਕੀ ਹੋ ਰਹੀ ਹੈ। ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਕਿਹਾ ਸੀ। ਇਹ 2 ਦਸੰਬਰ ਤੋਂ ਪਹਿਲੋਂ ਕਿਹਾ ਸੀ ਅਤੇ ਵਾਕਈ ਇਹ ਕੁਝ ਹੋ ਰਿਹਾ ਸੀ। ਪਰਿਵਾਰਾਂ ਦੀਆਂ ਰੇਕੀਆਂ ਕਰਵਾਈਆਂ ਜਾ ਰਹੀਆਂ ਸੀ ਅਤੇ ਪਰਿਵਾਰਾਂ ਦੀ ਕਿਰਦਾਰਕੁਸ਼ੀ ਕਰਵਾਈ ਜਾ ਰਹੀ ਸੀ। ਜਦੋਂ ਲਾਲਚ ਦੇ ਨਾਲ ਗੱਲ ਨਾ ਬਣੀ ਤੇ ਡਰਾਵੇ ਦਿੱਤੇ ਜਾ ਰਹੇ ਸੀ ਕਿ ਜੇ ਸਾਡੇ ਖਿਲਾਫ਼ ਕੋਈ ਕਾਰਵਾਈ ਹੋ ਗਈ ਤੇ ਅਸੀਂ ਇੰਨਾ ਵੀ ਗਿਰ ਸਕਦੇ ਹਾਂ, ਕਾਰਵਾਈ ਹੋ ਗਈ, ਅਸੀਂ ਨਹੀਂ ਕੀਤੀ। ਜਿਵੇਂ ਛੋਟੇਪੁਰ ਸਾਹਿਬ ਬੋਲ ਕੇ ਗਏ ਆ, ਹੋਰ ਵੀ ਬਹੁਤ ਸਾਰੇ ਬੁਲਾਰੇ ਬੋਲ ਕੇ ਗਏ ਆ, ਇਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਸੱਚੇ ਪਾਤਸ਼ਾਹ ਦੀ ਰਹਿਮਤ ਹੋਈ ਹੈ। ਇਹ ਜਿਹੜਾ 'ਹਾਂ, ਹਾਂ, ਹਾਂ' ਅਖਵਾਇਆ ਹੈ, ਕੋਈ ਅਸੀਂ ਨਹੀਂ ਅਖਵਾਇਆ। ਇਹ ਗੁਰੂ ਹਰਿਗੋਬਿੰਦ ਸਾਹਿਬ ਸੱਚੇ ਪਾਤਸ਼ਾਹ ਨੇ ਅਖਵਾਇਆ ਹੈ।

ਜਿਹੜਾ ਭਗੌੜਿਆਂ ਦਾ ਪ੍ਰਧਾਨ ਕਹਿੰਦਾ ਹੈ ਨਾ, ਉਹ ਜਦੋਂ ਉਹਨੇ ਰੋਟੀ ਖਵਾਈ ਕੁਝ ਪੱਤਰਕਾਰਾਂ ਨੂੰ ਹੋਟਲ ਦੇ ਵਿੱਚ ਤੇ ਉਹਨਾਂ ਪੱਤਰਕਾਰਾਂ ਨੂੰ ਕਹਿੰਦਾ ਮੈਂ ਸੁਣਿਆ, ਕਿ ਮੈਂ ਤਾਂ ਉਦੋਂ ਬੌਰਾ ਜਿਹਾ ਹੋ ਗਿਆ ਸੀ। ਮੈਨੂੰ ਸਮਝ ਹੀ ਨਹੀਂ ਲੱਗੀ। ਉਹ ਗੁਰੂ ਹਰਿਗੋਬਿੰਦ ਸਾਹਿਬ ਸੱਚੇ ਪਾਤਸ਼ਾਹ ਨੇ ਬੌਰਾ ਕੀਤਾ ਸੀ, ਬੰਦਿਆਂ ਨੇ ਨਹੀਂ ਕੀਤਾ ਸੀ। ਉਸ ਤਖ਼ਤ ਦਾ ਔਰਾ (Aura) ਜਿਹੜਾ ਹੈ ਉਹ ਐਸਾ ਹੈ, ਜਿੱਥੇ ਝੂਠੇ ਜਿਹੜੇ ਨੇ ਨਾ ਉਹ ਝੂਠ ਚਲਾ ਹੀ ਨਹੀਂ ਸਕਦੇ ਆਪਣਾ। ਇਸ ਕਰਕੇ ਉਹ ਬੌਰਾ ਹੋਇਆ ਸੀ।

2 ਦਸੰਬਰ ਤੋਂ ਪਹਿਲੋਂ ਵੀ ਸਾਡੀ ਕਿਰਦਾਰਕੁਸ਼ੀ ਕਰਵਾਈ, ਪਰਿਵਾਰਾਂ ਤੱਕ ਪਹੁੰਚੇ, ਪਰਿਵਾਰਾਂ ਦੀਆਂ ਰੇਕੀਆਂ ਤੱਕ ਕੀਤੀਆਂ ਤੇ ਜਦੋਂ 2 ਦਸੰਬਰ ਦਾ ਹੁਕਮਨਾਮਾ ਹੋ ਗਿਆ ਤੇ ਉਸ ਤੋਂ ਬਾਅਦ ਇਹਨਾਂ ਨੇ ਨੀਚਤਾ ਦੀਆਂ ਹੱਦਾਂ ਪਾਰ ਕੀਤੀਆਂ, ਨੀਚਤਾ ਦੀਆਂ ਹੱਦਾਂ ਪਾਰ। ਜਦੋਂ ਤੁਸੀਂ ਮੈਨੂੰ ਸੇਵਾ ਦਿੱਤੀ ਨਾ ਇਹ, ਜਿਹੜੀ ਸੇਵਾ ਮੈਂ ਨਿਭਾ ਰਿਹਾ, ਤੇ ਸਾਡੇ ਨਾਲ ਇੱਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵਿੱਚ ਰਿਸ਼ਤੇਦਾਰ ਸੀ, ਐਡੀਸ਼ਨਲ ਮੈਨੇਜਰ। ਉਹਨੂੰ ਕਲਰਕ ਬਣਾ ਕੇ ਉਹਦੀ ਬਦਲੀ ਹਾਪੜ ਕਰ 'ਤੀ। ਇਹ ਗਿਆਨੀ ਹਰਪ੍ਰੀਤ ਸਿੰਘ ਦੇ ਨੇੜੇ ਹੈ। ਉਹਨਾਂ ਦਾ ਰਿਸ਼ਤੇਦਾਰ ਹੈ।

ਆਹ ਵਡਾਲਾ ਸਾਹਿਬ ਬੋਲ ਕੇ ਗਏ ਨੇ ਧਾਮੀ ਸਾਹਿਬ ਬਾਰੇ, ਕਿ ਉਹ ਮੁਲਾਜ਼ਮਤ ਕਰ ਰਿਹਾ ਭਗੌੜੇ ਪ੍ਰਧਾਨ ਦੀ। ਮੈਂ ਉਹਦੇ ਕਿਸੇ ਜਾਣ-ਸ਼ੀਨ ਰਾਹੀਂ, ਮੈਂ ਉਹਨਾਂ ਨੂੰ ਸੁਨੇਹਾ ਭਿਜਵਾਇਆ ਭੀ ਇੰਨਾ ਤਾਂ ਦੱਸ ਦਿਓ ਭੀ ਉਸ ਲੜਕੇ ਦਾ ਕਸੂਰ ਕੀ ਹੈ? ਕਹਿੰਦਾ ਮੇਰੀ ਮਜਬੂਰੀ ਹੈ। ਸਿੱਧਾ ਭਗੌੜਾ ਪ੍ਰਧਾਨ ਫੋਨ ਕਰਦਾ ਹੈ। ਤੇ ਹੁਣ ਕੀ ਹੋਇਆ? ਗਿਆਨੀ ਸੁਲਤਾਨ ਸਿੰਘ ਦੀ ਤਬਦੀਲੀ ਸ੍ਰੀ ਮੁਕਤਸਰ ਸਾਹਿਬ ਕਰ 'ਤੀ, ਗਿਆਨੀ ਰਘਬੀਰ ਸਿੰਘ ਨੂੰ ਜਬਰੀ ਛੁੱਟੀ ਭੇਜ ਤਾ। ਜਬਰੀ ਛੁੱਟੀ ਸਜ਼ਾ ਹੁੰਦੀ ਹੈ। ਉਹਨਾਂ ਨੇ ਆਪ ਨਹੀਂ ਛੁੱਟੀ ਲਈ। ਉਹਨਾਂ ਨੂੰ ਛੁੱਟੀ ਭੇਜਿਆ ਹੈ। ਸਜ਼ਾ ਦਿੱਤੀ ਹੈ। ਤੇ ਗੁਨਾਹ ਕੀ ਹੈ? 2 ਦਸੰਬਰ। ਹੋਰ ਕੋਈ ਗੁਨਾਹ ਨਹੀਂ ਹੈ, 2 ਦਸੰਬਰ ਗੁਨਾਹ ਹੈ।

(ਬਾਕੀ ਅਗਲੇ ਅੰਕ 'ਚ)

# ਕਾ.ਗਜ਼ ਦਾਖਲ ਕਰਨ ਮੌਕੇ ਕਈ ਥਾਈਂ ਹੰਗਾਮਾ

## ਅਕਾਲੀ ਦਲ ਤੇ ਕਾਂਗਰਸ ਨੇ 'ਆਪ' 'ਤੇ ਧੱਕੇਸ਼ਾਹੀ ਦੇ ਦੋਸ਼ ਲਾਏ

ਚੰਡੀਗੜ੍ਹ : ਜ਼ਿਲ੍ਹਾ ਪਰਿਸ਼ਦ ਅਤੇ ਪੰਚਾਇਤ ਸਮਿਤੀ ਚੋਣਾਂ ਲਈ ਨਾਮਜ਼ਦਗੀ ਪੱਤਰ ਦਾਖਲ ਕਰਨ ਦੀ ਪ੍ਰਕਿਰਿਆ ਦੌਰਾਨ ਅੱਜ ਤੀਜੇ ਦਿਨ ਸੂਬੇ ਭਰ ਵਿੱਚ ਕਈ ਥਾਵਾਂ 'ਤੇ ਸਿਆਸੀ ਮਾਹੌਲ ਭਖਿਆ ਰਿਹਾ। ਨਾਮਜ਼ਦਗੀ ਪੱਤਰ ਦਾਖਲ ਕਰਨ ਮੌਕੇ ਭਿਖੀਵਿੰਡ, ਘਨੌਰ, ਪੱਟੀ ਅਤੇ ਜ਼ੀਰਾ ਵਿੱਚ ਮਾਹੌਲ 'ਚ ਕਾਫ਼ੀ ਤਲਖ਼ੀ ਦੇਖਣ ਨੂੰ ਮਿਲੀ। ਇਸ ਦੌਰਾਨ ਕਾ.ਗਜ਼ ਦਾਖਲ ਕਰਨ ਤੋਂ ਰੋਕਣ 'ਤੇ ਸ਼੍ਰੋਮਣੀ ਅਕਾਲੀ ਦਲ ਅਤੇ ਕਾਂਗਰਸ ਨੇ ਧਰਨੇ ਦਿੱਤੇ।

ਪੰਜਾਬ 'ਚ 22 ਜ਼ਿਲ੍ਹਾ ਪਰਿਸ਼ਦਾਂ ਅਤੇ 153 ਪੰਚਾਇਤ ਸਮਿਤੀਆਂ ਲਈ ਵੋਟਾਂ 14 ਦਸੰਬਰ ਨੂੰ ਪੈਣੀਆਂ ਹਨ। ਭਲਕੇ 4 ਦਸੰਬਰ ਨਾਮਜ਼ਦਗੀ ਪੱਤਰ ਦਾਖਲ ਕਰਨ ਦਾ ਆਖ਼ਰੀ ਦਿਨ ਹੈ ਅਤੇ ਸ਼ਾਮ 3 ਵਜੇ ਤੱਕ ਕਾ.ਗਜ਼ ਦਾਖਲ ਕੀਤੇ ਜਾ ਸਕਦੇ ਹਨ। ਰਾਜ ਚੋਣ ਕਮਿਸ਼ਨਰ ਰਾਜ ਕਮਲ ਚੌਧਰੀ ਨੇ ਅੱਜ ਡਿਪਟੀ ਕਮਿਸ਼ਨਰਾਂ ਅਤੇ ਜ਼ਿਲ੍ਹਾ ਪੁਲੀਸ ਕਪਤਾਨਾਂ ਨੂੰ ਭਲਕੇ ਨਾਮਜ਼ਦਗੀ ਪੱਤਰ ਦਾਖਲ ਕਰਨ ਦੇ ਆਖ਼ਰੀ ਦਿਨ ਵਿਸ਼ੇਸ਼ ਧਿਆਨ ਦੇਣ ਦੀ ਹਦਾਇਤ ਕੀਤੀ ਹੈ।

ਪੰਚਾਇਤੀ ਸੰਸਥਾਵਾਂ ਦੀਆਂ ਚੋਣਾਂ ਦੀ ਨਿਗਰਾਨੀ ਲਈ ਭਲਕੇ ਹਰ ਜ਼ਿਲ੍ਹੇ 'ਚ ਅਬਜ਼ਰਵਰ ਪਹੁੰਚ ਰਹੇ ਹਨ। ਆਮ ਆਦਮੀ ਪਾਰਟੀ ਨੇ ਅੱਜ ਜ਼ਿਲ੍ਹਾ ਪਰਿਸ਼ਦ ਅਤੇ ਪੰਚਾਇਤ ਸਮਿਤੀ ਲਈ ਤਿੰਨ ਸੂਚੀਆਂ ਜਾਰੀ ਕਰਕੇ 2720 ਉਮੀਦਵਾਰ ਐਲਾਨ ਦਿੱਤੇ ਹਨ। ਇਸੇ ਤਰ੍ਹਾਂ ਭਾਜਪਾ ਨੇ ਵੀ ਅੱਜ ਆਪਣੇ ਉਮੀਦਵਾਰਾਂ ਦੀ ਸੂਚੀ ਜਾਰੀ ਕਰ ਦਿੱਤੀ ਹੈ।

ਜਾਣਕਾਰੀ ਅਨੁਸਾਰ ਅੱਜ ਤਰਨ ਤਾਰਨ ਜ਼ਿਲ੍ਹੇ ਦੇ ਭਿਖੀਵਿੰਡ 'ਚ ਸ਼੍ਰੋਮਣੀ ਅਕਾਲੀ ਦਲ ਅਤੇ ਕਾਂਗਰਸ ਦੇ ਵਰਕਰਾਂ ਨੇ ਵਾਰੋ-ਵਾਰੀ ਭਿਖੀਵਿੰਡ ਚੌਕ 'ਚ ਧਰਨਾ ਲਾਇਆ। ਅਕਾਲੀ ਆਗੂਆਂ ਨੇ ਉਨ੍ਹਾਂ ਦੇ ਉਮੀਦਵਾਰਾਂ ਨੂੰ ਕਾ.ਗਜ਼ ਦਾਖਲ ਕਰਨ ਤੋਂ ਰੋਕਣ ਅਤੇ ਕਾ.ਗਜ਼ ਪਾੜਨ ਦੋਸ਼ ਲਾਏ। ਮੌਕੇ 'ਤੇ ਪਹੁੰਚੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਅਕਾਲੀ ਦਲ ਇਸ ਧੱਕੇਸ਼ਾਹੀ ਖ਼ਿਲਾਫ਼ ਮੋਹਰੀ ਹੋ ਕੇ ਲੜੇਗਾ। ਪੁਲੀਸ ਪ੍ਰਸ਼ਾਸਨ ਦੇ ਭਰੋਸੇ ਮਗਰੋਂ ਅਕਾਲੀ ਦਲ ਨੇ ਧਰਨਾ ਚੁੱਕਿਆ। ਇਸੇ ਤਰ੍ਹਾਂ ਕਾਂਗਰਸ ਨੇ ਵੀ ਕਾਗਜ਼ ਦਾਖਲ ਕਰਨ ਤੋਂ ਰੋਕਣ ਦਾ ਦੋਸ਼ ਲਾਉਂਦਿਆਂ ਭਿਖੀਵਿੰਡ ਚੌਕ 'ਚ ਧਰਨਾ ਦਿੱਤਾ।

ਕਾਂਗਰਸੀ ਆਗੂ ਕੁਲਬੀਰ ਸਿੰਘ ਜ਼ੀਰਾ ਨੇ ਜ਼ੀਰਾ ਦੇ ਬਲਾਕ ਵਿਕਾਸ ਤੇ ਪੰਚਾਇਤ ਦਫ਼ਤਰ ਅੱਗੇ ਧਰਨਾ ਲਾਇਆ ਅਤੇ ਦੋਸ਼ ਲਾਇਆ ਕਿ ਸੱਤਾਧਾਰੀ ਪਾਰਟੀ ਧੱਕੇਸ਼ਾਹੀ 'ਤੇ ਉਤਰ ਆਈ ਹੈ। ਘਨੌਰ ਵਿੱਚ ਵੀ ਸਥਿਤੀ ਤਣਾਅਪੂਰਨ ਰਹੀ, ਜਿੱਥੇ ਸਾਬਕਾ ਕਾਂਗਰਸੀ ਵਿਧਾਇਕ ਮਦਨ ਲਾਲ ਜਲਾਲਪੁਰ ਨੇ ਸੰਕੇਤਕ ਧਰਨਾ ਦਿੱਤਾ। ਯੂਥ ਅਕਾਲੀ ਦਲ ਦੇ ਪ੍ਰਧਾਨ ਸਰਬਜੀਤ ਸਿੰਘ ਝਿੰਜਰ ਨੇ ਵੀ ਅਕਾਲੀ ਉਮੀਦਵਾਰਾਂ ਨੂੰ ਕਾ.ਗਜ਼ ਭਰਨ ਤੋਂ ਰੋਕਣ ਦੇ ਦੋਸ਼ ਲਗਾਏ।



ਸਮਾਣਾ ਵਿੱਚ ਜ਼ਿਲ੍ਹਾ ਪਰਿਸ਼ਦ ਲਈ ਅਕਾਲੀ ਉਮੀਦਵਾਰ ਗੁਰਭੇਜ ਸਿੰਘ ਨੂੰ ਪੁਲੀਸ ਨੇ ਹਿਰਾਸਤ ਵਿੱਚ ਲਿਆ। ਇਸ ਦੌਰਾਨ ਛੱਤ ਤੋਂ ਡਿੱਗਣ ਕਾਰਨ ਗੁਰਭੇਜ ਸਿੰਘ ਜ਼ਖ਼ਮੀ ਹੋ ਗਏ। ਪਰਿਵਾਰ ਨੇ ਦੋਸ਼ ਲਾਇਆ ਕਿ ਪੁਲੀਸ ਨੇ ਗੁਰਭੇਜ ਨੂੰ ਧੱਕਾ ਦੇ ਕੇ ਛੱਤ ਤੋਂ ਸੁੱਟਿਆ ਹੈ, ਹਾਲਾਂਕਿ ਪੁਲੀਸ ਨੇ ਦੋਸ਼ ਨਕਾਰ ਦਿੱਤੇ ਹਨ।

# ਪੰਜਾਬ ਰੋਡਵੇਜ਼ ਅਤੇ ਪੀਆਰਟੀਸੀ ਦੇ ਕੱਚੇ ਮੁਲਾਜ਼ਮਾਂ ਵੱਲੋਂ ਹੜਤਾਲ; ਅੰਮ੍ਰਿਤਸਰ ਡਿਪੂ ਪ੍ਰਧਾਨ ਕੇਵਲ ਸਿੰਘ ਦੀ ਅਗਵਾਈ 'ਚ ਰੋਸ ਪ੍ਰਦਰਸ਼ਨ



ਅੰਮ੍ਰਿਤਸਰ : ਪੰਜਾਬ ਰੋਡਵੇਜ਼ ਅਤੇ ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ (PRTC) ਦੇ ਠੇਕਾ ਅਧਾਰਿਤ ਮੁਲਾਜ਼ਮਾਂ ਵੱਲੋਂ ਆਪਣੀਆਂ ਮੰਗਾਂ ਨੂੰ ਲੈ ਕੇ ਸ਼ੁਰੂ ਕੀਤੀ ਗਈ ਹੜਤਾਲ ਨੇ ਅੰਮ੍ਰਿਤਸਰ ਸਮੇਤ ਪੂਰੇ ਪੰਜਾਬ ਵਿੱਚ ਬੱਸ ਸੇਵਾਵਾਂ ਨੂੰ ਪ੍ਰਭਾਵਿਤ ਕੀਤਾ ਹੈ। ਸ਼ੁੱਕਰਵਾਰ ਨੂੰ ਅੰਮ੍ਰਿਤਸਰ ਵਿਖੇ ਪੀਆਰਟੀਸੀ ਕੰਟਰੈਕਟ ਵਰਕਰ ਯੂਨੀਅਨ (ਅੰਮ੍ਰਿਤਸਰ ਡਿਪੂ) ਦੇ ਪ੍ਰਧਾਨ ਕੇਵਲ ਸਿੰਘ ਦੀ ਅਗਵਾਈ ਹੇਠ ਮੁਲਾਜ਼ਮਾਂ ਨੇ ਜ਼ਬਰਦਸਤ ਰੋਸ ਪ੍ਰਦਰਸ਼ਨ ਕੀਤਾ।

ਪ੍ਰਧਾਨ ਕੇਵਲ ਸਿੰਘ ਨੇ ਇਸ ਮੌਕੇ ਬੋਲਦਿਆਂ ਕਿਹਾ ਕਿ ਸਰਕਾਰ ਕੱਚੇ ਮੁਲਾਜ਼ਮਾਂ ਦੀਆਂ ਲੰਮੇ ਸਮੇਂ ਤੋਂ ਲਟਕਦੀਆਂ ਮੰਗਾਂ ਨੂੰ ਅਣਗੌਲਿਆ ਕਰ ਰਹੀ ਹੈ। ਯੂਨੀਅਨ ਦਾ ਮੁੱਖ ਵਿਰੋਧ ਸਰਕਾਰ ਦੀ 'ਕਿ.ਮੀ. ਸਕੀਮ' (Kilometer Scheme) ਖਿਲਾਫ਼ ਹੈ, ਜਿਸ ਤਹਿਤ ਪ੍ਰਾਈਵੇਟ ਬੱਸਾਂ ਨੂੰ ਪਰਮਿਟ ਦਿੱਤੇ ਜਾ ਰਹੇ ਹਨ। ਮੁਲਾਜ਼ਮਾਂ ਦਾ ਕਹਿਣਾ ਹੈ ਕਿ ਇਹ ਵਿਭਾਗ ਦੇ ਨਿੱਜੀਕਰਨ ਵੱਲ ਇੱਕ ਕਦਮ ਹੈ। ਇਸ ਤੋਂ ਇਲਾਵਾ, ਮੁਲਾਜ਼ਮਾਂ ਨੇ ਆਪਣੀਆਂ ਨੌਕਰੀਆਂ ਪੱਕੀਆਂ ਕਰਨ ਅਤੇ ਬਰਾਬਰ ਕੰਮ ਲਈ ਬਰਾਬਰ ਤਨਖਾਹ ਦੀ ਮੰਗ ਦੁਹਰਾਇਆ।

ਹੜਤਾਲ ਕਾਰਨ ਆਮ ਲੋਕਾਂ ਅਤੇ ਰੋਜ਼ਾਨਾ ਸਫ਼ਰ ਕਰਨ ਵਾਲੇ ਯਾਤਰੀਆਂ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਪ੍ਰਦਰਸ਼ਨਕਾਰੀਆਂ ਨੇ ਚਿਤਾਵਨੀ ਦਿੱਤੀ ਹੈ ਕਿ ਜੇਕਰ ਸਰਕਾਰ ਨੇ ਉਨ੍ਹਾਂ ਦੀਆਂ ਮੰਗਾਂ ਨਾ ਮੰਨੀਆਂ ਅਤੇ ਯੂਨੀਅਨ ਆਗੂਆਂ ਨਾਲ ਗੱਲਬਾਤ ਕਰਕੇ ਮਸਲਾ ਹੱਲ ਨਾ ਕੀਤਾ ਤਾਂ ਸੰਘਰਸ਼ ਹੋਰ ਤਿੱਖਾ ਕੀਤਾ ਜਾਵੇਗਾ।

## ਭਾਰਤੀ ਮਹਿਲਾ ਕ੍ਰਿਕਟ ਟੀਮ ਦੀ ਕਪਤਾਨ ਹਰਮਨਪ੍ਰੀਤ ਕੌਰ ਬਣੀ ਪੰਜਾਬ ਨੈਸ਼ਨਲ ਬੈਂਕ (PNB) ਦੀ ਬ੍ਰਾਂਡ ਅੰਬੈਸਡਰ



ਨਵੀਂ ਦਿੱਲੀ: ਪੰਜਾਬ ਨੈਸ਼ਨਲ ਬੈਂਕ (PNB) ਨੇ ਭਾਰਤੀ ਮਹਿਲਾ ਕ੍ਰਿਕਟ ਟੀਮ ਦੀ ਕਪਤਾਨ ਅਤੇ ਵਿਸ਼ਵ ਕੱਪ ਚੈਂਪੀਅਨ ਹਰਮਨਪ੍ਰੀਤ ਕੌਰ ਨੂੰ ਆਪਣਾ ਬ੍ਰਾਂਡ ਅੰਬੈਸਡਰ ਨਿਯੁਕਤ ਕੀਤਾ ਹੈ। ਇਸ ਸਬੰਧੀ ਨਵੀਂ ਦਿੱਲੀ ਵਿਖੇ ਇੱਕ ਸਮਾਗਮ ਦੌਰਾਨ ਸਮਝੌਤਾ ਕੀਤਾ ਗਿਆ। ਬੈਂਕ ਦੇ ਇਤਿਹਾਸ ਵਿੱਚ ਇਹ ਪਹਿਲੀ ਵਾਰ ਹੈ ਜਦੋਂ ਕਿਸੇ ਮਹਿਲਾ ਨੂੰ ਬ੍ਰਾਂਡ ਅੰਬੈਸਡਰ ਬਣਾਇਆ ਗਿਆ ਹੈ।

## ਵਧਦੇ ਪ੍ਰਦੂਸ਼ਣ ਨੂੰ ਲੈ ਕੇ 'ਇੰਡੀਆ' ਗਠਜੋੜ ਦਾ ਸੰਸਦ ਭਵਨ 'ਚ ਪ੍ਰਦਰਸ਼ਨ; ਸੋਨੀਆ ਤੇ ਪ੍ਰਿਯੰਕਾ ਗਾਂਧੀ ਹੋਏ ਸ਼ਾਮਲ



ਨਵੀਂ ਦਿੱਲੀ : ਰਾਸ਼ਟਰੀ ਰਾਜਧਾਨੀ ਵਿੱਚ ਵਧਦੇ ਹਵਾ ਪ੍ਰਦੂਸ਼ਣ ਦੇ ਮੁੱਦੇ 'ਤੇ ਅੱਜ ਸੰਸਦ ਭਵਨ ਕੰਪਲੈਕਸ ਵਿੱਚ ਵਿਰੋਧੀ ਧਿਰ ਦੇ ਸੰਸਦ ਮੈਂਬਰਾਂ ਨੇ ਜ਼ਬਰਦਸਤ ਰੋਸ ਪ੍ਰਦਰਸ਼ਨ ਕੀਤਾ। ਚੱਲ ਰਹੇ ਸਰਦ ਰੁੱਤ ਇਜਲਾਸ ਦੌਰਾਨ 'ਇੰਡੀਆ' (9©491) ਗਠਜੋੜ ਦੇ ਆਗੂਆਂ ਨੇ ਸਰਕਾਰ ਨੂੰ ਇਸ ਗੰਭੀਰ ਮਸਲੇ 'ਤੇ ਘੇਰਿਆ।

ਇਸ ਪ੍ਰਦਰਸ਼ਨ ਵਿੱਚ ਕਾਂਗਰਸ ਸੰਸਦੀ ਦਲ ਦੀ ਚੇਅਰਪਰਸਨ ਸੋਨੀਆ ਗਾਂਧੀ, ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ, ਸੰਸਦ ਮੈਂਬਰ ਪ੍ਰਿਯੰਕਾ ਗਾਂਧੀ ਵਾਡਰਾ, ਐਨਸੀਪੀ (ਸ਼ਰਦਚੰਦਰ ਪਵਾਰ) ਦੀ ਸੰਸਦ ਮੈਂਬਰ ਸੁਪ੍ਰੀਆ ਸੁਲੇ ਅਤੇ ਡੀਐਮਕੇ ਸੰਸਦ ਮੈਂਬਰ ਟੀ.ਆਰ. ਬਾਲੂ ਸਮੇਤ ਕਈ ਹੋਰ ਵਿਰੋਧੀ ਆਗੂ ਸ਼ਾਮਲ ਹੋਏ। ਆਗੂਆਂ ਨੇ ਮੰਗ ਕੀਤੀ ਕਿ ਸਰਕਾਰ ਪ੍ਰਦੂਸ਼ਣ ਦੀ ਰੋਕਥਾਮ ਲਈ ਸਖ਼ਤ ਕਦਮ ਚੁੱਕੇ।

## ਬਿਹਾਰ ਵਿਧਾਨ ਸਭਾ ਦੇ ਬਾਹਰ ਕਾਂਗਰਸੀ ਵਿਧਾਇਕ ਕਮਰੁਲ ਹੋਦਾ ਵੱਲੋਂ ਰੋਸ ਪ੍ਰਦਰਸ਼ਨ

ਪਟਨਾ: ਬਿਹਾਰ ਵਿਧਾਨ ਸਭਾ ਦੇ ਚੱਲ ਰਹੇ ਸਰਦ ਰੁੱਤ ਇਜਲਾਸ ਦੌਰਾਨ ਅੱਜ ਹੰਗਾਮਾ ਦੇਖਣ ਨੂੰ ਮਿਲਿਆ। ਕਾਂਗਰਸੀ ਵਿਧਾਇਕ ਕਮਰੁਲ ਹੋਦਾ ਨੇ ਅੱਜ ਵਿਧਾਨ ਸਭਾ ਕੰਪਲੈਕਸ ਦੇ ਬਾਹਰ ਇਕੱਲਿਆਂ ਹੀ ਮੋਰਚਾ ਖੋਲ੍ਹਦਿਆਂ ਰੋਸ ਪ੍ਰਦਰਸ਼ਨ ਕੀਤਾ। ਵਿਧਾਇਕ ਨੇ ਸਰਕਾਰ ਦੀਆਂ ਨੀਤੀਆਂ ਖਿਲਾਫ਼ ਨਾਅਰੇਬਾਜ਼ੀ ਕੀਤੀ ਅਤੇ ਵਿਧਾਨ ਸਭਾ ਦੇ ਮੁੱਖ ਗੇਟ ਨੇੜੇ ਧਰਨਾ ਦਿੱਤਾ।




## ਮੁੱਖ ਮੰਤਰੀ ਭਗਵੰਤ ਮਾਨ ਨੇ ਰੋਹਤਕ ਪਹੁੰਚ ਕੇ ਬਾਸਕਟਬਾਲ ਖਿਡਾਰੀ ਹਾਰਦਿਕ ਰਾਠੀ ਦੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ

ਰੋਹਤਕ : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅੱਜ ਹਰਿਆਣਾ ਦੇ ਰੋਹਤਕ ਜ਼ਿਲ੍ਹੇ ਦੇ ਪਿੰਡ ਲਾਖਣ ਮਾਜਰਾ ਵਿਖੇ ਪਹੁੰਚੇ। ਇੱਥੇ ਉਨ੍ਹਾਂ ਨੇ ਰਾਸ਼ਟਰੀ ਪੱਧਰ ਦੇ ਬਾਸਕਟਬਾਲ ਖਿਡਾਰੀ ਸਵਰਗੀ ਹਾਰਦਿਕ ਰਾਠੀ ਦੇ ਪਰਿਵਾਰ ਨਾਲ ਮੁਲਾਕਾਤ ਕੀਤੀ ਅਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ।

ਜ਼ਿਕਰਯੋਗ ਹੈ ਕਿ ਹਾਰਦਿਕ ਰਾਠੀ ਦੀ ਬੀਤੇ ਦਿਨੀਂ ਲਾਖਣ ਮਾਜਰਾ ਦੇ ਖੇਡ ਮੈਦਾਨ ਵਿੱਚ ਪ੍ਰੈਕਟਿਸ ਦੌਰਾਨ ਇੱਕ ਦਰਦਨਾਕ ਹਾਦਸੇ ਵਿੱਚ ਮੌਤ ਹੋ ਗਈ ਸੀ। ਮੁੱਖ ਮੰਤਰੀ ਨੇ ਇਸ ਘਟਨਾ ਨੂੰ ਬੇਹੱਦ ਮੰਦਭਾਗਾ ਦੱਸਦਿਆਂ ਪਰਿਵਾਰ ਨੂੰ ਹੌਸਲਾ ਦਿੱਤਾ ਅਤੇ ਵਿਛੜੀ ਰੂਹ ਦੀ ਸ਼ਾਂਤੀ ਲਈ ਅਰਦਾਸ ਕੀਤੀ।



## ਇੰਡੋਨੇਸ਼ੀਆ 'ਚ ਕੁਦਰਤੀ ਕਹਿਰ

# ਹੜ੍ਹ ਅਤੇ ਜ਼ਮੀਨ ਖਿਸਕਣ ਕਾਰਨ 1300 ਤੋਂ ਵੱਧ ਮੌਤਾਂ, ਸੈਂਕੜੇ ਲਾਪਤਾ









ਬਟਾਂਗ ਟੋਰੂ (ਇੰਡੋਨੇਸ਼ੀਆ) : ਐਮਰਜੈਂਸੀ ਅਮਲੇ ਬਚੇ ਲੋਕਾਂ ਤੱਕ ਪਹੁੰਚਣ ਅਤੇ ਹੋਰ ਲਾਸ਼ਾਂ ਕੱਢਣ ਲਈ ਦੌੜੇ ਕਿਉਂਕਿ ਪਿਛਲੇ ਹਫ਼ਤੇ ਇੰਡੋਨੇਸ਼ੀਆ, ਸ਼੍ਰੀਲੰਕਾ ਅਤੇ ਥਾਈਲੈਂਡ ਵਿਚ ਆਏ ਭਿਆਨਕ ਹੜ੍ਹਾਂ ਅਤੇ ਜ਼ਮੀਨ ਖਿਸਕਣ ਨਾਲ ਮਰਨ ਵਾਲਿਆਂ ਦੀ ਗਿਣਤੀ 1,300 ਤੋਂ ਵੱਧ ਹੋ ਗਈ ਹੈ, 800 ਤੋਂ ਵੱਧ ਲੋਕ ਲਾਪਤਾ ਹਨ। ਦਿਨਾਂ ਦੀ ਭਾਰੀ ਮਾਨਸੂਨ ਬਾਰਿਸ਼ ਨੇ ਵਿਸ਼ਾਲ ਖੇਤਰਾਂ ਨੂੰ ਡੁੱਬਣ ਦਿੱਤਾ, ਹਜ਼ਾਰਾਂ ਲੋਕ ਫਸ ਗਏ ਅਤੇ ਬਹੁਤ ਸਾਰੇ ਮਦਦ ਦੀ ਉਡੀਕ ਵਿਚ ਛੱਤਾਂ ਅਤੇ ਦਰੱਖਤਾਂ 'ਤੇ ਚੜੇ ਹੋਏ ਹਨ। ਅਧਿਕਾਰੀਆਂ ਨੇ ਮੰਗਲਵਾਰ ਨੂੰ ਕਿਹਾ ਕਿ ਹੜ੍ਹਾਂ ਅਤੇ ਜ਼ਮੀਨ ਖਿਸਕਣ ਨਾਲ 1,303 ਲੋਕਾਂ ਦੀ ਮੌਤ ਹੋ ਗਈ, ਇੰਡੋਨੇਸ਼ੀਆ ਵਿਚ 712, ਸ਼੍ਰੀਲੰਕਾ ਵਿਚ 450 ਅਤੇ ਥਾਈਲੈਂਡ ਵਿਚ 181 ਲੋਕਾਂ ਦੀ ਮੌਤ ਦੀ ਪੁਸ਼ਟੀ ਹੋਈ ਹੈ। ਸ਼੍ਰੀਲੰਕਾ ਦੇ ਰਾਸ਼ਟਰਪਤੀ, ਅਨੁਰਾ ਕੁਮਾਰਾ ਦਿਸਾਨਾਯਕੇ ਨੇ ਕਿਹਾ ਕਿ ਮ੍ਰਿਤਕਾਂ ਦੀ ਸਹੀ ਗਿਣਤੀ ਦਾ ਪਤਾ ਲਗਾਉਣਾ ਬਹੁਤ ਜਲਦੀ ਹੈ।

ਇੰਡੋਨੇਸ਼ੀਆ, ਸਭ ਤੋਂ ਵੱਧ ਪ੍ਰਭਾਵਿਤ ਦੇਸ਼ ਵਿਚ, ਬਚਾਅ ਕਰਮਚਾਰੀ ਸੁਮਾਤਰਾ ਟਾਪੂ ਦੇ ਪਿੰਡਾਂ ਤੱਕ ਪਹੁੰਚਣ ਲਈ ਸੰਘਰਸ਼ ਕਰ ਰਹੇ ਹਨ, ਜਿੱਥੇ ਸੜਕਾਂ ਪਾਣੀ ਵਿਚ ਡੁੱਬ ਗਈਆਂ ਹਨ ਅਤੇ ਪੁਲ ਢਹਿ ਗਏ ਹਨ। ਦੇਸ਼ ਦੀ ਰਾਸ਼ਟਰੀ ਆਫ਼ਤ ਪ੍ਰਬੰਧਨ ਏਜੰਸੀ ਦੇ ਅਨੁਸਾਰ 507 ਲੋਕ ਲਾਪਤਾ ਹਨ। ਹੈਲੀਕਾਪਟਰ ਅਤੇ ਕਿਸ਼ਤੀਆਂ ਤਾਇਨਾਤ ਕੀਤੀਆਂ ਗਈਆਂ ਹਨ, ਪਰ ਅਧਿਕਾਰੀਆਂ ਨੇ ਚੇਤਾਵਨੀ ਦਿੱਤੀ ਹੈ ਕਿ ਵਿਗੜਦੇ ਮੌਸਮ ਅਤੇ ਨੁਕਸਾਨੇ ਗਏ ਬੁਨਿਆਦੀ ਢਾਂਚੇ ਦੇ ਕਾਰਨ ਕੰਮ ਹੌਲੀ ਹੋ ਰਹੇ ਹਨ।

**ਭਾਰਤੀ ਬਲਾਂ ਨੇ ਸ੍ਰੀਲੰਕਾ ਵਿਚ ਗਰਭਵਤੀ ਨੂੰ ਬਚਾਇਆ :** ਸ਼੍ਰੀਲੰਕਾ ਵਿਚ ਭਾਰਤ ਦੀ ਆਫ਼ਤ ਪ੍ਰਤੀਕਿਰਿਆ ਬਲ ਦੁਆਰਾ ਇੱਕ ਨੌਂ ਮਹੀਨਿਆਂ ਦੀ ਗਰਭਵਤੀ ਔਰਤ ਨੂੰ ਸੁਰੱਖਿਅਤ ਬਾਹਰ ਕੱਢਿਆ ਗਿਆ ਤੇ ਤੁਰੰਤ ਡਾਕਟਰੀ ਦੇਖਭਾਲ ਪ੍ਰਦਾਨ ਕੀਤੀ ਗਈ, ਕਿਉਂਕਿ ਨਵੀਂ ਦਿੱਲੀ ਨੇ ਚੱਕਰਵਾਤ ਪ੍ਰਭਾਵਿਤ ਟਾਪੂ ਦੇਸ਼ ਵਿਚ ਬਚਾਅ ਅਤੇ ਰਾਹਤ ਕਾਰਜ ਤੇਜ਼ ਕਰ ਦਿੱਤੇ ਹਨ। ਇੱਥੇ ਭਾਰਤੀ ਮਿਸ਼ਨ ਨੇ ਕਿਹਾ ਕਿ ਸ਼੍ਰੀਲੰਕਾ ਚੱਕਰਵਾਤ ਦਿਤਵਾ ਕਾਰਨ ਹੋਏ ਵਿਆਪਕ ਹੜ੍ਹਾਂ, ਜ਼ਮੀਨ ਖਿਸਕਣ ਅਤੇ ਬੁਨਿਆਦੀ ਢਾਂਚੇ ਦੇ ਢਹਿਣ ਨਾਲ ਜੂਝ ਰਿਹਾ ਹੈ। ਇੱਕ ਸੋਸ਼ਲ ਮੀਡੀਆ ਪੋਸਟ ਵਿਚ, ਭਾਰਤੀ ਹਾਈ ਕਮਿਸ਼ਨ ਨੇ ਕਿਹਾ ਕਿ ਪੁਟਲਮ ਜ਼ਿਲ੍ਹੇ ਵਿੱਚ ਇੱਕ ਨੌਂ ਮਹੀਨਿਆਂ ਦੀ ਗਰਭਵਤੀ ਔਰਤ ਨੂੰ ਰਾਸ਼ਟਰੀ ਆਫ਼ਤ ਪ੍ਰਤੀਕਿਰਿਆ ਬਲ (ਐਨ.ਡੀ.ਆਰ.ਐਫ.) ਦੁਆਰਾ ਸੁਰੱਖਿਅਤ ਬਾਹਰ ਕੱਢਿਆ ਗਿਆ ਅਤੇ ਡਾਕਟਰੀ ਦੇਖਭਾਲ ਦਿੱਤੀ ਗਈ। ਉਨ੍ਹਾਂ ਕਿਹਾ ਕਿ ਆਪ੍ਰੇਸ਼ਨ ਸਾਗਰ ਬੰਧੂ ਉਨ੍ਹਾਂ ਲੋਕਾਂ ਦੇ ਨਾਲ ਖੜ੍ਹਾ ਹੈ ਜਿਨ੍ਹਾਂ ਨੂੰ ਇਸਦੀ ਸਭ ਤੋਂ ਵੱਧ ਲੋੜ ਹੈ।











# ਫਰੀਮਾਂਟ ਵਿੱਚ ਬੇਘਰੇ ਲੋਕਾਂ ਦੀ ਯਾਦ ਵਿੱਚ ਭਾਵੁਕ ਸ਼ਰਧਾਂਜਲੀ ਸਮਾਗਮ

## ਭਾਈਚਾਰੇ ਨੇ ਮੋਮਬੱਤੀਆਂ ਜਗਾ ਕੇ ਦਿੱਤਾ ਏਕਤਾ ਦਾ ਸੁਨੇਹਾ








ਫਰੀਮਾਂਟ/ਕੈਲੀਫੋਰਨੀਆ : ਬੀਤੇ ਦਿਨੀਂ ਫਰੀਮਾਂਟ ਸ਼ਹਿਰ ਵਿੱਚ ਇੱਕ ਭਾਵੁਕ ਅਤੇ ਦਿਲ ਨੂੰ ਛੂਹ ਲੈਣ ਵਾਲਾ ਸਮਾਗਮ ਦੇਖਣ ਨੂੰ ਮਿਲਿਆ, ਜਿੱਥੇ ਸਥਾਨਕ ਭਾਈਚਾਰੇ ਨੇ ਇਕੱਠੇ ਹੋ ਕੇ ਉਨ੍ਹਾਂ 'ਅਨਹਾਊਸਡ ਨੇਬਰਜ਼' (ਬੇਘਰੇ ਗੁਆਂਢੀਆਂ) ਨੂੰ ਸ਼ਰਧਾਂਜਲੀ ਦਿੱਤੀ, ਜੋ ਇਸ ਸਾਲ ਸਾਨੂੰ ਸਦਾ ਲਈ ਵਿਛੋੜਾ ਦੇ ਗਏ ਹਨ। ਇਸ ਮੌਕੇ ਕਰਵਾਏ ਗਏ 'ਕੈਂਡਲ ਲਾਈਟ ਵਿਜੀਲ' (Candlelight Vigil) ਦੌਰਾਨ ਮਾਹੌਲ ਗਮਗੀਨ ਪਰ ਉਮੀਦ ਭਰਿਆ ਸੀ।

ਹਰ ਮੋਮਬੱਤੀ ਇੱਕ ਕਹਾਣੀ ਅਤੇ ਸੰਘਰਸ਼ ਦੀ ਪ੍ਰਤੀਕ ਇਸ ਸਮਾਗਮ ਦੌਰਾਨ ਜਗਾਈ ਗਈ ਹਰ ਇੱਕ ਮੋਮਬੱਤੀ ਸਿਰਫ਼ ਰੌਸ਼ਨੀ ਦਾ ਸਾਧਨ ਨਹੀਂ ਸੀ, ਸਗੋਂ ਇਹ ਉਸ ਹਰ ਇੱਕ ਵਿਅਕਤੀ ਦੀ ਯਾਦ ਸੀ ਜਿਸਦੀ ਆਪਣੀ ਇੱਕ ਕਹਾਣੀ ਸੀ, ਇੱਕ ਸੰਘਰਸ਼ ਸੀ ਅਤੇ ਜਿਸਦੀ ਜ਼ਿੰਦਗੀ ਮਾਇਨੇ ਰੱਖਦੀ ਸੀ। ਬੁਲਾਰਿਆਂ ਨੇ ਜ਼ੋਰ ਦੇ ਕੇ ਕਿਹਾ ਕਿ ਭਾਵੇਂ ਇਹ ਲੋਕ ਬੇਘਰ ਸਨ, ਪਰ ਉਹ ਸਾਡੇ ਸਮਾਜ ਦਾ ਅਹਿਮ ਹਿੱਸਾ ਸਨ ਅਤੇ ਉਨ੍ਹਾਂ ਦਾ ਜੀਵਨ ਵੀ ਓਨਾ ਹੀ ਕੀਮਤੀ ਸੀ ਜਿੰਨਾ ਕਿਸੇ ਹੋਰ ਦਾ।

ਸਨਮਾਨ ਅਤੇ ਸਥਿਰਤਾ ਦਾ ਸੰਕਲਪ ਸ਼ਰਧਾਂਜਲੀ ਭੇਟ ਕਰਦਿਆਂ ਇਹ ਅਹਿਦ ਵੀ ਲਿਆ ਗਿਆ ਕਿ ਫਰੀਮਾਂਟ ਨੂੰ ਇੱਕ ਅਜਿਹਾ ਸ਼ਹਿਰ ਬਣਾਉਣ ਲਈ ਲਗਾਤਾਰ ਕੰਮ ਕੀਤਾ ਜਾਵੇਗਾ ਜਿੱਥੇ ਹਰ ਇਨਸਾਨ ਨੂੰ ਇੱਜ਼ਤ (Dignity), ਸਹਾਰਾ (Support), ਛੱਤ (Shelter) ਅਤੇ ਜ਼ਿੰਦਗੀ ਵਿੱਚ ਸਥਿਰਤਾ ਦਾ ਅਸਲ ਰਸਤਾ ਮਿਲ ਸਕੇ। ਇਹ ਸਿਰਫ਼ ਯਾਦ ਕਰਨ ਦਾ ਸਮਾਂ ਨਹੀਂ, ਸਗੋਂ ਉਨ੍ਹਾਂ ਕਾਰਨਾਂ 'ਤੇ ਕੰਮ ਕਰਨ ਦਾ ਵੀ ਸੱਦਾ ਸੀ ਜਿਨ੍ਹਾਂ ਕਰਕੇ ਲੋਕ ਸੜਕਾਂ 'ਤੇ ਰਹਿਣ ਲਈ ਮਜਬੂਰ ਹੁੰਦੇ ਹਨ।

ਭਾਈਚਾਰੇ ਦਾ ਧੰਨਵਾਦ ਪ੍ਰਬੰਧਕਾਂ ਨੇ ਹਮਦਰਦੀ ਅਤੇ ਏਕਤਾ (Solidarity) ਨਾਲ ਅੱਗੇ ਆਉਣ ਵਾਲੇ ਸਾਰੇ ਲੋਕਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਆਓ ਅਸੀਂ ਸਾਰੇ ਰਲ ਕੇ ਇੱਕ ਅਜਿਹਾ ਸ਼ਹਿਰ ਸਿਰਜੀਏ ਜਿੱਥੇ ਕੋਈ ਵੀ ਵਿਅਕਤੀ ਭੁਲਾਇਆ ਨਾ ਜਾਵੇ ਅਤੇ ਹਰ ਕਿਸੇ ਦੀ ਸਾਰ ਲਈ ਜਾਵੇ।

# ਅਮਰੀਕਾ 'ਚ ਟੈਕਸ ਪ੍ਰਣਾਲੀ ਦੇ ਇਤਿਹਾਸਕ ਬਦਲਾਅ ਦੀ ਤਿਆਰੀ: ਕੀ ਖਤਮ ਹੋਵੇਗਾ ਇਨਕਮ ਟੈਕਸ ?

## ਟਰੰਪ ਦਾ ਵੱਡਾ ਦਾਅਵਾ: ਟੈਰਿਫ ਤੋਂ ਹੋਣ ਵਾਲੀ ਕਮਾਈ ਨਾਲ ਹਟਾਇਆ ਜਾਵੇਗਾ ਫੈਡਰਲ ਇਨਕਮ ਟੈਕਸ

ਵਾਸ਼ਿੰਗਟਨ ਡੀ.ਸੀ. (ਸਪੈਸ਼ਲ ਰਿਪੋਰਟ) : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਦੇਸ਼ ਦੀ ਆਰਥਿਕ ਪ੍ਰਣਾਲੀ ਵਿੱਚ ਪਿਛਲੇ 100 ਸਾਲਾਂ ਦੇ ਸਭ ਤੋਂ ਵੱਡੇ ਸੁਧਾਰ ਦਾ ਸੰਕੇਤ ਦਿੱਤਾ ਹੈ। ਰਾਸ਼ਟਰਪਤੀ ਨੇ ਸੁਝਾਅ ਦਿੱਤਾ ਹੈ ਕਿ ਦੂਜੇ ਦੇਸ਼ਾਂ ਤੋਂ ਆਉਣ ਵਾਲੇ ਸਮਾਨ 'ਤੇ ਲਗਾਏ ਗਏ ਭਾਰੀ ਟੈਕਸਾਂ (Tariffs) ਤੋਂ ਹੋਣ ਵਾਲੀ ਆਮਦਨ ਇੰਨੀ ਜ਼ਿਆਦਾ ਹੋ ਸਕਦੀ ਹੈ ਕਿ ਅਮਰੀਕਾ ਵਿੱਚ ਫੈਡਰਲ ਇਨਕਮ ਟੈਕਸ (Federal Income Tax) ਨੂੰ ਪੂਰੀ ਤਰ੍ਹਾਂ ਖਤਮ ਕੀਤਾ ਜਾ ਸਕੇ।




ਕੀ ਹੈ ਟਰੰਪ ਦੀ ਯੋਜਨਾ? ਰਾਸ਼ਟਰਪਤੀ ਟਰੰਪ ਦਾ ਮੰਨਣਾ ਹੈ ਕਿ ਜੇਕਰ ਵਿਦੇਸ਼ੀ ਵਸਤਾਂ 'ਤੇ ਟੈਰਿਫ ਵਧਾਏ ਜਾਣ, ਤਾਂ ਸਰਕਾਰੀ ਖਜ਼ਾਨੇ ਵਿੱਚ ਅਰਬਾਂ ਡਾਲਰ ਜਮ੍ਹਾਂ ਹੋਣਗੇ। ਉਨ੍ਹਾਂ ਮੁਤਾਬਕ, ਇਹ ਰਕਮ ਇੰਨੀ ਵੱਡੀ ਹੋਵੇਗੀ ਕਿ ਆਮ ਅਮਰੀਕੀ ਨਾਗਰਿਕਾਂ 'ਤੇ ਲੱਗਣ ਵਾਲੇ ਇਨਕਮ ਟੈਕਸ ਦੀ ਲੋੜ ਹੀ ਨਹੀਂ ਰਹੇਗੀ।

ਮਕਸਦ: ਅਮਰੀਕੀ ਨਿਰਮਾਣ ਖੇਤਰ (Manufacturing) ਨੂੰ ਹੁਲਾਰਾ ਦੇਣਾ ਅਤੇ ਘਰੇਲੂ ਉਦਯੋਗਾਂ ਨੂੰ ਵਿਦੇਸ਼ੀ ਮੁਕਾਬਲੇ ਤੋਂ ਬਚਾਉਣਾ।

ਇਤਿਹਾਸਕ ਪਿਛੋਕੜ: 1913 ਵਿੱਚ ਇਨਕਮ ਟੈਕਸ ਸ਼ੁਰੂ ਹੋਣ ਤੋਂ ਪਹਿਲਾਂ, ਅਮਰੀਕੀ ਸਰਕਾਰ ਦੀ ਕਮਾਈ ਦਾ ਮੁੱਖ ਸਾਧਨ ਟੈਰਿਫ ਹੀ ਸਨ। ਟਰੰਪ ਉਸੇ ਪੁਰਾਣੇ 'ਸੁਨਹਿਰੀ ਯੁੱਗ' ਨੂੰ ਵਾਪਸ ਲਿਆਉਣਾ ਚਾਹੁੰਦੇ ਹਨ।

ਮਾਹਿਰਾਂ ਦੀ ਚਿੰਤਾ ਅਤੇ ਅਸਲੀਅਤ ਹਾਲਾਂਕਿ ਇਹ ਐਲਾਨ ਸੁਣਨ ਵਿੱਚ ਬਹੁਤ ਲੁਭਾਵਣਾ ਲੱਗਦਾ ਹੈ, ਪਰ ਆਰਥਿਕ ਮਾਹਿਰਾਂ ਨੇ ਇਸ 'ਤੇ ਗੰਭੀਰ ਸਵਾਲ ਖੜ੍ਹੇ ਕੀਤੇ ਹਨ:

1. ਹਿਸਾਬ-ਕਿਤਾਬ ਦਾ ਫਰਕ: ਅੰਕੜਿਆਂ ਮੁਤਾਬਕ, ਮੌਜੂਦਾ ਸਮੇਂ ਵਿੱਚ ਫੈਡਰਲ ਇਨਕਮ ਟੈਕਸ ਤੋਂ ਸਰਕਾਰ ਨੂੰ ਸਾਲਾਨਾ ਲਗਭਗ $2.5 ਟ੍ਰਿਲੀਅਨ (ਲੱਖਾਂ ਕਰੋੜ) ਦੀ ਕਮਾਈ ਹੁੰਦੀ ਹੈ, ਜਦਕਿ ਟੈਰਿਫ ਤੋਂ ਹੋਣ ਵਾਲੀ ਕਮਾਈ ਇਸ ਦਾ ਬਹੁਤ ਛੋਟਾ ਹਿੱਸਾ ਹੈ। ਇਸ ਭਾਰੀ ਕਮੀ ਨੂੰ ਪੂਰਾ ਕਰਨ ਲਈ ਟੈਰਿਫ ਦਰਾਂ ਨੂੰ ਬਹੁਤ ਜ਼ਿਆਦਾ ਵਧਾਉਣਾ ਪਵੇਗਾ।

2. ਮਹਿੰਗਾਈ ਦਾ ਡਰ: ਆਲੋਚਕਾਂ ਦਾ ਕਹਿਣਾ ਹੈ ਕਿ ਜੇਕਰ ਵਿਦੇਸ਼ੀ ਸਮਾਨ 'ਤੇ ਟੈਕਸ ਵਧਦਾ ਹੈ, ਤਾਂ ਅੰਤ ਵਿੱਚ ਇਸਦਾ ਬੋਝ ਆਮ ਗਾਹਕ (Consumer) 'ਤੇ ਪਵੇਗਾ। ਰੋਜ਼ਾਨਾ ਵਰਤੋਂ ਦੀਆਂ ਚੀਜ਼ਾਂ, ਇਲੈਕਟ੍ਰੋਨਿਕਸ ਅਤੇ ਕੱਪੜੇ ਮਹਿੰਗੇ ਹੋ ਸਕਦੇ ਹਨ।

3. ਵਪਾਰਕ ਜੰਗ (Trade War): ਜੇਕਰ ਅਮਰੀਕਾ ਦੂਜੇ ਦੇਸ਼ਾਂ 'ਤੇ ਭਾਰੀ ਟੈਕਸ ਲਗਾਉਂਦਾ ਹੈ, ਤਾਂ ਉਹ ਦੇਸ਼ ਵੀ ਜਵਾਬੀ ਕਾਰਵਾਈ ਕਰ ਸਕਦੇ ਹਨ, ਜਿਸ ਨਾਲ ਅੰਤਰਰਾਸ਼ਟਰੀ ਵਪਾਰ ਨੂੰ ਨੁਕਸਾਨ ਪਹੁੰਚ ਸਕਦਾ ਹੈ।

ਅੱਗੇ ਕੀ ਹੋਵੇਗਾ? ਇਹ ਪ੍ਰਸਤਾਵ ਅਜੇ ਸਿਰਫ਼ ਇੱਕ ਵਿਚਾਰ ਹੈ ਅਤੇ ਇਸਨੂੰ ਕਾਨੂੰਨ ਬਣਨ ਲਈ ਲੰਬਾ ਸਫ਼ਰ ਤੈਅ ਕਰਨਾ ਪਵੇਗਾ। ਪਰ ਰਾਸ਼ਟਰਪਤੀ ਟਰੰਪ ਦੇ ਇਸ ਬਿਆਨ ਨੇ ਅਮਰੀਕੀ ਸਿਆਸਤ ਅਤੇ ਆਰਥਿਕ ਜਗਤ ਵਿੱਚ ਹਲਚਲ ਮਚਾ ਦਿੱਤੀ ਹੈ। ਜੇਕਰ ਇਹ ਲਾਗੂ ਹੁੰਦਾ ਹੈ, ਤਾਂ ਇਹ ਅਮਰੀਕਾ ਹੀ ਨਹੀਂ ਬਲਕਿ ਪੂਰੀ ਦੁਨੀਆ ਦੀ ਆਰਥਿਕਤਾ ਲਈ ਇੱਕ ਵੱਡਾ ਮੋੜ ਹੋਵੇਗਾ।

# ਗੁਹਾਟੀ 'ਚ 108 ਐਂਬੂਲੈਂਸ ਕਰਮਚਾਰੀਆਂ ਵੱਲੋਂ ਜ਼ਬਰਦਸਤ ਰੋਸ ਪ੍ਰਦਰਸ਼ਨ; ਨੌਕਰੀਆਂ ਪੱਕੀਆਂ ਕਰਨ ਦੀ ਕੀਤੀ ਮੰਗ



ਗੁਹਾਟੀ : ਆਲ ਅਸਾਮ 108 ਮ੍ਰਿਤੂੰਜੇ ਕਰਮਚਾਰੀ ਐਸੋਸੀਏਸ਼ਨ (All Assam 108 Mrityunjoy Employees Association) ਵੱਲੋਂ ਗੁਹਾਟੀ ਦੇ ਚਾਚਲ ਪ੍ਰੋਟੈਸਟ ਗਰਾਊਂਡ ਵਿਖੇ ਆਪਣੀਆਂ ਮੰਗਾਂ ਨੂੰ ਲੈ ਕੇ ਜ਼ਬਰਦਸਤ ਰੋਸ ਪ੍ਰਦਰਸ਼ਨ ਕੀਤਾ ਗਿਆ। ਇਸ ਪ੍ਰਦਰਸ਼ਨ ਵਿੱਚ ਐਂਬੂਲੈਂਸ ਡਰਾਈਵਰ, ਟੈਕਨੀਸ਼ੀਅਨ ਅਤੇ ਐਮਰਜੈਂਸੀ ਰਿਸਪਾਂਸ ਅਧਿਕਾਰੀ ਵੱਡੀ ਗਿਣਤੀ ਵਿੱਚ ਸ਼ਾਮਲ ਹੋਏ। ਪ੍ਰਦਰਸ਼ਨਕਾਰੀ ਕਰਮਚਾਰੀਆਂ ਦੀ ਮੁੱਖ ਮੰਗ ਆਪਣੀਆਂ ਸੇਵਾਵਾਂ ਨੂੰ ਰੈਗੂਲਰ (ਪੱਕਾ) ਕਰਨਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਉਹ ਲੰਬੇ ਸਮੇਂ ਤੋਂ ਐਮਰਜੈਂਸੀ ਸੇਵਾਵਾਂ ਦੇ ਰਹੇ ਹਨ ਪਰ ਸਰਕਾਰ ਉਨ੍ਹਾਂ ਦੇ ਭਵਿੱਖ ਨੂੰ ਸੁਰੱਖਿਅਤ ਕਰਨ ਲਈ ਕੋਈ ਠੋਸ ਕਦਮ ਨਹੀਂ ਚੁੱਕ ਰਹੀ। ਮੁਲਾਜ਼ਮਾਂ ਨੇ ਚੇਤਾਵਨੀ ਦਿੱਤੀ ਕਿ ਜੇਕਰ ਉਨ੍ਹਾਂ ਦੀਆਂ ਮੰਗਾਂ ਨਾ ਮੰਨੀਆਂ ਗਈਆਂ ਤਾਂ ਸੰਘਰਸ਼ ਹੋਰ ਤੇਜ਼ ਕੀਤਾ ਜਾਵੇਗਾ।



# ਜਲੰਧਰ ਦੇ ਸਵਰਨਜੀਤ ਸਿੰਘ ਖਾਲਸਾ ਬਣੇ ਨੌਰਵਿਚ ਦੇ ਪਹਿਲੇ ਸਿੱਖ ਮੇਅਰ, ਚੁੱਕੀ ਸਹੁੰ






ਜਲੰਧਰ ਦੇ ਰਹਿਣ ਵਾਲੇ ਸਵਰਨਜੀਤ ਸਿੰਘ ਖਾਲਸਾ ਨੌਰਵਿਚ ਸ਼ਹਿਰ ਦੇ ਪਹਿਲੇ ਸਿੱਖ ਮੇਅਰ ਬਣ ਗਏ ਹਨ। ਉਨ੍ਹਾਂ ਨੇ ਮੰਗਲਵਾਰ ਨੂੰ ਭਾਰਤੀ ਸਮੇਂ ਅਨੁਸਾਰ ਅੱਧੀ ਰਾਤ 12 ਵਜੇ ਦੇ ਕਰੀਬ ਮੇਅਰ ਵਜੋਂ ਸਹੁੰ ਚੁੱਕੀ। ਸਮਾਰੋਹ ਵਿੱਚ ਉਨ੍ਹਾਂ ਦੇ ਨਾਲ ਉਨ੍ਹਾਂ ਦੀ ਪਤਨੀ ਗੁੰਟਾਸ ਕੌਰ, ਧੀ ਸੂਹੀ ਕੌਰ ਅਤੇ ਅਮਨ ਕੌਰ ਵੀ ਮੌਜੂਦ ਸਨ। ਨੌਰਵਿਚ ਦੇ ਮੇਅਰ ਸਵਰਨਜੀਤ ਸਿੰਘ ਨੂੰ ਨੌਰਵਿਚ ਸਿਟੀ ਹਾਲ ਵਿਖੇ ਲੈਫਟੀਨੈਂਟ ਗਵਰਨਰ ਸੁਜ਼ਨ ਬਾਈਸੀਵਿਜ਼ ਨੇ ਅਹੁਦੇ ਦੀ ਸਹੁੰ ਚੁਕਾਈ। ਗਵਰਨਰ ਨੇਡ ਲੈਮੋਂਟ ਅਤੇ ਨੌਰਵਿਚ ਦੇ ਸਾਬਕਾ ਮੇਅਰ ਬੇਨ ਲੈਥਰੋਪ ਵੀ ਮੌਜੂਦ ਸਨ। ਸਹੁੰ ਚੁੱਕਣ ਤੋਂ ਬਾਅਦ, ਖਾਲਸਾ ਨੇ ਕਿਹਾ ਕਿ ਨੌਰਵਿਚ ਦਾ ਵਿਕਾਸ ਉਨ੍ਹਾਂ ਦੀ ਤਰਜੀਹ ਹੋਵੇਗੀ। ਇਸ ਦਨੇ ਨਾਲ ਹੀ ਸਿੱਖਿਆ ਪ੍ਰਣਾਲੀ ਵਿੱਚ ਸੁਧਾਰ ਕਰਨਾ ਵੀ ਹੋਵੇਗਾ ਤਾਂ ਜੋ ਨੌਰਵਿਚ ਦਾ ਹਰ ਬੱਚਾ ਮਿਆਰੀ ਸਿੱਖਿਆ ਪ੍ਰਾਪਤ ਕਰ ਸਕੇ।

**ਟੈਕਸ ਘਟਾਉਣ ਅਤੇ ਨਿਰਮਾਣ ਵਧਾਉਣ ਦੇ ਵਾਅਦੇ** : ਸਵਰਨਜੀਤ ਸਿੰਘ ਨੇ ਕਿਹਾ ਕਿ ਮੇਅਰ ਵਜੋਂ ਉਨ੍ਹਾਂ ਦੀਆਂ ਤਰਜੀਹਾਂ ਵਿੱਚ ਟੈਕਸ ਘਟਾਉਣਾ, ਨੌਰਵਿਚ ਨੂੰ ਆਰਥਿਕ ਤੌਰ 'ਤੇ ਦੁਬਾਰਾ ਬਣਾਉਣਾ ਅਤੇ ਨਿਰਮਾਣ ਕੰਪਨੀਆਂ ਨੂੰ ਸ਼ਹਿਰ ਵਿੱਚ ਵਾਪਸ ਲਿਆਉਣਾ ਸ਼ਾਮਲ ਹੈ। ਖਾਲਸਾ ਪਹਿਲਾਂ ਹੀ ਪੰਜਾਬੀਆਂ ਨੂੰ ਵਿਕਾਸ ਦਾ ਸਮਰਥਨ ਕਰਨ ਲਈ ਸੱਦਾ ਦੇ ਚੁੱਕੇ ਹਨ।

ਖਾਲਸਾ ਨੇ ਆਪਣੇ ਇੰਸਟਾਗ੍ਰਾਮ ਅਕਾਊਂਟ 'ਤੇ ਇੱਕ ਪੋਸਟਰ ਸਾਂਝਾ ਕੀਤਾ। ਜਿਸ ਵਿੱਚ ਸਾਰਿਆਂ ਨੂੰ ਨੌਰਵਿਚ ਸਿਟੀ ਹਾਲ ਵਿਖੇ ਸਹੁੰ ਚੁੱਕ ਸਮਾਗਮ ਵਿੱਚ ਸ਼ਾਮਲ ਹੋਣ ਦਾ ਸੱਦਾ ਦਿੱਤਾ ਗਿਆ। ਨਤੀਜੇ ਵਜੋਂ, ਸਥਾਨਕ ਨਿਵਾਸੀਆਂ ਅਤੇ ਸਿੱਖ ਭਾਈਚਾਰੇ ਦੇ ਮੈਂਬਰਾਂ ਨੇ ਵੱਡੀ ਗਿਣਤੀ ਵਿੱਚ ਸਮਾਗਮ ਵਿੱਚ ਸ਼ਿਰਕਤ ਕੀਤੀ। ਮੌਜੂਦ ਲੋਕਾਂ ਨੇ ਖਾਲਸਾ ਨੂੰ ਮੇਅਰ ਵਜੋਂ ਉਨ੍ਹਾਂ ਦੇ ਉਦਘਾਟਨ 'ਤੇ ਵਧਾਈ ਦਿੱਤੀ। ਇਸ ਸਮਾਗਮ ਵਿੱਚ ਛੇ ਕੌਂਸਲਰਾਂ ਤੇ ਸਿੱਖਿਆ ਬੋਰਡ ਦੇ ਨੌਂ ਮੈਂਬਰਾਂ ਨੇ ਵੀ ਅਹੁਦੇ ਦੀ ਸਹੁੰ ਚੁੱਕੀ।

18 ਸਾਲ ਪਹਿਲਾਂ ਜਲੰਧਰ ਤੋਂ ਅਮਰੀਕਾ ਗਏ ਪੰਜਾਬ ਦੇ ਜਲੰਧਰ ਦੇ ਸਵਰਨਜੀਤ ਸਿੰਘ ਖਾਲਸਾ ਨੇ 5 ਨਵੰਬਰ ਨੂੰ ਅਮਰੀਕਾ ਵਿੱਚ ਡੈਮੋਕ੍ਰੇਟਿਕ ਮੇਅਰ ਦੀ ਚੋਣ ਜਿੱਤੀ। ਉਹ ਅਮਰੀਕੀ ਰਾਜ ਕਨੈਕਟੀਕਟ ਵਿੱਚ ਪਹਿਲੇ ਸਿੱਖ ਮੇਅਰ ਬਣੇ। ਸਵਰਨਜੀਤ ਪਹਿਲਾਂ ਇਸ ਖੇਤਰ ਵਿੱਚ ਦੋ ਵਾਰ ਕੌਂਸਲਰ ਵਜੋਂ ਸੇਵਾ ਨਿਭਾ ਚੁੱਕੇ ਹਨ। ਜਿੱਥੇ ਸਿਰਫ਼ 10 ਸਿੱਖ ਪਰਿਵਾਰ ਰਹਿੰਦੇ ਹਨ। ਉਹ ਕਹਿੰਦੇ ਹਨ ਕਿ ਸਥਾਨਕ ਮੁੱਦਿਆਂ ਲਈ ਉਨ੍ਹਾਂ ਦੇ ਸਮਰਥਨ ਨੇ ਉਨ੍ਹਾਂ ਦੀ ਜਿੱਤ ਦਾ ਕਾਰਨ ਬਣਾਇਆ।

# ਬਿਕਰਮ ਸਿੰਘ ਮਜੀਠੀਆ ਨੂੰ ਹਾਈਕੋਰਟ ਤੋਂ ਨਹੀਂ ਮਿਲੀ ਜ਼ਮਾਨਤ

ਚੰਡੀਗੜ੍ਹ : ਪੰਜਾਬ ਦੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨੂੰ ਹਾਈ ਕੋਰਟ ਤੋਂ ਵੱਡਾ ਝਟਕਾ ਲੱਗਿਆ ਹੈ। ਅਦਾਲਤ ਨੇ ਭ੍ਰਿਸ਼ਟਾਚਾਰ ਰੋਕਥਾਮ ਕਾਨੂੰਨ ਤਹਿਤ ਦਰਜ ਮਾਮਲੇ ਵਿਚ ਉਨ੍ਹਾਂ ਵਲੋਂ ਦਾਇਰ ਕੀਤੀ ਜ਼ਮਾਨਤ ਅਰਜ਼ੀ ਰੱਦ ਕਰ ਦਿੱਤੀ ਹੈ। ਜਿਕਰਯੋਗ ਹੈ ਕਿ ਬਿਕਰਮ ਸਿੰਘ ਮਜੀਠੀਆ ਨੂੰ 25 ਜੂਨ ਨੂੰ ਪੰਜਾਬ ਵਿਜੀਲੈਂਸ ਬਿਊਰੋ ਵਲੋਂ ਅੰਮ੍ਰਿਤਸਰ ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ। ਉਨ੍ਹਾਂ 'ਤੇ ਆਮਦਨ ਤੋਂ ਵੱਧ ਜਾਇਦਾਦ ਇਕੱਠੀ ਕਰਨ ਦਾ ਗੰਭੀਰ ਦੋਸ਼ ਲਗਾਇਆ ਗਿਆ ਹੈ। ਇਸ ਸੰਬੰਧੀ ਵਿਜੀਲੈਂਸ ਬਿਊਰੋ ਵਲੋਂ ਕੇਸ ਦਰਜ ਕੀਤਾ ਗਿਆ ਸੀ। ਮਜੀਠੀਆ 6 ਜੁਲਾਈ ਤੋਂ ਨਾਭਾ ਜੇਲ੍ਹ ਵਿਚ ਬੰਦ ਹਨ। ਜ਼ਮਾਨਤ ਅਰਜ਼ੀ ਖ਼ਾਰਜ ਹੋਣ ਤੋਂ ਬਾਅਦ, ਉਨ੍ਹਾਂ ਦੀ ਕਾਨੂੰਨੀ ਟੀਮ ਅਗਲੇ ਕਦਮ ਬਾਰੇ ਵਿਚਾਰ ਕਰ ਰਹੀ ਹੈ।



## ਬਦਲ ਰਹੇ ਅਮਰੀਕਾ ਦੀ ਇੱਕ ਝਲਕ

# ਟਰੰਪ ਨੇ ਸੋਮਾਲੀ ਲੋਕਾਂ ਨੂੰ ਕਿਹਾ 'ਕੂੜਾ ਬਦਬੂਦਾਰ', ਸਾਨੂੰ ਅਮਰੀਕਾ 'ਚ ਇਨ੍ਹਾਂ ਦੀ ਕੋਈ ਲੋੜ ਨਹੀਂ

## ਉਪ ਰਾਸ਼ਟਰਪਤੀ ਵੈਂਸ ਨੇ ਮੇਜ਼ ਥਪਥਪਾ ਕੇ ਕੀਤੀ ਹਮਾਇਤ



ਵਾਸ਼ਿੰਗਟਨ: ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇੱਕ ਵਾਰ ਫਿਰ ਇਮੀਗ੍ਰੇਸ਼ਨ ਦੇ ਮੁੱਦੇ 'ਤੇ ਵਿਵਾਦਿਤ ਬਿਆਨ ਦਿੱਤਾ ਹੈ। ਵ੍ਹਾਈਟ ਹਾਊਸ ਵਿੱਚ ਹੋਈ ਇੱਕ ਕੈਬਨਿਟ ਮੀਟਿੰਗ ਦੌਰਾਨ, ਟਰੰਪ ਨੇ ਸੋਮਾਲੀ ਪ੍ਰਵਾਸੀਆਂ 'ਤੇ ਤਿੱਖਾ ਹਮਲਾ ਕਰਦਿਆਂ ਉਨ੍ਹਾਂ ਨੂੰ 'ਕੂੜਾ' (Garbage) ਕਰਾਰ ਦਿੱਤਾ ਅਤੇ ਕਿਹਾ ਕਿ ਉਹ ਅਜਿਹੇ ਲੋਕਾਂ ਨੂੰ ਅਮਰੀਕਾ ਵਿੱਚ ਨਹੀਂ ਚਾਹੁੰਦੇ। ਹੈਰਾਨੀ ਦੀ ਗੱਲ ਇਹ ਰਹੀ ਕਿ ਇਸ ਦੌਰਾਨ ਉਪ ਰਾਸ਼ਟਰਪਤੀ ਜੇ.ਡੀ. ਵੈਂਸ (JD Vance) ਮੇਜ਼ ਥਪਥਪਾ ਕੇ ਰਾਸ਼ਟਰਪਤੀ ਦੇ ਇਸ ਬਿਆਨ ਦੀ ਹਮਾਇਤ ਕਰਦੇ ਨਜ਼ਰ ਆਏ।

1. ਟਰੰਪ ਦਾ ਵਿਵਾਦਿਤ ਬਿਆਨ ਅਤੇ ਨਿਸ਼ਾਨਾ : ਮੀਟਿੰਗ ਦੌਰਾਨ ਟਰੰਪ ਨੇ ਗੁੱਸੇ ਵਿੱਚ ਕਿਹਾ, 'ਇਹ ਲੋਕ (ਸੋਮਾਲੀ) ਨਰਕ ਤੋਂ ਆਉਂਦੇ ਹਨ ਅਤੇ ਸਿਰਫ ਸ਼ਿਕਾਇਤਾਂ ਕਰਦੇ ਹਨ। ਅਸੀਂ ਇਨ੍ਹਾਂ ਨੂੰ ਆਪਣੇ ਦੇਸ਼ ਵਿੱਚ ਨਹੀਂ ਚਾਹੁੰਦੇ। ਇਨ੍ਹਾਂ ਨੂੰ ਵਾਪਸ ਜਾਣਾ ਚਾਹੀਦਾ ਹੈ ਅਤੇ ਆਪਣੇ ਦੇਸ਼ ਨੂੰ ਠੀਕ ਕਰਨਾ ਚਾਹੀਦਾ ਹੈ।' ਟਰੰਪ ਨੇ ਕਿਹਾ ਕਿ ਸੋਮਾਲੀਆ 'ਬਦਬੂਦਾਰ' ਹੈ ਅਤੇ ਜੇਕਰ ਅਮਰੀਕਾ ਅਜਿਹੇ 'ਕੂੜੇ' ਨੂੰ ਸਵੀਕਾਰ ਕਰਦਾ ਰਿਹਾ ਤਾਂ ਦੇਸ਼ ਗਲਤ ਦਿਸ਼ਾ ਵੱਲ ਜਾਵੇਗਾ।

2. ਇਲਹਾਨ ਓਮਰ 'ਤੇ ਨਿੱਜੀ ਹਮਲਾ : ਟਰੰਪ ਨੇ ਖਾਸ ਤੌਰ 'ਤੇ ਮਿਨੀਸੋਟਾ ਤੋਂ ਡੈਮੋਕ੍ਰੇਟਿਕ ਸਾਂਸਦ ਇਲਹਾਨ ਓਮਰ ਨੂੰ ਨਿਸ਼ਾਨਾ ਬਣਾਇਆ, ਜੋ ਕਿ ਸੋਮਾਲੀਆ ਤੋਂ ਸ਼ਰਨਾਰਥੀ ਵਜੋਂ ਅਮਰੀਕਾ ਆਏ ਸਨ ਅਤੇ 25 ਸਾਲ ਪਹਿਲਾਂ ਅਮਰੀਕੀ ਨਾਗਰਿਕ ਬਣੇ ਸਨ।

• ਟਰੰਪ ਨੇ ਕਿਹਾ, 'ਉਹ (ਇਲਹਾਨ ਓਮਰ) ਕੂੜਾ ਹੈ। ਉਸਦੇ ਦੋਸਤ ਕੂੜਾ ਹਨ। ਇਹ ਲੋਕ ਕੰਮ ਕਰਨ ਵਾਲੇ ਨਹੀਂ ਹਨ।'

3. ਇਲਹਾਨ ਓਮਰ ਦੀ ਪ੍ਰਤੀਕਿਰਿਆ : ਇਸ ਬਿਆਨ ਤੋਂ ਤੁਰੰਤ ਬਾਅਦ ਇਲਹਾਨ ਓਮਰ ਨੇ ਸੋਸ਼ਲ ਮੀਡੀਆ 'ਤੇ ਜਵਾਬ ਦਿੱਤਾ। ਉਨ੍ਹਾਂ ਲਿਖਿਆ, 'ਮੇਰੇ ਪ੍ਰਤੀ ਉਨ੍ਹਾਂ ਦਾ ਜਨੂੰਨ ਡਰਾਉਣਾ (creepy) ਹੈ। ਮੈਨੂੰ ਉਮੀਦ ਹੈ ਕਿ ਉਨ੍ਹਾਂ ਨੂੰ ਉਹ ਮਦਦ ਮਿਲੇਗੀ ਜਿਸ ਦੀ ਉਨ੍ਹਾਂ ਨੂੰ ਸਖ਼ਤ ਲੋੜ ਹੈ।'

4. ਨਵਾਂ 935 ਆਪਰੇਸ਼ਨ ਅਤੇ ਸ਼ਰਨਾਰਥੀ ਨੀਤੀ : ਇਹ ਬਿਆਨ ਅਜਿਹੇ ਸਮੇਂ ਆਇਆ ਹੈ ਜਦੋਂ ਟਰੰਪ ਪ੍ਰਸ਼ਾਸਨ ਨੇ ਮਿਨੀਆਪੋਲਿਸ-ਸੇਂਟ ਪਾਲ ਖੇਤਰ ਵਿੱਚ ਸੋਮਾਲੀ ਲੋਕਾਂ ਨੂੰ ਨਿਸ਼ਾਨਾ ਬਣਾਉਂਦੇ ਹੋਏ ਇੱਕ ਨਵਾਂ ICE (ਇਮੀਗ੍ਰੇਸ਼ਨ) ਆਪਰੇਸ਼ਨ ਸ਼ੁਰੂ ਕੀਤਾ ਹੈ। ਦੂਜੀ ਵਾਰ ਸੱਤਾ ਸੰਭਾਲਣ ਤੋਂ ਬਾਅਦ, ਟਰੰਪ ਪ੍ਰਸ਼ਾਸਨ ਨੇ ਦੁਨੀਆ ਭਰ ਦੇ ਸ਼ਰਨਾਰਥੀਆਂ (ਖਾਸਕਰ ਸੋਮਾਲੀਆ ਤੋਂ) ਲਈ ਦਰਵਾਜ਼ੇ ਬੰਦ ਕਰ ਦਿੱਤੇ ਹਨ, ਜਦਕਿ ਦੱਖਣੀ ਅਫਰੀਕਾ ਦੇ ਗੋਰੇ ਅਫਰੀਕਨਰਾਂ (Afrikaners) ਲਈ ਕੁਝ ਸੀਮਤ ਸਲਾਟ ਰਾਖਵੇਂ ਰੱਖੇ ਗਏ ਹਨ।

5. ਸਿਹਤ ਅਤੇ ਸੁਸਤੀ ਬਾਰੇ ਸਵਾਲ
ਰਿਪੋਰਟਾਂ ਮੁਤਾਬਕ, ਮੀਟਿੰਗ ਦੇ ਸ਼ੁਰੂ ਵਿੱਚ ਟਰੰਪ ਥੱਕੇ ਹੋਏ ਅਤੇ ਨੀਂਦ ਨਾਲ ਲੜਦੇ ਨਜ਼ਰ ਆ ਰਹੇ ਸਨ। ਪਰ ਜਦੋਂ ਇਮੀਗ੍ਰੇਸ਼ਨ ਦਾ ਵਿਸ਼ਾ ਆਇਆ, ਤਾਂ ਉਹ ਅਚਾਨਕ ਭੜਕ ਉੱਠੇ। ਜਦੋਂ ਪੱਤਰਕਾਰਾਂ ਨੇ ਉਨ੍ਹਾਂ ਦੇ ਸੌਂ ਜਾਣ ਬਾਰੇ ਪੁੱਛਿਆ ਤਾਂ ਉਨ੍ਹਾਂ ਦੀ ਪ੍ਰੈਸ ਸਕੱਤਰ, ਕੈਰੋਲੀਨ ਲੀਵਿਟ ਨੇ ਸੋਮਾਲੀਆ ਬਾਰੇ ਉਨ੍ਹਾਂ ਦੇ ਬਿਆਨਾਂ ਵੱਲ ਇਸ਼ਾਰਾ ਕਰਦਿਆਂ ਇਸਨੂੰ ਇੱਕ 'ਮਹਾਨ ਪਲ' (epic moment) ਕਿਹਾ।

6. ਮੇਅਰਾਂ ਵਲੋਂ ਨਿੰਦਾ : ਮਿਨੀਆਪੋਲਿਸ ਅਤੇ ਸੇਂਟ ਪਾਲ ਦੇ ਮੇਅਰਾਂ ਨੇ ਟਰੰਪ ਦੇ ਬਿਆਨਾਂ ਨੂੰ ਖਤਰਨਾਕ ਅਤੇ ਲਾਪਰਵਾਹੀ ਵਾਲਾ ਕਰਾਰ ਦਿੱਤਾ ਹੈ। ਸੇਂਟ ਪਾਲ ਦੇ ਮੇਅਰ ਮੇਲਵਿਨ ਕਾਰਟਰ ਨੇ ਯਾਦ ਦਿਵਾਇਆ ਕਿ ਅਮਰੀਕਾ 'ਅਸੀਂ ਲੋਕਾਂ' (We the People) ਦੇ ਸਿਧਾਂਤ 'ਤੇ ਬਣਿਆ ਹੈ ਅਤੇ ਇਸ ਵਿੱਚ ਸਾਰਿਆਂ ਨੂੰ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ, ਚਾਹੇ ਉਹ ਕਾਲੇ ਹੋਣ, ਔਰਤਾਂ ਹੋਣ ਜਾਂ ਪ੍ਰਵਾਸੀ।

# ਟਰੱਕ ਦੇ ਸਲੀਪਿੰਗ ਕੈਬਿਨ ਵਿੱਚੋਂ 23 ਗੈਰ-ਕਾਨੂੰਨੀ ਪ੍ਰਵਾਸੀ ਬਰਾਮਦ; ਡਰਾਈਵਰ ਗ੍ਰਿਫਤਾਰ



ਟੈਕਸਾਸ: ਟੈਕਸਾਸ ਸਟੇਟ ਟਰੂਪਰਾਂ (Texas State Troopers) ਨੇ ਇੱਕ ਵੱਡੀ ਕਾਰਵਾਈ ਕਰਦਿਆਂ ਇੱਕ ਟਰੈਕਟਰ-ਟਰੇਲਰ ਦੇ ਸਲੀਪਿੰਗ ਕੰਪਾਰਟਮੈਂਟ (ਸੌਣ ਵਾਲੀ ਥਾਂ) ਵਿੱਚ ਲੁਕਾਏ ਗਏ 23 ਲੋਕਾਂ ਨੂੰ ਬਰਾਮਦ ਕੀਤਾ ਹੈ। ਇਹਨਾਂ ਵਿਅਕਤੀਆਂ 'ਤੇ ਗੈਰ-ਕਾਨੂੰਨੀ ਢੰਗ ਨਾਲ ਦੇਸ਼ ਵਿੱਚ ਦਾਖਲ ਹੋਣ ਦਾ ਸ਼ੱਕ ਹੈ।

**ਘਟਨਾ ਦਾ ਵੇਰਵਾ:** ਇਹ ਘਟਨਾ ਸ਼ੁੱਕਰਵਾਰ, 28 ਨਵੰਬਰ 2025 ਦੀ ਸ਼ਾਮ 5 ਵਜੇ ਦੇ ਕਰੀਬ ਵਾਪਰੀ। 'ਆਪਰੇਸ਼ਨ ਲੋਨ ਸਟਾਰ' (Operation Lone Star) ਦੇ ਤਹਿਤ ਲਾ ਸਲੇ ਕਾਉਂਟੀ (La Salle County) ਵਿੱਚ 9-35 ਹਾਈਵੇਅ 'ਤੇ ਇਹ ਕਾਰਵਾਈ ਕੀਤੀ ਗਈ।

ਇੱਕ DPS ਟਰੂਪਰ ਨੇ ਸ਼ੁਰੂਆਤੀ ਤੌਰ 'ਤੇ ਇੱਕ ਚਿੱਟੇ ਰੰਗ ਦੇ ਫਰੇਟਲਾਈਨਰ (Freightliner) ਟਰੱਕ ਨੂੰ ਰੋਕਿਆ ਕਿਉਂਕਿ ਡਰਾਈਵਰ ਹਾਈਵੇਅ ਦੇ ਕਿਨਾਰੇ (ਸ਼ੋਲਡਰ) 'ਤੇ ਗੱਡੀ ਚਲਾ ਰਿਹਾ ਸੀ। ਜਾਂਚ ਦੌਰਾਨ ਪੁਲਿਸ ਨੂੰ ਪਤਾ ਲੱਗਾ ਕਿ ਡਰਾਈਵਰ ਕੋਲ ਕਮਰਸ਼ੀਅਲ ਡਰਾਈਵਰ ਲਾਇਸੈਂਸ (CDL) ਨਹੀਂ ਸੀ।

**ਬਰਾਮਦਗੀ:** ਤਲਾਸ਼ੀ ਦੌਰਾਨ, ਟਰੂਪਰਾਂ ਅਤੇ ਬਾਰਡਰ ਪੈਟਰੋਲ ਦੀ K-9 ਯੂਨਿਟ ਨੇ ਵਾਹਨ ਦੇ ਸਲੀਪਰ ਏਰੀਏ (ਕੈਬਿਨ ਦੇ ਪਿਛਲੇ ਹਿੱਸੇ) ਵਿੱਚ ਤੁੰਨ ਕੇ ਭਰੇ ਹੋਏ 23 ਲੋਕਾਂ ਨੂੰ ਲੱਭਿਆ। ਇਹ ਪ੍ਰਵਾਸੀ ਨਿਕਾਰਾਗੁਆ, ਗੁਆਟੇਮਾਲਾ, ਅਲ ਸਲਵਾਡੋਰ, ਹੌਂਡੁਰਾਸ ਅਤੇ ਮੈਕਸੀਕੋ ਦੇ ਰਹਿਣ ਵਾਲੇ ਦੱਸੇ ਗਏ ਹਨ। ਇਨ੍ਹਾਂ ਸਾਰਿਆਂ ਨੂੰ ਅਗਲੇਰੀ ਕਾਰਵਾਈ ਲਈ ਯੂ.ਐਸ. ਬਾਰਡਰ ਪੈਟਰੋਲ ਦੇ ਹਵਾਲੇ ਕਰ ਦਿੱਤਾ ਗਿਆ ਹੈ।

**ਗ੍ਰਿਫਤਾਰੀ ਅਤੇ ਸਜ਼ਾ:**

• ਡਰਾਈਵਰ: ਟਰੱਕ ਡਰਾਈਵਰ ਦੀ ਪਛਾਣ 24 ਸਾਲਾ ਜੌਨ ਡੇਵਿਡ ਅਮਾਇਆ (John David Amaya) ਵਜੋਂ ਹੋਈ ਹੈ, ਜੋ ਲਾਰੇਡੋ (Laredo) ਦਾ ਰਹਿਣ ਵਾਲਾ ਹੈ।

• ਦੋਸ਼: ਉਸ ਨੂੰ ਮੌਕੇ 'ਤੇ ਹੀ ਗ੍ਰਿਫਤਾਰ ਕਰ ਲਿਆ ਗਿਆ ਅਤੇ ਉਸ 'ਤੇ ਮਨੁੱਖੀ ਤਸਕਰੀ (smuggling of persons) ਦੇ 23 ਦੋਸ਼ ਲਗਾਏ ਗਏ ਹਨ।

• ਸਜ਼ਾ: ਟੈਕਸਾਸ ਦੇ ਗਵਰਨਰ ਗ੍ਰੇਗ ਐਬਟ ਵੱਲੋਂ 2 ਟੈਕਸਾਸ ਕਾਨੂੰਨ ਤਹਿਤ, ਮਨੁੱਖੀ ਤਸਕਰੀ ਦੇ ਦੋਸ਼ੀ ਪਾਏ ਜਾਣ ਵਾਲੇ ਵਿਅਕਤੀਆਂ ਨੂੰ ਘੱਟੋ-ਘੱਟ 10 ਸਾਲ ਦੀ ਲਾਜ਼ਮੀ ਕੈਦ ਦੀ ਸਜ਼ਾ ਦਾ ਸਾਹਮਣਾ ਕਰਨਾ ਪੈਂਦਾ ਹੈ। ਜੇਕਰ ਅਮਾਇਆ ਦੋਸ਼ੀ ਸਾਬਤ ਹੁੰਦਾ ਹੈ, ਤਾਂ ਉਸਨੂੰ ਲੰਬੇ ਸਮੇਂ ਲਈ ਜੇਲ੍ਹ ਹੋ ਸਕਦੀ ਹੈ।

# ਸ੍ਰੀ ਗੁਰੂ ਰਵਿਦਾਸ ਟੈਂਪਲ ਰਿਉ ਲਿੰਡਾ ਸੈਕਰਾਮੈਂਟੋ ਵਿਖੇ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਵਸ ਨੂੰ ਸਮਰਪਿਤ ਸਮਾਗਮ ਦਾ ਆਯੋਜਿਤ









ਰਿਉ ਲਿੰਡਾ/ ਸੈਕਰਾਮੈਂਟੋ (ਸਾਡੇ ਲੋਕ/ਰਾਜ ਸੂਦ, ਸੁਰਿੰਦਰ ਚੌਹਾਨ) : ਐਤਵਾਰ 30 ਨਵੰਬਰ ਨੂੰ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ 350ਵੇ ਸ਼ਹੀਦੀ ਦਿਵਸ ਨੂੰ ਸਮਰਪਿਤ ਸਮਾਗਮ ਆਯੋਜਿਤ ਕੀਤੇ ਗਏ। ਇਨ੍ਹਾਂ ਹ਼ਫ਼ਤਾਵਾਰੀ ਦੀਵਾਨ ਦੀ ਸੇਵਾ ਸਮੂਹ ਸਾਧਸੰਗਤ ਵਲੋ ਹੋਈ। ਬਹੁਤ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਗੁਰੂਘਰ ਵਿਖੇ ਪਹੁੱਚ ਕੇ ਗੁਰੂਘਰ ਦੀਆ ਖੁਸ਼ੀਆਂ ਪ੍ਰਾਪਤ ਕੀਤੀਆ। ਸ੍ਰੀ ਸੁਖਮਨੀ ਸਾਹਿਬ ਦੇ ਪਾਠ ਦੇ ਭੋਗ ਉਪਰੰਤ ਹਜ਼ੂਰੀ ਰਾਗੀ ਜਥੇ ਵਲੋ ਕੀਰਤਨ ਦਰਬਾਰ ਸਜਾਏ ਗਏ। ਬੀਬੀ ਜਸਵੀਰ ਕੌਰ ਜੀ ਵੱਲੋਂ ਵੀ ਗੁਰਬਾਣੀ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਗੁਰੂ ਕੇ ਲੰਗਰ ਅਟੁੱਟ ਵਰਤੇ। ਸੇਵਾਦਾਰ ਪਿੱਛਲੇ ਕਈ ਦਿਨਾਂ ਤੋਂ ਇਨ੍ਹਾਂ ਸਮਗਮਾਂ ਦੀ ਤਿਆਰੀ ਵਿੱਚ ਲੱਗੇ ਹੋਏ ਸਨ। ਸਟੇਜ ਸੈਕਟਰੀ ਸ਼੍ਰੀ ਬਲਜੀਤ ਸਿੰਘ ਨੇ ਪ੍ਰਬੰਧਕ ਕਮੇਟੀ ਵੱਲੋ ਆਈਆਂ ਸੰਗਤਾਂ ਅਤੇ ਸੇਵਾਦਾਰਾਂ ਦਾ ਧੰਨਵਾਦ ਕੀਤਾ ਗਿਆ। ਗੁਰੂਘਰ ਦੇ PRO (ਪਬਲਿਕ ਰਿਲੇਸ਼ਨ ਆਫ਼ਿਸਰ) ਸ਼੍ਰੀ ਰਾਜ ਸੂਦ ਵਲੋ ਗੁਰੂ ਸਾਹਿਬ ਦੇ ਇਤਹਾਸ ਤੇ ਵਿਚਾਰਾਂ ਕੀਤੀਆ ਗਈਆਂ।

## ਕੁਰਬਾਨੀਆਂ ਅਤੇ ਜੰਗ ਦੇ ਮੈਦਾਨ ਵਿੱਚ

# ਯੁਕਰੇਨ ਦੀਆਂ ਸ਼ੇਰਨੀਆਂ ਜਿਹੜੀਆਂ ਰਸ਼ੀਅਨ ਤਾਨਾਸ਼ਾਹ ਖਿਲਾਫ ਆਪਣੇ ਦੇਸ਼ ਤੇ ਆਪਣੇ ਲੋਕਾਂ ਲਈ ਆਖਰੀ ਸਾਹ ਤੱਕ ਲੜ ਰਹੀਆਂ

## ਯੁਕਰੇਨ ਦੀਆਂ ਸ਼ੇਰਨੀਆਂ: ਰਸ਼ੀਅਨ ਤਾਨਾਸ਼ਾਹ ਦੇ ਖਿਲਾਫ ਡਟੀਆਂ 'ਫੌਲਾਦੀ ਧੀਆਂ'



**ਸਤਨਾਮ ਸਿੰਘ ਖਾਲਸਾ**

ਜਦੋਂ 2022 ਵਿੱਚ ਰੂਸ ਨੇ ਯੁਕਰੇਨ 'ਤੇ ਹਮਲਾ ਕੀਤਾ, ਤਾਂ ਦੁਨੀਆ ਨੇ ਸੋਚਿਆ ਸੀ ਕਿ ਇਹ ਛੋਟਾ ਜਿਹਾ ਦੇਸ਼ ਕੁਝ ਦਿਨਾਂ ਵਿੱਚ ਹੀ ਗੋਡੇ ਟੇਕ ਦੇਵੇਗਾ। ਪਰ ਦੁਨੀਆ ਇਹ ਭੁੱਲ ਗਈ ਸੀ ਕਿ ਜਿਸ ਦੇਸ਼ ਦੀਆਂ ਔਰਤਾਂ ਆਪਣੇ ਹੱਥਾਂ ਵਿੱਚ ਚੂੜੀਆਂ ਦੀ ਥਾਂ ਬੰਦੂਕਾਂ ਫੜ ਲੈਣ, ਉਸ ਦੇਸ਼ ਨੂੰ ਹਰਾਉਣਾ ਨਾਮੁਮਕਿਨ ਹੁੰਦਾ ਹੈ। ਅੱਜ ਯੁਕਰੇਨ ਦੀ ਫੌਜ ਵਿੱਚ 70,000 ਤੋਂ ਵੱਧ ਔਰਤਾਂ ਸੇਵਾ ਨਿਭਾ ਰਹੀਆਂ ਹਨ, ਜਿਨ੍ਹਾਂ ਵਿੱਚੋਂ 5,000 ਤੋਂ ਵੱਧ ਸਿੱਧੇ ਜੰਗ ਦੇ ਮੈਦਾਨ (Frontline) 'ਤੇ ਰੂਸੀ ਫੌਜ ਨਾਲ ਲੋਹਾ ਲੈ ਰਹੀਆਂ ਹਨ। ਇਹ ਕਹਾਣੀ ਉਨ੍ਹਾਂ 'ਸ਼ੇਰਨੀਆਂ' ਦੀ ਹੈ ਜਿਨ੍ਹਾਂ ਨੇ ਆਪਣੇ ਪਰਿਵਾਰ, ਬੱਚੇ ਅਤੇ ਘਰ ਛੱਡ ਕੇ ਦੇਸ਼ ਲਈ 'ਕਰੋ ਜਾਂ ਮਰੋ' ਦਾ ਰਾਹ ਚੁਣਿਆ ਹੈ।

1. ਰਸੋਈ ਤੋਂ ਰਣਭੂਮੀ ਤੱਕ: ਓਲੇਨਾ ਇਵਾਨੈਂਕੋ (ਕੋਡ ਨਾਮ: ਰਿਜ਼)

42 ਸਾਲਾ ਓਲੇਨਾ ਇਵਾਨੈਂਕੋ, ਜਿਸਨੂੰ ਉਸਦੇ ਸਾਥੀ 'ਰਿਜ਼' (Ryzh) ਕਹਿ ਕੇ ਬੁਲਾਉਂਦੇ ਹਨ, ਜੰਗ ਤੋਂ ਪਹਿਲਾਂ ਇੱਕ ਰੈਸਟੋਰੈਂਟ ਚਲਾਉਂਦੀ ਸੀ। ਪਰ ਜਦੋਂ ਜੰਗ ਸ਼ੁਰੂ ਹੋਈ, ਉਸਨੇ ਆਪਣਾ ਐਪਰਨ ਲਾਹ ਕੇ ਫੌਜੀ ਵਰਦੀ ਪਾ ਲਈ। ਅੱਜ ਉਹ 47ਵੀਂ ਬ੍ਰਿਗੇਡ ਵਿੱਚ ਇੱਕ ਲੜਾਕੂ ਮੈਡਿਕ (Combat Medic) ਵਜੋਂ ਤਾਇਨਾਤ ਹੈ। ਉਸਦਾ ਕੰਮ ਸਿਰਫ ਜ਼ਖਮੀਆਂ ਦੀ ਮਲ੍ਹਮ-ਪੱਟੀ ਕਰਨਾ ਨਹੀਂ, ਬਲਕਿ ਗੋਲੀਆਂ ਦੀ ਬੋਛਾੜ ਵਿੱਚੋਂ ਆਪਣੇ ਜ਼ਖਮੀ ਸਾਥੀਆਂ ਨੂੰ ਖਿੱਚ ਕੇ ਬਾਹਰ ਕੱਢਣਾ ਹੈ। ਓਲੇਨਾ ਕਹਿੰਦੀ ਹੈ, 'ਮੈਂ ਸਿਰਫ ਆਪਣੇ ਲਈ ਨਹੀਂ ਲੜ ਰਹੀ, ਮੈਂ ਇਸ ਲਈ ਲੜ ਰਹੀ ਹਾਂ ਤਾਂ ਜੋ ਮੇਰੇ ਬੱਚਿਆਂ ਨੂੰ ਭਵਿੱਖ ਵਿੱਚ ਬੰਦੂਕ ਨਾ ਚੁੱਕਣੀ ਪਵੇ।'

2. ਯੁਕਰੇਨ ਦੀ 'ਜੋਨ ਆਫ ਆਰਕ': ਇਵਗੇਨੀਆ ਐਮਰਲਡ

ਇਵਗੇਨੀਆ ਐਮਰਲਡ ਜੰਗ ਤੋਂ ਪਹਿਲਾਂ ਹੀਰੇ-ਜਵਾਹਰਾਤ ਦਾ ਕਾਰੋਬਾਰ ਕਰਦੀ ਸੀ, ਪਰ ਅੱਜ ਉਹ ਯੁਕਰੇਨ ਦੀ ਸਭ ਤੋਂ ਖਤਰਨਾਕ ਸਨਾਈਪਰਾਂ (ਨਿਸ਼ਾਨਚੀ) ਵਿੱਚੋਂ ਇੱਕ ਹੈ। ਉਸਨੂੰ 'ਜੋਨ ਆਫ ਆਰਕ' (Joan of Arc) ਕਿਹਾ ਜਾਂਦਾ ਹੈ। ਉਸਨੇ ਗਰਭਵਤੀ ਹੋਣ ਦੇ ਬਾਵਜੂਦ ਜੰਗ ਦੇ ਮੈਦਾਨ ਵਿੱਚ ਡਿਊਟੀ ਦਿੱਤੀ। ਉਸਦਾ ਮੰਨਣਾ ਹੈ ਕਿ ਇੱਕ ਔਰਤ ਹੋਣ ਦੇ ਨਾਤੇ ਉਸਦਾ ਨਿਸ਼ਾਨਾ ਮਰਦਾਂ ਨਾਲੋਂ ਕਿਤੇ ਵੱਧ ਪੱਕਾ ਹੈ ਕਿਉਂਕਿ ਉਹ ਸਿਰਫ ਦੁਸ਼ਮਣ ਨੂੰ ਨਹੀਂ ਮਾਰਦੀ, ਉਹ ਆਪਣੇ ਬੱਚੇ ਦੇ ਭਵਿੱਖ ਦੇ ਕਾਤਲ ਨੂੰ ਖਤਮ ਕਰਦੀ ਹੈ।

3. ਡਰੋਨ ਉਡਾਉਣ ਵਾਲੀ 'ਜ਼ੋਇਟਸ' (Zoits)

ਆਧੁਨਿਕ ਜੰਗ ਵਿੱਚ ਡਰੋਨਾਂ ਦੀ ਬਹੁਤ ਵੱਡੀ ਭੂਮਿਕਾ ਹੈ ਅਤੇ ਇੱਥੇ ਵੀ ਯੁਕਰੇਨ ਦੀਆਂ ਧੀਆਂ ਪਿੱਛੇ ਨਹੀਂ ਹਨ। 'ਜ਼ੋਇਟਸ' ਨਾਮ ਦੀ ਇੱਕ ਨੌਜਵਾਨ ਕੁੜੀ, ਜੋ ਕੱਦ-ਕਾਠ ਵਿੱਚ ਬਹੁਤ ਛੋਟੀ ਹੈ, ਰੂਸੀ ਟੈਂਕਾਂ ਲਈ ਕਾਲ ਬਣ ਚੁੱਕੀ ਹੈ। ਉਹ ਇੱਕ ਹੁਨਰਮੰਦ ਡਰੋਨ ਆਪਰੇਟਰ ਹੈ ਜੋ ਮੀਲਾਂ ਦੂਰ ਬੈਠ ਕੇ ਰੂਸੀ ਟੈਂਕਾਂ ਨੂੰ ਤਬਾਹ ਕਰ ਦਿੰਦੀ ਹੈ। ਉਸਦਾ ਕਹਿਣਾ ਹੈ, 'ਰੂਸ ਸਾਡੀ ਧਰਤੀ 'ਤੇ ਆਇਆ ਹੈ, ਸਾਨੂੰ ਮਾਰਨ ਲਈ। ਇਸ ਤੋਂ ਵੱਡੀ ਹੋਰ ਕਿਹੜੀ ਪ੍ਰੇਰਣਾ ਚਾਹੀਦੀ ਹੈ ਲੜਨ ਲਈ ?'

4. 'ਚਾਰਕੋਲ': ਆਧੁਨਿਕ ਲੇਡੀ ਡੈੱਥ

ਦੂਜੇ ਵਿਸ਼ਵ ਯੁੱਧ ਦੌਰਾਨ ਇੱਕ ਯੁਕਰੇਨੀ ਮਹਿਲਾ ਸਨਾਈਪਰ 'ਲਿਊਡਮਿਲਾ ਪਾਵਲੀਚੇਂਕੋ' ਨੇ 309 ਨਾਜ਼ੀ ਮਾਰੇ ਸਨ ਅਤੇ ਉਸਨੂੰ 'ਲੇਡੀ ਡੈੱਥ' ਕਿਹਾ ਜਾਂਦਾ ਸੀ। ਅੱਜ ਉਸੇ ਰਾਹ 'ਤੇ ਚੱਲ ਰਹੀ ਹੈ ਇੱਕ ਹੋਰ ਅਗਿਆਤ ਮਹਿਲਾ ਸਨਾਈਪਰ, ਜਿਸਦਾ ਕੋਡ ਨਾਮ 'ਚਾਰਕੋਲ' (Charcoal) ਹੈ। ਉਸਨੇ ਆਪਣਾ ਚਿਹਰਾ ਢੱਕ ਕੇ ਰੱਖਿਆ ਹੈ, ਪਰ ਰੂਸੀ ਫੌਜਾਂ ਵਿੱਚ ਉਸਦਾ ਖੌਫ ਹੈ। ਉਸਨੇ ਸਹੁੰ ਖਾਧੀ ਹੈ ਕਿ ਉਹ ਰੂਸੀ ਕਬਜ਼ਾਧਾਰੀਆਂ ਨੂੰ ਉਦੋਂ ਤੱਕ ਚੈਨ ਨਾਲ ਨਹੀਂ ਬੈਠਣ ਦੇਵੇਗੀ ਜਦੋਂ ਤੱਕ ਉਹ ਯੁਕਰੇਨ ਦੀ ਧਰਤੀ ਨਹੀਂ ਛੱਡ ਦਿੰਦੇ।





**ਸਿਰਫ ਸੈਨਿਕ ਹੀ ਨਹੀਂ, ਹਰ ਰੋਲ ਵਿੱਚ ਮੋਹਰੀ**

ਇਹ ਔਰਤਾਂ ਸਿਰਫ ਬੰਦੂਕਾਂ ਹੀ ਨਹੀਂ ਚਲਾ ਰਹੀਆਂ, ਬਲਕਿ ਹਰ ਮੋਰਚੇ 'ਤੇ ਡਟੀਆਂ ਹੋਈਆਂ ਹਨ:

- **ਸਪਲਾਈ ਲਾਈਨ:** ਹਜ਼ਾਰਾਂ ਔਰਤਾਂ ਖਾਣਾ, ਦਵਾਈਆਂ ਅਤੇ ਹਥਿਆਰ ਫਰੰਟ ਲਾਈਨ ਤੱਕ ਪਹੁੰਚਾ ਰਹੀਆਂ ਹਨ।
- **ਜਾਸੂਸੀ ਅਤੇ ਸੂਚਨਾ:** ਕਈ ਆਮ ਔਰਤਾਂ ਰੂਸੀ ਫੌਜ ਦੀਆਂ ਗਤੀਵਿਧੀਆਂ ਦੀ ਜਾਣਕਾਰੀ ਯੁਕਰੇਨੀ ਫੌਜ ਨੂੰ ਦੇ ਰਹੀਆਂ ਹਨ, ਜੋ ਕਿ ਕਿਸੇ ਵੀ ਹਥਿਆਰ ਨਾਲੋਂ ਘੱਟ ਨਹੀਂ।

ਯੁਕਰੇਨ ਦੀਆਂ ਇਹ ਔਰਤਾਂ ਦੁਨੀਆ ਲਈ ਇੱਕ ਮਿਸਾਲ ਹਨ। ਉਹ ਸਾਬਤ ਕਰ ਰਹੀਆਂ ਹਨ ਕਿ ਜਦੋਂ ਗੱਲ ਮਾਤ-ਭੂਮੀ ਦੀ ਆਜ਼ਾਦੀ ਦੀ ਹੋਵੇ, ਤਾਂ ਔਰਤਾਂ ਸਿਰਫ ਹੰਝੂ ਵਹਾਉਣ ਲਈ ਨਹੀਂ ਹੁੰਦੀਆਂ, ਉਹ ਦੁਸ਼ਮਣ ਦੇ ਹੰਝੂ ਕੱਢਣ ਦੀ ਤਾਕਤ ਵੀ ਰੱਖਦੀਆਂ ਹਨ। ਰੂਸੀ ਤਾਨਾਸ਼ਾਹ ਪੁਤਿਨ ਨੇ ਸ਼ਾਇਦ ਫੌਜਾਂ ਦੀ ਗਿਣਤੀ ਕੀਤੀ ਹੋਵੇਗੀ, ਪਰ ਉਹ ਇਨ੍ਹਾਂ 'ਸ਼ੇਰਨੀਆਂ' ਦੇ ਹੌਂਸਲੇ ਨੂੰ ਗਿਣਨਾ ਭੁੱਲ ਗਿਆ, ਜੋ ਆਖਰੀ ਸਾਹ ਤੱਕ ਹਾਰ ਨਹੀਂ ਮੰਨਣਗੀਆਂ।

# ਮੁੱਖ ਮੰਤਰੀ ਉਮਰ ਅਬਦੁੱਲਾ ਸ੍ਰੀਨਗਰ ਵਿੱਚ ਜੇਕੇਐਲਆਈ (JKLI) ਦੀ ਪਾਸਿੰਗ ਆਊਟ ਪਰੇਡ 'ਚ ਹੋਏ ਸ਼ਾਮਲ





ਸ੍ਰੀਨਗਰ : ਜੰਮੂ-ਕਸ਼ਮੀਰ ਦੇ ਮੁੱਖ ਮੰਤਰੀ ਉਮਰ ਅਬਦੁੱਲਾ ਸ੍ਰੀਨਗਰ ਸਥਿਤ ਆਰਮੀ ਬੇਸ ਵਿਖੇ ਪਹੁੰਚੇ। ਇੱਥੇ ਉਨ੍ਹਾਂ ਨੇ ਜੰਮੂ ਕਸ਼ਮੀਰ ਲਾਈਟ ਇਨਫੈਂਟਰੀ ਰੈਜੀਮੈਂਟ (JKLIR) ਦੀ ਪਾਸਿੰਗ ਆਊਟ ਪਰੇਡ ਵਿੱਚ ਹਿੱਸਾ ਲਿਆ। ਇਸ ਮੌਕੇ ਮੁੱਖ ਮੰਤਰੀ ਨੇ ਪਰੇਡ ਤੋਂ ਬਾਅਦ ਰੈਜੀਮੈਂਟ ਵਿੱਚ ਨਵੇਂ ਭਰਤੀ ਹੋਏ ਜਵਾਨਾਂ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਨਾਲ ਗੱਲਬਾਤ ਵੀ ਕੀਤੀ।

# ਰਾਜਨਾਥ ਸਿੰਘ ਅਤੇ ਰੂਸੀ ਰੱਖਿਆ ਮੰਤਰੀ ਆਂਦਰੀ ਬੇਲੋਸੋਵ ਨੇ ਨੈਸ਼ਨਲ ਵਾਰ ਮੈਮੋਰੀਅਲ 'ਤੇ ਸ਼ਰਧਾਂਜਲੀ ਕੀਤੀ ਭੇਟ





**ਨਵੀਂ ਦਿੱਲੀ: ਭਾਰਤ ਦੇ ਰੱਖਿਆ ਮੰਤਰੀ ਰਾਜਨਾਥ ਸਿੰਘ ਅਤੇ ਰੂਸ ਦੇ ਰੱਖਿਆ ਮੰਤਰੀ ਆਂਦਰੀ ਬੇਲੋਸੋਵ ਅੱਜ ਨਵੀਂ ਦਿੱਲੀ ਸਥਿਤ ਨੈਸ਼ਨਲ ਵਾਰ ਮੈਮੋਰੀਅਲ (ਰਾਸ਼ਟਰੀ ਯੁੱਧ ਸਮਾਰਕ) ਵਿਖੇ ਪਹੁੰਚੇ। ਇੱਥੇ ਦੋਵਾਂ ਆਗੂਆਂ ਨੇ ਸ਼ਹੀਦਾਂ ਨੂੰ ਯਾਦ ਕਰਦਿਆਂ ਫੁੱਲ ਮਾਲਾਵਾਂ (ਰੀਥ) ਅਰਪਿਤ ਕੀਤੀਆਂ ਅਤੇ ਉਨ੍ਹਾਂ ਨੂੰ ਸ਼ਰਧਾਂਜਲੀ ਦਿੱਤੀ**

# ਐੱਸ ਜੀ ਪਾਈਪਰਜ਼ ਨੇ ਜਰਮਨਪ੍ਰੀਤ ਤੇ ਨਵਨੀਤ ਨੂੰ ਸੌਂਪੀ ਕਮਾਨ

## ਹਾਕੀ ਇੰਡੀਆ ਲੀਗ ਦੇ ਆਗਾਮੀ ਸੀਜ਼ਨ ਲਈ ਦੋਹਾਂ ਟੀਮਾਂ ਦੇ ਕਪਤਾਨਾਂ ਦਾ ਐਲਾਨ

ਨਵੀਂ ਦਿੱਲੀ : ਹਾਕੀ ਇੰਡੀਆ ਲੀਗ (ਐੱਚ ਆਈ ਐੱਲ) ਦੀ ਫਰੈਂਚਾਇਜ਼ੀ ਐੱਸ ਜੀ ਪਾਈਪਰਜ਼ ਨੇ ਆਗਾਮੀ ਸੀਜ਼ਨ ਲਈ ਆਪਣੀਆਂ ਪੁਰਸ਼ ਅਤੇ ਮਹਿਲਾ ਦੋਹਾਂ ਟੀਮਾਂ ਦੇ ਕਪਤਾਨਾਂ ਦਾ ਐਲਾਨ ਕਰ ਦਿੱਤਾ ਹੈ। ਟੀਮ ਪ੍ਰਬੰਧਕਾਂ ਨੇ ਡਿਫੈਂਡਰ ਜਰਮਨਪ੍ਰੀਤ ਸਿੰਘ ਨੂੰ ਪੁਰਸ਼ ਟੀਮ ਅਤੇ ਫਾਰਵਰਡ ਨਵਨੀਤ ਕੌਰ ਨੂੰ ਮਹਿਲਾ ਟੀਮ ਦਾ ਕਪਤਾਨ ਨਿਯੁਕਤ ਕੀਤਾ ਹੈ। ਇਸ ਤੋਂ ਇਲਾਵਾ ਆਸਟਰੇਲੀਆ ਦਾ ਮਿਡਫੀਲਡਰ ਕਾਏ ਵਿਲੋਟ ਪੁਰਸ਼ ਟੀਮ ਦਾ ਉਪ ਕਪਤਾਨ ਹੋਵੇਗਾ। ਮਹਿਲਾ ਟੀਮ ਵਿੱਚ ਵੀ ਆਸਟਰੇਲੀਆ ਦੀ ਹੀ ਕੈਟਲਿਨ ਨੋਬਸ ਨੂੰ ਉਪ ਕਪਤਾਨ ਬਣਾਇਆ ਗਿਆ ਹੈ।

ਪਿਛਲੇ ਸੀਜ਼ਨ ਦੌਰਾਨ ਜਰਮਨਪ੍ਰੀਤ ਐੱਸ ਜੀ ਪਾਈਪਰਜ਼ ਦੇ ਬਿਹਤਰੀਨ ਖਿਡਾਰੀਆਂ 'ਚੋਂ ਇੱਕ ਵਜੋਂ ਉਭਰਿਆ ਸੀ। ਭਾਰਤ ਦੀ ਏਸ਼ੀਆ ਕੱਪ 2025 ਜਿੱਤ ਵਿੱਚ ਸ਼ਾਨਦਾਰ ਯੋਗਦਾਨ ਨੇ ਉਸ ਦੀ ਅਗਵਾਈ ਕਰਨ ਦੀ ਸਮਰੱਥਾ ਨੂੰ ਸਾਬਤ ਕੀਤਾ ਹੈ। ਦੂਜੇ ਪਾਸੇ, ਵਿਲੋਟ ਨੇ ਪਿਛਲੇ ਸੀਜ਼ਨ ਵਿੱਚ ਆਪਣੀ ਖੇਡ ਨਾਲ ਪ੍ਰਭਾਵਿਤ ਕੀਤਾ ਸੀ। ਉਹ ਐਤਵਾਰ ਨੂੰ ਹਾਕੀ ਕਲੱਬ ਮੈਲਬਰਨ ਦੀ



'ਹਾਕੀ ਵਨ' ਖਿਤਾਬੀ ਜਿੱਤ ਵਿੱਚ ਅਹਿਮ ਭੂਮਿਕਾ ਨਿਭਾ ਕੇ ਲੀਗ ਵਿੱਚ ਪਰਤ ਰਿਹਾ ਹੈ।

ਮਹਿਲਾ ਵਰਗ 'ਚ ਨਵਨੀਤ ਕੌਰ ਇੱਕ ਵਾਰ ਫਿਰ ਕਪਤਾਨ ਵਜੋਂ ਵਾਪਸੀ ਕਰ ਰਹੀ ਹੈ। ਉਸ ਨੇ ਪਿਛਲੇ ਸਮੇਂ ਦੌਰਾਨ ਭਾਰਤੀ ਟੀਮ ਲਈ ਫ਼ੈਸਲਾਕੁਨ ਗੋਲ ਕਰ ਕੇ ਨਾਮਣਾ ਖੱਟਿਆ ਹੈ। ਕੈਟਲਿਨ ਉਸ ਦਾ ਸਾਥ ਦੇਵੇਗੀ, ਜਿਸ ਦਾ ਕੌਮਾਂਤਰੀ ਪੱਧਰ 'ਤੇ ਤਜਰਬਾ ਅਤੇ ਰੱਖਿਆਤਮਕ ਸੂਝ ਟੀਮ ਨੂੰ ਸੰਤੁਲਨ ਦੇਵੇਗੀ।

# ਬੁੱਢੇ ਵਾਰੇ ਇਸ਼ਕ ਦੀ ਮਾਰੀ, ਲਾ ਕੇ ਯਾਰੀ ਭੱਜੀ ਪਾਕਿਸਤਾਨ ਨੂੰ

## 'ਧਰਮ ਦੀ ਆੜ ਹੇਠ ਪਾਕਿਸਤਾਨ ਜਾ ਕੇ ਨਿਕਾਹ ਕਰਵਾਉਣ ਵਾਲੀ ਸਰਬਜੀਤ ਕੌਰ ਕਸੂਤੀ ਫਸੀ; ਲਾਹੌਰ ਹਾਈਕੋਰਟ 'ਚ ਸਖ਼ਤ ਕਾਰਵਾਈ ਲਈ ਪਟੀਸ਼ਨ ਦਾਇਰ।'

ਲਾਹੌਰ/ਕੈਲੀਫੋਰਨੀਆ, (ਸਾਡੇ ਲੋਕ ਬਿਊਰੋ) ਭਾਰਤ ਤੋਂ ਸ਼ਰਧਾਲੂ ਬਣ ਕੇ ਪਾਕਿਸਤਾਨ ਗਈ ਇੱਕ ਸਿੱਖ ਔਰਤ ਵੱਲੋਂ ਉੱਥੇ ਜਾ ਕੇ ਧਰਮ ਬਦਲਣ ਅਤੇ ਨਿਕਾਹ ਕਰਵਾਉਣ ਦੇ ਮਾਮਲੇ ਨੇ ਨਵਾਂ ਵਿਵਾਦ ਛੇੜ ਦਿੱਤਾ ਹੈ। ਪੰਜਾਬ (ਭਾਰਤ) ਦੇ ਮੁਕਤਸਰ ਜ਼ਿਲ੍ਹੇ ਦੀ ਰਹਿਣ ਵਾਲੀ ਸਰਬਜੀਤ ਕੌਰ, ਜੋ ਧਾਰਮਿਕ ਵੀਜ਼ੇ 'ਤੇ ਪਾਕਿਸਤਾਨ ਗਈ ਸੀ, ਹੁਣ ਕਾਨੂੰਨੀ ਸ਼ਿਕੰਜੇ ਵਿੱਚ ਫਸ ਗਈ ਹੈ। ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਂਦਿਆਂ ਨਨਕਾਣਾ ਸਾਹਿਬ ਦੇ ਪ੍ਰਮੁੱਖ ਸਿੱਖ ਆਗੂ ਅਤੇ ਸਾਬਕਾ ਮੈਂਬਰ ਪੰਜਾਬ ਅਸੈਂਬਲੀ (ਪਾਕਿਸਤਾਨ), ਸਰਦਾਰ ਮਹਿੰਦਰ ਪਾਲ ਸਿੰਘ ਨੇ ਲਾਹੌਰ ਹਾਈਕੋਰਟ ਵਿੱਚ ਇੱਕ ਜਨਹਿਤ ਪਟੀਸ਼ਨ (PIL) ਦਾਇਰ ਕੀਤੀ ਹੈ।

ਕੀ ਹੈ ਪੂਰਾ ਮਾਮਲਾ? ਪਟੀਸ਼ਨ ਮੁਤਾਬਕ, ਸਰਬਜੀਤ ਕੌਰ 4 ਨਵੰਬਰ 2025 ਨੂੰ 10 ਦਿਨਾਂ ਦੇ ਧਾਰਮਿਕ ਵੀਜ਼ੇ 'ਤੇ ਪਾਕਿਸਤਾਨ ਪਹੁੰਚੀ ਸੀ। ਉਸਦੇ ਵੀਜ਼ੇ ਦੀ ਮਿਆਦ 13 ਨਵੰਬਰ ਨੂੰ ਖ਼ਤਮ ਹੋ ਚੁੱਕੀ ਹੈ। ਨਿਯਮਾਂ ਅਨੁਸਾਰ, ਉਸਨੂੰ ਸਿਰਫ਼ ਨਨਕਾਣਾ ਸਾਹਿਬ ਅਤੇ ਕਰਤਾਰਪੁਰ ਸਾਹਿਬ ਵਰਗੇ ਧਾਰਮਿਕ ਸਥਾਨਾਂ 'ਤੇ ਜਾਣ ਦੀ ਇਜਾਜ਼ਤ ਸੀ, ਪਰ ਉਸਨੇ ਵੀਜ਼ਾ ਸ਼ਰਤਾਂ ਦੀ ਉਲੰਘਣਾ ਕੀਤੀ ਅਤੇ ਵਾਪਸ ਭਾਰਤ ਪਰਤਣ ਦੀ ਬਜਾਏ ਉੱਥੇ ਹੀ ਗੈਰ-ਕਾਨੂੰਨੀ ਢੰਗ ਨਾਲ ਰਹਿ ਰਹੀ ਹੈ।

ਭਾਰਤ ਵਿੱਚ ਧੋਖਾਧੜੀ ਦੇ ਕੇਸ ਦਰਜ ਹਾਈਕੋਰਟ ਵਿੱਚ ਦਾਇਰ ਅਰਜ਼ੀ ਵਿੱਚ ਇਹ ਵੱਡਾ ਖੁਲਾਸਾ ਕੀਤਾ ਗਿਆ ਹੈ ਕਿ ਸਰਬਜੀਤ



ਕੌਰ ਦਾ ਪਿਛੋਕੜ ਸ਼ੱਕੀ ਹੈ। ਦਾਅਵਾ ਕੀਤਾ ਗਿਆ ਹੈ ਕਿ ਉਸ 'ਤੇ ਭਾਰਤ ਦੇ ਬਠਿੰਡਾ ਅਤੇ ਕਪੂਰਥਲਾ ਸ਼ਹਿਰਾਂ ਵਿੱਚ ਪਹਿਲਾਂ ਹੀ ਧੋਖਾਧੜੀ ਅਤੇ ਫ਼ਰੇਬ ਦੇ ਗੰਭੀਰ ਮਾਮਲੇ ਦਰਜ ਹਨ। ਪਟੀਸ਼ਨਰ ਦਾ ਕਹਿਣਾ ਹੈ ਕਿ ਅਜਿਹੇ ਅਪਰਾਧਿਕ ਪਿਛੋਕੜ ਵਾਲੀ ਔਰਤ ਦਾ ਬਿਨਾਂ ਸਖ਼ਤ ਜਾਂਚ ਦੇ ਪਾਕਿਸਤਾਨ ਪਹੁੰਚਣਾ ਅਤੇ ਖੁੱਲ੍ਹੇਆਮ ਘੁੰਮਣਾ ਦੋਵਾਂ ਦੇਸ਼ਾਂ ਲਈ ਸੁਰੱਖਿਆ ਦਾ ਖਤਰਾ ਹੈ।

ਸਿੱਖ ਆਗੂਆਂ ਨੇ ਜਤਾਈ ਚਿੰਤਾ ਐਡਵੋਕੇਟ ਅਲੀ ਚੰਗੇਜ਼ੀ ਸੰਧੂ ਰਾਹੀਂ ਦਾਇਰ ਇਸ ਪਟੀਸ਼ਨ ਵਿੱਚ ਫੈਡਰਲ ਸਰਕਾਰ ਅਤੇ ਐੱਫ.ਆਈ.ਏ. (691) ਨੂੰ ਜਵਾਬਦੇਹ ਬਣਾਇਆ ਗਿਆ ਹੈ। ਮਹਿੰਦਰ ਪਾਲ ਸਿੰਘ ਨੇ ਅਦਾਲਤ ਵਿੱਚ ਕਿਹਾ ਕਿ ÷ਪਿਲਗ੍ਰਿਮੇਜ਼ ਵੀਜ਼ਾ÷ (ਯਾਤਰਾ ਵੀਜ਼ਾ) 'ਤੇ ਆਉਣ ਵਾਲਾ ਕੋਈ ਵੀ ਵਿਅਕਤੀ ਨਿਕਾਹ ਜਾਂ ਧਰਮ ਤਬਦੀਲੀ ਕਰਕੇ ਪੱਕੇ ਤੌਰ 'ਤੇ ਉੱਥੇ ਨਹੀਂ ਰਹਿ ਸਕਦਾ। ਉਨ੍ਹਾਂ ਮੰਗ ਕੀਤੀ ਕਿ:

1. ਸਰਬਜੀਤ ਕੌਰ ਨੂੰ ਤੁਰੰਤ 'ਗੈਰ-ਕਾਨੂੰਨੀ ਵਿਦੇਸ਼ੀ' ਐਲਾਨ ਕੇ ਡਿਪੋਰਟ (ਵਾਪਸ ਭੇਜਿਆ) ਕੀਤਾ ਜਾਵੇ।
2. ਇਸ ਗੱਲ ਦੀ ਜਾਂਚ ਹੋਵੇ ਕਿ ਬਿਨਾਂ ਬੈਕਗ੍ਰਾਉਂਡ ਚੈੱਕ ਕੀਤੇ ਉਸਨੂੰ ਵੀਜ਼ਾ ਕਿਵੇਂ ਮਿਲਿਆ।
3. ਅਜਿਹੀਆਂ ਘਟਨਾਵਾਂ ਨਾਲ ਕਰਤਾਰਪੁਰ ਲਾਂਘੇ ਅਤੇ ਸਿੱਖ ਯਾਤਰਾਵਾਂ ਦੇ ਭਰੋਸੇ ਨੂੰ ਠੇਸ ਪਹੁੰਚਦੀ ਹੈ, ਇਸ ਲਈ ਸਖ਼ਤ ਨਿਯਮ ਬਣਾਏ ਜਾਣ।

ਇਹ ਖਦਸ਼ਾ ਵੀ ਜਤਾਇਆ ਗਿਆ ਹੈ ਕਿ ਉਕਤ ਔਰਤ ਕਿਸੇ ਦਬਾਅ ਜਾਂ ਗੈਰ-ਕਾਨੂੰਨੀ ਹਿਰਾਸਤ ਦਾ ਸ਼ਿਕਾਰ ਵੀ ਹੋ ਸਕਦੀ ਹੈ। ਅਦਾਲਤ ਜਲਦ ਹੀ ਇਸ ਮਾਮਲੇ 'ਤੇ ਸੁਣਵਾਈ ਕਰੇਗੀ।

### 10 ਦਸੰਬਰ : ਮਨੁੱਖੀ ਹੱਕਾਂ ਦੇ 77ਵੇਂ ਵਰ੍ਹੇ 'ਤੇ ਵਿਸ਼ੇਸ਼

# ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ




ਇਤਿਹਾਸਿਕ ਤੌਰ 'ਤੇ ਮਨੁੱਖੀ ਹੱਕਾਂ ਦੇ ਪ੍ਰਸੰਗ ਨੂੰ ਵਾਚਣਾ ਜ਼ਰੂਰੀ ਹੈ। ਦੂਜੀ ਵਿਸ਼ਵ ਜੰਗ (1939 ਤੋਂ 1945) ਵਿੱਚ ਲੱਖਾਂ ਦੀ ਗਿਣਤੀ ਵਿੱਚ ਮੌਤਾਂ ਹੋਈਆਂ ਸਨ। ਯਹੂਦੀਆਂ ਦੀ ਵੱਡੀ ਪੱਧਰ 'ਤੇ ਨਸਲਕੁਸ਼ੀ ਹੋਈ ਸੀ। ਜਰਮਨ ਦੇ ਤਾਨਾਸ਼ਾਹ ਅਡੋਲਫ ਹਿਟਲਰ ਨੇ ਲੱਖਾਂ ਹੀ ਲੋਕਾਂ ਨੂੰ ਅਣ-ਮਨੁੱਖੀ ਤਸੀਹੇ ਦੇ ਕੇ ਉਨ੍ਹਾਂ ਨੂੰ ਜਿਉਣ ਦੇ ਅਧਿਕਾਰ ਤੋਂ ਵਾਂਝੇ ਕਰ ਦਿੱਤਾ ਸੀ। ਦੂਜੇ ਸੰਸਾਰ ਜੰਗ ਵਿੱਚ ਹੋਏ ਭਿਆਨਕ ਮਨੁੱਖੀ ਕਤਲੇਆਮ ਅਤੇ ਤਬਾਹੀ ਨੂੰ ਵੇਖਦੇ ਹੋਏ ਤੇ ਤੀਜੇ ਸੰਸਾਰ ਜੰਗ ਦੇ ਖੌਫ ਨਾਲ ਖਦਸ਼ਿਆਂ ਨੂੰ ਰੱਦ ਕਰਨ ਲਈ ਸੰਨ 1945 ਵਿੱਚ, ਸੰਯੁਕਤ ਰਾਸ਼ਟਰ ਸੰਘ ਦੀ ਸਥਾਪਨਾ ਕੀਤੀ ਗਈ ਸੀ, ਜਿਸ ਦਾ ਉਦੇਸ਼ ਕੌਮਾਂਤਰੀ ਪੱਧਰ ਤੇ ਸ਼ਾਂਤੀ, ਸੁਰੱਖਿਆ ਤੇ ਸਥਿਰਤਾ ਦਾ ਮਾਹੌਲ ਕਾਇਮ ਕਰਨਾ, ਸਭਿਆਚਾਰਕ ਤੇ ਆਰਥਿਕ ਸਾਂਝ ਕਾਇਮ ਕਰਨਾ ਅਤੇ ਵੱਖ-ਵੱਖ ਰਾਸ਼ਟਰਾਂ ਦਰਮਿਆਨ ਮੇਲ-ਜੋਲ ਦੀ ਸਥਾਪਨਾ ਕਰਨਾ ਨਿਰਧਾਰਤ ਕੀਤਾ ਗਿਆ।
10 ਦਸੰਬਰ 1948 ਨੂੰ ਮਨੁੱਖੀ ਅਧਿਕਾਰਾਂ ਦੇ ਆਲਮੀ ਐਲਾਨਨਾਮੇ (ਯੂਨੀਵਰਸਲ ਡਿਕਲੇਰੇਸ਼ਨ ਆਫ ਹਿਊਮਨ ਰਾਈਟਸ) ਨੂੰ ਸੰਯੁਕਤ ਰਾਸ਼ਟਰ ਸੰਘ ਦੇ 58 ਮੈਂਬਰ ਦੇਸ਼ਾਂ ਨੇ, ਸਿਧਾਂਤਕ ਰੂਪ ਵਿੱਚ ਅਪਣਾਇਆ।
ਵਿਸ਼ਵ ਸ਼ਾਂਤੀ ਦੇ ਨਾਲ-ਨਾਲ ਮਨੁੱਖੀ ਸੁਤੰਤਰਤਾ ਦੀ ਅਹਿਮੀਅਤ ਦੇ ਮੱਦੇ ਨਜ਼ਰ 10 ਦਸੰਬਰ ਨੂੰ ਮਾਨਵੀ ਹੱਕਾਂ ਦੀ ਘੋਸ਼ਣਾ ਕੀਤੀ ਗਈ, ਜਿਸ ਦੇ ਅੰਤਰਗਤ ਜੀਵਨ, ਸੁਤੰਤਰਤਾ, ਸੁਰੱਖਿਆ, ਕਾਨੂੰਨੀ ਸਮਾਨਤਾ, ਸੰਪਤੀ, ਵਿਦਿਆ ਪ੍ਰਾਪਤੀ, ਧਾਰਮਿਕ ਆਜ਼ਾਦੀ ਅਤੇ ਨਿਆਂ ਪ੍ਰਾਪਤੀ ਆਦਿ ਦੇ ਅਧਿਕਾਰ ਸ਼ਾਮਿਲ ਹਨ। ਮਨੁੱਖੀ ਅਧਿਕਾਰਾਂ ਦੇ ਐਲਾਨਨਾਮੇ ਦੀਆਂ ਕੁੱਲ 30 ਧਾਰਾਵਾਂ ਹਨ ਜੋ ਅੰਤਰਰਾਸ਼ਟਰੀ ਮਨੁੱਖੀ ਅਧਿਕਾਰਾਂ ਦੇ ਕਾਨੂੰਨ ਦਾ ਅਹਿਮ ਅੰਗ ਹਨ। 4 ਦਸੰਬਰ, 1950 ਨੂੰ ਸੰਯੁਕਤ ਰਾਸ਼ਟਰ ਜਨਰਲ ਦੀ 317ਵੀਂ ਅਸੈਂਬਲੀ ਵਿੱਚ ਮਤਾ ਨੰਬਰ 423 (5) ਪਾਸ ਕੀਤਾ ਗਿਆ ਅਤੇ ਉਸ ਤੋਂ ਬਾਦ ਹਰ ਸਾਲ 10 ਦਸੰਬਰ ਦਾ ਦਿਨ ਮਨੁਖੀ ਅਧਿਕਾਰ ਦਿਵਸ ਦੇ ਰੂਪ ਵਿੱਚ ਮਨਾਇਆ ਜਾਂਦਾ ਹੈ। ਮਨੁੱਖੀ ਅਧਿਕਾਰ ਤੋਂ ਭਾਵ ਹੈ ਕਿ 'ਸਾਫ-ਸੁਥਰੀ ਤੇ ਸੁਰੱਖਿਅਤ ਜੀਵਨ-ਸ਼ੈਲੀ ਵਾਸਤੇ ਸਾਰੇ ਮਨੁੱਖਾਂ ਨੂੰ ਸਮਾਨ ਰੂਪ ਵਿੱਚ ਸਹੂਲਤਾਂ ਹਾਸਿਲ ਹੋਣ।'' ਇਸ ਤੋਂ ਘੱਟ ਪ੍ਰਾਪਤੀ ਵਿਦਰੋਹ ਦੀ ਜਨਮਦਾਤੀ ਹੈ ਤੇ ਇਸ ਤੋਂ ਵੱਧ ਹੱਕ ਮਾਨਣਾ, ਅਧਿਕਾਰਾਂ ਦੇ ਨਾਂ ਤੇ ਦੂਜਿਆਂ ਦਾ 'ਸ਼ੋਸ਼ਣ' ਹੁੰਦਾ ਹੈ।
ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਤਹਿਜ਼ੀਬ ਦੇ ਹਜ਼ਾਰਾਂ ਸਾਲਾਂ ਦਾ ਸਫ਼ਰ ਤੈਅ ਕਰਨ ਦੇ ਦਾਅਵੇ ਕਰਨ ਮਗਰੋਂ ਵੀ ਮਨੁੱਖ 'ਜੀਓ ਤੇ ਜਿਓਣ ਦਿਓ' ਦੇ ਸਿਧਾਂਤ ਦਾ ਧਾਰਨੀ ਨਹੀਂ ਹੋ ਸਕਿਆ। ਆਪਣੇ ਤੋਂ ਕਮਜ਼ੋਰ ਨੂੰ ਲੁੱਟਣ ਦੀ ਭਿਆਨਕ ਬਿਰਤੀ ਨੇ ਉਸਨੂੰ ਸ਼ੈਤਾਨਾਂ ਦੀ ਕਤਾਰ ਵਿੱਚ ਲਿਆ ਖੜ੍ਹਾ ਕੀਤਾ ਹੈ। ਸਿੱਖੀ ਦੇ ਦ੍ਰਿਸ਼ਟੀਕੋਣ ਤੋਂ ਗੁਰੂ ਨਾਨਕ ਸਾਹਿਬ ਦੀ ਵਿਚਾਰਧਾਰਾ ਦੀ ਤਰਜ਼ 'ਤੇ ਜੇਕਰ 'ਪਰਾਇਆ ਹੱਕ', ਖੋਹਣ ਵਾਲਿਆਂ ਲਈ ਗਾਂ ਤੇ ਸੂਰ ਦਾ ਮਾਸ ਖਾਣ ਦੀ ਪਰਖ ਕੀਤੀ ਜਾਵੇ, ਤਾਂ ਅੱਜ ਮਨੁੱਖਾਂ ਦੀ ਵੱਡੀ ਗਿਣਤੀ ਵਿੱਚ ਅਜਿਹੀ ਸੋਚ ਹੀ ਨਜ਼ਰ ਆਉਂਦੀ ਹੈ। ਗੁਰਬਾਣੀ ਮਨੁੱਖ ਨੂੰ ਪੀੜਿਤ ਅਤੇ ਕਮਜ਼ੋਰ ਵਰਗ ਨਾਲ ਖੜਨ ਦੀ ਪ੍ਰੇਰਨਾ ਦਿੰਦੀ ਹੈ ਅਤੇ ਜਾਲਮ ਵਿਰੁੱਧ ਡਟਣ ਲਈ ਹਲੂਣਾ ਦਿੰਦੀ ਹੈ। ਦੂਜੇ ਪਾਸੇ ਦੋ ਵਿਸ਼ਵ ਯੁੱਧਾਂ ਦਾ ਕਾਰਨ ਬਣੀ ਵਿਚਾਰਧਾਰਾ 'ਤਾਕਤਵਰ ਨੂੰ ਹੀ ਜਿਓਣ ਦਾ ਹੱਕ ਹੈ' ਕਾਰਨ ਹੋ ਚੁੱਕੀ ਤਬਾਹੀ ਤੋਂ ਸਬਕ ਨਾ ਸਿਖਦਿਆਂ, ਅਜਿਹੀ ਸੋਚ ਨੂੰ ਤਿਆਗਣ ਦੀ ਬਜਾਇ ਮਨੁੱਖ ਨੇ ਵਧੇਰੇ ਅਪਣਾਉਣਾ ਸ਼ੁਰੂ ਕਰ ਦਿੱਤਾ ਹੈ। ਯੂ.ਐਨ.ਓ. ਦੇ ਘੋਸ਼ਣਾ ਪੱਤਰ 'ਚ ਸ਼ਾਮਿਲ ਜੀਵਨ, ਸੁਤੰਤਰਤਾ, ਸੁਰੱਖਿਆ, ਕਾਨੂੰਨੀ ਸਮਾਨਤਾ, ਵਿਦਿਆ ਪ੍ਰਾਪਤੀ ਤੇ ਧਾਰਮਿਕ ਆਜ਼ਾਦੀ ਵਰਗੇ ਕੌਮਾਂਤਰੀ ਮਾਨਵੀ ਅਧਿਕਾਰ 'ਮਹਿਜ਼ ਘੋਸ਼ਣਾ' ਹੀ ਬਣ ਕੇ ਰਹਿ ਗਏ ਹਨ। ਦਸ਼ਾ ਇਹ ਹੈ ਕਿ ਤਕੜਾ ਮੁਲਕ ਮਾੜੇ ਮੁਲਕ ਤੋਂ ਅਤੇ ਤਾਕਤਵਰ ਮਨੁੱਖ ਕਮਜ਼ੋਰ ਮਨੁੱਖ ਤੋਂ ਹੱਕ ਖੋਹ ਕੇ, 'ਵਿਸ਼ਵ ਸ਼ਕਤੀ' ਬਣਨ ਦੀ ਕੋਝੀ ਸਾਜਿਸ਼ ਵਿੱਚ ਗ੍ਰਸਿਆ ਹੋਇਆ ਹੈ।
ਅੱਜ ਦੇ ਸਮੇਂ ਦੀ ਗੱਲ ਕਰੀਏ ਤਾਂ ਬਿਲਕੁਲ ਸਿੱਧਾ, ਸਪੱਸ਼ਟ ਤੇ ਵਿਹਾਰਕ ਉਤਰ ਇਹ ਹੈ ਕਿ ਅਨਿਆਂ ਦੀ ਦੁਖਾਂਤਕ ਕਹਾਣੀ ਦਾ ਅੰਤ ਉਦੋਂ ਤੱਕ ਨਹੀਂ ਹੋਵੇਗਾ, ਜਦ ਤੱਕ ਕੁਰਸੀਦਾਰਾਂ ਨੂੰ ਆਪਣੇ ਹੱਡਾਂ 'ਤੇ ਬੇਦੋਸ਼ਿਆਂ ਦੀ ਤਰ੍ਹਾਂ ਸਿਤਮ ਝੱਲਣੇ ਨਹੀਂ ਪੈਂਦੇ। ਜਿੰਨਾਂ ਚਿਰ ਸ਼ਾਸਕ ਖੁਦ ਤਸ਼ੱਦਦ ਦਾ ਸ਼ਿਕਾਰ ਨਹੀਂ ਹੁੰਦਾ, ਉਨ੍ਹਾਂ ਚਿਰ ਉਹ ਕੀ ਜਾਣੇ ਕਿ ਵਧੀਕੀ ਤੇ ਬੇਇਨਸਾਫ਼ੀ ਕੀ ਹੁੰਦੀ ਹੈ। ਇਸ ਸੰਦਰਭ ਵਿੱਚ 6ਵੀਂ ਸਦੀ 'ਚ ਬਣੇ ਮਿਸਰ ਬਾਦਸ਼ਾਹ ਨੌਸ਼ਰਵਾ ਦੀ ਘਟਨਾ ਜ਼ਿਕਰਯੋਗ ਹੈ। ਛੋਟੀ ਉਮਰ 'ਚ ਜਦ ਉਹ ਉਸਤਾਦ ਕੋਲ ਪੜ੍ਹਨ ਵਾਸਤੇ ਜਾਂਦਾ ਸੀ, ਤਾਂ ਇਕ ਦਿਨ ਵਾਪਰੀ ਘਟਨਾ ਨੇ ਉਸਦੇ ਮਨ ਅੰਦਰ ਬੜਾ ਰੋਸ ਪੈਦਾ ਕਰ ਦਿੱਤਾ। ਹੋਇਆ ਇਉਂ ਕਿ ਉਸਤਾਦ ਨੇ ਉਸ ਨੂੰ ਕੋਲ ਬੁਲਾਇਆ ਤੇ ਬਗੈਰ ਕਿਸੇ ਕਾਰਨ ਹੀ ਮੂੰਹ 'ਤੇ ਚਪੇੜ ਮਾਰ ਦਿੱਤੀ। ਰਾਜਕੁਮਾਰ ਦਾ ਮਨ ਬੜਾ ਦੁਖੀ ਹੋਇਆ ਤੇ ਉਸ ਨੇ ਤੈਅ ਕਰ ਲਿਆ ਕਿ ਜਿਸ ਦਿਨ ਉਹ ਗੱਦੀ ਤੇ ਬੈਠਿਆ,ਤਾਂ ਉਸਤਾਦ ਤੋਂ ਇਸ ਗੁਸਤਾਖ਼ੀ ਦਾ ਜੁਆਬ ਜ਼ਰੂਰ ਮੰਗੇਗਾ। ਜਵਾਨ ਹੋਣ 'ਤੇ ਰਾਜ ਸੱਤਾ ਸੰਭਾਲਣਾ ਮਗਰੋਂ ਬਾਦਸ਼ਾਹ ਨੌਸ਼ਰਵਾ ਨੇ ਦਰਬਾਰ ਵਿੱਚ ਉਸਤਾਦ ਨੂੰ ਪੇਸ਼ ਕਰਨ ਦਾ ਹੁਕਮ ਦਿੱਤਾ। ਰਾਜ ਸਭਾ ਵਿੱਚ ਹਾਜ਼ਰ ਹੋਣ 'ਤੇ ਗੁਰੂ ਨੂੰ ਰਾਜੇ ਨੇ ਕਰੜਾਈ ਨਾਲ ਪੁੱਛਿਆ, "ਉਸਤਾਦ ਜੀ! ਮੈਨੂੰ ਤੁਹਾਡਾ ਥੱਪੜ ਅਜੇ ਤੱਕ ਨਹੀਂ ਭੁੱਲਿਆ। ਜੁਆਬ ਦੇਵੋ ਕਿ ਤੁਸੀ ਮੈਨੂੰ ਬਿਨਾਂ ਗਲਤੀ ਦੇ ਸਜ਼ਾ ਕਿਉਂ ਦਿੱਤੀ?" ਬਾਦਸ਼ਾਹ ਦੀ ਇਹ ਗੱਲ ਸੁਣਦਿਆਂ ਸਾਰ ਉਸਤਾਦ ਦੇ ਚਿਹਰੇ ਤੇ ਜੇਤੂ ਮੁਸਕਾਨ ਖਿੱਲਰ ਗਈ ਤੇ ਫ਼ਖਰ ਨਾਲ ਆਖਣ ਲੱਗਿਆ", ਰਾਜਾ! ਹੁਣ ਮੇਰਾ ਸਬਕ ਪੂਰਾ ਹੋ ਗਿਆ ਹੈ। ਦਰਅਸਲ, ਪੜ੍ਹਦਿਆਂ ਮੈਂ ਤੈਨੂੰ ਕਈ ਵਾਰ ਸਜ਼ਾ ਦਿੱਤੀ , ਪਰ ਉਹ ਤੈਨੂੰ ਚੇਤੇ ਨਹੀਂ, ਪਰ ਉਹ ਚਪੇੜ ਨਹੀਂ ਭੁੱਲੀ, ਜਿਹੜੀ ਬੇਕਸੂਰਿਆਂ ਤੈਨੂੰ ਮਾਰੀ ਗਈ। ਮੇਰਾ ਮਕਸਦ ਹੀ ਇਹੋ ਸੀ ਕਿ ਤੂੰ ਆਪਣੇ ਨਾਲ ਹੋਈ ਇਸ ਜ਼ਿਆਦਤੀ ਨੂੰ ਨਾ ਭੁੱਲੇਂ, ਤਾਂ ਕਿ ਰਾਜਾ ਬਣਨ ਮਗਰੋਂ ਕਿਸੇ ਨਿਰਦੋਸ਼ ਨੂੰ ਸਜ਼ਾ ਨਾ ਦੇਵੇ।"
ਕਾਸ਼! ਅੱਜ ਦੇ ਵਿਵਾਦਤ ਕੌਮਾਂਤਰੀ ਆਗੂਆਂ ਨੇ ਇਕ-ਇਕ ਥੱਪੜ ਖਾਧਾ ਹੁੰਦਾ, ਤਾਂ ਅੱਜ ਕਿਸੇ ਬੇਕਸੂਰ ਨੂੰ ਸਜ਼ਾ ਨਾ ਮਿਲਦੀ, ਕਿਸੇ ਨਾਲ ਅਨਿਆਂ ਨਾ ਹੁੰਦਾ, ਜਿਵੇਂ ਨਿਰਦੋਸ਼ ਬਾਦਸ਼ਾਹ ਦੇ ਵੱਜੀ ਚਪੇੜ ਦਾ ਅਸਰ ਇਹ ਹੋਇਆ ਕਿ ਸਾਰੀ ਉਮਰ ਉਸ ਨੇ ਕਿਸੇ ਨਿਰਦੋਸ਼ ਨਾਲ ਵਧੀਕੀ ਨਹੀਂ ਕੀਤੀ। ਇਥੋਂ ਤੱਕ ਕਿ ਕਿਹਾ ਜਾਂਦਾ ਹੈ ਕਿ ਰਾਜੇ ਨੌਸ਼ਰਵਾ ਨੂੰ ਸ਼ਿਕਾਰ ਦੌਰਾਨ ਮਹੱਲ ਤੋਂ ਦੂਰ ਵਿਚਰਦਿਆਂ, ਇਕ ਵਾਰ ਉਸਨੂੰ ਲੂਣ ਦੀ ਲੋੜ ਪਈ, ਤਾਂ ਰਾਜੇ ਨੇ ਸਿਪਾਹੀ ਨੂੰ ਆਦੇਸ਼ ਦਿੱਤਾ ਕਿ ਨਗਰ ਤੋਂ ਲੂਣ ਲਿਆਉਣਾ ਹੈ, ਪਰ ਮੁਫ਼ਤ ਨਹੀਂ, ਉਸ ਦੀ ਪੂਰੀ ਕੀਮਤ ਦੇਣੀ ਹੈ। 'ਜਿਸ ਦੇਸ਼ ਦਾ ਮੁਖੀ ਬਾਗ ਦਾ ਇਕ ਫੁੱਲ ਤੋੜੇਗਾ, ਉਸ ਦੇ ਮੰਤਰੀ ਸਾਰਾ ਬਗੀਚਾ ਉਜਾੜ ਦੇਣਗੇ।' ਮਾਨਵੀ ਹੱਕਾਂ ਦੀ ਰਾਖੀ ਤੇ ਬੇਗੁਨਾਹਾਂ ਲਈ ਨਿਆਂ ਦੀ ਅਜੋਕੀ ਸਿਆਸੀ ਸਥਿਤੀ ਦੇ ਸੰਦਰਭ ਵਿੱਚ ਇਹ ਵੱਡੀ ਘਾਟ ਨਜ਼ਰ ਆ ਰਹੀ ਹੈ।

ਡਾ. ਗੁਰਵਿੰਦਰ ਸਿੰਘ
604 825 1550



ਕਿਸੇ ਵੀ ਲੋਕਤੰਤਰ ਦੀ ਬੁਨਿਆਦ ਮਨੁੱਖੀ ਅਧਿਕਾਰਾਂ 'ਤੇ ਟਿੱਕੀ ਹੁੰਦੀ ਹੈ, ਪਰ ਮੁੱਢਲੇ ਮਾਨਵੀਂ ਹੱਕਾਂ ਦੀ ਉਲੰਘਣਾ ਕਾਰਨ ਦੁਨੀਆ ਦੇ ਲੋਕਰਾਜਾਂ ਦੀ ਨੀਂਹ ਨਸ਼ਟ ਹੋ ਰਹੀ ਹੈ। ਭਾਰਤ ਦੀ ਗੱਲ ਕਰੀਏ ਤਾਂ ਉਥੋਂ ਦੀਆਂ ਜੇਲਾਂ ਅੰਦਰ ਸਜ਼ਾਵਾਂ ਪੂਰੀਆਂ ਕਰ ਚੁੱਕੇ ਸਿੱਖ ਨੌਜਵਾਨ ਅਤੇ ਹੋਰ ਐਕਟਵਿਸਟ ਜਿਸ ਤਰ੍ਹਾਂ ਸੜ ਰਹੇ ਹਨ, ਇਹ ਇਸ ਦੀ ਮੂੰਹ ਬੋਲਦੀ ਤਸਵੀਰ ਹੈ। ਇਥੋਂ ਤੱਕ ਕਿ ਚੁਣੇ ਹੋਏ ਐਮਪੀ ਨੂੰ ਜੇਲ 'ਚੋਂ ਜ਼ਮਾਨਤ ਦੇਣ ਦਾ ਵਿਰੋਧ ਕਰਕੇ, ਪੰਜਾਬ ਸਰਕਾਰ ਨੇ ਮਨੁੱਖੀ ਹੱਕਾਂ 'ਤੇ ਇੱਕ ਵਾਰ ਫਿਰ ਡਾਕਾ ਮਾਰਿਆ ਹੈ। ਪਿੱਛੋਂਕੜ ਵਿੱਚ ਨਜ਼ਰ ਮਾਰੀਏ ਤਾਂ ਪੰਜਾਬ ਦੀ ਧਰਤੀ 'ਤੇ ਗੈਰ-ਕਾਨੂੰਨੀ ਤਰੀਕੇ ਨਾਲ ਅਗਵਾ ਕੀਤੇ ਹਜ਼ਾਰਾਂ ਸਿੱਖ ਨੌਜਵਾਨਾਂ ਨੂੰ ਪੁਲਿਸ ਹਿਰਾਸਤ ਵਿੱਚ ਝੂਠੇ-ਮੁਕਾਬਲਾ ਬਣਾ ਕੇ ਸ਼ਰੇਆਮ ਕਤਲ ਕਰ ਦੇਣ ਤੋਂ ਵੱਡਾ ਭਿਆਨਕ ਕਤਲੇਆਮ ਹੋਰ ਕੀ ਹੋਵੇਗਾ? ਸਿਤਮਜ਼ਰੀਫੀ ਦੇਖੋ ਕਿ ਆਪਣੇ ਗੁਨਾਹਾਂ 'ਤੇ ਪਰਦਾ ਪਾਉਣ ਲਈ ਉਹਨਾਂ ਲਾਸ਼ਾਂ ਨੂੰ ਵਾਰਸਾਂ ਹਵਾਲੇ ਕਰਨ ਦੀ ਬਜਾਇ, ਲਾਵਾਰਿਸ ਕਹਿ ਕੇ ਇਕੱਠਿਆਂ ਹੀ ਅੱਗ 'ਚ ਸਾੜ ਦਿੱਤਾ ਗਿਆ।
ਅੱਜ ਤੋਂ 30 ਸਾਲ ਪਹਿਲਾਂ, ਜਦ ਮਨੁੱਖੀ ਅਧਿਕਾਰਾਂ ਦੀ ਆਵਾਜ਼ ਬੁਲੰਦ ਕਰਨ ਵਾਲਾ ਯੋਧਾ ਭਾਈ ਜਸਵੰਤ ਸਿੰਘ ਖਾਲਸਾ ਮਾਨਵਤਾ ਦੇ ਕਾਤਲਾਂ ਦੀ ਇਸ ਘਿਣਾਉਣੀ ਚਾਲ ਨੂੰ ਬੇਨਕਾਬ ਕਰਦਾ ਹੈ, ਤਾਂ ਉਸਨੂੰ 6 ਸਤੰਬਰ 1995 ਨੂੰ ਅਗਵਾ ਕਰਨ ਮਗਰੋਂ, ਅਨੇਕਾਂ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ਜਾਂਦਾ ਹੈ। ਉਸ ਮਹਾਨ ਵਿਅਕਤੀ ਦਾ ਦੋਸ਼ ਕੀ ਸੀ? ਸਿਰਫ਼ ਏਨਾ ਕਿ ਉਸ ਨੇ ਮਨੁੱਖੀ ਹੱਕਾਂ ਲਈ ਸੱਚ ਦੀ ਦੁਹਾਈ ਦਿੱਤੀ ਤੇ ਉਸਨੂੰ ਸਰਕਾਰੀ ਝੂਠ ਦਾ ਹਨੇਰਾ ਬਰਦਾਸ਼ਤ ਨਹੀਂ ਕਰ ਸਕਿਆ। ਸ਼ਹੀਦ ਖਾਲੜਾ ਦਾ ਕਥਨ ਗੌਰ ਕਰਨ ਵਾਲਾ ਹੈ ਕਿ ਸਿੱਖ ਨੂੰ ਗੁਰੂ ਸਾਹਿਬ ਨੇ ਦੁਨੀਆ ਦੇ ਮਨੁੱਖੀ ਹੱਕ ਬਚਾਉਣ ਦੀ ਤਾਕਤ ਦਿੱਤੀ ਹੈ, ਪਰ ਜੇਕਰ ਉਹ ਆਪਣੇ ਹੱਕ ਵੀ ਨਾ ਬਚਾ ਸਕਿਆ, ਤਾਂ ਫਿਰ ਦੁਨੀਆਂ ਦੇ ਹੱਕਾਂ ਦੀ ਰਾਖੀ ਕੀ ਕਰੇਗਾ? ਇਸ ਆਵਾਜ਼ ਨੂੰ ਅੱਜ ਮੁੜ ਬੁਲੰਦ ਕਰਨ ਦੀ ਲੋੜ ਹੈ।
ਪ੍ਰਸਿੱਧ ਚਿੰਤਕ ਗੋਲਡ ਸਮਿਥ ਦਾ ਕਥਨ ਹੈ, "ਮਾੜੇ ਤੇ ਗਰੀਬਾਂ ਉਤੇ ਕਨੂੰਨ ਰਾਜ ਕਰਦਾ ਹੈ ਤੇ ਤਕੜੇ ਤੇ ਅਮੀਰ ਕਾਨੂੰਨ 'ਤੇ ਰਾਜ ਕਰਦੇ ਹਨ।" ਭਾਰਤ ਵਿੱਚ 31 ਅਕਤੂਬਰ 1984 ਨੂੰ ਇੰਦਰਾ ਗਾਂਧੀ ਦੀ ਹਤਿਆ ਮਗਰੋਂ ਵਾਪਰੇ ਸਭ ਤੋਂ ਵੱਡੇ ਨਰ- ਸੰਹਾਰ 'ਸਿੱਖ ਨਸਲਕੁਸ਼ੀ' ਦੇ ਰੂਪ ਵਿੱਚ ਮਿਲਦਾ ਹੈ, ਜਦ ਖਾਸ ਫਿਰਕੇ ਦੇ ਲੋਕਾਂ 'ਤੇ ਅਣ-ਮਨੁੱਖੀ ਤਸ਼ੱਦਦ ਕੀਤਾ ਗਿਆ। ਧੀਆਂ -ਭੈਣਾਂ ਦੀ ਅਸਮਤ ਲੁੱਟੀ ਗਈ, ਹਜ਼ਾਰਾਂ ਦੀ ਗਿਣਤੀ ਵਿੱਚ ਬੇਕਸੂਰ ਸਿੱਖਾਂ ਨੂੰ ਗਲਾਂ ਵਿੱਚ ਟਾਇਰ ਪਾ ਕੇ, ਅੱਗ ਲਾ ਕੇ ਜਿਉਂਦੇ-ਜੀ ਸਾੜਿਆ ਗਿਆ। ਇਸ ਖੂਨੀ ਸਾਕੇ ਦੇ ਚਸ਼ਮਦੀਦ ਗਵਾਹ ਪੁਲਿਸ ਅਤੇ ਪ੍ਰਸ਼ਾਸਨਿਕ ਅਧਿਕਾਰੀ ਨਾਸਿਰਫ਼ ਮੂਕ-ਦਰਸ਼ਕ ਬਣੇ ਸ਼ੈਤਾਨੀਅਤ ਦਾ ਨੰਗਾ ਨਾਚ ਵੇਖਦੇ ਰਹੇ, ਸਗੋਂ ਸਿੱਖਾਂ ਦੀ ਨਸਲਕੁਸ਼ੀ ਕਰਨ ਵਾਲੇ ਦੋਸ਼ੀਆਂ ਨੂੰ ਹੱਲਾ-ਸ਼ੇਰੀ ਦਿੰਦਿਆਂ, ਜਬਰ-ਜ਼ੁਲਮ ਵਿੱਚ ਪੂਰੀ ਤਰ੍ਹਾਂ ਸ਼ਰੀਕ ਵੀ ਹੋਏ। ਇਹਨਾਂ ਦੋਸ਼ੀਆਂ ਨੂੰ ਸਜ਼ਾਵਾਂ ਦੇਣ ਲਈ ਨਿਯੁਕਤ ਰੰਗਾਨਾਥ ਕਮਿਸ਼ਨ, ਕੁਸਮ ਲਤਾ ਜਾਂਚ ਸਮਿਤੀ, ਵੇਦ ਮਰਵਾਹ ਰਿਪੋਰਟ ਆਦਿ ਨੇ ਪੁਲਿਸ ਦੁਆਰਾ ਹੁੱਲੜਬਾਜ਼ਾਂ ਦਾ ਸਾਥ ਦੇਣ 'ਤੇ ਕਾਰਵਾਈ ਕਰਨ ਦੀ ਮਹਿਜ਼ ਸਿਫਾਰਸ਼ ਕੀਤੀ, ਪਰ ਦੁੱਖ ਦੀ ਗੱਲ ਇਹ ਹੈ ਕਿ ਦੋਸ਼ੀ 41 ਸਾਲ ਮਗਰੋਂ ਵੀ ਨਿਆਇਕ ਹਿਰਾਸਤ ਤੋਂ ਮੁਕਤ ਹਨ। ਨਸਲਕੁਸ਼ੀ ਸਰਕਾਰੀ ਅੱਤਵਾਦ' ਦੀ ਮੂੰਹ ਬੋਲਦੀ ਤਸਵੀਰ ਸੀ, ਜਿਸ ਦੇ ਦੋਸ਼ੀਆਂ ਨੂੰ ਸਜ਼ਾਵਾਂ ਨਾ ਮਿਲਣ ਕਰ ਕੇ ਹੀ, ਦੇਸ਼ ਵਿੱਚ ਬਾਬਰੀ ਮਸਜਿਦ ਕਾਂਡ, ਗੁਜਰਾਤ ਕਤਲੇਆਮ, ਉੜੀਸਾ ਕਾਂਡ, ਮਨੀਪੁਰ ਕਾਂਡ ਅਤੇ ਅਨੇਕਾਂ ਹੋਰ ਦੁਖਾਂਤ ਵਾਪਰੇ। ਥਾਂ-ਥਾਂ ਤੇ ਜਿਹੜੇ ਵੀ ਸਮੂਹਿਕ ਜਬਰ-ਜਨਾਹ ਹੋਏ ਅਤੇ ਅੱਜ ਵੀ ਹੋ ਰਹੇ ਹਨ, ਇਨ੍ਹਾਂ ਦਾ ਮੁੱਢ ਸਿੱਖ ਨਸਲਕੁਸ਼ੀ ਦੇ ਦੁੱਖਾਂ ਤੋਂ ਹੀ ਬੱਝਿਆ। ਇੰਨੇ ਭਿਆਨਕ ਅੱਤਿਆਚਾਰ ਕਾਰਨ ਸਿੱਖ ਮਾਨਸਿਕਤਾ ਵਿੱਚ ਲੋਕ ਮੁਹਾਵਰਾ ਵੀ ਅਜਿਹਾ ਬਣ ਚੁੱਕਿਆ ਸੀ ਕਿ 'ਭੰਡਾ ਭੰਡਾਰੀਆ ਕਿੰਨਾ ਕੁ ਭਾਰ? ਇਕ ਲਾਸ਼ ਚੁੱਕ ਲਾ ਦੂਜੀ ਨੂੰ ਤਿਆਰ।' ਸਮੁੱਚੇ ਭਾਰਤ ਦੇ ਮਨੁੱਖੀ ਅਧਿਕਾਰਾਂ ਦੀ ਰਾਖੀ ਕਰਨ ਵਾਲਾ ਪੰਜਾਬ ਪਿਛਲੇ ਕਈ ਦਹਾਕਿਆਂ ਤੋਂ ਮਾਨਵੀ ਹੱਕਾਂ ਤੋਂ ਵਾਂਝਾ ਰਿਹਾ ਹੈ। ਸਿੱਖਾਂ ਨੂੰ 'ਅੱਤਵਾਦੀ' ਤੇ 'ਵੱਖਵਾਦੀ' ਕਹਿ ਕੇ ਥਾਣਿਆਂ ਵਿੱਚ ਅਕਹਿ ਕਹਿਰ ਤੇ ਤਸ਼ੱਦਦ ਦਾ ਸ਼ਿਕਾਰ ਬਣਾਇਆ ਗਿਆ।
ਪੰਜਾਬ ਦੀ ਧਰਤੀ ਤੇ ਹੋਏ ਪੁਲਿਸ ਅਤਿਆਚਾਰ ਨੂੰ ਦੁਨੀਆ ਦੇ ਸਾਹਮਣੇ ਪੇਸ਼ ਕਰਨ ਲਈ ਮਾਨਵ ਅਧਿਕਾਰ ਸੰਗਠਨਾਂ ਨੇ ਕਈ ਰਿਪੋਰਟਾਂ ਪੇਸ਼ ਕੀਤੀਆਂ, ਜਿਨ੍ਹਾਂ 'ਚੋ 'ਰਿਪੋਰਟ ਟੂ ਨੇਸ਼ਨ- ਅਪਰੇਸ਼ਨ ਪੰਜਾਬ' ਤੇ 'ਸਟੇਟ ਟੈਰਰਿਜ਼ਮ ਇਨ ਪੰਜਾਬ' ਪ੍ਰਮੁੱਖ ਹਨ। ਇਹਨਾਂ ਰਿਪੋਰਟਾਂ ਵਿੱਚ ਪੁਲਸ ਅਤੇ ਅਰਧ-ਸੈਨਿਕ ਦਲਾਂ ਦੁਆਰਾ ਬੇਕਸੂਰ ਲੋਕਾਂ 'ਤੇ ਕੀਤੇ ਤਸ਼ੱਦਦ ਦੀ ਕਹਾਣੀ ਬਿਆਨ ਕੀਤੀ ਗਈ ਹੈ। ਇਸ ਦੌਰਾਨ ਲਾਪਤਾ ਲੋਕਾਂ ਬਾਰੇ ਤਾਲਮੇਲ ਕਮੇਟੀ ਦੀ ਹੋਈ ਨਿਆਂ ਕਨਵੈਨਸ਼ਨ ਵਿੱਚ ਪਾਸ ਕੀਤੇ ਮਤਿਆਂ 'ਚੋਂ ਇਕ ਮਹੱਤਵਪੂਰਨ ਇਹ ਵੀ ਸੀ ਕਿ ਸੀ.ਬੀ.ਆਈ. ਦੁਆਰਾ ਸੁਪਰੀਮ ਕੋਰਟ ਅੱਗੇ ਪੇਸ਼ ਕੀਤੀ ਰਿਪੋਰਟ ਦੇ ਆਧਾਰ 'ਤੇ ਲਾਸ਼ਾਂ ਨੂੰ ਸਮੂਹਿਕ ਤੌਰ 'ਤੇ ਸਾੜਨ ਦੇ ਦੋਸ਼ ਵਿੱਚ, ਪੰਜਾਬ ਪੁਲਸ ਦੇ ਸਾਬਕਾ ਮੁਖੀ ਕੇ.ਪੀ.ਐਸ ਗਿੱਲ ਤੇ ਉਸ ਵੇਲੇ ਦੇ ਸਿਆਸੀ ਪ੍ਰਭੂਆਂ ਨੂੰ ਗ੍ਰਿਫ਼ਤਾਰ ਕੀਤਾ ਜਾਵੇ। ਵੱਡੇ ਪੱਧਰ 'ਤੇ ਹੋਏ ਇਸ ਕਤਲੇਆਮ ਬਦਲੇ ਉਹਨਾਂ ਉਪਰ ਨਿਊਰਮਬਰਗ ਟਰਾਇਲ ਵਾਂਗ ਮੁਕੱਦਮੇ ਚਲਾਏ ਜਾਣ, ਜਿਵੇਂ ਇੰਗਲੈਂਡ ਨੇ ਸਾਬਕਾ ਤਾਨਾਸ਼ਾਹ ਜਨਰਲ ਅਗਸਤੋ-ਪਿਨੋਸ਼ੇ ਨੂੰ ਗ੍ਰਿਫ਼ਤਾਰ ਕੀਤਾ, ਉਵੇਂ ਹੀ ਇਹਨਾਂ ਦੋਸ਼ੀਆਂ ਨੂੰ ਸਜ਼ਾ ਦਿੱਤੀ ਜਾਵੇ, ਪਰ ਅਫਸੋਸ ਕਿ ਮਾਨਵੀ ਹੱਕਾਂ ਦੇ ਅਪਰਾਧੀਆਂ ਨੂੰ ਭਾਰਤੀ ਕਾਨੂੰਨ ਨੇ ਸਜ਼ਾਵਾਂ ਨਾ ਦਿੱਤੀਆਂ, ਬਲਕਿ ਉਹ ਕੁਦਰਤੀ ਮੌਤ ਮਰੇ। ਸ਼ਰਮਨਾਕ ਗੱਲ ਇਹ ਹੈ ਕਿ ਪੰਜਾਬ ਤੇ ਭਾਰਤ ਦੇ ਹਾਕਮਾਂ ਸਮੇਤ ਖੱਬੇ ਪੱਖੀ ਪਾਰਟੀਆਂ ਨੇ ਵੀ ਬੁਚੜਾਂ' ਦੀ ਮੌਤ 'ਤੇ ਕਸੀਦੇ ਪੜ੍ਹੇ ਤੇ ਮਨੁੱਖੀ ਹੱਕਾਂ ਦੇ ਸਿਧਾਂਤਾਂ ਨੂੰ ਕਲੰਕਤ ਕੀਤਾ।
ਕੌਮਾਂਤਰੀ ਮਨੁੱਖੀ ਅਧਿਕਾਰਾਂ ਦੀ ਗੱਲ ਕਰੀਏ ਤਾਂ ਅੱਜ ਤੋਂ 350 ਸਾਲ ਪਹਿਲਾਂ ਨੌਂਵੇਂ ਗੁਰੂ ਨਾਨਕ ਸਾਹਿਬ, ਗੁਰੂ ਤੇਗ ਬਹਾਦਰ ਸਾਹਿਬ ਨੇ "ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥" ਦੇ ਅਨੁਸਾਰ ਨਾ ਡਰ ਦੇਣ ਤੇ ਨਾ ਡਰ ਸਹਿਣ ਦਾ ਸਿਧਾਂਤ ਦਿੱਤਾ ਹੈ। ਅੱਜ ਕੌਮਾਂਤਰੀ ਪੱਧਰ 'ਤੇ ਜੇਕਰ ਯੂਐਨਓ ਲਈ ਮਨੁੱਖੀ ਅਧਿਕਾਰਾਂ ਦੀ ਸਭ ਤੋਂ ਢੁਕਵੀ ਮਿਸ਼ਨ ਸਟੇਟਮੈਂਟ ਹੋ ਸਕਦੀ ਹੈ, ਤਾਂ ਉਹ ਇਹੀ ਹੈ। ਇਸ ਸਿਧਾਂਤ ਦੀ ਦੇਣ ਗੁਰੂ ਸਾਹਿਬ ਨੇ ਸਾਢੇ ਤਿੰਨ ਸਦੀਆਂ ਪਹਿਲਾਂ ਦਿੱਤੀ। ਅੱਜ ਇਸ ਨੂੰ ਮੁਕੰਮਲ ਰੂਪ ਵਿੱਚ ਅਪਨਾਉਣ ਦੀ ਲੋੜ ਹੈ। ਅਜੋਕੇ ਸਮੇਂ ਪੂਰੇ ਸੰਸਾਰ ਵਿੱਚ ਮਨੁੱਖੀ ਹੱਕਾਂ ਦੀ ਜਾਗਰੂਕਤਾ, ਕ੍ਰਾਂਤੀਕਾਰੀ ਸ਼ਕਲ ਅਖਤਿਆਰ ਕਰ ਰਹੀ ਹੈ। ਪ੍ਰਸਿੱਧ ਚਿੰਤਕ ਰੂਸੋ ਦੇ ਵਿਚਾਰ ਅਨੁਸਾਰ ਮਨੁੱਖ ਨੂੰ, ਮੁੱਢਲੇ ਅਧਿਕਾਰਾਂ ਸਹਿਤ ਸੁਤੰਤਰ ਜਿਉਣ ਦਾ ਹੱਕ ਹਾਸਿਲ ਹੋਣਾ ਲਾਜ਼ਮੀ ਹੈ। ਮਨੁੱਖ ਨੂੰ ਮੂਲ ਅਧਿਕਾਰਾਂ ਤੋਂ ਸਖਣਾ ਰੱਖਣਾ ਬਗ਼ਾਵਤ ਨੂੰ ਜਨਮ ਦੇਣਾ ਹੈ ਤੇ ਅਜਿਹੀ ਸਥਿਤੀ ਵਿੱਚ ਅਧਿਕਾਰ ਮੰਗਣ ਦੀ ਥਾਂ, ਖੋਹਣ ਦੀ ਭਾਵਨਾ ਜਾਗ ਉਠਦੀ ਹੈ।
ਅਜਿਹੀਆਂ ਹਾਲਤਾਂ ਵਿੱਚ ਮਨੁੱਖੀ ਅਧਿਕਾਰਾਂ ਦੇ ਪ੍ਰਸੰਗ 'ਚ ਯਾਦ ਪਹਿਚਾਣ ਅਤੇ ਸੰਸਥਾਂਵਾਂ ਦੇ ਸੰਵਾਦ 'ਤੇ ਵਿਚਾਰ-ਚਰਚਾ ਜ਼ਰੂਰੀ ਹੈ। ਆਓ! ਵੱਧ-ਚੜ੍ਹ ਕੇ 10 ਦਸੰਬਰ ਦਿਨ ਐਤਵਾਰ ਨੂੰ, ਸਰੀ ਦੇ ਤਾਜ ਕਨਵੈਂਸ਼ਨ ਸੈਂਟਰ ਵਿੱਚ ਪਹੁੰਚੀਏ ਅਤੇ ਮਨੁੱਖੀ ਹੱਕਾਂ ਨੂੰ ਸਮਰਪਤ ਵਿਸ਼ੇਸ਼ ਸਮਾਗਮ ਵਿੱਚ ਸ਼ਾਮਿਲ ਹੋਈਏ ਅਤੇ ਵਿਚਾਰਾਂ ਕਰੀਏ ਕਿ ਸ਼ਹੀਦ ਭਾਈ ਮੇਵਾ ਸਿੰਘ ਲੋਪੋਕੇ ਮਨੁੱਖੀ ਹੱਕਾਂ ਦੀ ਆਜ਼ਾਦੀ ਦੇ ਰਾਖੇ ਹਨ, ਨਾ ਕਿ ਕੈਨੇਡਾ ਦੇ ਅਪਰਾਧੀ ਅਤੇ ਕਾਤਿਲ। ਗੁਰੂ ਨਾਨਕ ਜਹਾਜ਼ ਮਨੁੱਖੀ ਹੱਕਾਂ ਦੀ ਆਜ਼ਾਦੀ ਦਾ ਸੰਘਰਸ਼ ਹੈ, ਨਾ ਕਿ ਕੈਨੇਡਾ ਦਾ ਇਮੀਗਰੇਸ਼ਨ ਅਪਰਾਧ। ਸਾਡੀ ਪਛਾਣ ਸਾਊਥ ਏਸ਼ੀਅਨ ਨਹੀਂ ਹੈ। ਕੈਨੇਡਾ ਦੇ ਮਿਊਜ਼ੀਅਮ ਤੇ ਯੂਨੀਵਰਸਿਟੀਆਂ ਵਿੱਚ overcaste ਦੇ ਨਾਮ 'ਤੇ ਸਿੱਖ ਸਮਾਜ ਵਿੱਚ ਵੰਡੀਆਂ ਪਾਉਣ ਦੀ ਸਾਜਿਸ਼ ਹੈ। ਗੁਰੂ ਨਾਨਕ ਜਹਾਜ਼ ਹੈਰੀਟੇਜ ਸੁਸਾਇਟੀ ਅਤੇ ਵਣਜਾਰਾ ਨੋਮੈਡ ਕਲੈਕਸ਼ਨਜ ਵੱਲੋਂ ਇਸ ਵਿਚਾਰ ਚਰਚਾ ਚ ਸ਼ਾਮਿਲ ਹੋਣ ਲਈ ਸਾਰਿਆਂ ਨੂੰ ਖੁੱਲਾ ਸੱਦਾ ਹੈ। ਸਮਾਗਮ ਦੀ ਵਧੇਰੇ ਜਾਣਕਾਰੀ ਲਈ ਡਾ ਗੁਰਵਿੰਦਰ ਸਿੰਘ ਨਾਲ 604-825-1550 ਅਤੇ ਰਾਜ ਸਿੰਘ ਭੰਡਾਲ ਨਾਲ 778-855-8696 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਆਪਣੇ ਲਈ ਵੀ ਵਕਤ ਕੱਢਿਆ ਕਰ ਯਾਰਾ !

ਮਿੱਤਰ ਦਾ ਫ਼ੋਨ ਆਉਂਦਾ ਹੈ। ਬੜੀ ਲੰਮੀ ਚੌੜੀ ਗੱਲਬਾਤ ਹੁੰਦੀ ਹੈ। ਪਰ ਇਸ ਗੱਲਬਾਤ ਵਿਚ ਉਹ ਆਪਣਾ ਸਵੇਰ ਤੋਂ ਸੌਣ ਤੱਕ ਦੀ ਸਮਾਂ-ਸੂਚੀ ਦੱਸਦਾ ਹੈ ਅਤੇ ਕਹਿੰਦਾ ਹੈ ਕਿ ਉਹ ਸਾਰੇ ਦਿਨ ਦੀ ਨੱਸ ਭੱਜ ਕਾਰਨ ਬਹੁਤ ਥੱਕ ਜਾਂਦਾ ਹੈ। ਉਮਰ ਦੇ ਤੀਸਰੇ ਪਹਿਰ ਵਿਚ ਉਸ ਦੇ ਰੁਝੇਵਿਆਂ ਦਾ ਲੇਖਾ-ਜੋਖਾ ਕਰਦਿਆਂ ਇਹ ਮਹਿਸੂਸ ਹੁੰਦਾ ਹੈ ਕਿ ਉਹ ਸਾਰਾ ਦਿਨ ਦੁਨਿਆਵੀ/ਪਰਿਵਾਰਕ ਝਮੇਲਿਆਂ ਵਿਚ ਹੀ ਰੁੱਝਿਆ ਰਹਿੰਦਾ ਹੈ। ਇਸ ਸਾਰੀ ਗੱਲਬਾਤ ਵਿਚ ਉਸ ਦਾ ਖ਼ੁਦ ਦਾ ਜ਼ਿਕਰ ਤਾਂ ਕਿਧਰੇ ਵੀ ਨਹੀਂ। ਸੋਚਦਾ ਹਾਂ ਉਹ ਸਾਰੀ ਗੱਲਬਾਤ ਵਿਚੋਂ ਖ਼ੁਦ ਕਿਉਂ ਗ਼ਾਇਬ ਹੈ? ਕੀ ਉਸ ਨੇ ਕਦੇ ਆਪਣੇ ਲਈ ਵੀ ਸਮਾਂ ਕੱਢਿਆ ਹੈ? ਕੀ ਉਸ ਨੂੰ ਪਤਾ ਹੈ ਕਿ ਉਮਰ ਤਾਂ ਬੀਤਦੀ ਜਾ ਰਹੀ ਹੈ? ਕੀ ਉਸ ਨੂੰ ਕਿਆਸ ਹੈ ਕਿ ਜੇਕਰ ਇਸੇ ਤਰਾਂ ?ਹ ਹੀ ਉਹ ਜੀਵਨ ਬਤੀਤ ਕਰਦਾ ਰਿਹਾ ਤਾਂ ਉਹ ਆਪਣੇ ਆਪ ਲਈ ਸਮਾਂ ਕੱਢੇਗਾ ਵੀ ਕਿ ਨਹੀਂ? ਕੀ ਉਹ ਖ਼ੁਦ ਨੂੰ ਮਿਲਣ ਤੋਂ ਬਗੈਰ ਹੀ ਇਸ ਜਹਾਨ ਤੋਂ ਤੁਰ ਜਾਵੇਗਾ? ਕੀ ਉਸ ਨੇ ਆਪਣੀਆਂ ਤਰਜੀਹਾਂ ਨੂੰ ਆਪਣੇ ਸ਼ੀਸ਼ੇ ਰਾਹੀਂ ਦੇਖਿਆ ਹੈ? ਕੀ ਉਸ ਦੀਆਂ ਤਮੰਨਾਵਾਂ ਅਤੇ ਭਾਵਨਾਵਾਂ ਨੂੰ ਉਹ ਉਡਾਣ ਮਿਲੀ ਹੈ ਜਿਹੜੀ ਉਸ ਨੇ ਕਦੇ ਚੜ੍ਹਦੀ ਉਮਰੇ ਸੋਚੀ ਸੀ? ਉਹ ਤਾਂ ਅਕਸਰ ਹੀ ਕਹਿੰਦਾ ਹੁੰਦਾ ਸੀ ਕਿ ਆਹ ਕੰਮ ਕਰ ਲਵਾਂ, ਬੱਚਿਆਂ ਨੂੰ ਸੈੱਟ ਕਰ ਲਵਾਂ, ਘਰ ਬਣਾ ਲਵਾਂ, ਆਦਿ ਅਤੇ ਫਿਰ ਮੈਂ ਆਪਣੀ ਜ਼ਿੰਦਗੀ ਨੂੰ ਆਪਣੇ ਰੰਗ ਵਿਚ ਜਿਊਣਾ ਹੈ। ਮੈਂ ਅਤੇ ਮੇਰਾ ਵਕਤ ਹੋਵੇਗਾ। ਮੈਂ ਵਕਤ ਨੂੰ ਆਪਣੇ ਮਨੋਭਾਵਾਂ ਅਤੇ ਰੁਚੀਆਂ ਅਨੁਸਾਰ ਜੀਵਾਂਗਾ। ਆਪਣੇ ਖ਼ਾਬਾਂ ਅਤੇ ਖਿਆਲਾਂ ਦੀ ਦੁਨੀਆ ਵਿਚ ਵਿਚਰਦਿਆਂ ਆਪਣੀ ਜ਼ਿੰਦਗੀ ਨੂੰ ਆਪਣੇ ਤੌਰ-ਤਰੀਕਿਆਂ ਨਾਲ ਪੂਰੇ ਕਰਾਂਗਾ। ਹੁਣ ਮੈਂ ਸੋਚਦਾ ਹਾਂ ਕਿ ਇਹ ਸਿਰਫ਼ ਉਸ ਦੇ ਹੀ ਨਹੀਂ ਸਾਡੇ ਸਾਰਿਆਂ ਦੇ ਅਧੂਰੇ ਸੁਪਨਿਆਂ ਦੀ ਗਾਥਾ ਹੈ। ਜਿਸ ਤਰ੍ਹਾਂ ਉਹ ਆਪਣੇ ਦਿਨ ਦੇ ਰੁਝੇਵਿਆਂ ਦਾ ਵਿਸਥਾਰ ਦੱਸ ਰਿਹਾ ਸੀ, ਲਗਦਾ ਨਹੀਂ ਕਿ ਕਦੇ ਉਹ ਆਪਣੇ ਲਈ ਵੀ ਵਕਤ ਕੱਢ ਸਕੇਗਾ?

ਸਾਡੀ ਪੀੜ੍ਹੀ ਅਖੀਰਲੀ ਪੀੜ੍ਹੀ ਹੋਵੇਗੀ ਜਿਸਦੀ ਇਹ ਤਰਾਸਦੀ ਹੈ ਕਿ ਅਸੀਂ ਆਪਣਾ ਬਚਪਨਾ ਆਪਣੇ ਮਾਪਿਆਂ ਦੀਆਂ ਇੱਛਾਵਾਂ ਅਨੁਸਾਰ ਜੀਵਿਆ ਕਿਉਂਕਿ ਸਾਡੀ ਕਿਸੇ ਵੀ ਚਾਹਨਾ ਦਾ ਕੋਈ ਅਰਥ ਨਹੀਂ ਸੀ ਹੁੰਦਾ। ਮਾਪਿਆਂ ਦਾ ਫੈਸਲਾ ਅਟੱਲ ਹੁੰਦਾ ਸੀ। ਭਾਵੇਂ ਇਹ ਪੜ੍ਹਾਈ ਹੋਵੇ, ਵਿਆਹ ਕਰਵਾਉਣਾ ਜਾਂ ਘਰ ਦਾ ਕੋਈ ਕਾਰਜ ਕਰਨਾ ਹੋਵੇ। ਸਿਰਫ਼ ਮਾਪਿਆਂ ਦੇ ਹੁਕਮ ਦੀ ਪਾਲਣਾ ਸੀ ਸਾਡਾ ਧਰਮ। ਅਵੱਗਿਆ ਦਾ ਤਾਂ ਕਿਆਸ ਵੀ ਨਹੀਂ ਸੀ ਕੀਤਾ ਜਾ ਸਕਦਾ। ਕਈ ਵਾਰ ਸਾਨੂੰ ਆਪਣੇ ਸੁਪਨਿਆਂ ਦੇ ਪਰ ਖ਼ੁਦ ਹੀ ਕੱਟਣੇ ਪਏ ਅਤੇ ਟੁੱਟੇ ਖੰਭਾਂ ਦੀ ਪ੍ਰਵਾਜ਼ ਅੰਬਰਾਂ ਨੂੰ ਤਾਂ ਕਦੇ ਵੀ ਹੱਥ ਨਹੀਂ ਲਾ ਸਕਦੀ। ਮਾਪਿਆਂ ਦੇ ਸਾਧਨ ਵੀ ਸੀਮਤ ਸਨ ਅਤੇ ਉਹ ਸਾਡੀਆਂ ਬਹੁਤ ਸਾਰੀਆਂ ਮੰਗਾਂ ਪੂਰੀਆਂ ਕਰਨ ਦੇ ਅਸਮਰੱਥ ਸਨ। ਅਸੀਂ ਸਦਾ ਆਗਿਆਕਾਰੀ ਔਲਾਦ ਬਣੇ ਰਹੇ। ਮਾਪਿਆਂ ਵਲੋਂ ਇਹ ਅਚੇਤ ਰੂਪ ਵਿਚ ਮਿਲੀ ਗੁੜ੍ਹਤੀ ਅਤੇ ਜੀਵਨ ਜਾਚ ਹੈ ਕਿ ਅਸੀਂ ਉਮਰ ਦਾ ਦੂਸਰਾ ਪੜਾਅ ਪਰਿਵਾਰਕ ਜੀਵਨ ਦੀ ਸਥਾਪਤੀ ਅਤੇ ਆਪਣੇ ਲਈ ਆਪਣਾ ਅੰਬਰ ਅਤੇ ਪੈਰਾਂ ਹੇਠਲੀ ਧਰਤ ਭਾਲਣ ਵਿਚ ਲਾਈ ਤਾਂ ਕਿ ਸਾਡੀ ਔਲਾਦ ਜੀਵਨ ਮਾਰਗ 'ਤੇ ਚਲਦਿਆਂ ਉਨ੍ਹਾਂ ਤੰਗੀਆਂ-ਤੁਰਸ਼ੀਆਂ ਥੀਂ ਨਾ ਗੁਜ਼ਰੇ ਜਿਨ੍ਹਾਂ ਵਿਚੀਂ ਲੰਘਦਿਆਂ ਅਸੀਂ ਆਪਣੇ ਰਾਹਾਂ ਦੀ ਨਿਸ਼ਾਨਦੇਹੀ ਕੀਤੀ ਸੀ।

ਫਿਰ ਅਸੀਂ ਆਪਣੇ ਬੱਚਿਆਂ ਦੇ ਮੋਹ ਵਿਚ ਅਜਿਹੇ ਬੱਝ ਗਏ ਕਿ ਉਨ੍ਹਾਂ ਦੀ ਪਰਵਰਿਸ਼ ਵਿਚੋਂ ਆਪਣਾ ਬਚਪਨ ਦੇਖਣ ਲੱਗ ਪਏ। ਇਸ ਤੋਂ ਬਾਅਦ ਆਪਣੇ ਬੱਚਿਆਂ ਦੇ ਬੱਚਿਆਂ ਵਿਚੋਂ ਆਪਣੇ ਬੱਚਿਆਂ ਦੇ ਬਚਪਨ ਦੀਆਂ ਭੋਲੀਆਂ-ਭਾਲੀਆਂ ਹਰਕਤਾਂ ਅਤੇ ਮਾਸੂਮੀਅਤ ਮਾਣਦਿਆਂ ਆਪਣੇ ਜੀਵਨ ਨੂੰ ਸਾਰਥਿਕ ਕਰਨ ਲੱਗੇ ਕਿਉਂਕਿ ਆਪਣੇ ਬੱਚਿਆਂ ਦੇ ਬਚਪਨੇ ਨੂੰ

ਡਾ. ਗੁਰਬਖਸ਼ ਸਿੰਘ ਭੰਡਾਲ

ਵਾਚਣ ਦਾ ਮੌਕਾ ਹੀ ਨਹੀਂ ਸੀ। ਜ਼ਿੰਦਗੀ ਦੀਆਂ ਦੁਸ਼ਵਾਰੀਆਂ ਨੇ ਹੀ ਸਾਹ ਨਾ ਲੈਣ ਦਿੱਤਾ। ਆਪਣੀ ਅਗਲੀ ਪੀੜ੍ਹੀ ਨਾਲ ਮੋਹ ਦੇ ਰਿਸ਼ਤੇ ਦਾ ਬਾਖ਼ੂਬੀ ਨਿੱਘ ਮਾਣ ਰਹੇ ਹਾਂ ਅਤੇ ਇਨ੍ਹਾਂ ਸੁਖਨਵਰ ਪਲਾਂ ਨੂੰ ਆਪਣੇ ਜੀਵਨ ਦਾ ਸੁਨਹਿਰੀ ਯੁਗ ਮੰਨਦੇ ਹਾਂ। ਪਰ ਕਦੇ ਕਦੇ ਮਨ ਵਿਚ ਇਹ ਕਸਕ ਜ਼ਰੂਰ ਉੱਠਦੀ ਹੈ ਕਿ ਉਮਰ ਤਾਂ ਬੀਤ ਹੀ ਚੱਲੀ ਆ, ਆਪਣੇ ਲਈ ਤਾਂ ਸਮਾਂ ਮਿਲਿਆ ਹੀ ਨਹੀਂ?

ਸਮਾਂ ਬਹੁਤ ਤੇਜ਼ੀ ਨਾਲ ਬਦਲ ਰਿਹਾ ਅਤੇ ਬਦਲ ਰਹੇ ਨੇ ਲੋਕਾਂ ਦੇ ਸੁਹਜ-ਸਵਾਦ ਅਤੇ ਤਰਜੀਹਾਂ। ਅਜੋਕੇ ਜੀਵਨ ਵਿਚ ਨਿੱਜਵਾਦ ਭਾਰੂ ਹੈ। ਹਰ ਕੋਈ ਆਪਣੇ ਤੱਕ ਹੀ ਸੀਮਤ ਹੈ। ਉਹ ਆਪਣੀਆਂ ਸੁੱਖ-ਸੁਵਿਧਾਵਾਂ ਮਾਣਦਾ, ਆਪਣੇ ਹੀ ਤਰੀਕੇ ਨਾਲ ਜ਼ਿੰਦਗੀ ਜਿਊਣ ਲਈ ਬਜ਼ਿੱਦ। ਕਈ ਵਾਰ ਤਾਂ ਇੰਝ ਲਗਦਾ ਕਿ ਜ਼ਿਆਦਾਤਰ ਅੱਜਕਲ੍ਹ ਦੇ ਮਾਪੇ ਆਪਣੀ ਔਲਾਦ ਲਈ ਉਨੇ ਫ਼ਿਕਰਮੰਦ ਨਹੀਂ ਜਿੰਨੇ ਸਾਡੇ ਸਮਿਆਂ ਵਿਚ ਹੁੰਦੇ ਸਨ। ਉਨ੍ਹਾਂ ਨੇ ਆਪਣੇ ਸ਼ੌਕ ਪੂਰੇ ਕਰਨ ਤੱਕ ਹੀ ਖ਼ੁਦ ਨੂੰ ਸੀਮਤ ਕਰ ਲਿਆ ਹੈ।

ਸਾਡੇ ਸਮਿਆਂ ਵਿਚ ਮਾਪੇ ਨਿੱਕੀ ਨਿੱਕੀ ਕੁਤਾਹੀ ਤੇ ਟੋਕਦੇ, ਜੀਵਨੀ ਕਦਰਾਂ ਕੀਮਤਾਂ ਅਤੇ ਸੁਹਜਮਈ ਤੌਰ ਤਰੀਕਿਆਂ ਰਾਹੀਂ ਸਾਡੇ ਸ਼ਖ਼ਸੀ ਵਿਕਾਸ ਪ੍ਰਤੀ ਸੁਚੇਤ ਹੁੰਦੇ ਸਨ। ਅਜੋਕੇ ਸਮੇਂ ਵਿਚ ਜਦ ਕਈ ਵਾਰ ਕਿਸੇ ਸਮਾਜਿਕ ਇਕੱਠ ਵਿਚ ਕੁਝ ਬੱਚਿਆਂ ਨੂੰ ਖਾਣਾ ਖਾਣ ਵੇਲੇ ਜਾਂ ਸਮਾਗਮ ਵਿਚ ਵਿਚਰਦਿਆਂ ਦੇਖਦਾ ਹਾਂ ਤਾਂ ਇੰਝ ਲਗਦਾ ਹੈ ਕਿ ਮਾਪਿਆਂ ਨੇ ਬੱਚਿਆਂ ਨੂੰ ਜੀਵਨ ਦੀਆਂ ਕਦਰਾਂ ਕੀਮਤਾਂ ਅਪਣਾਉਣ ਅਤੇ ਦਿਲਕਸ਼ ਸ਼ਖ਼ਸੀਅਤ ਬਣਾਉਣ ਵੱਲ ਤਾਂ ਕਦੇ ਧਿਆਨ ਦਿੱਤਾ ਹੀ ਨਹੀਂ। ਸਿਰਫ਼ ਉਹ ਤਾਂ ਖ਼ੁਦ ਤੱਕ ਹੀ ਸੀਮਤ ਰਹੇ।

ਔਲਾਦ ਦਾ ਖ਼ੁਦ ਤੱਕ ਹੀ ਸੁੰਗੜ ਜਾਣ ਦਾ ਸੱਭ ਤੋਂ ਵੱਡਾ ਸਬੂਤ ਹੈ ਕਿ ਅਸੀਂ ਆਪਣੇ ਬਜ਼ੁਰਗਾਂ ਨੂੰ ਸੀਨੀਅਰ ਸਿਟੀਜ਼ਨ ਹੋਮਾਂ ਵਿਚ ਵਾੜ ਦਿੱਤਾ ਅਤੇ ਉਨ੍ਹਾਂ ਦੀ ਪ੍ਰਵਾਹ ਕਰਨੀ ਹੀ ਛੱਡ ਦਿੱਤੀ ਹੈ। ਭਲਾ! ਉਨ੍ਹਾਂ ਬਜ਼ੁਰਗਾਂ ਦੇ ਪੱਲੇ ਕੀ ਪਿਆ ਜਿਨ੍ਹਾਂ ਨੇ ਸਾਰੀ ਉਮਰ ਆਪਣੀ ਔਲਾਦ ਦੇ ਲੇਖੇ ਲਾਈ ਪਰ ਆਖ਼ਰੀ ਉਮਰੇ ਬਜ਼ੁਰਗ-ਆਸ਼ਰਮ ਵਿਚ ਹੀ ਪਨਾਹ ਮਿਲੀ। ਉਹ ਸੋਚਦੇ ਤਾਂ ਜ਼ਰੂਰ ਹੋਣਗੇ ਕਿ;

ਜਿਸ ਘਰ ਲਈ ਅਸੀਂ ਸਾਰੀ ਉਮਰ ਗਾਲ਼ੀ,  
ਉਹ ਘਰ ਕਿਧਰ ਗਿਆ?  
ਬਹੁਤੇ ਕਮਰਿਆਂ ਵਾਲੇ ਘਰ 'ਚ  
ਸਾਡੇ ਲਈ ਇਕ ਕਮਰਾ ਵੀ ਨਾ ਰਿਹਾ।  
ਬੁੱਢੀ ਉਮਰੇ ਸਾਡੀ ਡੰਗੋਰੀ ਦਾ ਤਿੜਕ ਜਾਣਾ,  
ਸਾਹੀਂ ਸੋਗ ਧਰ ਗਿਆ।  
ਚੰਗਾ ਭਲਾ ਵਸਦਿਆਂ ਦੇ ਹੱਡਾਂ 'ਚ  
ਕੁੱਖੋਂ ਜਾਇਆਂ ਦਾ ਨਾਸੂਰ ਰਿਸ ਰਿਹਾ ਹੈ।  
ਦੁਹਾਈ ਲੋਕੋ! ਕੇਹਾ ਵਕਤ ਕਿ ਆਪਣੀ ਅਰਥੀ  
ਨੂੰ ਖ਼ੁਦ ਮੋਢਾ ਦੇਣਾ ਪਿਆ।

ਸੀਨੀਅਰ ਹੋਮ ਵਿਚ ਬੈਠਾ ਬਜ਼ੁਰਗ ਜ਼ਰੂਰ ਹਿਸਾਬ ਲਾਉਂਦਾ ਹੋਵੇਗਾ ਕਿ ਮੈਂ ਕੀ ਖੱਟਿਆ ਅਤੇ ਕੀ ਕਮਾਇਆ ਰਹਿ ਗਿਆ ਮੈਂ ਖਾਲੀ ਹੱਥ, ਆਪਣੇ ਘਰ 'ਚ ਹੋਇਆ ਪਰਾਇਆ। ਜੇ ਮੇਰੇ ਨਾਲ ਇਹ ਹੀ ਹੋਣੀ ਸੀ ਤਾਂ ਮੈਂ ਆਪੇ ਨਾਲ ਸਮਾਂ ਕਿਉਂ ਨਾ ਬਿਤਾਇਆ? ਆਪਣੀਆਂ ਰੀਝਾਂ ਨੂੰ ਮਨ ਵਿਚ ਕਿਉਂ ਦਫ਼ਨਾਇਆ। ਕਿਉਂ ਮੈਂ ਆਪਣੇ ਹਿੱਸੇ ਦਾ ਵਕਤ ਗਵਾਇਆ? ਕਿਉਂ ਮੈਂ ਉਸ ਔਲਾਦ ਲਈ ਖਪ ਖਪ ਮਰਦਾ ਰਿਹਾ ਜਿਹੜੀ ਆਖ਼ਰੀ ਵਕਤ ਮੇਰੇ ਸਾਹਾਂ ਨੂੰ ਸੂਲੀ 'ਤੇ ਟੰਗ ਕੇ ਤੁਰ ਗਈ? ਅਜਿਹੀ ਤਰਾਸਦੀ ਮੇਰੇ ਹੀ ਹਿੱਸੇ ਕਿਉਂ ਆਈ? ਮੇਰੀ ਔਲਾਦ ਇੰਨੀ ਭਾਵਹੀਣ ਅਤੇ ਨਿਰਮੋਹੀ ਕਿਉਂ ਹੋ ਗਈ? ਕੀ ਉਸ ਦੀਆਂ ਮੋਹ ਦੀਆਂ ਤੰਦਾਂ ਸਿਰਫ਼ ਆਪਣੇ ਹਿੱਤਾਂ ਦੀ ਪੂਰਤੀ ਤੱਕ ਹੀ ਸੀਮਤ ਸਨ। ਮੈਂ ਤਾਂ ਦੋ ਡੰਗ ਦੀ ਰੋਟੀ ਦਾ ਪ੍ਰਾਹੁਣਾ ਸਾਂ। ਪਤਾ ਨਹੀਂ ਕਦੋਂ ਸਦਾ ਲਈ ਜਾਣ ਦਾ ਸੱਦਾ ਆ ਜਾਣਾ ਅਤੇ ਘਰ ਨੂੰ ਵਿਹਲਾ ਕਰ ਜਾਣਾ? ਇਹ ਕੇਹੀ ਕਾਹਲ ਔਲਾਦ ਦੇ ਮਨ ਵਿਚ ਵਸੀ ਕਿ ਮਰਨ ਦਾ ਇੰਤਜ਼ਾਰ ਵੀ ਨਾ ਕਰ ਸਕੇ। ਸਗੋਂ ਉਹ ਮੇਰੇ ਜਿਊਂਦੇ ਜੀਅ ਹੀ ਸਭ ਕੁਝ ਹੜੱਪਣ ਲਈ ਕਾਹਲੇ? ਬਹੁਤ ਸਾਰੇ ਵਿਚਾਰ ਅਤੇ ਪ੍ਰਸ਼ਨ ਇਕੱਲ ਭੋਗਦੇ ਵਿਅਕਤੀ ਨੂੰ ਘੇਰ ਲੈਂਦੇ ਹਨ। ਇਨ੍ਹਾਂ ਘੁੰਮਣਘੇਰੀਆਂ ਵਿਚ ਉਹ ਆਪਣੇ ਸਾਹਾਂ ਦਾ ਹਿਸਾਬ ਖ਼ਤਮ ਕਰ, ਆਪਣਾ ਬਿਸਤਰ ਵਲ੍ਹੇਟ ਲੈਂਦਾ। ਫਿਰ ਕਿਸੇ ਨੂੰ ਯਾਦ ਹੀ ਨਹੀਂ ਰਹਿੰਦਾ ਕਿ ਕੋਈ ਹੁੰਦਾ ਸੀ ਮਾਂ ਵਰਗਾ ਬਾਪ ਜਾਂ ਬਾਪ ਵਰਗੀ ਮਾਂ ਜੋ ਸਾਡੀਆਂ ਲੋੜਾਂ ਅਤੇ ਥੋੜਾਂ ਨੂੰ ਸਾਡੇ ਤੋਂ ਪਹਿਲਾਂ ਜਾਣ ਲੈਂਦਾ/ਲੈਂਦੀ। ਉਸ ਦਾ ਖਾਲੀ ਬੋਝਾ ਵੀ ਸਾਡੇ ਲਈ ਹਮੇਸ਼ਾ ਭਰਿਆ ਹੁੰਦਾ ਸੀ।

ਇਸ ਤੋਂ ਪਹਿਲਾਂ ਕਿ ਅਸੀਂ ਤੁਰਨੋਂ ਫਿਰਨੋਂ ਆਰੀ ਹੋ ਜਾਈਏ, ਸਾਡਾ ਖਾਣਾ ਪੀਣਾ ਵੀ ਸੀਮਤ ਹੋ ਜਾਵੇ, ਸਾਡੇ ਸ਼ੌਕ ਸਿਊਂਕੇ ਜਾਣ ਜਾਂ ਸਾਡੇ ਸੁਪਨਿਆਂ ਦਾ ਸੰਦਲੀ ਰੰਗ ਧੁੰਦਲਕੇ ਦਾ ਸ਼ਿਕਾਰ ਹੋ ਜਾਵੇ, ਕੁਝ ਸਮਾਂ ਤਾਂ ਆਪਣੇ ਲਈ ਕੱਢ ਲਿਆ ਕਰੀਏ। ਆਪਣੇ ਅੰਤਰੀਵੀ ਨਾਦ ਨੂੰ ਸੁਣੀਏ। ਅੰਦਰ ਸੁੱਤੀਆਂ ਕਲਾਵਾਂ ਨੂੰ ਜਗਾਈਏ। ਅਚੇਤ ਵਿਚ ਬੈਠੀਆਂ ਸੱਧਰਾਂ ਨੂੰ ਪੂਰਾ ਕਰਨ ਦਾ ਅਹਿਦ ਕਰੀਏ। ਕੁਝ ਅਣਗਾਹੇ ਥਾਵਾਂ ਅਤੇ ਗਰਾਵਾਂ ਨੂੰ ਮਿਲ ਕੇ ਆਪਣੀ ਸੋਚ-ਸੰਵੇਦਨਾ ਨੂੰ ਵਿਸਥਾਰੀਏ। ਆਪਣੇ ਮਨ ਵਿਚ ਸੁੰਗੜ ਗਈ ਸੂਖ਼ਮਤਾ ਨੂੰ ਫੈਲਾਈਏ। ਆਪਣੇ ਸਹਿਜਤਾ ਅਤੇ ਸੁਹਜਤਾ ਵਿਚੋਂ ਸੁਖਨ ਦਾ ਜਾਗ ਆਪਣੇ ਜੀਵਨ ਦੇ ਨਾਮ ਲਾਈਏ ਤਾਂ ਕਿ ਸਾਨੂੰ ਇਹ ਗਿਲਾ ਨਾ ਹੋਵੇ ਕਿ ਅਸੀਂ ਸਾਰੀ ਉਮਰ ਬੇਅਰਥੀ ਹੀ ਵਿਹਾਜ ਲਈ। ਅਸੀਂ ਆਪਣੇ ਲਈ ਤਾਂ ਵਕਤ ਕੱਢਿਆ ਹੀ ਨਹੀਂ। ਕਿਉਂ ਨਾ ਇਸਦੀ ਸ਼ੁਰੂਆਤ ਅੱਜ ਤੋਂ ਹੀ ਕਰੀਏ।



ਤਿਲਕਦਾ ਜਾ ਰਿਹਾ ਵਕਤ ਸਾਡੀ ਤਲੀ 'ਤੇ ਇਕ ਪ੍ਰਸ਼ਨ ਖੁਣ ਰਿਹਾ ਹੈ ਕਿ ਮੈਂ ਤਾਂ ਅਰੋਕ ਹਾਂ ਪਰ ਹੱਥੋਂ ਨਿਕਲ ਰਹੇ ਵਕਤ ਨੂੰ ਐ ਬੰਦੇ! ਕਿਵੇਂ ਵਰਤਣਾ, ਇਹ ਤਾਂ ਤੂੰ ਸੋਚਣਾ ਕਿ ਇਹ ਸਮਾਂ ਤੇਰਾ ਹੈ ਜਾਂ ਤੂੰ ਇਸਨੂੰ ਕਿਸੇ ਅਕ੍ਰਿਤਘਣ ਦੇ ਲੇਖੇ ਲਾਉਣਾ? ਐ ਬੰਦੇ! ਆ ਆਪਾਂ ਦੋਵੇਂ ਇਕਸਾਰ ਹੋਈਏ। ਇਕ ਦੂਜੇ ਵਿਚ ਘੁਲ਼-ਮਿਲ਼ ਜਾਈਏ। ਆਉਣ ਵਾਲੇ ਵਕਤ ਨੂੰ ਆਪਣੀ ਤਾਸੀਰ ਅਤੇ ਤਰਜੀਹ ਅਨੁਸਾਰ ਮਾਣ। ਇਸ ਰੰਗਲੀ ਦੁਨੀਆ ਤੋਂ ਤਾਂ 'ਕੇਰਾਂ ਸਭ ਨੇ ਹੀ ਤੁਰ ਜਾਣਾ। ਮਨ ਵਿਚ ਸੰਤੁਸ਼ਟੀ ਰੱਖ ਕੇ ਅਤੇ ਬਿਨਾਂ ਕਿਸੇ ਗਿਲ਼ੇ ਜਾਂ ਸ਼ਿਕਵੇ ਤੋਂ, ਹੱਸ ਕੇ ਆਪਣਾ ਆਖਰੀ ਕਦਮ ਧਰਨ ਵਾਲੇ ਜੀਵਨ ਦੇ ਸ਼ਾਹ-ਅਸਵਾਰ ਬਣਨਾ ਹੈ ਜਾਂ ਮਨ ਵਿਚ ਅਣਮਾਣੀਆਂ, ਅਧੂਰੀਆਂ ਤੇ ਅਪੂਰਨ ਆਸਾਂ ਦੀ ਧੂਣੀ ਬਾਲ ਕੇ ਖ਼ੁਦ ਨੂੰ ਰਾਖ਼ ਕਰਦਿਆਂ ਸਿਵੇ ਦੀ ਰਾਖ ਬਣਨਾ, ਇਹ ਤਾਂ ਬੰਦੇ ਤੈਨੂੰ ਹੀ ਸੋਚਣਾ ਪੈਣਾ।

ਮੇਰਾ ਕਾਲਜ ਦਾ ਦੋਸਤ ਹੈ। ਪਿਛਲੇ 50 ਕੁ ਸਾਲਾਂ ਤੋਂ ਵੱਖਰੇ ਵੱਖਰੇ ਦੇਸ਼ਾਂ ਵਿਚ ਪ੍ਰਵਾਸ ਹੰਢਾਉਂਦਾ, ਅਜੇ ਤੱਕ ਵੀ ਗ਼ੈਰ-ਕਾਨੂੰਨੀ ਪਰਵਾਸੀ ਹੀ ਹੈ। ਦਿਨੇ ਰਾਤ ਮਿਹਨਤ ਕਰਦਾ, ਪਿੱਛੇ ਪਰਿਵਾਰ ਨੂੰ ਪੈਸੇ ਭੇਜਦਾ, ਇਕ ਮਸ਼ੀਨ ਬਣਿਆ ਹੋਇਆ ਹੈ। ਉਹ ਵਿਆਹਿਆ ਹੋਇਆ ਵੀ ਅਣਵਿਆਹਿਆ ਹੈ। ਘਰ ਵਾਲੀ ਉਸ ਨੂੰ ਉਡੀਕਦਿਆਂ ਚਾਂਦੀ ਰੰਗੇ ਵਾਲਾਂ ਵਿਚੋਂ ਹੁਣ ਵੀ ਆਪਣੇ ਸੁਹਾਗ ਦਾ ਰੰਗ ਦੇਖਦੀ ਹੈ। ਉਸ ਦੀਆਂ ਧੀਆਂ ਦੇ ਵਿਆਹ ਵੀ ਉਸ ਦੀ ਗ਼ੈਰ-ਹਾਜ਼ਰੀ ਵਿਚ ਹੋਏ। ਉਸ ਦੇ ਮਾਪੇ ਆਪਣੇ ਪੁੱਤ ਨੂੰ ਮਿਲਣ ਦੀ ਆਸ ਵਿਚ ਇਸ ਦੁਨੀਆ ਤੋਂ ਰੁਖ਼ਸਤ ਹੋ ਗਏ। ਕਈ ਵਾਰ ਮੈਂ ਸੋਚਦਾ ਹਾਂ ਕਿ ਉਸ ਦਾ ਸਾਰਾ ਜੀਵਨ ਕਿਸ ਲੇਖੇ ਲੱਗਿਆ? ਕੀ ਉਸ ਨੇ ਪਰਿਵਾਰਕ ਸੁਖ ਨੂੰ ਮਾਣਿਆ ਜਾਂ ਉਹ ਮਾਣਨਾ ਹੀ ਨਹੀਂ ਸੀ ਚਾਹੁੰਦਾ। ਆਪਣੀਆਂ ਧੀਆਂ ਦਾ ਬਚਪਨਾ ਅਤੇ ਉਨ੍ਹਾਂ ਦੇ ਚਾਵਾਂ ਦੀ ਪੂਰਤੀ ਦਾ ਅਹਿਸਾਸ ਉਹ ਕਿਹੜੇ ਮੁੱਲ ਖਰੀਦੇਗਾ? ਵਿਆਹੁਤਾ ਜੀਵਨ ਦੇ ਰਾਂਗਲੇ ਦਿਨਾਂ ਦੀ ਕਿਹੜੀ ਯਾਦ ਨੂੰ ਉਹ ਚੇਤੇ ਰੱਖੇਗਾ? ਆਪਣੇ ਮਾਪਿਆਂ ਨੂੰ ਅਗਨੀ ਨਾ ਦੇਣ ਦੀ ਪੀੜਾ ਉਸ ਨੂੰ ਕਿਵੇਂ ਪਲ ਪਲ ਕੋਂਹਦੀ ਹੋਵੇਗੀ? ਉਹ ਕਿਹੜੀ ਦੌੜ ਦੌੜਦਾ ਰਿਹਾ ਕਿ ਉਹ ਖ਼ੁਦ ਨੂੰ ਵੀ ਭੁੱਲ ਗਿਆ। ਉਸ ਦੀ ਇਸ ਭੁੱਲ ਕਾਰਨ ਉਸ ਦੀ ਘਰਵਾਲੀ, ਮਾਪੇ ਅਤੇ ਧੀਆਂ ਦੀ ਮਾਨਸਿਕਤਾ ਵਿਚ ਆਈਆਂ ਕੁੜੱਤਣਾਂ ਅਤੇ ਕਰੂਰਤਾ ਦਾ ਹਰਜ਼ਾਨਾ ਤਾਂ ਉਸ ਨੂੰ ਰਹਿੰਦੀ ਉਮਰ ਤੱਕ ਭਰਨਾ ਪਵੇਗਾ। ਫਿਰ ਇਕ ਹਿਰਸ ਲੈ ਕੇ ਉਹ ਇਸ ਜਹਾਨ ਤੋਂ ਤੁਰ ਜਾਵੇਗਾ ਕਿ ਕਾਸ਼! ਉਹ ਸਮੇਂ ਸਿਰ ਕੁਝ ਅਜਿਹਾ ਕਰਦਾ ਕਿ ਉਹ ਆਪਣੇ ਹਿੱਸੇ ਦਾ ਜੀਵਨ ਜਿਊਂਦਾ ਤਾਂ ਕਿ ਉਸ ਦੇ ਪਰਿਵਾਰਕ ਮੈਂਬਰ ਵੀ ਆਪਣੇ ਹਿੱਸੇ ਦੀ ਜ਼ਿੰਦਗੀ ਮਾਣਦੇ, ਆਪਣੇ ਵਕਤ ਨੂੰ ਆਪਣੇ ਰੰਗ ਵਿਚ ਰੰਗਦੇ। ਅਜੇਹੇ ਅਕਾਰਥ ਜੀਵਨ ਦਾ ਕੌਣ ਲੇਖਾ ਕਰੇਗਾ? ਉਸ ਦੇ ਜਾਣ ਤੋਂ ਬਾਅਦ ਉਹ ਆਪਣਿਆਂ ਦੇ ਚੇਤਿਆਂ ਵਿਚੋਂ ਸਿਵੇ ਦੀ ਰਾਖ ਵਾਂਗ ਉਡ ਜਾਵੇਗਾ। ਯਾਦ ਰਹੇ ਇਹ ਤਾਂ ਮਨੁੱਖ ਨੇ ਖ਼ੁਦ ਹੀ ਸੋਚਣਾ ਹੈ ਕਿ ਉਸ ਨੇ ਆਪਣੀ ਜੀਵਨ-ਸ਼ੈਲੀ ਨੂੰ ਕਿਸ ਤਰਾਂ ਦਾ ਬਣਾਉਣਾ ਹੈ ਤਾਂ ਕਿ ਉਹ ਆਪਣੀਆਂ ਪਰਿਵਾਰਕ ਜ਼ਿੰਮੇਵਾਰੀਆਂ ਨਿਭਾਉਂਦਾ, ਆਪਣੇ ਹਿੱਸੇ ਦਾ ਸਮਾਂ ਆਪਣੀ ਇੱਛਾ ਅਨੁਸਾਰ ਬਿਤਾਵੇ। ਉਸ ਨੂੰ ਕੋਈ ਸ਼ਿਕਵਾ ਨਾ ਹੋਵੇ ਕਿ ਉਹ ਆਪਣੇ ਆਪ ਨੂੰ ਤਾਂ ਮਿਲਿਆ ਹੀ ਨਹੀਂ। ਜ਼ਿੰਦਗੀ ਨੂੰ ਅੱਜ ਵਿਚ ਜੀਓ। ਕੱਲ੍ਹ ਨੂੰ ਪਤਾ ਨਹੀਂ ਕੀ ਹੋਵੇ। ਤੁਸੀਂ ਰਹੋ ਜਾਂ ਨਾ ਰਹੋ। ਅੱਜ ਤਾਂ ਤੁਹਾਡੇ ਹੱਥ-ਵੱਸ ਹੈ। ਇਸ ਨੂੰ ਜੀਵਨ ਦੀ ਅਣਮੁੱਲੀ ਅਮਾਨਤ ਬਣਾਓ।

# 'ਵਿਆਹ ਵਰਗੇ ਸਮਾਰੋਹਾਂ 'ਚ ਵੀ ਹੋਣ ਲੱਗੀ' ਗੈਂਗਵਾਰ ਅਤੇ ਖ਼ੂਨ-ਖ਼ਰਾਬਾ !

ਲਾਂਕਿ ਵਿਆਹ ਵਰਗੇ ਖ਼ੁਸ਼ੀ ਦੇ ਮੌਕਿਆਂ 'ਤੇ ਆਯੋਜਿਤ ਸਮਾਰੋਹਾਂ 'ਚ ਲੋਕ ਉਥੇ ਖਾ-ਪੀ ਕੇ ਖ਼ੁਸ਼ੀ-ਖ਼ੁਸ਼ੀ ਘਰ ਪਰਤਣ ਦੀ ਸੋਚ ਕੇ ਜਾਂਦੇ ਹਨ ਪਰ ਪਿਛਲੇ ਕੁਝ ਸਮੇਂ ਤੋਂ ਅਜਿਹੇ ਮੌਕਿਆਂ 'ਤੇ ਵੀ ਲੋਕ ਬਦਲਾ ਲੈਣ ਦੇ ਮੌਕੇ ਲੱਭਣ ਲੱਗੇ ਹਨ।

7 ਦਸੰਬਰ, 2024 ਨੂੰ ਰੋਹਤਕ (ਹਰਿਆਣਾ) ਦੇ 'ਕਿਲਾਈ' ਪਿੰਡ 'ਚ ਕਾਰ 'ਚ ਸਵਾਰ ਹੋ ਕੇ ਆਏ ਕੁਝ ਗੈਂਗਸਟਰਾਂ ਨੇ ਇਕ ਵਿਆਹ ਸਮਾਰੋਹ 'ਚ ਸ਼ਾਮਲ 2 ਨੌਜਵਾਨਾਂ 'ਤੇ ਗੋਲੀ ਚਲਾ ਦਿੱਤੀ, ਜਿਸ ਨਾਲ ਇਕ ਨੌਜਵਾਨ ਮਾਰਿਆ ਗਿਆ ਅਤੇ ਦੂਜਾ ਜ਼ਖਮੀ ਹੋ ਗਿਆ। ਇਹ ਵਾਰਦਾਤ ਅਮਰੀਕਾ 'ਚ ਰਹਿ ਕੇ ਇਕ ਗੈਂਗ ਨੂੰ ਆਪ੍ਰੇਟ ਕਰਨ ਵਾਲੇ 'ਹਿਮਾਂਸ਼ੂ ਭਾਊ' ਨੇ ਕਰਵਾਈ ਸੀ। ਉਹ ਹਰਿਆਣਾ 'ਚ ਹੱਤਿਆ ਅਤੇ ਫਿਰੌਤੀ ਦੇ ਕਈ ਮਾਮਲਿਆਂ 'ਚ ਮੁਲਜ਼ਮ ਹੈ ਅਤੇ ਹੁਣ 30 ਨਵੰਬਰ, 2025 ਨੂੰ ਲੁਧਿਆਣਾ (ਪੰਜਾਬ) 'ਚ ਦੇਰ ਰਾਤ ਇਕ ਮੈਰਿਜ ਪੈਲੇਸ 'ਚ ਵਿਆਹ ਸਮਾਰੋਹ ਦੇ ਦੌਰਾਨ ਗੈਂਗਸਟਰਾਂ ਦੇ 'ਅੰਕੁਰ ਗਰੁੱਪ' ਅਤੇ 'ਸ਼ੁਭਮ ਮੋਟਰ ਗਰੁੱਪ' 'ਚ ਹੋਈ ਅੰਨੇਵਾਹ ਕ੍ਰਾਸ ਫਾਇਰਿੰਗ 'ਚ 60 ਤੋਂ ਵੱਧ ਗੋਲੀਆਂ ਦਾਗੀਆਂ ਗਈਆਂ, ਜਿਨ੍ਹਾਂ ਨਾਲ 2 ਔਰਤਾਂ ਸਮੇਤ 3 ਲੋਕਾਂ ਦੀ ਮੌਤ ਹੋ ਗਈ। ਇਹ ਘਟਨਾ ਇਕ ਠੇਕੇਦਾਰ ਦੇ ਭਤੀਜੇ ਦੇ ਵਿਆਹ ਦੇ ਸਮਾਰੋਹ ਦੌਰਾਨ ਹੋਈ, ਜਿਸ ਨੇ ਦੋਵਾਂ ਗਰੁੱਪਾਂ ਨੂੰ ਸੱਦਾ ਦਿੱਤਾ ਹੋਇਆ ਸੀ।

ਉਥੇ ਮੌਜੂਦ ਲੋਕਾਂ ਅਨੁਸਾਰ 'ਅੰਕੁਰ ਗਰੁੱਪ' ਪਹਿਲਾਂ ਹੀ ਸਮਾਰੋਹ 'ਚ ਆਪਣੇ ਸਾਥੀਆਂ ਨੂੰ ਲੈ ਕੇ ਪਹੁੰਚਿਆ ਹੋਇਆ ਸੀ। ਜਿਵੇਂ ਹੀ 'ਸ਼ੁਭਮ ਗਰੁੱਪ' ਪੰਡਾਲ 'ਚ ਪਹੁੰਚਿਆ ਤਾਂ ਦੋਵਾਂ ਦਾ ਆਹਮਣਾ-ਸਾਹਮਣਾ ਹੋ ਗਿਆ ਅਤੇ ਦੋਵਾਂ ਵੱਲੋਂ ਫਾਇਰਿੰਗ ਸ਼ੁਰੂ ਹੋ ਗਈ, ਜਦਕਿ ਦੋਵਾਂ ਦਾ ਸਮਝੌਤਾ ਕਰਵਾਉਣ ਦੇ ਯਤਨ 'ਚ ਇਕ ਹੌਜ਼ਰੀ ਕਾਰੋਬਾਰੀ ਜ਼ਖਮੀ ਹੋ ਗਿਆ। ਫਾਇਰਿੰਗ ਦੇ ਕਾਰਨ ਸਮਾਰੋਹ 'ਚ ਭਾਜੜ ਮਚ ਗਈ, ਜਿਸ ਨਾਲ ਕੁਝ ਹੋਰ ਲੋਕ ਵੀ ਜ਼ਖ਼ਮੀ ਹੋ ਗਏ। ਵਿਆਹ ਵਰਗੇ ਖ਼ੁਸ਼ੀ ਦੇ ਮੌਕਿਆਂ 'ਤੇ ਅਜਿਹੀਆਂ ਘਟਨਾਵਾਂ ਨੂੰ ਕਿਸੇ ਵੀ ਨਜ਼ਰੀਏ ਨਾਲ ਉਚਿਤ ਨਹੀਂ ਕਿਹਾ ਜਾ ਸਕਦਾ। ਜੇਕਰ ਇਹ ਬੁਰਾਈ ਵਧਦੀ ਗਈ ਤਾਂ ਲੋਕ ਅਜਿਹੇ ਸਮਾਰੋਹਾਂ 'ਚ ਜਾਣ ਤੋਂ ਹੀ ਡਰਨ ਲੱਗਣਗੇ। ਇਸ ਲਈ ਅਜਿਹੀਆਂ ਵਾਰਦਾਤਾਂ 'ਚ ਸ਼ਾਮਲ ਹੋ ਕੇ ਰੰਗ 'ਚ ਭੰਗ ਪਾਉਣ ਵਾਲਿਆਂ ਵਿਰੁੱਧ ਸਖਤ ਕਾਰਵਾਈ ਕਰਨ ਦੀ ਲੋੜ ਹੈ।

# ਸੰਵਿਧਾਨ ਦਿਵਸ 'ਤੇ ਪ੍ਰਧਾਨ ਮੰਤਰੀ ਨਾਲ ਸੰਵਾਦ

27 ਨਵੰਬਰ ਦੀ ਸਵੇਰ ਮੇਰੇ ਲਈ ਹੈਰਾਨੀਜਨਕ ਸੀ, ਜਦੋਂ ਮੈਂ ਈਮੇਲ ਚੈੱਕ ਕਰਨ ਲਈ ਆਪਣਾ ਲੈਪਟਾਪ ਖੋਲ੍ਹਿਆ ਤਾਂ ਪਹਿਲੀ ਈਮੇਲ ਭੇਜਣ ਵਾਲੇ ਦਾ ਨਾਂਅ ਪ੍ਰਧਾਨ ਮੰਤਰੀ ਮੋਦੀ ਲਿਖਿਆ ਹੋਇਆ ਸੀ। ਈਮੇਲ ਦੇ ਸਿਖਰ 'ਤੇ ਕੈਪਸ਼ਨ ਸੀ: 'ਸੰਵਿਧਾਨ ਦਿਵਸ 'ਤੇ ਪ੍ਰਧਾਨ ਮੰਤਰੀ ਦਾ ਪੱਤਰ' ਇਸ ਸਿਰਲੇਖ ਦੇ ਹੇਠਾਂ ਮੋਦੀ ਜੀ ਨੇ ਸੰਵਿਧਾਨ ਅੱਗੇ ਆਪਣਾ ਸਿਰ ਝੁਕਾਇਆ ਹੋਇਆ ਹੈ ਅਤੇ ਤਸਵੀਰ ਦੇ ਹੇਠਾਂ ਈਮੇਲ ਭੇਜਣ ਵਾਲੇ ਨੇ ਮੈਨੂੰ ਅੰਗਰੇਜ਼ੀ ਵਿਚ 'ਪਿਆਰੇ ਅਭੈ ਜੀ, ਨਮਸਤੇ' ਕਹਿ ਕੇ ਸੰਬੋਧਿਤ ਕੀਤਾ ਸੀ। ਮੈਂ ਉਤਸੁਕਤਾ ਨਾਲ ਤੁਰੰਤ ਈਮੇਲ ਪੜ੍ਹੀ, ਜੋ ਲਗਭਗ ਇਕ ਹਜ਼ਾਰ ਸ਼ਬਦਾਂ ਦਾ ਇਕ ਲੰਮਾ ਪੱਤਰ ਸੀ। ਸੰਵਿਧਾਨ ਦਿਵਸ 'ਤੇ ਲਿਖੇ ਇਸ ਪੱਤਰ ਵਿਚ ਮੋਦੀ ਜੀ ਨੇ ਮੈਨੂੰ ਸ਼ੁਰੂ ਵਿਚ ਦੱਸਿਆ ਕਿ ਸੰਵਿਧਾਨ ਕਿੰਨਾ ਪਵਿੱਤਰ ਹੈ ਤੇ ਕਿਵੇਂ ਇਸ ਸੰਵਿਧਾਨ ਦੀ ਬਦੌਲਤ ਉਨ੍ਹਾਂ ਜਿਹੇ ਗਰੀਬ ਪਰਿਵਾਰ ਦੇ ਵਿਅਕਤੀ ਨੂੰ ਪਿਛਲੇ 24 ਸਾਲਾਂ ਤੋਂ ਲਗਾਤਾਰ ਸਰਕਾਰਾਂ ਦੀ ਅਗਵਾਈ ਕਰਨ ਦਾ ਮੌਕਾ ਮਿਲਿਆ ਹੈ।

ਪੱਤਰ ਵਿਚ ਮੋਦੀ ਜੀ ਨੇ ਵਾਰ-ਵਾਰ ਡਾ. ਰਾਜੇਂਦਰ ਪ੍ਰਸਾਦ, ਡਾ. ਅੰਬੇਡਕਰ, ਮਹਾਤਮਾ ਗਾਂਧੀ, ਸਰਦਾਰ ਪਟੇਲ ਤੇ ਬਿਰਸਾ ਮੁੰਡਾ ਨੂੰ ਯਾਦ ਕੀਤਾ (ਪਰ ਹਮੇਸ਼ਾ ਵਾਂਗ ਸੰਵਿਧਾਨ ਦੇ ਖਰੜੇ ਵਿਚ ਜਵਾਹਰ ਲਾਲ ਨਹਿਰੂ ਦੀ ਭੂਮਿਕਾ ਦਾ ਜ਼ਿਕਰ ਕਰਨਾ ਭੁੱਲ ਗਏ)। ਉਨ੍ਹਾਂ ਇਹ ਵੀ ਦੱਸਿਆ ਕਿ ਕਿਵੇਂ ਗੁਜਰਾਤ ਦੇ ਮੁੱਖ ਮੰਤਰੀ ਵਜੋਂ ਉਨ੍ਹਾਂ ਨੇ ਸੰਵਿਧਾਨ ਨੂੰ ਹਾਥੀ 'ਤੇ ਰੱਖ ਕੇ 'ਸੰਵਿਧਾਨ ਗੌਰਵ ਯਾਤਰਾ' ਜਲੂਸ ਦੀ ਅਗਵਾਈ ਕੀਤੀ ਸੀ ਅਤੇ ਪ੍ਰਧਾਨ ਮੰਤਰੀ ਵਜੋਂ ਉਨ੍ਹਾਂ ਨੇ ਸੰਸਦ ਵਿਚ ਦਾਖਲ ਹੋਣ 'ਤੇ ਉਸ ਦੀਆਂ ਪੌੜੀਆਂ 'ਤੇ ਆਪਣਾ ਸਿਰ ਝੁਕਾਇਆ ਸੀ, ਜਦੋਂ ਸੰਸਦ ਦੀ 75ਵੀਂ ਵਰ੍ਹੇਗੰਢ ਮਨਾਉਣ ਲਈ ਇਕ ਵਿਸ਼ੇਸ਼ ਇਜਲਾਸ ਆਯੋਜਨ ਕੀਤਾ ਗਿਆ ਸੀ ਅਤੇ ਇਕ ਦੇਸ਼ ਵਿਆਪੀ ਜਾਗਰੂਕਤਾ ਮੁਹਿੰਮ ਵੀ ਚਲਾਈ ਗਈ ਸੀ। ਉਨ੍ਹਾਂ ਪੱਤਰ 'ਚ ਇਹ ਵੀ ਦੱਸਿਆ ਕਿ ਸੰਵਿਧਾਨ ਦੀ ਧਾਰਾ 51ਏ ਮੌਲਿਕ ਕਰਤੱਵਾਂ ਨੂੰ ਸਮਰਪਿਤ ਹੈ। ਗਾਂਧੀ ਜੀ ਨੇ ਵੀ ਹਮੇਸ਼ਾ ਨਾਗਰਿਕਾਂ ਦੇ ਕਰਤੱਵਾਂ 'ਤੇ ਜ਼ੋਰ ਦਿੱਤਾ ਸੀ। ਇਸ ਲਈ ਸਾਨੂੰ ਕਰਤੱਵਪੂਰਨ ਨਾਗਰਿਕ ਬਣਨਾ ਚਾਹੀਦਾ ਹੈ।

ਇਸ ਤੋਂ ਕੌਣ ਇਨਕਾਰ ਕਰ ਸਕਦਾ ਹੈ, ਮੈਂ ਤਾਂ ਹੋਰ ਵੀ ਅੱਗੇ ਵਧ ਕੇ ਮੋਦੀ ਜੀ ਦੇ ਨਕਸ਼ੇ-ਕਦਮਾਂ 'ਤੇ ਚੱਲਣਾ ਚਾਹੁੰਦਾ ਹਾਂ। ਮੋਦੀ ਜੀ ਤੋਂ ਪ੍ਰੇਰਨਾ ਲੈ ਕੇ ਮੈਂ ਵੀ ਉਨ੍ਹਾਂ ਨੂੰ ਸੰਵਿਧਾਨ ਦਿਵਸ 'ਤੇ ਅਪੀਲ ਕਰਨ ਦਾ ਫ਼ੈਸਲਾ ਕੀਤਾ ਕਿ ਭਾਵੇਂ ਉਹ ਹੋਰ ਕੁਝ ਕਰਨ ਜਾਂ ਨਾ ਕਰਨ, ਪਰ ਉਨ੍ਹਾਂ ਨੂੰ ਇਕ ਇਮਾਨਦਾਰ ਨਾਗਰਿਕ ਜ਼ਰੂਰ ਬਣਨਾ ਚਾਹੀਦਾ ਹੈ। ਦੇਸ਼ ਦੇ ਸਭ ਤੋਂ ਪ੍ਰਮੁੱਖ ਨਾਗਰਿਕ ਹੋਣ ਦੇ ਨਾਤੇ ਉਨ੍ਹਾਂ ਨੂੰ ਵੀ ਆਪਣੇ ਫਰਜ਼ਾਂ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ। ਮੇਰਾ ਮੰਨਣਾ ਹੈ ਕਿ ਸੰਵਿਧਾਨ ਦੀ ਸ਼ਾਨ ਦੀ ਰੱਖਿਆ ਸਿਰਫ਼ ਉਸ ਨੂੰ ਹਾਥੀ 'ਤੇ ਰੱਖ ਕੇ ਜਾਂ ਸਮੇਂ-ਸਮੇਂ 'ਤੇ ਇਸ ਦੇ ਅੱਗੇ ਝੁਕ ਕੇ ਜਾਂ ਉਨ੍ਹਾਂ ਵਲੋਂ ਸੰਸਦ ਵਿਚ ਸੰਵਿਧਾਨ ਦੇ ਨਾਂਅ 'ਤੇ ਭਾਸ਼ਨ ਦੇ ਕੇ ਆਪਣੇ ਸੰਵਿਧਾਨਕ ਫਰਜ਼ਾਂ ਨੂੰ ਪੂਰਾ ਕਰਨ ਨਾਲ ਨਹੀਂ ਹੋ ਸਕਦੀ ਹਨ। ਮੋਦੀ ਜੀ ਲਈ ਆਪਣੇ ਕਰਤੱਵ ਪੂਰੇ ਕਰਨੇ ਸੁਵਿਧਾਜਨਕ ਹੋਣ, ਇਸ ਲਈ ਮੈਂ ਉਨ੍ਹਾਂ ਵਾਸਤੇ ਕੁਝ ਸੰਵਿਧਾਨਕ ਜ਼ਿੰਮੇਵਾਰੀਆਂ ਦੀ ਹੇਠ ਲਿਖੀ ਸੂਚੀ ਤਿਆਰ ਕੀਤੀ ਹੈ:

1. ਸੰਵਿਧਾਨ ਦਾ ਸਤਿਕਾਰ ਕਰਨ ਜਾਂ ਉਸ ਦਾ ਜਸ਼ਨ ਮਨਾਉਂਦਿਆਂ ਮੋਦੀ ਜੀ ਨੂੰ ਕਦੇ ਨਹੀਂ ਭੁੱਲਣਾ ਚਾਹੀਦਾ ਕਿ ਪ੍ਰਧਾਨ ਮੰਤਰੀ ਵਜੋਂ ਉਨ੍ਹਾਂ ਨੂੰ ਅਹੁਦੇ ਦੀ ਸਹੁੰ ਸੰਵਿਧਾਨ ਦੀ ਕਿਤਾਬ 'ਤੇ ਹੱਥ ਰੱਖ ਕੇ ਚੁਕਾਈ ਗਈ ਹੈ,

**ਅਭੈ ਕੁਮਾਰ ਦੂਬੇ**

ਰਾਸ਼ਟਰੀ ਸਵੈਮ ਸੇਵਕ ਸੰਘ ਨੂੰ ਜਾਂ ਉਸ ਦੁਆਰਾ ਨਾਮਜ਼ਦ ਕਿਸੇ ਵਿਅਕਤੀ ਨੂੰ ਨਹੀਂ। ਸਰਕਾਰ ਦੇ ਮੁਖੀ ਉਹ ਹਨ, ਸੰਘ ਜਾਂ ਉਸ ਦਾ ਪਰਿਵਾਰ ਨਹੀਂ। ਸੰਵਿਧਾਨ ਦੀ ਇਹ ਸਥਿਤੀ ਸਿਰਫ਼ ਇਸ ਲਈ ਨਹੀਂ ਬਦਲ ਸਕਦੀ, ਕਿਉਂਕਿ ਮੋਦੀ ਜੀ ਦੀ ਪਾਰਟੀ ਭਾਜਪਾ, ਸੰਘ ਦੀ ਸੰਤਾਨ ਹੈ। ਮੋਦੀ ਜੀ ਇਹ ਯਕੀਨੀ ਬਣਾਉਣ ਕਿ ਸੰਘ (ਆਰ.ਐੱਸ.ਐੱਸ.) ਦਾ ਸਰਕਾਰ ਵਿਚ ਕੋਈ ਦਖਲ ਨਾ ਹੋਵੇ। ਸੰਘ ਦੇ ਸੈਂਕੜੇ ਪ੍ਰਚਾਰਕ ਸਰਕਾਰ ਵਿਚ ਓ.ਐੱਸ.ਡੀ. ਵਜੋਂ ਕੰਮ ਕਰ ਰਹੇ ਹਨ, ਸੰਵਿਧਾਨ ਦੀ ਭਾਵਨਾ ਦਾ ਸਤਿਕਾਰ ਕਰਦਿਆਂ ਉਨ੍ਹਾਂ ਨੂੰ ਤੁਰੰਤ ਬਰਖਾਸਤ ਕਰਨਾ ਚਾਹੀਦਾ ਹੈ। ਸੰਵਿਧਾਨ ਤਹਿਤ ਚੁਣੀ ਗਈ ਸਰਕਾਰ ਕਿਸੇ ਵੀ ਹਾਲਤ ਵਿਚ ਆਰ.ਐੱਸ.ਐੱਸ. ਵਰਗੇ ਗੈਰ-ਸੰਵਿਧਾਨਕ ਸੰਗਠਨ ਨੂੰ ਸੱਤਾ ਵਿਚ ਕੋਈ ਹਿੱਸੇਦਾਰੀ ਨਹੀਂ ਦੇ ਸਕਦੀ ਤੇ ਨਾ ਹੀ ਸਰਕਾਰੀ ਨੀਤੀਆਂ ਬਣਾਉਣ ਵਿਚ ਉਸ ਦੀ ਕੋਈ ਸਹਾਇਤਾ ਲੈ ਸਕਦੀ ਹੈ। ਜਦੋਂ ਤੱਕ ਭਾਜਪਾ ਸੱਤਾ ਵਿਚ ਹੈ ਅਤੇ ਮੋਦੀ ਜੀ ਸੰਵਿਧਾਨ ਦੀ ਸਹੁੰ ਚੁੱਕਣ ਤੋਂ ਬਾਅਦ ਪ੍ਰਧਾਨ ਮੰਤਰੀ ਹਨ, ਉਨ੍ਹਾਂ ਨੂੰ ਆਰ.ਐੱਸ.ਐੱਸ. ਤੋਂ ਪੂਰੀ ਤਰ੍ਹਾਂ ਦੂਰ ਰਹਿਣਾ ਚਾਹੀਦਾ ਹੈ। ਪਿਛਲੇ 11 ਸਾਲਾਂ ਦੌਰਾਨ ਸੰਘ ਤੇ ਉਸ ਦੇ ਵੱਖ-ਵੱਖ ਸੰਗਠਨਾਂ ਨੂੰ ਜੋ ਅਰਬਾਂ ਰੁਪਏ ਦੀਆਂ ਜਾਇਦਾਦਾਂ ਸੌਂਪੀਆਂ ਗਈਆਂ ਹਨ, ਪ੍ਰਧਾਨ ਮੰਤਰੀ ਨੂੰ ਸੰਵਿਧਾਨ ਦੀ ਭਾਵਨਾ ਦਾ ਸਤਿਕਾਰ ਕਰਦਿਆਂ ਤੁਰੰਤ ਵਾਪਸ ਲੈਣੀਆਂ ਚਾਹੀਦੀਆਂ ਹਨ।

2. ਸੰਵਿਧਾਨ ਮੋਦੀ ਜੀ 'ਤੇ ਇਹ ਜ਼ਿੰਮੇਵਾਰੀ ਪਾਉਂਦਾ ਹੈ ਕਿ ਉਹ ਇਹ ਯਕੀਨੀ ਬਣਾਉਣ ਕਿ ਉਨ੍ਹਾਂ ਦੀ ਸਰਕਾਰ ਕਿਸੇ ਵੀ ਗੈਰ-ਰਾਜੀ ਕਾਰਕ ਦਾ ਸਮਰਥਨ ਨਾ ਕਰੇ। ਸੰਘ ਦੇ ਸਵੈ-ਸੇਵਕ ਤੇ ਬਜਰੰਗ ਦਲ ਵਰਗੇ ਸੰਗਠਨ ਗੈਰ-ਰਾਜੀ ਕਾਰਕ ਹਨ, ਜੋ ਘੱਟ ਗਿਣਤੀਆਂ ਵਿਰੁੱਧ ਲਗਾਤਾਰ ਮੁਹਿੰਮ ਚਲਾਉਣ ਵਾਲੇ ਫਿਰਕੂ ਸੰਗਠਨ ਹਨ। ਮੁਸਲਮਾਨਾਂ ਨੂੰ ਨਿਸ਼ਾਨਾ ਬਣਾਉਣ ਵਾਲੀ ਹਿੰਸਕ ਭੀੜ, ਚਰਚਾਂ 'ਤੇ ਪੱਥਰ ਸੁੱਟਣ ਵਾਲੇ ਅਤੇ ਬਾਬਰੀ ਮਸਜਿਦ ਨੂੰ ਢਾਹੁਣ ਵਾਲੇ ਕਾਰਸੇਵਕ ਸਭ ਗੈਰ-ਰਾਜਕੀ ਕਾਰਕੁੰਨ ਸਨ। ਉਹ ਘੱਟ-ਗਿਣਤੀਆਂ ਵਿਰੁੱਧ ਹਿੰਸਾ ਕਰਦੇ ਹਨ, ਉਨ੍ਹਾਂ ਦੇ ਸਮਾਰਕਾਂ ਨੂੰ ਤੋੜਦੇ ਹਨ ਤੇ ਉਨ੍ਹਾਂ ਦੀਆਂ ਸੰਸਥਾਵਾਂ ਵਿਰੁੱਧ ਝੂਠੀਆਂ ਪ੍ਰਚਾਰ ਮੁਹਿੰਮਾਂ ਚਲਾਉਂਦੇ ਹਨ। ਮੋਦੀ ਜੀ ਨੂੰ ਸੰਵਿਧਾਨ ਅਨੁਸਾਰ ਇਨ੍ਹਾਂ ਸਭ ਲੋਕਾਂ ਵਿਰੁੱਧ ਕਾਨੂੰਨੀ ਕਾਰਵਾਈ ਕਰਦਿਆਂ ਉਨ੍ਹਾਂ ਦੇ ਦਿਲਾਂ ਵਿਚ ਕਾਨੂੰਨ ਦਾ ਡਰ ਪੈਦਾ ਕਰਨਾ ਚਾਹੀਦਾ ਹੈ।

3. ਸੰਵਿਧਾਨ ਦੇਸ਼ ਦੇ ਪ੍ਰਧਾਨ ਮੰਤਰੀ ਤੋਂ ਉਮੀਦ ਕਰਦਾ ਹੈ ਕਿ ਉਹ ਸਰਕਾਰ ਨੂੰ ਕਾਰਪੋਰੇਟ ਪੂੰਜੀ ਦਾ ਗੁਲਾਮ ਬਣਾਉਣ ਤੋਂ ਗੁਰੇਜ਼ ਕਰਨਗੇ। ਡਾ. ਰਾਜੇਂਦਰ ਪ੍ਰਸਾਦ, ਸਰਦਾਰ ਪਟੇਲ ਤੇ ਡਾ. ਅੰਬੇਡਕਰ ਅੱਜ ਜ਼ਿੰਦਾ ਹੁੰਦੇ ਤਾਂ ਉਨ੍ਹਾਂ ਨੂੰ ਇਹ ਦੇਖ ਕੇ ਬਹੁਤ ਦੁੱਖ ਹੁੰਦਾ ਕਿ ਸਰਕਾਰ ਇਕ ਹੱਥ ਨਾਲ ਜਨਤਕ ਫੰਡ 'ਚੋਂ ਪੂੰਜੀਪਤੀਆਂ ਨੂੰ ਵੱਡੇ ਕਰਜ਼ੇ ਦਿੰਦੀ ਹੈ ਅਤੇ ਦੂਜੇ ਹੱਥ ਨਾਲ ਉਨ੍ਹਾਂ ਤੋਂ ਵੱਡੀਆਂ ਰਕਮਾਂ ਲੈ ਕੇ ਭਾਜਪਾ ਦੇ ਖ਼ਜ਼ਾਨੇ ਨੂੰ ਭਰਦੀ ਜਾ ਰਹੀ ਹੈ। ਇਕ ਸਕਰੌਲ ਰਿਪੋਰਟ ਦੇ ਅਨੁਸਾਰ ਟਾਟਾ ਗਰੁੱਪ ਨੂੰ ਇਕ ਸੈਮੀਕੰਡਕਟਰ ਪ੍ਰੋਜੈਕਟ ਲਈ 44,000 ਕਰੋੜ ਰੁਪਏ ਦੀ ਸਰਕਾਰੀ ਸਬਸਿਡੀ ਮਿਲੀ ਤਾਂ 4 ਹਫ਼ਤਿਆਂ ਬਾਅਦ 758 ਕਰੋੜ ਭਾਜਪਾ ਦੇ ਖਾਤੇ ਵਿਚ ਆ ਗਏ! ਕੀ ਇਹ ਸਿਰਫ਼ ਇਕ ਸੰਜੋਗ ਹੈ?




4. ਦੇਸ਼ ਦੀ ਅੰਦਰੂਨੀ ਸੁਰੱਖਿਆ ਨੂੰ ਯਕੀਨੀ ਬਣਾਉਣਾ ਮੋਦੀ ਜੀ ਦਾ ਸੰਵਿਧਾਨਕ ਫਰਜ਼ ਵੀ ਹੈ। ਜਦੋਂ ਵੀ ਦੇਸ਼ ਦੀ ਅੰਦਰੂਨੀ ਸੁਰੱਖਿਆ ਨੂੰ ਖ਼ਤਰਾ ਪੈਦਾ ਹੁੰਦਾ ਹੈ ਤਾਂ ਇਹ ਨਿਰਧਾਰਤ ਕਰਨਾ ਮੋਦੀ ਜੀ ਦਾ ਫਰਜ਼ ਹੈ ਕਿ ਕੌਣ ਗਲਤ ਹੈ। ਦੇਸ਼ ਦੀ ਸੁਰੱਖਿਆ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਹੱਥਾਂ ਵਿਚ ਹੈ। ਪਿਛਲੇ 11 ਸਾਲਾਂ ਦੌਰਾਨ ਅੱਤਵਾਦੀ ਤਾਕਤਾਂ ਦੁਆਰਾ ਦੇਸ਼ ਦੇ ਅਸਾਮ, ਬੰਗਲੌਰ, ਜੰਮੂ, ਮਨੀਪੁਰ, ਗੁਰਦਾਸਪੁਰ, ਪਠਾਨਕੋਟ, ਪੰਪੋਰ, ਉੜੀ, ਨਗਰੋਟਾ, ਭੋਪਾਲ-ਉਜੈਨ ਰੇਲਗੱਡੀ, ਸੁਕਮਾ, ਅਮਰਨਾਥ ਯਾਤਰਾ, ਰਾਜੌਰੀ, ਪੁਲਵਾਮਾ 'ਚ ਸੀ.ਆਰ.ਪੀ.ਐਫ. ਦੇ ਕਾਫਲੇ, ਗੜ੍ਹਚਿਰੌਲੀ, ਦਾਂਤੇਵਾੜਾ, ਰਿਆਸੀ, ਪਹਿਲਗਾਮ ਤੇ ਲਾਲ ਕਿਲ੍ਹੇ ਵਿਚ ਹਮਲੇ ਕੀਤੇ ਗਏ ਹਨ। ਸਰਕਾਰੀ ਅੰਕੜਿਆਂ (ਗ੍ਰਹਿ ਮੰਤਰਾਲੇ) ਤੇ ਸੁਤੰਤਰ ਸਰੋਤਾਂ (ਜਿਵੇਂ ਕਿ ਦੱਖਣੀ ਏਸ਼ੀਆ ਅੱਤਵਾਦ ਪੋਰਟਲ) ਦੇ ਅਨੁਸਾਰ 2014 ਤੋਂ 2023 ਤੱਕ, 629 ਤੋਂ ਵੱਧ ਵੱਡੀਆਂ ਘਟਨਾਵਾਂ 'ਚ ਸੈਂਕੜੇ ਮੌਤਾਂ ਹੋਈਆਂ। ਇਨ੍ਹਾਂ ਮੌਤਾਂ ਦੀ ਜ਼ਿੰਮੇਵਾਰੀ ਮੋਦੀ ਦੇ ਗ੍ਰਹਿ ਮੰਤਰੀ ਦੀ ਬਣਦੀ ਹੈ। ਸੰਵਿਧਾਨਕ ਫਰਜ਼ ਮੰਗ ਕਰਦਾ ਹੈ ਕਿ ਗ੍ਰਹਿ ਮੰਤਰੀ ਨੂੰ ਤੁਰੰਤ ਹਟਾਇਆ ਜਾਵੇ।

5. ਮੋਦੀ ਨੇ ਆਪਣੇ ਪੱਤਰ ਵਿਚ ਲਿਖਿਆ ਹੈ ਕਿ ਸੰਵਿਧਾਨ ਨਾਗਰਿਕਾਂ ਨੂੰ ਵੋਟ ਪਾਉਣ ਦਾ ਅਧਿਕਾਰ ਦਿੰਦਾ ਹੈ ਅਤੇ ਉਨ੍ਹਾਂ ਨੂੰ ਵੋਟ ਪਾਉਣੀ ਚਾਹੀਦੀ ਹੈ। ਪਰ ਉਹ ਇਹ ਦੱਸਣਾ ਭੁੱਲ ਗਏ ਕਿ ਪ੍ਰਧਾਨ ਮੰਤਰੀ ਹੋਣ ਦੇ ਨਾਤੇ ਇਸ ਮੌਲਿਕ ਅਧਿਕਾਰ ਦੀ ਰੱਖਿਆ ਕਰਨਾ ਉਨ੍ਹਾਂ ਦਾ ਸੰਵਿਧਾਨਕ ਫਰਜ਼ ਹੈ। ਵੋਟ ਪਾਉਣ ਦੇ ਅਧਿਕਾਰ ਦੀ ਰੱਖਿਆ ਤੇ ਵੋਟ ਦੀ ਗੁਪਤਤਾ ਬਣਾਈ ਰੱਖਣ ਲਈ ਜ਼ਰੂਰੀ ਹੈ ਕਿ ਮੋਦੀ ਤੁਰੰਤ ਈ.ਵੀ.ਐਮ. ਦੀ ਵਰਤੋਂ ਕਰਕੇ ਚੋਣਾਂ ਕਰਵਾਉਣੀਆਂ ਬੰਦ ਕਰਵਾਉਣ, ਕਿਉਂਕਿ ਈ.ਵੀ.ਐਮ ਨੇ ਸਾਡੀਆਂ ਵੋਟਾਂ ਦੀ ਗੁਪਤਤਾ ਨੂੰ ਖ਼ਤਮ ਕਰ ਦਿੱਤਾ ਹੈ। ਜੇਕਰ ਵੋਟਾਂ ਕਾਗਜ਼ੀ ਬੈਲਟ ਪੇਪਰਾਂ ਨਾਲ ਪੈਣ ਤਾਂ ਵੋਟਾਂ ਦੀ ਗਿਣਤੀ ਦੌਰਾਨ ਪਹਿਲਾਂ ਵਾਂਗ ਸਾਰੀਆਂ ਵੋਟਾਂ ਨੂੰ ਮਿਲਾ ਕੇ ਹਰੇਕ ਪਾਰਟੀ ਦੀਆਂ ਵੋਟਾਂ ਦੇ ਬੰਡਲ ਬਣਾਏ ਜਾਣਗੇ ਅਤੇ ਵੋਟਾਂ ਦੀ ਗਿਣਤੀ ਉਪਰੰਤ ਜਿੱਤ ਜਾਂ ਹਾਰ ਦਾ ਐਲਾਨ ਕੀਤਾ ਜਾਵੇਗਾ। ਜਿਸ ਤਰ੍ਹਾਂ ਪਹਿਲਾਂ ਹੁੰਦਾ ਸੀ। ਮੋਦੀ ਜੀ ਨੂੰ ਵੋਟ ਦੇ ਅਧਿਕਾਰ ਦੀ ਰੱਖਿਆ ਲਈ ਚੋਣ ਕਮਿਸ਼ਨ ਦੁਆਰਾ ਕਰਵਾਈ ਜਾ ਰਹੀ ਗੈਰ-ਸੰਵਿਧਾਨਕ ਐੱਸ. ਆਈ. ਆਰ. ਪ੍ਰਕਿਰਿਆ ਨੂੰ ਤੁਰੰਤ ਬੰਦ ਕਰਵਾਉਣਾ ਚਾਹੀਦਾ ਹੈ। ਇਕ ਬਿਹਤਰ ਤੇ ਗਲਤੀ-ਮੁਕਤ ਵੋਟਰ ਸੂਚੀ ਨੂੰ ਯਕੀਨੀ ਬਣਾਉਣਾ ਚੋਣ ਕਮਿਸ਼ਨ ਦੀ ਜ਼ਿੰਮੇਵਾਰੀ ਹੈ।

6. ਸੰਵਿਧਾਨ ਮੋਦੀ ਜੀ ਤੋਂ ਉਮੀਦ ਕਰਦਾ ਹੈ ਕਿ ਉਹ ਦੇਸ਼ ਦੇ ਹਰ ਨਾਗਰਿਕ, ਹਰ ਛੋਟੀ ਜਾਂ ਵੱਡੀ ਰਾਜਨੀਤਕ ਪਾਰਟੀ ਅਤੇ ਚੋਣ ਲੜ ਰਹੇ ਹਰ ਉਮੀਦਵਾਰਾਂ ਨੂੰ ਬਰਾਬਰ ਦਾ ਮੌਕਾ ਪ੍ਰਦਾਨ ਕਰਨਗੇ। ਇਸ ਲਈ ਪ੍ਰਧਾਨ ਮੰਤਰੀ ਨੂੰ ਬੂਥ ਲੈਵਲ ਏਜੰਟ (ਬੀ.ਐਲ.ਏ.) ਸ਼੍ਰੇਣੀ ਖ਼ਤਮ ਕਰਨੀ ਹੋਵੇਗੀ। ਇਕ ਛੋਟੀ ਪਾਰਟੀ ਬਹੁਤ ਘੱਟ ਬੀ.ਐਲ.ਏ. ਨਿਯੁਕਤ ਕਰ ਸਕਦੀ ਹੈ, ਇਕ ਆਜ਼ਾਦ ਉਮੀਦਵਾਰ ਤਾਂ ਸ਼ਾਇਦ ਹੀ ਕੋਈ ਬੀ.ਐਲ.ਏ. ਨਿਯੁਕਤ ਕਰ ਸਕੇ। ਇਹ ਬੀ.ਐਲ.ਏ. ਸ਼੍ਰੇਣੀ ਐੱਸ.ਆਈ.ਆਰ. ਪ੍ਰਕਿਰਿਆ ਨੂੰ ਵੱਡੀਆਂ ਤੇ ਪੈਸੇ ਵਾਲੀਆਂ ਪਾਰਟੀਆਂ ਦੇ ਪੱਖ ਵਿਚ ਪੂਰੀ ਤਰ੍ਹਾਂ ਝੁਕਾਅ ਦਿੰਦੀ ਹੈ।

7. ਸੰਵਿਧਾਨ ਨੇ ਮੋਦੀ ਜੀ ਨੂੰ ਵਿਰੋਧੀ ਧਿਰ ਦੇ ਵਜੂਦ ਤੇ ਅਧਿਕਾਰਾਂ ਦੀ ਪੂਰੀ ਤਰ੍ਹਾਂ ਰੱਖਿਆ ਕਰਨ ਦਾ ਫਰਜ਼ ਵੀ ਸੌਂਪਿਆ ਹੈ। ਉਹ ਪ੍ਰਧਾਨ ਮੰਤਰੀ ਵਜੋਂ ਅਹੁਦੇ ਦੀ ਸਹੁੰ ਚੁੱਕਣ ਤੋਂ ਬਾਅਦ ਸਿਰਫ਼ ਭਾਜਪਾ ਦੇ ਹੀ ਪ੍ਰਧਾਨ ਮੰਤਰੀ ਨਹੀਂ, ਸਗੋਂ ਵਿਰੋਧੀ ਧਿਰ ਦੇ ਵੀ ਪ੍ਰਧਾਨ ਮੰਤਰੀ ਹਨ। ਇਸ ਲਈ ਉਨ੍ਹਾਂ ਨੂੰ ਸੰਸਦ ਦੇ ਅੰਦਰ ਤੇ ਬਾਹਰ ਵਿਰੋਧੀ ਧਿਰ ਦੇ ਵਿਚਾਰਾਂ ਦਾ ਸਤਿਕਾਰ ਤੇ ਮਹੱਤਵਪੂਰਨ ਮੌਕਿਆਂ 'ਤੇ ਉਨ੍ਹਾਂ ਨਾਲ ਸਲਾਹ-ਮਸ਼ਵਰਾ ਵੀ ਕਰਨਾ ਚਾਹੀਦਾ ਹੈ।

8. ਸੰਵਿਧਾਨ ਪ੍ਰਧਾਨ ਮੰਤਰੀ ਨੂੰ ਦੇਸ਼ ਦੇ ਲੋਕਾਂ ਨੂੰ ਸਮਰੱਥ ਬਣਾਉਣ ਦਾ ਹੁਕਮ ਦਿੰਦਾ ਹੈ। ਸੰਵਿਧਾਨ ਅਜਿਹਾ ਕੋਈ ਨਿਰਦੇਸ਼ ਨਹੀਂ ਦਿੰਦਾ ਕਿ ਸਰਕਾਰ ਆਮ ਲੋਕਾਂ ਨੂੰ ਸਰਕਾਰੀ ਸਹਾਇਤਾ ਜਾਂ ਮੁਫ਼ਤ ਅਨਾਜ ਤੇ ਰਾਸ਼ਨ 'ਤੇ ਨਿਰਭਰ ਰਹਿਣ ਵਾਲੇ ਬਣਾ ਦੇਵੇ। ਉਹ ਆਮ ਲੋਕਾਂ ਨੂੰ ਸਮਰੱਥ ਬਣਾਉਣ ਲਈ ਪ੍ਰਭਾਵਸ਼ਾਲੀ ਯੋਜਨਾਵਾਂ ਬਣਾ ਕੇ ਕਿਰਤ-ਅਧਾਰਤ ਉਦਯੋਗਾਂ ਤੇ ਅਸੰਗਠਿਤ ਖੇਤਰ ਨੂੰ ਉਤਸ਼ਾਹਿਤ ਕਰਕੇ ਇਨ੍ਹਾਂ ਨੂੰ ਮਜ਼ਬੂਤ ਬਣਾ ਸਕਦੇ ਹਨ। ਇਸ ਨਾਲ ਲੱਖਾਂ ਨੌਕਰੀਆਂ ਪੈਦਾ ਹੋਣਗੀਆਂ ਅਤੇ ਲੋਕਾਂ ਨੂੰ ਸਰਕਾਰੀ ਸਹਾਇਤਾ 'ਤੇ ਨਿਰਭਰ ਰਹਿਣ ਦੀ ਜ਼ਰੂਰਤ ਨਹੀਂ ਪਵੇਗੀ। ਦੇਸ਼ ਸੱਚਮੁੱਚ ਵਿਕਾਸ ਕਰੇਗਾ ਅਤੇ ਅਸੀਂ ਤਰੱਕੀ ਦੇ ਰਾਹ 'ਤੇ ਚਲਦੇ ਰਹਾਂਗੇ।

ਮੇਰੇ ਕੋਲ ਬਹੁਤ ਸਾਰੇ ਅਜਿਹੇ ਸੁਝਾਅ ਹਨ ਜੋ ਮੋਦੀ ਜੀ ਲਈ ਆਪਣੇ ਸੰਵਿਧਾਨਕ ਫਰਜ਼ਾਂ ਨੂੰ ਪੂਰਾ ਕਰਨਾ ਅਤੇ ਇਕ ਕਰਤੱਵਪੂਰਨ ਨਾਗਰਿਕ ਬਣਨਾ ਆਸਾਨ ਬਣਾ ਦੇਣਗੇ। ਪਰ ਮੈਂ ਆਪਣੇ ਬਾਕੀ ਸੁਝਾਵਾਂ 'ਤੇ ਕਿਸੇ ਹੋਰ ਸਮੇਂ ਚਰਚਾ ਕਰਾਂਗਾ। ਧੰਨਵਾਦ ਮੋਦੀ ਜੀ, ਮੈਨੂੰ ਪੱਤਰ ਲਿਖਣ ਲਈ, ਜਿਸ ਨੇ ਮੈਨੂੰ ਤੁਹਾਡੇ ਨਾਲ ਗੱਲਬਾਤ ਕਰਨ ਦਾ ਮੌਕਾ ਦਿੱਤਾ।

## ਸੰਸਦ ਦੇ ਇਜਲਾਸ ਦਾ ਉਦੇਸ਼

ਜਿਹੋ ਜਿਹੀ ਸ਼ੰਕਾ ਸੀ, ਠੀਕ ਉਵੇਂ ਹੀ ਹੋਇਆ। ਸੰਸਦ ਦੇ ਸਰਦ ਰੁੱਤ ਇਜਲਾਸ ਦੀ ਸ਼ੁਰੂਆਤ ਹੰਗਾਮੇ ਨਾਲ ਹੀ ਹੋਈ। ਸਭ ਤੋਂ ਵੱਧ ਹੰਗਾਮਾ ਵੋਟਰ ਸੂਚੀਆਂ ਦੇ ਵਿਸ਼ੇਸ਼ ਗਹਿਰੇ ਪੁਨਰ-ਨਿਰੀਖਣ ਯਾਨੀ ਐੱਸਆਈਆਰ ਨੂੰ ਲੈ ਕੇ ਹੋਇਆ। ਵਿਰੋਧੀ ਪਾਰਟੀਆਂ ਦੀ ਮੰਗ ਹੈ ਕਿ ਬਿਹਾਰ ਤੋਂ ਬਾਅਦ ਹੋਰ ਰਾਜਾਂ ਵਿਚ ਚੱਲ ਰਹੇ ਐੱਸਆਈਆਰ ਬਾਰੇ ਸਦਨ ਵਿਚ ਚਰਚਾ ਕਰਵਾਈ ਜਾਵੇ। ਇਸ 'ਤੇ ਚਰਚਾ ਹੋ ਤਾਂ ਸਕਦੀ ਹੈ ਪਰ ਆਖ਼ਰਕਾਰ ਸਰਕਾਰ ਵਿਰੋਧੀ ਧਿਰ ਦੇ ਉਨ੍ਹਾਂ ਸਵਾਲਾਂ ਦਾ ਜਵਾਬ ਕਿਵੇਂ ਦੇ ਸਕਦੀ ਹੈ ਜੋ ਅਸਲ ਵਿਚ ਚੋਣ ਕਮਿਸ਼ਨ ਨੇ ਦੇਣੇ ਹਨ?

ਐੱਸਆਈਆਰ ਦੀ ਪ੍ਰਕਿਰਿਆ ਚੋਣ ਕਮਿਸ਼ਨ ਵੱਲੋਂ ਕੀਤੀ ਜਾ ਰਹੀ ਹੈ ਅਤੇ ਇਸ ਬਾਰੇ ਉੱਠੇ ਸਵਾਲਾਂ ਦਾ ਸਹੀ-ਸਟੀਕ ਜਵਾਬ ਉਹੀ ਦੇ ਸਕਦਾ ਹੈ। ਅਜਿਹਾ ਨਹੀਂ ਹੈ ਕਿ ਚੋਣ ਕਮਿਸ਼ਨ ਐੱਸਆਈਆਰ ਬਾਰੇ ਉੱਠੇ ਸਵਾਲਾਂ ਦਾ ਜਵਾਬ ਦੇਣ ਤੋਂ ਇਨਕਾਰ ਕਰ ਰਿਹਾ ਹੈ। ਉਹ ਸਿਆਸੀ ਪਾਰਟੀਆਂ ਦੇ ਨੁਮਾਇੰਦਿਆਂ ਨਾਲ ਮੁਲਾਕਾਤ ਦੇ ਸਮੇਂ ਤਾਂ ਉਨ੍ਹਾਂ ਦੇ ਸਵਾਲਾਂ ਦਾ ਜਵਾਬ ਦੇ ਹੀ ਰਿਹਾ ਹੈ, ਸੁਪਰੀਮ ਕੋਰਟ ਦੇ ਸਾਹਮਣੇ ਵੀ ਆਪਣੀ ਸਥਿਤੀ ਸਪਸ਼ਟ ਕਰ ਰਿਹਾ ਹੈ। ਬਿਹਾਰ ਵਿਚ ਐੱਸਆਈਆਰ ਨੂੰ ਲੈ ਕੇ ਸੁਪਰੀਮ ਕੋਰਟ ਵਿਚ ਕਿੰਨੀ ਵਾਰ ਸੁਣਵਾਈ ਹੋ ਚੁੱਕੀ ਹੈ। ਇਸ ਦੌਰਾਨ ਚੋਣ ਕਮਿਸ਼ਨ ਨੇ ਵਿਰੋਧੀ ਪਾਰਟੀਆਂ ਦੇ ਵਕੀਲਾਂ ਵੱਲੋਂ ਉਠਾਏ ਗਏ ਹਰ ਸਵਾਲ ਦਾ ਜਵਾਬ ਦਿੱਤਾ। ਸੁਪਰੀਮ ਕੋਰਟ ਨੇ ਕਿਉਂਕਿ ਬਿਹਾਰ ਵਿਚ ਐੱਸਆਈਆਰ 'ਤੇ ਰੋਕ ਲਗਾਉਣ ਦੀ ਜ਼ਰੂਰਤ ਨਹੀਂ ਸਮਝੀ, ਇਸ ਲਈ ਇਹ ਸਹਿਜੇ ਹੀ ਸਮਝਿਆ ਜਾ ਸਕਦਾ ਹੈ ਕਿ ਉਹ ਚੋਣ ਕਮਿਸ਼ਨ ਦੇ ਜਵਾਬ ਤੋਂ ਸੰਤੁਸ਼ਟ ਸੀ। ਹੁਣ 12 ਸੂਬਿਆਂ ਵਿਚ ਐੱਸਆਈਆਰ ਬਾਰੇ ਸੁਪਰੀਮ ਕੋਰਟ ਵਿਚ ਸੁਣਵਾਈ ਹੋ ਰਹੀ ਹੈ। ਇਸ ਵਿਚ ਸ਼ੱਕ ਹੈ ਕਿ ਇਸ ਸੁਣਵਾਈ ਤੋਂ ਵਿਰੋਧੀ ਪਾਰਟੀਆਂ ਨੂੰ ਕੁਝ ਹਾਸਲ ਹੋ ਸਕੇਗਾ ਕਿਉਂਕਿ ਸੁਪਰੀਮ ਕੋਰਟ ਐੱਸਆਈਆਰ ਵਿਚ ਕਿਸੇ ਵੀ ਤਰ੍ਹਾਂ ਦੀ ਤਰੁੱਟੀ ਨਹੀਂ ਦੇਖ ਰਿਹਾ ਹੈ। ਐੱਸਆਈਆਰ 'ਤੇ ਰੋਕ ਲਗਾਉਣ ਦੀ ਸੂਰਤ ਇਸ ਲਈ ਵੀ ਨਹੀਂ ਦਿਸਦੀ ਕਿਉਂਕਿ ਬਿਹਾਰ ਦੀ ਤਰ੍ਹਾਂ ਹੋਰ ਰਾਜਾਂ ਵਿਚ ਵੀ ਅਜਿਹਾ ਹੋਣਾ ਸਮੇਂ ਦੀ ਮੰਗ ਹੈ। ਇਹ ਸਮਝਿਆ ਜਾਵੇ ਤਾਂ ਬਿਹਤਰ ਹੈ ਕਿ ਵੋਟਰ ਸੂਚੀਆਂ ਨੂੰ ਦਰੁਸਤ ਕਰਨ ਦਾ ਇੱਕੋ ਹੀ ਉਪਾਅ ਹੈ ਅਤੇ ਉਹ ਹੈ ਐੱਸਆਈਆਰ।

ਵਿਰੋਧੀ ਧਿਰ ਐੱਸਆਈਆਰ ਬਾਰੇ ਆਪਣੇ ਸੁਝਾਅ ਤਾਂ ਦੇ ਸਕਦੀ ਹੈ ਪਰ ਜੇ ਉਹ ਇਹ ਚਾਹੇਗੀ ਕਿ ਅਜਿਹਾ ਕੀਤਾ ਹੀ ਨਾ ਜਾਵੇ ਤਾਂ ਇਹ ਸੰਭਵ ਨਹੀਂ ਹੈ। ਐੱਸਆਈਆਰ ਦੇ ਮੁੱਦੇ 'ਤੇ ਸੰਸਦ ਵਿਚ ਹੰਗਾਮਾ ਕਰ ਕੇ ਵਿਰੋਧੀ ਪਾਰਟੀਆਂ ਚਰਚਾ ਵਿਚ ਭਾਵੇਂ ਆ ਗਈ ਹੈ ਪਰ ਇਕ ਤਰ੍ਹਾਂ ਨਾਲ ਉਹ ਹਾਰੀ ਹੋਈ ਜੰਗ ਲੜਦੀ ਦਿਖਾਈ ਦੇ ਰਹੀ ਹੈ। ਇਸ ਦਾ ਪਤਾ ਇਸ ਗੱਲ ਤੋਂ ਲੱਗਦਾ ਹੈ ਕਿ ਲੋਕ ਸਭਾ ਵਿਚ ਹੰਗਾਮੇ ਵਿਚਕਾਰ ਹੀ ਮਨੀਪੁਰ ਨਾਲ ਸਬੰਧਤ ਜੀਐੱਸਟੀ ਬਿੱਲ ਬਿਨਾਂ ਕਿਸੇ ਚਰਚਾ ਦੇ ਪਾਸ ਹੋ ਗਿਆ।

ਬਿਨਾਂ ਚਰਚਾ ਦੇ ਬਿੱਲ ਪਾਸ ਹੋਣਾ ਇਕ ਅਪਵਾਦ ਹੋ ਸਕਦਾ ਹੈ ਪਰ ਇਸ ਨੂੰ ਚਲਨ ਨਹੀਂ ਬਣਨ ਦੇਣਾ ਚਾਹੀਦਾ। ਸੰਸਦੀ ਪ੍ਰਕਿਰਿਆ ਲਈ ਇਹ ਕੋਈ ਚੰਗਾ ਸੰਕੇਤ ਨਹੀਂ ਹੈ ਕਿ ਬਿੱਲ ਬਿਨਾਂ ਕਿਸੇ ਚਰਚਾ ਦੇ ਪਾਸ ਹੋ ਜਾਣ। ਜੇ ਬਿੱਲ ਬਿਨਾਂ ਚਰਚਾ ਦੇ ਪਾਸ ਹੋਣ ਲੱਗਣ ਤਾਂ ਫਿਰ ਸੰਸਦ ਦੇ ਇਜਲਾਸ ਬੁਲਾਉਣ ਦਾ ਮਕਸਦ ਹੀ ਖ਼ਤਮ ਹੋ ਜਾਵੇਗਾ। ਹੈਰਾਨੀ ਨਹੀਂ ਕਿ ਸੰਸਦ ਦੇ ਇਸ ਸੈਸ਼ਨ ਵਿਚ ਕੁਝ ਹੋਰ ਬਿੱਲ ਵੀ ਬਿਨਾਂ ਚਰਚਾ ਦੇ ਪਾਸ ਹੋ ਜਾਣ। ਇਸ ਸਿਲਸਿਲੇ ਨੂੰ ਰੋਕਿਆ ਜਾਣਾ ਚਾਹੀਦਾ ਹੈ ਅਤੇ ਇਹ ਉਦੋਂ ਹੀ ਰੁਕ ਸਕੇਗਾ ਜਦੋਂ ਹੁਕਮਰਾਨ ਅਤੇ ਵਿਰੋਧ ਧਿਰ, ਦੋਵੇਂ ਹੀ ਸੰਸਦ ਚਲਾਉਣ ਨੂੰ ਸਰਬਉੱਚ ਤਰਜੀਹ ਦੇਣਗੀਆਂ।



ਸ੍ਰ. ਗੁਰਪਾਲ ਸਿੰਘ ਹੰਸਰਾ
ਕੈਲੀਫੋਰਨੀਆ (ਅਮਰੀਕਾ)

ਸਿੱਖੀ ਦੇ ਪ੍ਰਚਾਰ ਪ੍ਰਸਾਰ ਦਾ ਥੰਮ੍ਹ ਨਾਨਕਸਰ ਕਲੇਰਾਂ ਦੀ ਵਿਲੱਖਣ ਦਰਗਾਹੀ ਮਰਿਆਦਾ ਵਾਰੇ ਅਮਰੀਕਾ ਦੇ ਉਘੇ ਸਿੱਖ ਆਗੂ ਗੁਰਦੁਆਰਾ ਸਾਹਿਬ ਫਰੀਮਾਂਟ ਦੇ ਸਾਬਕਾ ਸੀਨੀਅਰ ਸੁਪਰੀਮ ਕੌਂਸਲ ਮੈਂਬਰ ਸ੍ਰ. ਗੁਰਪਾਲ ਸਿੰਘ ਹੰਸਰਾ MA Eco from GN Univercity ਨੇ ਦੱਸਿਆ ਕਿ ਗੁਰਦੁਆਰਾ ਨਾਨਕਸਰ ਸਾਹਿਬ ਵਿਖੇ ਨਿਸ਼ਾਨ ਸਾਹਿਬ ਕਿਉਂ ਨਹੀਂ ਲਗਾਇਆ ਜਾਂਦਾ, ਗੋਲਕ ਕਿਉਂ ਨਹੀਂ ਰੱਖੀ ਜਾਂਦੀ, ਦੋਹਰਾ ਕਿਉਂ ਨਹੀਂ ਪੜ੍ਹਿਆ ਜਾਂਦਾ, ਜੈਕਾਰਾ ਕਿਉਂ ਨਹੀਂ ਛੱਡਿਆ ਜਾਂਦਾ, ਪੱਕਿਆ ਪਕਾਇਆ ਪ੍ਰਸ਼ਾਦਾ, ਗੁਰੂ ਸਾਹਿਬ ਦੀਆਂ ਫੋਟੋਆਂ ਵਾਰੇ ਅਹਿਮ ਤੱਤ ਪੇਸ਼ ਕੀਤੇ ਅਤੇ ਉਨ੍ਹਾਂ ਕਿਹਾ ਕਿ ਕਿਸੇ ਵੀ ਗੱਲ ਨੂੰ ਸਬੂਤਾਂ ਨਾਲ ਸਾਬਤ ਕਰਨ ਵਾਲੇ ਨੂੰ 50,000 ਰੁਪਏ ਇਨਾਮ ਦਿੱਤਾ ਜਾਵੇਗਾ ਤੇ ਮੁਆਫ਼ੀ ਵੀ ਮੰਗੀ ਜਾਵੇਗੀ। ਉਨ੍ਹਾਂ ਵਲੋਂ 'ਸਾਡੇ ਲੋਕ' ਅਖ਼ਬਾਰ ਨਾਲ ਕੀਤੀ ਗੱਲਬਾਤ ਨੂੰ ਅਸੀਂ ਲੜੀਵਾਰ ਪਾਠਕਾਂ ਲਈ ਛਾਪਕੇ ਅਸੀਮ ਖੁਸ਼ੀ ਪ੍ਰਾਪਤ ਕਰ ਰਹੇ ਹਾਂ। – ਸਤਨਾਮ ਸਿੰਘ ਖਾਲਸਾ।

# ਸਿੱਖਾਂ ਦਾ ਹਰਿਮੰਦਰ ਸਾਹਿਬ ਨਾਲ ਰਿਸ਼ਤਾ



(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

(ਬਾਬਾ ਈਸ਼ਰ ਸਿੰਘ ਜੀ ਬਚਨ ਕਰਦੇ ਸਨ ਕਿ ਪਹਿਲਾਂ ਗੁਰੂ ਸਾਹਿਬ ਅੱਗੇ ਅਰਦਾਸ ਕਰਕੇ ਭਾਵ ਮਨਜ਼ੂਰੀ ਮਿਲਣ ਤੇ ਫਿਰ ਅਖੰਡ ਪਾਠ ਸਾਹਿਬ ਅਰੰਭ ਕਰਨੇ ਚਾਹੀਦੇ ਹਨ)

ਇਹ ਮਰਯਾਦਾ ਦਸਵੇਂ ਪਾਤਸ਼ਾਹ ਵੱਲੋਂ ਹੁਕਮ ਤੇ ਭਾਈ ਮਨੀ ਸਿੰਘ ਜੀ ਰਾਹੀ ਦਰਬਾਰ ਸਾਹਿਬ ਵਿਖੇ ਲਾਗੂ ਕੀਤੀ ਹੋਈ ਤੇ ਅੱਜ ਵੀ ਹੂ ਬ ਹੂ ਮੰਨੀ ਜਾ ਰਹੀ ਹੈ। ਇਸ ਦੀ ਤਰਜ ਤੇ ਨਾਨਕਸਰ ਲਾਗੂ ਕੀਤੀ ਗਈ ਹੈ।

**ਨੋਟ :** ਇਹ ਹੂਬਹੂ ਦਰਬਾਰ ਸਾਹਿਬ ਦੀ ਮਰਯਾਦਾ ਹੈ।

ਇਹ ਬਾਬਾ ਜੀ ਦੀ ਦਰਗਾਹੀ ਮਰਿਆਦਾ ਹੈ ਹਰਿਮੰਦਰ ਸਾਹਿਬ ਵਿੱਚ ਜਦੋਂ ਹੁਕਮਨਾਮਾ ਲੈਣਾ ਹੁੰਦਾ ਹੈ ਤਾਂ ਗੁਰੂ ਮਹਾਰਾਜ ਦੇ ਪ੍ਰਕਾਸ਼ ਕਰਨ ਦੀ ਮਰਿਆਦਾ ਅਨੁਸਾਰ ਗੁਰੂ ਗ੍ਰੰਥ ਸਾਹਿਬ ਜੀ ਨੂੰ ਸ਼ਰਧਾਮਈ ਢੰਗ ਨਾਲ ਖੋਹਲ ਕੇ ਪ੍ਰਕਾਸ਼ ਕੀਤਾ ਜਾਂਦਾ ਹੈ ਅਤੇ ਗੁਰੂ ਮਹਾਰਾਜ ਦੇ ਸਰੂਪ ਦੇ ਖੱਬੇ ਹੱਥ ਦੇ ਅੰਗ ਦੇ ਉਪਰੋਂ ਜੋ ਸ਼ਬਦ ਹੁੰਦਾ ਹੈ ਉਸ ਨੂੰ ਉਸ ਦਿਨ ਦਾ ਫੁਰਮਾਨ ਸਮਝ ਕੇ ਸੰਗਤਾਂ ਨੂੰ ਸਰਵਣ ਕਰਵਾਇਆ ਜਾਂਦਾ ਹੈ, ਜੇਕਰ ਅੰਗ ਦੇ ਪ੍ਰਾਰੰਭ ਤੇ ਪਿਛਲੇ ਅੰਗ ਦਾ ਸ਼ਬਦ ਚਲ ਰਿਹਾ ਹੋਵੇ ਤਾਂ ਇੱਕ ਅੰਗ ਪਿੱਛੇ ਜਾ ਕੇ ਜਿੱਥੋਂ ਉਹ ਸ਼ਬਦ ਪ੍ਰਾਰੰਭ ਹੁੰਦਾ ਹੈ ਉੱਥੋਂ ਹੁਕਮਨਾਮਾ ਲਿਆ ਜਾਂਦਾ ਹੈ।

ਹੁਕਮਨਾਮਾ ਸਾਹਿਬ ਦੀਆਂ ਪਹਿਲੀਆਂ ਤੇ ਆਖ਼ਰੀ ਪੰਗਤੀਆਂ ਦੋ ਦੋ ਵਾਰ ਪੜ੍ਹੀਆਂ ਜਾਂਦੀਆਂ ਹਨ।

ਨਾਨਕਸਰ ਵਿਖੇ ਵੀ ਹੁਕਮਨਾਮਾ ਸਾਹਿਬ ਬਿਲਕੁਲ ਦਰਬਾਰ ਸਾਹਿਬ ਦੀ ਤਰਜ ਤੇ ਲਿਆ ਜਾਂਦਾ ਹੈ..ਵਿਧੀ ਤੇ ਵਿਧਾਨ ਇੱਕ ਹੀ ਹੈ।

ਹੁਕਮਨਾਮਾ ਸਾਹਿਬ ਦੀਆਂ ਪਹਿਲੀਆਂ ਤੇ ਆਖ਼ਰੀ ਪੰਗਤੀਆਂ ਨਾਨਕਸਰ ਵੀ ਦੋ ਦੋ ਪੜੀਆਂ ਜਾਂਦੀਆਂ ਹਨ।

੨੮-ਹਰਿਮੰਦਰ ਸਾਹਿਬ ਵਿਚ ਹੁਕਮਨਾਮਾ ਲੈਣ ਉਪਰੰਤ ਹੁਕਮਨਾਮੇ ਵਾਲੇ ਖੁੱਲ੍ਹੇ ਅੰਗਾਂ ਉੱਪਰ ਪਲਕਾਂ ਪਾ ਕੇ ਢੱਕ ਦਿੱਤਾ ਜਾਂਦਾ ਹੈ ਅਤੇ ਗੁਰੂ ਗ੍ਰੰਥ ਸਾਹਿਬ ਦੇ ਸੁੱਖ ਆਸਨ ਵਾਲੇ ਬਸਤਰਾਂ ਵਿਚ ਗੁਰੂ ਗ੍ਰੰਥ ਸਾਹਿਬ ਨੂੰ ਸਜਾ ਕੇ ਉੱਪਰ ਸੋਹਣੇ ਬਸਤਰ ਪਾਏ ਜਾਂਦੇ ਹਨ। ਬਾਕੀ ਗੁਰੂ ਅਸਥਾਨਾਂ ਉੱਪਰ ਪ੍ਰਥਾ ਕੁਝ ਅਲੱਗ ਕਿਸਮ ਦੀ ਹੈ 'ਪਹਿਲਾਂ ਉਥੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਜਾਂਦਾ ਹੈ ਤੇ ਫਿਰ ਉਹਨਾਂ ਦੀ ਹਾਜਰੀ ਵਿਚ ਹੀ ਕੀਰਤਨ ਅਰੰਭ ਕੀਤਾ ਜਾਂਦਾ ਹੈ, ਹੁਕਮਨਾਮਾ ਲੈਣ ਉਪਰੰਤ ਗੁਰੂ ਮਹਾਰਾਜ ਦੇ ਸਰੂਪ ਤੇ ਰੁਮਾਲਾ ਚੜਾ ਦਿੱਤਾ ਜਾਂਦਾ ਹੈ ਅਤੇ ਆਮ ਕਰਕੇ ਗੁਰੂ ਸਾਹਿਬ ਨੂੰ ਸਫ਼ੈਦ ਚਾਦਰਾਂ ਵਿੱਚ ਸਜਾਇਆ ਨਹੀਂ ਜਾਂਦਾ।

ਨਾਨਕਸਰ ਵਿਖੇ ਵੀ ਬਿਲਕੁਲ ਹਰਿਮੰਦਰ ਸਾਹਿਬ ਵਾਲੀ ਹੂ ਬ ਹੂ ਮਰਿਆਦਾ ਦਾ ਪਾਲਣ ਕੀਤਾ ਜਾਂਦਾ ਹੈ ਤੇ ਇਸ ਮਰਿਆਦਾ ਤੇ ਪਹਿਰਾ ਵੀ ਦਿੱਤਾ ਜਾਂਦਾ ਹੈ।

੨੯-ਹਰਿਮੰਦਰ ਸਾਹਿਬ ਵਿਖੇ ਕਿਸੇ ਵੀ ਸੂਰਤ ਵਿਚ ਕੋਈ ਵਿਖਿਆਨ, ਲੈਕਚਰ ਜਾਂ ਭਾਸ਼ਨ ਨਹੀਂ ਕੀਤਾ ਜਾ ਸਕਦਾ। ਇੱਥੋਂ ਤੱਕ ਹੁਕਮਨਾਮੇ ਦੀ ਵਿਆਖਿਆ ਵੀ ਨਹੀਂ ਕੀਤੀ ਜਾਂਦੀ। ਕਈ ਸਦੀਆਂ ਤੋਂ ਉਪਰੋਕਤ ਮਰਿਆਦਾ ਨੂੰ ਅਪਣਾਇਆ ਜਾ ਰਿਹਾ ਹੈ ਪਰ ਬਾਕੀ ਗੁਰਧਾਮਾਂ ਤੇ ਧਾਰਮਿਕ ਤੇ ਰਾਜਨੀਤਕ ਗਤੀਵਿਧੀਆਂ ਇਕੱਠੀਆਂ ਤੋਰੀਆਂ ਜਾਂਦੀਆਂ ਹਨ।

ਨਾਨਕਸਰ ਵਿਖੇ ਵੀ ਹਰਿਮੰਦਰ ਸਾਹਿਬ ਦੀ ਉਪਰੋਕਤ ਮਰਯਾਦਾ ਦਾ ਪਾਲਣ ਕੀਤਾ ਜਾਂਦਾ ਹੈ, ਕੋਈ ਵੀ ਸਿਆਸੀ ਗੱਲ ਨਹੀਂ ਕੀਤੀ ਜਾਂਦੀ ਨਾ ਹੀ ਹੁਕਮਨਾਮਾ ਸਾਹਿਬ ਦੀ ਵਿਆਖਿਆ ਹੀ ਕੀਤੀ ਜਾਂਦੀ ਹੈ।

੩੦-ਹਰਮਿੰਦਰ ਸਾਹਿਬ ਕਿਉਂਕਿ ਭਗਤੀ ਦਾ ਘਰ ਵਜੋਂ ਜਾਣਿਆ ਜਾਂਦਾ ਹੈ, ਇਸ ਕਰਕੇ ਹਰ ਪ੍ਰਕਾਰ ਦੀ ਰਾਜਨੀਤੀ ਤੋ ਪਾਕ ਹੈ। ਇੱਥੇ ਕੇਵਲ ਪ੍ਰਮਾਤਮਾ ਦੇ ਸੋਹਲੇ ਗਾਏ ਜਾਂਦੇ ਹਨ।

(ਚਲਦਾ)

# ਭਾਈ ਜੈਤਾ ਜੀ ਦੀ ਸ਼ਾਨਦਾਰ ਵਿਰਾਸਤ ਨੂੰ ਯਾਦ ਕਰਦਿਆਂ



**ਡਾ. ਰੌਣਕੀ ਰਾਮ**

ਭਾਈ ਜੈਤਾ (ਬਾਬਾ ਜੀਵਨ ਸਿੰਘ) ਪੰਜਾਬ ਦੀ ਮਾਣਮੱਤੀ ਵਿਰਾਸਤ ਦੀ ਅਜਿਹੀ ਸ਼ਖ਼ਸੀਅਤ ਹਨ, ਜਿਨ੍ਹਾਂ ਨੂੰ ਗੁਰੂ ਗੋਬਿੰਦ ਸਿੰਘ ਨੇ ਆਪਣੇ ਪਿਤਾ ਤੇ ਨੌਂਵੇਂ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਤੋਂ ਬਾਅਦ ਉਨ੍ਹਾਂ ਦਾ ਸੀਸ ਅਨੰਦਪੁਰ ਸਾਹਿਬ ਲਿਆਉਣ 'ਤੇ 'ਰੰਗਰੇਟੇ ਗੁਰੂ ਕੇ ਬੇਟੇ' ਦੀ ਉਪਾਧੀ ਦਿੱਤੀ ਸੀ। ਭਾਈ ਜੈਤਾ ਜੀ ਸਮਾਜਿਕ ਤੌਰ 'ਤੇ ਇਕ ਸ਼ੂਦਰ ਖੋਖਰ ਪਰਿਵਾਰ ਨਾਲ ਸੰਬੰਧਿਤ ਸਨ, ਜੋ ਗੁਰੂ ਸਾਹਿਬਾਨ ਨੂੰ ਸਮਰਪਿਤ ਸ਼ਰਧਾਲੂ ਸੇਵਕ ਪਰਿਵਾਰ ਸੀ। ਉਨ੍ਹਾਂ ਦੇ ਪਰਿਵਾਰਕ ਪਿਛੋਕੜ ਦੇ ਸ਼ਾਨਦਾਰ ਵਿਰਾਸਤ ਬਾਰੇ ਚਰਚਾ ਕਰਨ ਤੋਂ ਪਹਿਲਾਂ ਗੁਰੂ ਤੇਗ਼ ਬਹਾਦਰ ਜੀ ਦੇ ਸ਼ਹੀਦੀ ਦਿਵਸ ਮੌਕੇ ਉਨ੍ਹਾਂ ਦੇ ਬਹਾਦਰੀ ਭਰੇ ਕਾਰਨਾਮੇ ਦਾ ਜ਼ਿਕਰ ਕਰਨਾ ਜ਼ਰੂਰੀ ਹੈ। ਭਾਈ ਜੈਤਾ ਨੇ ਭਾਈ ਨਾਨੂੰ ਤੇ ਭਾਈ ਊਦਾ ਨਾਲ ਮਿਲ ਕੇ ਸਫਾਈ ਕਰਮਚਾਰੀਆਂ ਦਾ ਭੇਸ ਧਾਰਿਆ ਅਤੇ ਗੁਰੂ ਜੀ ਦੀ ਸ਼ਹੀਦੀ ਤੋਂ ਇਕ ਦਿਨ ਪਹਿਲਾਂ ਜ਼ਾਲਮ ਹਕੂਮਤ ਦੀ ਈਨ ਨਾ ਮੰਨਦਿਆਂ ਸ਼ਹਾਦਤ ਦੇਣ ਵਾਲੇ ਭਾਈ ਮਤੀ ਦਾਸ, ਭਾਈ ਸਤੀ ਦਾਸ ਤੇ ਭਾਈ ਦਿਆਲ ਦਾਸ ਦੇ ਟੋਟੇ-ਟੋਟੇ ਕੀਤੇ ਸਰੀਰਕ ਅੰਗ ਇਕੱਠੇ ਕਰਕੇ ਨੇੜੇ ਵਗਦੀ ਯਮੁਨਾ ਨਦੀ ਦੇ ਪਾਣੀ ਵਿਚ ਵਹਾਅ ਦਿੱਤੇ ਸਨ। ਗੁਰੂ ਸਾਹਿਬ ਦੀ ਸ਼ਹੀਦੀ ਮੌਕੇ ਉਨ੍ਹਾਂ ਦਾ ਸੀਸ ਧੜ ਤੋਂ ਵੱਖ ਹੁੰਦੇ ਸਾਰ ਦਿੱਲੀ ਵਿਚ ਆਏ ਜ਼ੋਰਦਾਰ ਤੂਫਾਨ ਨਾਲ ਹਨੇਰਾ ਛਾ ਗਿਆ ਸੀ, ਇਸ ਧੂੜ ਭਰੇ ਤੂਫਾਨ ਦਾ ਫਾਇਦਾ ਉਠਾਉਂਦਿਆ ਭਾਈ ਜੈਤਾ ਨੇ ਭਾਈ ਨਾਨੂੰ ਤੇ ਭਾਈ ਊਦਾ ਦੀ ਮਦਦ ਨਾਲ ਗੁਰੂ ਤੇਗ਼ ਬਹਾਦਰ ਜੀ ਦੇ ਸੀਸ ਨੂੰ ਸੰਭਾਲ ਲਿਆ ਅਤੇ ਲੰਬਾ ਪੈਂਡਾ 5 ਦਿਨਾਂ ਵਿਚ ਤੈਅ ਕਰਕੇ ਗੁਰੂ ਜੀ ਦੇ ਸੀਸ ਨੂੰ ਸਤਿਕਾਰ ਸਹਿਤ ਦਿੱਲੀ ਤੋਂ ਕੀਰਤਪੁਰ ਗੁਰੂ ਗੋਬਿੰਦ ਰਾਏ ਜੀ ਕੋਲ ਲੈ ਆਏ। ਜਿੱਥੋਂ ਪਵਿੱਤਰ ਸੀਸ ਨੂੰ ਗੁਰੂ ਜੀ ਦੀ ਅਗਵਾਈ ਵਿਚ ਸ੍ਰੀ ਅਨੰਦਪੁਰ ਸਾਹਿਬ ਲਿਜਾਇਆ ਗਿਆ ਅਤੇ ਉੱਥੇ ਸੀਸ ਦਾ ਵਿਧੀਵਤ ਸਸਕਾਰ ਕੀਤਾ ਗਿਆ।

ਭਾਈ ਜੈਤਾ ਤੋਂ ਪਹਿਲਾਂ ਉਨ੍ਹਾਂ ਦੇ ਵਡੇਰੇ ਵੀ ਗੁਰੂ ਘਰ ਨਾਲ ਜੁੜੇ ਹੋਏ ਸਨ। ਭਾਈ ਜੈਤਾ ਜੀ ਦੇ ਨਕੜ-ਦਾਦਾ ਭਾਈ ਕਲਿਆਣਾ ਜੀ ਪਹਿਲੀ ਪਾਤਿਸ਼ਾਹੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਛੇਵੇਂ ਗੁਰੂ ਹਰਿਗੋਬਿੰਦ ਜੀ ਦੇ ਸਮੇਂ ਤੱਕ ਗੁਰੂ ਘਰ ਦੇ ਮੁੱਖ ਸੇਵਾਦਾਰ ਰਹੇ ਸਨ ਅਤੇ ਬਾਬਾ ਬੁੱਢਾ ਜੀ ਦੇ ਬਹੁਤ ਕਰੀਬੀ ਸਨ। ਭਾਈ ਜੈਤਾ ਜੀ ਦਾ ਜੱਦੀ ਪਿੰਡ ਰਾਏ ਨੰਗਲ ਉਨ੍ਹਾਂ ਦੇ ਪੁਰਖੇ ਭਾਈ ਕਲਿਆਣਾ ਨੇ ਵਸਾਇਆ ਸੀ, ਜੋ ਪਹਿਲਾਂ ਪਿੰਡ 'ਗੱਗੋਮਹਾਲ' ਅਤੇ ਬਾਅਦ ਵਿਚ ਬਾਬਾ ਬੁੱਢਾ ਜੀ ਦੁਆਰਾ ਵਸਾਏ ਪਿੰਡ ਰਾਮਦਾਸਪੁਰ ਚਲੇ ਗਏ ਸੀ। ਭਾਈ ਕਲਿਆਣਾ ਜੀ ਦੀ ਦਿੱਲੀ ਵਿਚ ਵੀ ਇਕ ਰਿਹਾਇਸ਼ ਸੀ, ਜਿਸ ਨੂੰ 'ਕਲਿਆਣੇ ਦੀ ਧਰਮਸ਼ਾਲਾ' ਕਿਹਾ ਜਾਂਦਾ ਸੀ। ਗੁਰੂ ਤੇਗ਼ ਬਹਾਦਰ ਜੀ ਵੀ ਔਰੰਗਜ਼ੇਬ ਦੇ ਜ਼ੁਲਮ ਸਮੇਂ ਕੁਝ ਸਮੇਂ ਉੱਥੇ ਰਹੇ ਸਨ। ਭਾਈ ਕਲਿਆਣਾ ਜੀ ਦਾ ਪੁੱਤਰ ਭਾਈ ਸੁਖਭਾਨ ਇਕ ਵਿਦਵਾਨ ਤੇ ਸੰਗੀਤਕਾਰ ਸੀ, ਜੋ ਬਾਦਸ਼ਾਹ ਅਕਬਰ ਦੇ ਦਰਬਾਰ ਵਿਚ ਮਸ਼ਹੂਰ ਸੰਗੀਤਕਾਰ ਤਾਨਸੇਨ ਤੋਂ ਬਾਅਦ ਬਹੁਤ ਪ੍ਰਸਿੱਧ ਸ਼ਖ਼ਸੀਅਤ ਸਨ। ਭਾਈ ਸੁਖਭਾਨ ਦੇ ਪੁੱਤਰ ਤੇ ਭਾਈ ਜੈਤਾ ਦੇ ਦਾਦਾ ਭਾਈ ਜਸਭਾਨ ਨੇ ਲੰਮਾ ਸਮਾਂ ਸੱਤਵੇਂ ਤੇ ਅੱਠਵੇਂ ਗੁਰੂ ਸਾਹਿਬਾਨ ਦੀ ਸੇਵਾ ਵਿਚ ਬਿਤਾਇਆ ਸੀ। ਉਨ੍ਹਾਂ ਦੇ ਦੋ ਪੁੱਤਰ- ਭਾਈ ਅਗਿਆ ਰਾਮ ਤੇ ਭਾਈ ਸਦਾ ਨੰਦ ਸੀ। ਭਾਈ ਜੈਤਾ ਦੇ ਤਾਇਆ ਭਾਈ ਅਗਿਆ ਰਾਮ ਦਿੱਲੀ ਵਿਖੇ ਕਲਿਆਣੇ ਦੀ ਧਰਮਸ਼ਾਲਾ ਵਿਚ ਰਹਿੰਦੇ ਸਨ ਅਤੇ ਉੱਥੇ ਸੰਗੀਤ ਤੇ ਕੀਰਤਨ ਸਿਖਾਉਂਦੇ ਸਨ। ਸੰਗੀਤ ਦੇ ਖੇਤਰ ਵਿਚ ਮੁਹਾਰਤ ਕਰਕੇ ਉਨ੍ਹਾਂ ਦੀ ਔਰੰਗਜ਼ੇਬ ਦੇ ਦਰਬਾਰੀਆਂ ਨਾਲ ਨੇੜਤਾ ਸੀ, ਜਿਸ ਕਰਕੇ ਉਹ ਦਿੱਲੀ ਵਿਚ ਕੈਦ ਦੌਰਾਨ ਗੁਰੂ ਤੇਗ਼ ਬਹਾਦਰ ਜੀ ਨਾਲ ਮੁਲਾਕਾਤ ਕਰ ਸਕੇ ਸੀ। ਭਾਈ ਅਗਿਆ ਰਾਮ ਨੇ ਆਪਣੇ ਛੋਟੇ ਭਰਾ ਭਾਈ ਸਦਾਨੰਦ (ਭਾਈ ਜੈਤਾ ਜੀ ਦੇ ਪਿਤਾ), ਲੱਖੀ ਸ਼ਾਹ ਵਣਜਾਰਾ ਤੇ ਉਨ੍ਹਾਂ ਦੇ ਤਿੰਨ ਪੁੱਤਰਾਂ ਨਗਾਹੀਆ, ਹੇਮਾ ਤੇ ਹਰੀ ਦੀ ਮਦਦ ਨਾਲ ਗੁਰੂ ਤੇਗ਼ ਬਹਾਦਰ ਜੀ ਦੇ ਧੜ ਨੂੰ ਸ਼ਹੀਦੀ ਸਥਾਨ ਤੋਂ ਉਠਾ ਕੇ ਸਤਿਕਾਰ ਸਹਿਤ ਸਸਕਾਰ ਕੀਤਾ ਸੀ। ਜਦੋਂ ਮੁਗਲ ਪ੍ਰਸ਼ਾਸਨ ਨੂੰ ਭਾਈ ਅਗਿਆ ਰਾਮ ਦੇ ਇਸ ਜੁਅਰਤ ਭਰੇ ਕਾਰਨਾਮੇ ਬਾਰੇ ਪਤਾ ਲੱਗਾ ਤਾਂ ਉਨ੍ਹਾਂ ਦੀ ਬੇਰਹਿਮੀ ਨਾਲ ਹੱਤਿਆ ਕਰਕੇ ਗੁਰੂ ਜੀ ਦਾ ਦਾਹ ਸਸਕਾਰ ਵਾਲੇ ਸਥਾਨ 'ਤੇ ਮਸਜਿਦ ਬਣਾ ਦਿੱਤੀ ਸੀ। ਉਸੇ ਸਥਾਨ ਵਿਖੇ 1783 ਈ. ਵਿਚ ਜਥੇਦਾਰ ਬਘੇਲ ਸਿੰਘ ਨੇ ਗੁਰਦੁਆਰਾ ਰਕਾਬਗੰਜ ਦੀ ਉਸਾਰੀ ਕਰਵਾਈ ਸੀ।

ਪ੍ਰਚੱਲਿਤ ਸਿੱਖ ਪਰੰਪਰਾ ਅਨੁਸਾਰ ਭਾਈ ਜੈਤਾ ਜੀ ਨੇ ਗੁਰੂ ਤੇਗ਼ ਬਹਾਦਰ ਤੇ ਗੋਬਿੰਦ ਰਾਏ ਵਿਚਾਲੇ ਚਿੱਠੀ-ਪੱਤਰ ਪਹੁੰਚਾਉਣ ਲਈ ਦਿੱਲੀ ਤੋਂ ਅਨੰਦਪੁਰ ਲਈ ਕਈ ਯਾਤਰਾਵਾਂ ਕੀਤੀਆਂ ਸਨ। ਉਹ ਹੀ ਜੇਲ੍ਹ ਤੋਂ ਗੁਰੂ ਤੇਗ਼ ਬਹਾਦਰ ਜੀ ਦੇ 57 ਸਲੋਕ ਤੇ 59 ਸ਼ਬਦਾਂ ਦੇ ਨਾਲ ਹੀ ਗੁਰੂ ਤੇਗ਼ ਬਹਾਦਰ ਜੀ ਦੁਆਰਾ ਗੋਬਿੰਦ ਰਾਏ ਦੀ ਗੁਰਗੱਦੀ ਸਮਾਗਮ ਲਈ ਭੇਜੇ ਗਏ ਇਕ ਨਾਰੀਅਲ, 5 ਪੈਸੇ ਅਤੇ ਤਿਲਕ ਨੂੰ ਅਨੰਦਪੁਰ ਲੈ ਕੇ ਆਏ ਸਨ। ਭਾਵੇਂ ਭਾਈ ਜੈਤਾ ਜੀ ਦੇ ਜਨਮ ਦੀ ਮਿਤੀ ਅਤੇ ਜਨਮ ਸਥਾਨ ਬਾਰੇ ਕੋਈ ਸਹਿਮਤੀ ਨਹੀਂ ਹੈ, ਪਰ ਬਹੁਤੇ ਸਿੱਖ ਵਿਦਵਾਨ ਉਨ੍ਹਾਂ ਦਾ ਜਨਮ 2 ਸਤੰਬਰ, 1661 ਨੂੰ ਪਟਨਾ ਵਿਖੇ ਹੋਇਆ ਮੰਨਦੇ ਹਨ। ਉਹ ਤੇ ਉਨ੍ਹਾਂ ਦਾ ਛੋਟੇ ਭਰਾ ਭਾਈ ਸੰਗਤਾ ਬਚਪਨ ਦੇ ਦਿਨਾਂ ਵਿਚ ਗੋਬਿੰਦ ਰਾਏ ਨਾਲ ਖੇਡਦੇ ਸਨ। ਭਾਈ ਜੈਤਾ ਜੀ ਨੇ ਆਪਣੇ ਪਿਤਾ ਭਾਈ ਸਦਾ ਨੰਦ ਅਤੇ ਗੁਰੂ ਘਰ ਨਾਲ ਜੁੜੇ ਹੋਰ ਵਿਦਵਾਨਾਂ ਤੋਂ ਵੱਖ-ਵੱਖ ਭਾਸ਼ਾਵਾਂ, ਯੁੱਧ ਕਲਾ, ਘੋੜਸਵਾਰੀ, ਸ਼ਿਕਾਰ, ਤੈਰਾਕੀ, ਮਲਾਹ-ਗਿਰੀ, ਸੰਗੀਤ, ਗੁਰਬਾਣੀ ਵਿਚ ਮੁਹਾਰਤ ਹਾਸਲ ਕੀਤੀ। ਭਾਈ ਜੈਤਾ ਜੀ ਦੇ ਰੂਹਾਨੀਅਤ ਵੱਲ ਝੁਕਾਅ ਨੂੰ ਵੇਖਦਿਆਂ ਗੁਰੂ ਤੇਗ਼ ਬਹਾਦਰ ਜੀ ਨੇ ਉਨ੍ਹਾਂ ਨੂੰ 'ਬੀਰੀ ਮੁਰਤਾਬਾ (ਕੋਈ ਵਿਸ਼ੇਸ਼ ਕਾਰਜ ਪੂਰਾ ਕਰਨ ਲਈ ਨਿਯੁਕਤ ਮਹਾਨ ਆਤਮਾ) ਦਾ ਖ਼ਿਤਾਬ ਦਿੱਤਾ ਸੀ। ਉਨ੍ਹਾਂ ਆਪਣੀ ਵਿਸ਼ਾਲ ਵਿਦਵਤਾ ਤੇ ਰੂਹਾਨੀਅਤ ਦੀ ਬਦੌਲਤ ਆਪਣੇ ਜੀਵਨ ਦੇ ਸਭ ਤੋਂ ਔਖੇ ਸਮੇਂ ਦੇ ਸਾਰ ਨੂੰ ਆਪਣੀ ਮੂਲ ਸਾਹਿਤਕ ਰਚਨਾ 'ਸ੍ਰੀ ਗੁਰ ਕਥਾ' ਵਿਚ ਦਰਜ ਕੀਤਾ ਹੈ।

ਗੁਰੂ ਗੋਬਿੰਦ ਸਿੰਘ ਜੀ ਨੇ ਭੰਗਾਣੀ ਦੀ ਜੰਗ ਜਿੱਤਣ ਤੋਂ ਬਾਅਦ ਭਾਈ ਜੈਤਾ ਜੀ ਨੂੰ ਮੁੱਖ ਸੈਨਾਪਤੀ ਥਾਪਿਆ ਅਤੇ ਮਾਤਾ ਪ੍ਰੇਮੋ ਦੀ ਬੇਨਤੀ 'ਤੇ ਉਨ੍ਹਾਂ ਦਾ ਵਿਆਹ ਭਾਈ ਖਜ਼ਾਨ ਸਿੰਘ ਰਿਆੜ ਦੀ ਧੀ ਬੀਬੀ ਰਾਜ ਰਾਣੀ (ਬਾਅਦ ਵਿਚ ਰਾਜ ਕੌਰ) ਨਾਲ ਕਰਵਾ ਦਿੱਤਾ। ਉਨ੍ਹਾਂ ਦੇ ਚਾਰ ਪੁੱਤਰ- ਭਾਈ ਸੁੱਖਾ, ਭਾਈ ਸੇਵਾ, ਭਾਈ ਗੁਲਜ਼ਾਰ ਤੇ ਭਾਈ ਗੁਰਦਿਆਲ ਸਨ। ਉਨ੍ਹਾਂ ਦਾ ਘਰ ਅਨੰਦਪੁਰ ਵਿਖੇ ਕਿਲ੍ਹੇ ਅਨੰਦਗੜ੍ਹ ਦੇ ਪੱਛਮ ਵਾਲੇ ਪਾਸੇ ਆਪਣੇ ਅਸਲੀ ਰੂਪ ਵਿਚ ਅਜੇ ਵੀ ਸੁਰੱਖਿਅਤ ਹੈ। ਬਾਬਾ ਤੀਰਥ ਸਿੰਘ ਭਾਈ ਜੈਤਾ ਜੀ ਦੇ ਨਿਵਾਸ ਸਥਾਨ ਦੇ ਮੌਜੂਦਾ ਮੁਖੀ ਹਨ, ਜਿਸ ਨੂੰ ਸ਼ਰਧਾ ਨਾਲ 'ਗੁਰਦੁਆਰਾ ਸ੍ਰੀ ਤਪੋ ਅਸਥਾਨ ਸਾਹਿਬ' ਕਿਹਾ ਜਾਂਦਾ ਹੈ। ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਪਰਿਵਾਰ ਨਾਲ ਅਨੰਦਪੁਰ ਛੱਡਿਆ ਤਾਂ ਭਾਈ ਜੈਤਾ ਜੀ ਦਾ ਸਾਰਾ ਪਰਿਵਾਰ ਵੀ ਉਨ੍ਹਾਂ ਦੇ ਨਾਲ ਸੀ। ਜਦੋਂ ਮੁਗਲ ਬਾਦਸ਼ਾਹ ਤੇ ਪਹਾੜੀ ਰਾਜਿਆਂ ਦੀਆਂ ਫ਼ੌਜਾਂ ਨੇ ਸਿਰਸਾ ਨਦੀ ਨੂੰ ਪਾਰ ਕਰਦਿਆਂ ਗੁਰੂ ਗੋਬਿੰਦ ਸਿੰਘ ਤੇ ਉਨ੍ਹਾਂ ਦੇ ਸਾਥੀਆਂ 'ਤੇ ਪਿੱਛੇ ਤੋਂ ਧੋਖੇ ਨਾਲ ਹਮਲਾ ਕੀਤਾ ਸੀ ਤਾਂ ਸਿਰਸਾ ਨਦੀ ਦੇ ਕੰਢੇ ਹੋਈ ਲੜਾਈ ਵਿਚ ਭਾਈ ਜੈਤਾ ਜੀ ਦੀ ਪਤਨੀ ਤੇ ਉਨ੍ਹਾਂ ਦੇ ਦੋ ਛੋਟੇ ਪੁੱਤਰ- ਭਾਈ ਗੁਲਜ਼ਾਰ ਸਿੰਘ ਤੇ ਭਾਈ ਗੁਰਦਿਆਲ ਸਿੰਘ ਸ਼ਹੀਦ ਹੋ ਗਏ ਸਨ। ਭਾਈ ਜੈਤਾ ਜੀ ਆਪਣੇ ਦੋਵੇਂ ਵੱਡੇ ਪੁੱਤਰਾਂ ਭਾਈ ਸੁੱਖਾ ਸਿੰਘ ਤੇ ਭਾਈ ਸੇਵਾ ਸਿੰਘ ਸਮੇਤ ਚਮਕੌਰ ਦੀ ਗੜ੍ਹੀ ਦੀ ਇਤਿਹਾਸਕ ਲੜਾਈ ਵਿਚ ਲੜਦਿਆਂ ਸ਼ਹੀਦ ਹੋ ਗਏ ਸਨ। ਭਾਈ ਜਸਭਾਨ, ਭਾਈ ਆਗਿਆ ਰਾਮ, ਭਾਈ ਸਦਾ ਨੰਦ (ਕ੍ਰਮਵਾਰ ਭਾਈ ਜੈਤਾ ਦੇ ਦਾਦਾ, ਚਾਚਾ ਤੇ ਪਿਤਾ) ਦੇ ਨਾਂਅ ਸੱਤਵੇਂ, ਅੱਠਵੇਂ ਤੇ ਨੌਂਵੇਂ ਗੁਰੂ ਸਾਹਿਬਾਨ ਦੇ ਹੁਕਮਨਾਮਿਆਂ ਵਿਚ ਮਿਲਦੇ ਹਨ। ਭਾਈ ਜੈਤਾ ਦੇ ਬਹਾਦਰੀ ਭਰੇ ਕੰਮਾਂ ਅਤੇ ਉਨ੍ਹਾਂ ਦੇ ਪੁਰਖਿਆਂ ਅਤੇ ਪਰਿਵਾਰ ਦੀਆਂ ਕੁਰਬਾਨੀਆਂ ਨੂੰ ਇਤਿਹਾਸ ਦੇ ਪੰਨਿਆਂ ਵਿਚ ਜੋ ਸਥਾਨ ਮਿਲਣਾ ਚਾਹੀਦਾ ਹੈ, ਉਹ ਅਜੇ ਨਹੀਂ ਮਿਲਿਆ ਹੈ।



# ਸਾਈਬਰ ਖ਼ਤਰਿਆਂ ਤੋਂ ਰਹੋ ਹੁਸ਼ਿਆਰ

ਹਰ ਸਾਲ ਤੀਹ ਨਵੰਬਰ ਨੂੰ ਦੁਨੀਆ ਭਰ ਵਿਚ 'ਇੰਟਰਨੈੱਟ ਸੁਰੱਖਿਆ ਦਿਵਸ' ਮਨਾਇਆ ਜਾਂਦਾ ਹੈ ਤਾਂ ਜੋ ਡਿਜੀਟਲ ਦੁਨੀਆ ਵਿਚ ਸੁਰੱਖਿਆ ਅਤੇ ਨਿੱਜੀ ਡਾਟਾ ਦੇ ਮਹੱਤਵ ਬਾਰੇ ਜਾਗਰੂਕਤਾ ਫੈਲਾਈ ਜਾ ਸਕੇ। ਇਹ ਦਿਨ ਲੋਕਾਂ, ਸੰਸਥਾਵਾਂ ਅਤੇ ਸਰਕਾਰਾਂ ਨੂੰ ਸਾਈਬਰ ਹਮਲਿਆਂ, ਡਾਟਾ ਚੋਰੀ ਅਤੇ ਆਨਲਾਈਨ ਧੋਖਾਧੜੀ ਤੋਂ ਬਚਾਅ ਲਈ ਸੁਰੱਖਿਆ ਦੇ ਕਦਮ ਚੁੱਕਣ ਲਈ ਪ੍ਰੇਰਿਤ ਕਰਦਾ ਹੈ। ਇਸ ਦਾ ਮੁੱਖ ਉਦੇਸ਼ ਇੰਟਰਨੈੱਟ ਨੂੰ ਹਰ ਉਮਰ ਦੇ ਵਰਤੋਂਕਾਰ ਲਈ ਸੁਰੱਖਿਅਤ ਤੇ ਭਰੋਸੇਯੋਗ ਬਣਾਉਣਾ ਹੈ।

ਇਸ ਦਿਨ ਦੀ ਸ਼ੁਰੂਆਤ 1988 ਵਿਚ ਕੰਪਿਊਟਰ ਸੁਰੱਖਿਆ 'ਤੇ ਧਿਆਨ ਕੇਂਦਰਿਤ ਕਰਨ ਲਈ ਹੋਈ ਸੀ ਪਰ ਹੌਲੀ-ਹੌਲੀ ਸਮੇਂ ਦੀ ਅਹਿਮੀਅਤ ਅਨੁਸਾਰ ਇਸ ਦਾ ਵਿਸਥਾਰ 'ਇੰਟਰਨੈੱਟ ਸੁਰੱਖਿਆ' ਤੱਕ ਹੋ ਗਿਆ। ਤੀਹ ਨਵੰਬਰ ਨੂੰ ਇਹ ਦਿਨ ਇਸ ਲਈ ਚੁਣਿਆ ਗਿਆ ਤਾਂ ਜੋ ਨਵੇਂ ਸਾਲ ਦੇ ਆਖ਼ਰੀ ਮਹੀਨੇ 'ਚ ਲੋਕ ਆਪਣੀਆਂ ਸਾਲ ਭਰ ਦੀਆਂ ਆਨਲਾਈਨ ਗਤੀਵਿਧੀਆਂ ਤੇ ਡਾਟਾ ਸੁਰੱਖਿਆ 'ਤੇ ਵਿਚਾਰ ਕਰ ਸਕਣ। ਇਸ ਦਿਨ ਦੁਨੀਆ ਭਰ 'ਚ ਵਰਕਸ਼ਾਪਾਂ, ਸੈਮੀਨਾਰਾਂ ਤੇ ਜਾਗਰੂਕਤਾ ਮੁਹਿੰਮਾਂ ਚਲਾਈਆਂ ਜਾਂਦੀਆਂ ਹਨ ਤਾਂ ਜੋ ਮਜ਼ਬੂਤ ਪਾਸਵਰਡ, ਟੂ-ਫੈਕਟਰ ਪ੍ਰਮਾਣੀਕਰਨ ਤੇ ਸਾਈਬਰ ਧੋਖਾਧੜੀ ਤੋਂ ਬਚਣ ਦੇ ਤਰੀਕੇ ਸਾਂਝੇ ਕੀਤੇ ਜਾ ਸਕਣ। ਇਸ ਦਿਨ ਦਾ ਮੰਤਵ ਕੰਪਿਊਟਰ ਤੇ ਇੰਟਰਨੈੱਟ ਦੇ ਵਰਤੋਂਕਾਰਾਂ ਵਿਚ ਤਕਨਾਲੋਜੀ ਨੂੰ ਜ਼ਿੰਮੇਵਾਰੀ ਨਾਲ ਵਰਤਣ ਦੀ ਜਾਗਰੂਕਤਾ ਪੈਦਾ ਕਰਨਾ ਹੈ। ਇਹ ਦਿਵਸ ਸਾਨੂੰ ਆਨਲਾਈਨ ਵਿਹਾਰ 'ਤੇ ਵਿਚਾਰ ਕਰਨ ਤੇ ਇੰਟਰਨੈੱਟ ਦੀ ਸੁਰੱਖਿਅਤ ਵਰਤੋਂ ਨੂੰ ਯਕੀਨੀ ਬਣਾਉਣ ਦਾ ਚੇਤਾ ਕਰਵਾਉਂਦਾ ਹੈ। ਇਸ ਮੌਕੇ ਸਾਨੂੰ ਸਾਈਬਰ ਖ਼ਤਰਿਆਂ ਦੇ ਸਫਲ ਖਿਡਾਰੀ ਬਣਨ ਅਤੇ ਆਨਲਾਈਨ ਖ਼ਤਰਿਆਂ ਤੋਂ ਬਚਣ ਦੀ ਪ੍ਰੇਰਨਾ ਮਿਲਦੀ ਹੈ। ਇਸ ਦਿਨ ਕੌਮਾਂਤਰੀ ਆਨਲਾਈਨ ਮੰਚਾਂ ਰਾਹੀਂ ਡਿਜੀਟਲ ਚੌਗਿਰਦਾ ਸਿਰਜ ਕੇ ਨੌਜਵਾਨਾਂ ਨੂੰ ਜਾਗਰੂਕ ਕਰਨ ਦਾ ਕੰਮ ਕੀਤਾ ਜਾਂਦਾ ਹੈ। ਅਸੀਂ ਕੰਪਿਊਟਰ, ਇੰਟਰਨੈੱਟ, ਸਮਾਰਟਫੋਨ, ਮਸਨੂਈ ਬੁੱਧੀ (ਏਆਈ) ਆਦਿ ਤਕਨੀਕਾਂ ਦੀ ਵਰਤੋਂ ਰੋਜ਼ਮੱਰਾ ਦੀ ਜ਼ਿੰਦਗੀ 'ਚ ਕਰਦੇ ਹਾਂ। ਨਵੀਂ ਤਕਨਾਲੋਜੀ ਨਾਲ ਸਾਡੀਆਂ ਸੁੱਖ-ਸੁਵਿਧਾਵਾਂ 'ਚ ਵਾਧਾ ਹੋਇਆ ਹੈ ਤੇ ਅਸੀਂ ਸੰਸਾਰ ਨੂੰ ਇਕ ਛੋਟਾ ਡਿਜੀਟਲ ਪਿੰਡ ਬਣਾਉਣ ਵਿਚ ਸਫਲ ਹੋਏ ਹਾਂ। ਸੋਸ਼ਲ ਮੀਡੀਆ ਰਾਹੀਂ ਦੇਸ਼-ਵਿਦੇਸ਼ ਦੇ ਅਨੇਕ ਵਿਸ਼ਿਆਂ ਬਾਰੇ ਸਾਨੂੰ ਘਰ ਬੈਠਿਆਂ ਜਾਣਕਾਰੀ ਹਾਸਲ ਹੋ ਰਹੀ ਹੈ ਪਰ ਇਸ ਦੇ ਦੂਜੇ ਪੱਖ ਨੂੰ ਅੱਖੋਂ-ਪਰੋਖੇ ਨਹੀਂ ਕੀਤਾ ਜਾ ਸਕਦਾ।

'ਯੂਕੇ ਸੇਫਰ ਇੰਟਰਨੈੱਟ ਸੈਂਟਰ' ਦੀ ਰਿਪੋਰਟ ਮੁਤਾਬਕ ਅਜੋਕੇ ਨੌਜਵਾਨ ਸਾਈਬਰ ਮੀਡੀਆ 'ਤੇ ਗੁਮਰਾਹਕੁਨ ਸਮੱਗਰੀ 'ਚ ਫਸ ਰਹੇ ਹਨ ਜਿਸ ਕਾਰਨ ਉਨ੍ਹਾਂ ਦੀ ਮਾਨਸਿਕ ਸਿਹਤ 'ਤੇ ਭੈੜਾ ਅਸਰ ਪੈ ਰਿਹਾ ਹੈ। ਸੰਯੁਕਤ ਰਾਸ਼ਟਰ ਚਿਲਡਰਨਜ਼ ਫੰਡ (ਯੂਨੀਸੈਫ) ਨੇ ਬੱਚਿਆਂ ਦੀ ਆਨਲਾਈਨ ਭਾਗੀਦਾਰੀ 'ਤੇ ਚਿੰਤਾ ਪ੍ਰਗਟਾਈ ਹੈ। ਸਾਈਬਰ ਧੱਕੇਸ਼ਾਹੀ, ਸਾਈਬਰ ਸੁਰੱਖਿਆ, ਨਿੱਜੀ ਲੁਕਾਅ ਤੇ ਪਛਾਣ ਆਦਿ ਕੁਝ ਅਜਿਹੇ ਪਹਿਲੂ ਹਨ ਜਿਨ੍ਹਾਂ ਬਾਰੇ ਬੱਚਿਆਂ, ਨੌਜਵਾਨਾਂ, ਅਧਿਆਪਕਾਂ ਤੇ ਮਾਪਿਆਂ ਨੂੰ ਜਾਗਰੂਕ ਕਰਨ ਦੀ ਲੋੜ ਹੈ। ਮਸ਼ੀਨੀ ਸਿਆਣਪ ਆਧਾਰਤ ਚੈਟ-ਜੀਪੀਟੀ ਵਰਗੇ ਚੈਟਬੌਟ ਤੇ ਹੋਰ ਚਲਾਕ ਸਾਫਟਵੇਅਰ ਵਿਕਸਤ ਹੋਣ ਨਾਲ ਮਨੁੱਖ ਵੱਲੋਂ ਨਵੀਂ ਕਿਸਮ ਦੇ ਅਪਰਾਧਾਂ ਦੀ ਗ੍ਰਿਫ਼ਤ 'ਚ ਆਉਣ ਦੀਆਂ ਕਿਆਸ-ਅਰਾਈਆਂ ਲਾਈਆਂ ਜਾ ਰਹੀਆਂ ਹਨ। ਸਾਨੂੰ ਡੀਪ ਫੇਕ ਰਾਹੀਂ ਜਾਅਲੀ ਆਡੀਓ ਤੇ ਵੀਡੀਓ ਕਲਿੱਪ ਆਉਂਦੇ ਹਨ ਜੋ ਕਿਸੇ ਦੀ ਹੂਬਹੂ ਨਕਲ ਕਰਦੇ ਹਨ। ਇਹ ਲੋਕਾਂ ਨੂੰ ਬਦਨਾਮ ਕਰਨ, ਨੁਕਸਾਨ ਪਹੁੰਚਾਉਣ, ਠੱਗੀ ਤੇ ਜ਼ਬਰਦਸਤੀ ਕਰਨ ਲਈ ਵਰਤੇ ਜਾਂਦੇ ਹਨ। ਕਈ ਸਾਈਬਰ ਅਪਰਾਧੀ ਚਾਲਕ-ਰਹਿਤ ਗੱਡੀਆਂ ਨੂੰ ਹਥਿਆਰ ਵਜੋਂ ਵਰਤਦੇ ਹਨ। ਮਸਨੂਈ ਬੁੱਧੀ ਰਾਹੀਂ ਬਾਖ਼ੂਬੀ ਬਣਾਏ ਸੁਨੇਹੇ ਸਾਨੂੰ ਭਰੋਸੇਮੰਦ ਤੇ ਤਸੱਲੀਬਖ਼ਸ਼ ਲੱਗਦੇ ਹਨ। ਇਹ ਸੁਨੇਹੇ ਬਣਾ ਕੇ ਈਮੇਲ ਅਤੇ ਸੋਸ਼ਲ ਮੀਡੀਆ ਰਾਹੀਂ ਇਸ ਕਦਰ ਭੇਜੇ ਜਾਂਦੇ ਹਨ ਕਿ ਅਗਲਾ ਅਸਲੀ-ਨਕਲੀ ਵਿਚਲਾ ਫ਼ਰਕ ਲੱਭਣ ਦੇ ਅਸਮਰੱਥ ਹੋ ਜਾਂਦਾ ਹੈ। ਕਈ ਲਿੰਕ ਸਾਨੂੰ ਕਲਿੱਕ ਕਰਨ 'ਤੇ ਮਜਬੂਰ ਕਰਦੇ ਹਨ ਤੇ ਅਸੀਂ ਕਿਸੇ ਸੁਰੱਖਿਅਤ ਤੇ ਲੋਟੂ ਵੈੱਬਸਾਈਟ ਦੇ ਦਰਵਾਜ਼ੇ 'ਤੇ ਬਿਨਾਂ ਬੁਲਾਏ ਮਹਿਮਾਨ ਵਾਂਗ ਦਸਤਕ ਦੇਣ ਚਲੇ ਜਾਂਦੇ ਹਾਂ।

**-ਡਾ. ਸੀ.ਪੀ. ਕੰਬੋਜ**

ਮਸ਼ੀਨੀ ਸਿਆਣਪ ਆਧਾਰਤ ਆਵਾਜਾਈ ਪ੍ਰਣਾਲੀ, ਚਾਲਕ ਰਹਿਤ ਗੱਡੀਆਂ, ਗੱਡੀ ਠਹਿਰਾਅ ਵਿਵਸਥਾ, ਡਾਕਟਰੀ ਮਸ਼ੀਨਾਂ, ਚੈਟਬੌਟਾਂ ਲਈ ਖ਼ੁਦ ਏਆਈ ਹੀ ਖ਼ਤਰੇ ਦੀ ਘੰਟੀ ਸਾਬਿਤ ਹੋ ਸਕਦੀ ਹੈ। ਸਾਈਬਰ ਅਪਰਾਧੀ ਜੇਕਰ ਏਆਈ ਆਧਾਰਤ ਮਸ਼ੀਨਾਂ ਨੂੰ ਨਿਸ਼ਾਨਾ ਬਣਾਉਂਦੇ ਹਨ ਤਾਂ ਇਸ ਦੇ ਬੜੇ ਭਿਆਨਕ ਸਿੱਟੇ ਨਿਕਲਣਗੇ। ਸਾਈਬਰ ਅਪਰਾਧੀ ਮਸ਼ੀਨੀ ਸਿਆਣਪ ਨੂੰ ਆਧਾਰ ਬਣਾ ਕੇ ਵਰਤੋਂਕਾਰਾਂ ਦੇ ਡਾਟੇ ਦਾ ਵੱਡਾ ਜ਼ਖ਼ੀਰਾ ਇਕੱਠਾ ਕਰ ਸਕਦੇ ਹਨ ਤੇ ਫਿਰ ਉਸ ਦਾ ਵਿਸ਼ਲੇਸ਼ਣ ਕਰ ਕੇ ਫਿਰੌਤੀ ਮੰਗਣ ਤੇ ਡਾਟੇ ਦੀ ਦੁਰਵਰਤੋਂ ਕਰਨ ਵਾਲੇ ਪ੍ਰੋਗਰਾਮ ਬਣਾ ਸਕਦੇ ਹਨ। ਮਸ਼ੀਨੀ ਸਿਆਣਪ ਨਾਲ ਲੈਸ ਮਸ਼ੀਨੀ ਲੇਖਕ ਅਜਿਹੀਆਂ ਜਾਅਲੀ ਖ਼ਬਰਾਂ ਲਿਖ ਸਕਦੇ ਹਨ ਜੋ ਮੌਜੂਦਾ ਹਾਲਾਤ ਵਿਚ ਆਮ ਬੰਦੇ ਲਈ ਬਿਲਕੁਲ ਅਸਲ ਲੱਗ ਸਕਦੀਆਂ ਹਨ। ਮਸ਼ੀਨੀ ਸਿਆਣਪ ਪ੍ਰਤੀ ਅਗਾਊਂ ਅੰਦਾਜ਼ਾ ਲਾਉਣਾ ਬਹੁਤ ਔਖਾ ਹੈ ਪਰ ਸਾਨੂੰ ਇਸ ਦੇ ਮਾੜੇ ਪ੍ਰਭਾਵ ਨੂੰ ਘੱਟ ਕਰਨ ਲਈ ਹੁਣ ਤੋਂ ਸੁਚੇਤ ਹੋਣਾ ਪਵੇਗਾ ਤੇ ਇੱਥੇ ਦਿੱਤੇ ਕੁਝ ਨੁਕਤੇ ਧਿਆਨ ਵਿਚ ਰੱਖਣੇ ਪੈਣਗੇ। ਪਾਸਵਰਡ ਤਾਕਤਵਰ ਰੱਖੋ, ਸਮੇਂ-ਸਮੇਂ 'ਤੇ ਇਸ ਨੂੰ ਬਦਲਦੇ ਰਹੋ। ਇਸ ਨੂੰ ਲੁਕਾ ਕੇ ਰੱਖੋ। ਪਾਸਵਰਡ ਮੈਨੇਜਰ ਦੀ ਵਰਤੋਂ ਕੀਤੀ ਜਾ ਸਕਦੀ ਹੈ ਜਿਹੜਾ ਪਾਸਵਰਡ ਬਣਾਉਣ ਤੇ ਉਸ ਨੂੰ ਸਾਂਭਣ ਦੇ ਕੰਮ ਆਉਂਦਾ ਹੈ। ਆਪਣੇ ਖਾਤੇ 'ਤੇ ਬਹੁ-ਪਰਤੀ ਪ੍ਰਮਾਣਿਕਤਾ (ਟੂ-ਸਟੈੱਪ ਅਥੈਂਟੀਕੇਸ਼ਨ) ਲਗਾ ਕੇ ਰੱਖੋ। ਇਹ ਇਕ ਅੱਡ ਕੋਡ ਜਾਂ ਫੋਨ ਰਾਹੀਂ ਲਾਗਇਨ ਕਰਨ ਲਈ ਸੁਰੱਖਿਆ ਦੀ ਵਾਧੂ ਪਰਤ ਦਿੰਦੀ ਹੈ। ਆਨਲਾਈਨ ਬੈਂਕਿੰਗ ਜਾਂ ਖ਼ਰੀਦਦਾਰੀ ਸਮੇਂ ਸੁਰੱਖਿਅਤ ਨੈੱਟਵਰਕ ਕਨੈਕਸ਼ਨ ਤੇ ਵੀਪੀਐੱਨ ਦੀ ਵਰਤੋਂ ਕਰੋ। ਜਨਤਕ ਵਾਈ-ਫਾਈ ਦੀ ਵਰਤੋਂ ਤੋਂ ਗੁਰੇਜ਼ ਕਰੋ। ਸੁਰੱਖਿਅਤ ਤੇ ਸਹੀ ਵੈੱਬਸਾਈਟਾਂ ਹੀ ਖੋਲ੍ਹੋ।

ਸਿਰਨਾਵਾਂ ਪੱਟੀ ਉੱਤੇ ਐੱਚਟੀਟੀਪੀਐੱਸ ਪ੍ਰੋਟੋਕਾਲ ਅਤੇ ਤਾਲੇ ਦੇ ਚਿੰਨ੍ਹ ਨੂੰ ਯਕੀਨੀ ਬਣਾਓ। ਆਪ੍ਰੇਟਿੰਗ ਸਿਸਟਮ ਜਿਵੇਂ ਕਿ ਵਿੰਡੋਜ਼, ਐਂਡਰਾਇਡ ਆਦਿ ਨੂੰ ਸਮੇਂ-ਸਮੇਂ 'ਤੇ ਅਪਡੇਟ ਕਰਦੇ ਰਹੋ। ਹਮੇਸ਼ਾ ਖ਼ਰੀਦੇ ਹੋਏ ਸਾਫਟਵੇਅਰਾਂ ਨੂੰ ਹੀ ਤਰਜੀਹ ਦਿਉ। ਕਰੈਕ ਸੰਸਕਰਨ ਸੁਰੱਖਿਆ ਲਈ ਖ਼ਤਰਾ ਹੋ ਸਕਦੇ ਹਨ। ਪ੍ਰਾਈਵੈਸੀ ਸਬੰਧੀ ਸਥਾਪਨਾਵਾਂ ਅਤੇ ਨੀਤੀਆਂ ਨੂੰ ਪੜ੍ਹ-ਸਮਝ ਕੇ ਹੀ ਪ੍ਰਵਾਨ ਕਰੋ। ਅਣ-ਪਛਾਤੀਆਂ ਵੈੱਬਸਾਈਟਾਂ ਸਾਨੂੰ ਅਸੁਰੱਖਿਅਤ ਥਾਵਾਂ 'ਤੇ ਲਿਜਾ ਸਕਦੀਆਂ ਹਨ। ਇਸ ਕਾਰਨ ਇਨ੍ਹਾਂ 'ਤੇ ਕਲਿੱਕ ਨਾ ਕਰੋ। ਬੈਂਕਾਂ ਤੇ ਖ਼ਰੀਦਦਾਰੀ ਵਾਲੀਆਂ ਵੈੱਬਸਾਈਟਾਂ ਦੇ ਨਾਂ ਸਿਰਨਾਵਾਂ ਪੱਟੀ 'ਤੇ ਸਿੱਧੇ ਭਰ ਕੇ ਖੋਲ੍ਹੋ। ਗੂਗਲ ਰਾਹੀਂ ਖੋਜਣ ਉਪਰੰਤ ਜ਼ਰੂਰੀ ਨਹੀਂ ਕਿ ਤੁਹਾਡੇ ਵੱਲੋਂ ਕਲਿੱਕ ਕੀਤਾ ਗਿਆ ਲਿੰਕ ਸਹੀ ਨਿਕਲੇ। ਕਈ ਲੋਕ ਨਕਲੀ ਵੈੱਬਸਾਈਟਾਂ 'ਤੇ ਆਪਣਾ ਪਾਸਵਰਡ ਦੱਸ ਬਹਿੰਦੇ ਹਨ ਜਿਸ ਨਾਲ ਨੁਕਸਾਨ ਹੋ ਸਕਦਾ ਹੈ। ਬੈਂਕਾਂ ਦੀਆਂ ਅਸਲ ਵਾਂਗ ਨਜ਼ਰ ਆਉਣ ਵਾਲੀਆਂ ਵੈੱਬਸਾਈਟਾਂ 'ਤੇ ਨਿੱਜੀ ਜਾਣਕਾਰੀ ਸਾਂਝੀ ਨਾ ਕਰੋ। ਡਾਊਨਲੋਡ ਕਰਨ ਸਮੇਂ ਸਾਵਧਾਨ ਰਹੋ। ਸਾਈਬਰ ਅਪਰਾਧੀ ਬੜੀ ਚਲਾਕੀ ਨਾਲ ਤੁਹਾਨੂੰ ਖ਼ਤਰਨਾਕ ਪ੍ਰੋਗਰਾਮ ਡਾਊਨਲੋਡ ਕਰਵਾ ਸਕਦੇ ਹਨ ਜਿਸ ਵਿਚਲਾ ਖ਼ਤਰਨਾਕ ਸਾਫਟਵੇਅਰ (ਮਾਲਵੇਅਰ) ਸਾਡੇ ਕੰਪਿਊਟਰ ਵਿਚਲੀ ਜਾਣਕਾਰੀ ਚੁਰਾ ਲੈਂਦਾ ਹੈ। ਆਨਲਾਈਨ ਖ਼ਰੀਦਦਾਰੀ ਸਿਰਫ਼ ਨਾਮੀ ਕੰਪਨੀਆਂ ਤੋਂ ਹੀ ਕਰੋ। ਇੰਟਰਨੈੱਟ ਉੱਤੇ ਜਾਣਕਾਰੀ ਸੋਚ-ਸਮਝ ਕੇ ਪਾਓ। ਇਕ ਵਾਰ ਸਾਂਝੀ ਕੀਤੀ ਜਾਣਕਾਰੀ ਨੂੰ ਹਟਾਉਣ ਦਾ ਕੋਈ ਬਟਨ ਨਹੀਂ।

ਪਹਿਲੀ ਵਾਰ ਸਿੱਧਾ ਆਨਲਾਈਨ ਮਿਲਣ ਵਾਲੇ ਦੋਸਤਾਂ 'ਤੇ ਭਰੋਸਾ ਨਾ ਕਰੋ। ਜ਼ਰੂਰੀ ਨਹੀਂ ਕਿ ਆਨਲਾਈਨ ਮਿਲਣ ਵਾਲਾ ਵਿਅਕਤੀ ਉਹੀ ਹੈ ਜਿਸ ਦੀ ਉਸ ਨੇ ਪ੍ਰੋਫਾਈਲ ਜਾਂ ਦਿਖਾਵਟੀ ਤਸਵੀਰ (ਡੀਪੀ) ਲਾਈ ਹੋਈ ਹੈ। ਸੋਸ਼ਲ ਮੀਡੀਆ ਉੱਤੇ ਕਈ ਮੁੰਡੇ-ਕੁੜੀਆਂ ਆਪਣਾ ਨਾਂ, ਲਿੰਗ ਤੇ ਹੁਲੀਆ ਬਦਲ ਕੇ ਖਾਤਾ ਚਲਾ ਰਹੇ ਹਨ। ਆਪਣੇ ਕੰਪਿਊਟਰ 'ਚ ਇਕ ਤਸੱਲੀਬਖ਼ਸ਼ ਐਂਟੀਵਾਇਰਸ ਪਾ ਕੇ ਰੱਖੋ ਤੇ ਸਮੇਂ-ਸਮੇਂ 'ਤੇ ਉਸ ਨੂੰ ਅਪਡੇਟ ਕਰਦੇ ਰਹੋ। ਕਈ ਬ੍ਰਾਊਜ਼ਰ ਜਿਵੇਂ ਕਿ ਮੋਜ਼ੀਲਾ ਫਾਇਰਫੌਕਸ ਆਦਿ ਸਾਨੂੰ ਮਾਸਟਰ ਪਾਸਵਰਡ ਰੱਖਣ ਦੀ ਸਹੂਲਤ ਦਿੰਦੇ ਹਨ। ਇਹ ਸੁਰੱਖਿਅਤ ਹੁੰਦਾ ਹੈ ਤੇ ਇਸ ਨੂੰ ਵਰਤਣ ਨਾਲ ਸਾਡਾ ਵੱਖ-ਵੱਖ ਖਾਤਿਆਂ ਦੇ ਪਾਸਵਰਡ ਯਾਦ ਰੱਖਣ ਦਾ ਮਸਲਾ ਹੱਲ ਹੋ ਜਾਂਦਾ ਹੈ। ਕਦੇ ਵੀ ਡਾਰਕ ਵੈੱਬ 'ਤੇ ਨਾ ਜਾਓ। ਇਹ ਸਾਡੇ ਨਿੱਜੀ ਲੁਕਾਅ ਅਤੇ ਸੁਰੱਖਿਆ ਲਈ ਖ਼ਤਰਾ ਸਾਬਿਤ ਹੋ ਸਕਦੀ ਹੈ। ਪੈੱਨ ਡਰਾਈਵ ਜਾਂ ਹੋਰ ਸਟੋਰੇਜ ਯੰਤਰਾਂ ਨੂੰ ਕੰਪਿਊਟਰ 'ਚ ਵਰਤਣ ਤੋਂ ਪਹਿਲਾਂ ਐਂਟੀਵਾਇਰਸ ਸਾਫਟਵੇਅਰ ਰਾਹੀਂ ਸਕੈਨ ਕਰ ਲਓ। ਆਪਣੇ ਕੰਪਿਊਟਰ ਜਾਂ ਲੈਪਟਾਪ ਦੇ ਕੈਮਰੇ ਤੇ ਮਾਈਕ ਨੂੰ ਬੰਦ ਕਰ ਕੇ ਜਾਂ ਢਕ ਕੇ ਰੱਖੋ ਤੇ ਲੋੜ ਪੈਣ 'ਤੇ ਹੀ ਇਨ੍ਹਾਂ ਨੂੰ ਚਾਲੂ ਕਰੋ। ਸਾਈਬਰ ਸੁਰੱਖਿਆ ਅਤੇ ਅਪਰਾਧਾਂ ਦੇ ਨਵੇਂ ਰੁਝਾਨਾਂ ਬਾਰੇ ਲਗਾਤਾਰ ਖ਼ਬਰਾਂ ਪੜ੍ਹਦੇ ਰਹੋ। ਸੁਰੱਖਿਆ ਲਈ ਮਸ਼ੀਨੀ ਸਿਆਣਪ ਆਧਾਰਤ ਸਾਫਟਵੇਅਰਾਂ ਦੀ ਵਰਤੋਂ ਕਰੋ। ਇਨਸਾਨੀ ਸੁੱਖ-ਸੁਵਿਧਾ ਲਈ ਵਿਕਸਤ ਕੀਤੀ ਹਰੇਕ ਤਕਨਾਲੋਜੀ ਬਿਪਤਾਵਾਂ ਦਾ ਕਾਰਨ ਵੀ ਬਣਦੀ ਹੈ। ਵੱਡਾ ਸਵਾਲ ਇਹ ਹੈ ਕਿ ਕੀ ਨਵੀਂ ਤਕਨਾਲੋਜੀ ਮਨੁੱਖ 'ਤੇ ਸਾਈਬਰ ਸੰਸਾਰ ਨਾਲ ਜੁੜਨ ਕਾਰਨ ਪੈ ਰਹੇ ਮਾਨਸਿਕ ਦਬਾਅ ਨੂੰ ਘਟਾਏਗੀ। ਕੀ ਮਸ਼ੀਨੀ ਸਿਆਣਪ ਪੰਜਾਬ ਦੇ ਹੇਠਾਂ ਜਾ ਰਹੇ ਪਾਣੀ ਦੇ ਪੱਧਰ ਨੂੰ ਉਤਾਂਹ ਚੁੱਕਣ 'ਚ ਮਦਦ ਕਰੇਗੀ। ਕੀ ਇਹ ਸਾਨੂੰ ਪਲੀਤ ਹੋ ਰਹੇ ਚੌਗਿਰਦੇ ਨੂੰ ਹਰਿਆ-ਭਰਿਆ ਤੇ ਸਵੱਛ ਬਣਾਉਣ 'ਚ ਕੋਈ ਭੂਮਿਕਾ ਨਿਭਾਏਗੀ। ਇਹ ਸਾਨੂੰ ਸੰਤੁਲਿਤ ਤੇ ਕੁਦਰਤੀ ਖ਼ੁਰਾਕ ਦੇਣ 'ਚ ਕੀ ਮਾਅਰਕਾ ਮਾਰੇਗੀ। ਸਾਨੂੰ ਕੰਪਿਊਟਰੀ ਦੁਨੀਆ ਦੇ ਸੋਹਲੇ ਗਾਉਣ ਦੇ ਨਾਲ-ਨਾਲ ਇਸ ਨਾਲ ਪੈਣ ਵਾਲੇ ਮਾੜੇ ਪ੍ਰਭਾਵਾਂ ਪ੍ਰਤੀ ਅੱਜ ਤੋਂ ਹੀ ਚੇਤੰਨ ਹੋਣਾ ਪਵੇਗਾ।

# ਸਮਾਜ ਦੇ ਕੋਲ ਪੈਸਾ ਤਾਂ ਆਇਆ, ਪਰ ਆਪਣਿਆਂ ਤੋਂ ਦੂਰ ਲੈ ਗਿਆ

ਡੀ. ਆਈ. ਜੀ. ਭੁੱਲਰ ਦੇ ਨੋਟਾਂ ਦੇ ਬੰਡਲਾਂ ਨੂੰ ਅਜੇ ਸਮਾਜ ਗਿਣ ਹੀ ਰਿਹਾ ਸੀ ਕਿ ਬਾਲੀਵੁੱਡ ਦੇ 'ਸੁਪਰ-ਸਟਾਰ' ਅਤੇ 'ਹੀ-ਮੈਨ' ਧਰਮਿੰਦਰ ਦੀ ਦੌਲਤ ਦੇ ਕਿੱਸੇ ਲੋਕ ਚਟਕਾਰੇ ਲੈ ਕੇ ਸੁਣਨ ਲੱਗੇ। ਇੰਨੀ ਦੌਲਤ ਵੀ ਕਿਸ ਕੰਮ ਦੀ ਕਿ ਆਦਮੀ ਦੀ ਮੌਤ ਤੋਂ ਬਾਅਦ ਜਵਾਈ-ਭਾਈ ਐਸ਼ ਕਰਨ? ਪੈਸੇ ਦੇ ਵਾਸਤੇ ਤਾਂ ਸਮਾਜ ਆਪਣਿਆਂ ਦੇ ਖ਼ੂਨ ਦਾ ਪਿਆਸਾ ਬਣਿਆ ਰਿਹਾ ਹੈ। ਪੈਸੇ ਨੂੰ ਹੀ ਸਮਾਜ 'ਚ ਭਗਵਾਨ ਮੰਨ ਲਿਆ ਹੈ। ਪੈਸਿਆਂ ਦੀ ਤਿਜੌਰੀ ਦੀ ਪੂਜਾ ਹੋਣ ਲੱਗੀ ਹੈ। ਲਕਸ਼ਮੀ ਦੇਵੀ ਵੀ ਉੱਲੂ ਦੀ ਸਵਾਰ ਕਰ ਕੇ ਅਮੀਰਾਂ ਦੇ ਕੋਲ ਆਉਣ ਲੱਗੀ ਹੈ। ਮਨੁੱਖ ਧਨ ਦੇਵੀ ਦਾ ਉੱਲੂ ਬਣ ਗਿਆ। ਮਨੁੱਖ ਉੱਲੂ ਬਣ ਧਨ ਇਕੱਠਾ ਕਰਨ ਲੱਗ ਪਿਆ ਹੈ।

ਭਲਾ, ਇੰਨਾ ਧਨ ਡੀ. ਆਈ. ਜੀ. ਭੁੱਲਰ ਕਿਉਂ ਇਕੱਠਾ ਕਰ ਰਹੇ ਸਨ? ਕੀ ਉਨ੍ਹਾਂ ਨੂੰ ਇੰਨਾ ਵੀ ਗਿਆਨ ਨਹੀਂ ਕਿ ਇਹ ਪੈਸਾ ਨਾਲ ਜਾਣ ਵਾਲਾ ਨਹੀਂ? ਉਂਝ ਪਰਿਵਾਰ ਵਾਲੇ ਅੰਤਿਮ ਸਮੇਂ ਸਰੀਰ 'ਤੇ ਪਹਿਨੇ ਹੋਏ ਕੱਪੜੇ ਵੀ ਉਤਾਰ ਲੈਂਦੇ ਹਨ। ਇਨਸਾਨ ਨੰਗਾ ਇਸ ਦੁਨੀਆ 'ਚ ਆਇਆ ਅਤੇ ਨੰਗਾ ਹੀ ਚਲਿਆ ਜਾਵੇਗਾ। ਇੰਨਾ ਗਿਆਨ ਤਾਂ ਭੁੱਲਰ ਸਾਹਿਬ ਨੂੰ ਹੋਣਾ ਵੀ ਚਾਹੀਦਾ ਸੀ। ਫਿਲਮੀ ਦੁਨੀਆ 'ਚ ਧਰਮਿੰਦਰ ਇਕ ਸਾਧਾਰਨ ਕਿਸਾਨ ਦੇ ਰੂਪ 'ਚ ਆਏ ਸਨ। ਮੰਨਿਆ ਕਿ ਧਰਮਿੰਦਰ ਇਕ ਵਧੀਆ ਐਕਟਰ ਸਨ, ਸੁੰਦਰ ਕਾਇਆ ਸੀ, ਇੱਜ਼ਤ ਵੀ ਉਨ੍ਹਾਂ ਨੇ ਖ਼ੂਬ ਬਟੋਰੀ ਸੀ ਪਰ ਇੰਨਾ ਕੁਝ ਹੋਣ 'ਤੇ ਵੀ ਧਰਮਿੰਦਰ ਕੋਠੀਆਂ, ਬੰਗਲੇ ਅਤੇ ਫਾਰਮ-ਹਾਊਸ ਬਣਾਉਂਦੇ ਚਲੇ ਗਏ। ਦੋ-ਦੋ ਧਰਮਪਤਨੀਆਂ, ਅਭਿਨੈ 'ਚ ਪੁੱਤਰਾਂ-ਪੋਤਰਿਆਂ ਦਾ ਵੱਖ-ਵੱਖ ਮੁਕਾਮ ਸੀ। ਫਿਰ ਵੀ ਪੈਸੇ ਦੀ ਇੰਨੀ ਲਾਲਸਾ, ਇੰਨਾ ਮੋਹ? ਮਾਇਆ ਨਾਲ ਤਾਂ ਗਈ ਨਹੀਂ, ਜਵਾਈ-ਰਾਜਿਆਂ ਦੇ ਹੀ ਕੰਮ ਆਈ ਨਾ? ਉਨ੍ਹਾਂ ਨੇ ਸਿਕੰਦਰ ਮਹਾਨ ਨੂੰ ਹੀ ਯਾਦ ਕਰ ਲਿਆ ਹੁੰਦਾ? ਸਿਕੰਦਰ ਜਦੋਂ ਇਸ ਦੁਨੀਆ ਤੋਂ ਗਿਆ ਤਾਂ ਉਸ ਦੇ ਦੋਵੇਂ ਹੱਥ ਖ਼ਾਲੀ ਸਨ। ਮੰਨਿਆ ਕਿ ਪੈਸਾ ਬਹੁਤ ਜ਼ਰੂਰੀ ਹੈ ਪਰ ਪੈਸਾ ਭਗਵਾਨ ਤੋਂ ਨਹੀਂ ਹੈ। ਪੈਸਾ ਸਮਾਜ 'ਚ ਆਲਸ ਪੈਦਾ ਕਰਦਾ ਹੈ। ਪੈਸਾ ਸਮਾਜ 'ਚ ਪੂੰਜੀਵਾਦ ਨੂੰ ਜਨਮ ਦਿੰਦਾ ਹੈ। ਨਾ ਬਰਾਬਰੀ ਸਮਾਜ 'ਚ ਪੈਦਾ ਕਰਦਾ ਹੈ। ਕਿ ਇਹ ਨਾ ਬਰਾਬਰੀ ਫਰਾਂਸ 'ਚ ਇਕ ਨਵਾਂ ਇਨਕਲਾਬ ਲੈ ਕੇ ਨਹੀਂ ਆਈ? 1779 ਦੇ ਫਰਾਂਸ ਇਨਕਲਾਬ ਨੇ ਲੱਖਾਂ ਅਮੀਰ ਪਰਿਵਾਰਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਕੀ ਫਰਾਂਸ ਦੀ ਰਾਜਸ਼ਾਹੀ ਨੂੰ ਫਾਂਸੀ 'ਤੇ ਨਹੀਂ ਲਟਕਾਇਆ ਗਿਆ? ਰੂਸ 'ਚ 1914 ਦਾ ਇਨਕਲਾਬ 'ਪੂੰਜੀਵਾਦ' ਦੇ ਵਿਰੁੱਧ ਸੀ। ਰੂਸ ਦੇ ਇਸ ਇਨਕਲਾਬ ਨੇ 'ਕਮਿਊਨਿਜ਼ਮ' ਨੂੰ ਜਨਮ ਦਿੱਤਾ। ਲੱਖਾਂ ਲੋਕ ਇਸ ਇਨਕਲਾਬ 'ਚ ਮਾਰੇ ਗਏ। ਲੈਨਿਨ ਅਤੇ ਸਟਾਲਿਨ ਵਰਗੇ ਨੇਤਾ ਯੂ. ਐੱਸ. ਐੱਸ.ਆਰ. ਦੀ ਜ਼ਮੀਨ 'ਤੇ ਉਭਰ ਕੇ ਸਾਹਮਣੇ ਆਏ। ਮਹਾਭਾਰਤ ਦਾ ਯੁੱਧ ਕੀ ਰਾਜ-ਵੰਡ ਲਈ ਨਹੀਂ ਹੋਇਆ ਸੀ। ਜਰ-ਜ਼ੋਰੂ ਅਤੇ ਜ਼ਮੀਨ ਦੇ ਲਈ ਹਮੇਸ਼ਾ ਯੁੱਧ ਹੋਏ ਹਨ। ਫਿਰ ਇਕ ਦਿਨ ਮੌਤ ਆ ਜਾਂਦੀ ਹੈ।

ਰਾਜੇ-ਰਾਣੀਆਂ, ਸ਼ਹਿਨਸ਼ਾਹ, ਕਰੋੜਪਤੀ ਸਾਰੇ ਮਿੱਟੀ 'ਚ ਮਿਲ ਜਾਂਦੇ ਹਨ। ਪੈਸਾ, ਧਨ-ਦੌਲਤ, ਮਹਿਲ-ਮਾੜੀਆਂ, ਜਾਇਦਾਦ ਸਭ ਇੱਥੇ ਰਹਿ ਜਾਂਦੇ ਹਨ ਅਤੇ ਪਾਈ-ਪਾਈ ਕਰ ਧਨ ਇਕੱਠਾ ਕਰਨ ਵਾਲੇ ਚੱਲਦੇ ਬਣਦੇ ਹਨ। ਪਿੱਛੇ ਪਲਟ ਕੇ ਦੇਖੋ, ਕਿੰਨੇ ਸਾਡੇ ਪਿੱਤਰ-

**-ਮਾਸਟਰ ਮੋਹਨ ਲਾਲ**

ਬਜ਼ੁਰਗ ਚਲੇ ਗਏ ਹਨ। ਕੀ ਮਾਇਆ ਡਾਇਨ ਨੇ ਕਿਸੇ ਵੀ ਕਰੋੜਪਤੀ ਨੂੰ ਬਖਸ਼ਿਆ? ਨਹੀਂ ਬਖਸ਼ਿਆ ਤਾਂ ਧਨ-ਦੌਲਤ ਦੇ ਮਾਅਨੇ ਕੀ ਹਨ? ਅੱਜ ਨਹੀਂ ਤਾਂ ਕਲ ਚਲੇ ਜਾਣਾ ਹੈ। ਰਹਿਣਾ ਨਹੀਂ ਦੇਸ਼ ਬੇਗਾਨਾ ਹੈ।

'ਮਾਇਆ ਰੂਪੀ ਮਿੱਟੀ ਨਾ ਫਰੋਲ ਬੰਦਿਆ। ਇੱਥੇ ਬੈਠ ਕਿਸੇ ਨਹੀਂ ਰਹਿਣਾ, ਮੇਲਾ ਚਾਰ ਦਿਨਾਂ ਦਾ।' ਧਨ-ਜਾਇਦਾਦ ਇਮਾਨਦਾਰੀ ਨਾਲ ਇਕੱਠੀ ਨਹੀਂ ਹੁੰਦੀ। ਸਾਤਵਿਕ-ਸਾਧਨਾ ਨਾਲ ਨੋਟਾਂ ਦੇ ਬੰਡਲ ਨਹੀਂ ਬਣਦੇ। ਨੋਟਾਂ ਦੇ ਬੰਡਲ ਭ੍ਰਿਸ਼ਟਾਚਾਰ ਨਾਲ, ਵਿਦੇਸ਼ੀ ਫੰਡਿੰਗ ਨਾਲ ਜਾਂ ਚੋਰੀ-ਚਾਰੀ ਕਰ ਕੇ ਇਕੱਠੇ ਕੀਤੇ ਜਾਂਦੇ ਹਨ।

ਇਮਾਨਦਾਰੀ ਨਾਲ ਤਾਂ ਕੋਈ ਵਿਰਲਾ ਹੀ ਇਨਸਾਨ ਅਮੀਰ ਬਣਦਾ ਹੈ। ਰੋਜ਼ ਕਿੰਨੇ ਨਵੇਂ ਬਣਾਏ ਪੁਲ, ਡੈਮ ਮੀਂਹ ਨੇ ਤਬਾਹ ਕਰ ਦਿੱਤੇ। ਇਸ ਦੇ ਪਿੱਛੇ ਰਾਜ ਹੈ-ਰੇਤ, ਬੱਜਰੀ ਅਤੇ ਸੀਮੈਂਟ ਦਾ ਘਪਲਾ। ਮੈਨੂੰ ਯਾਦ ਹੈ ਕਿ ਜਦੋਂ ਥੀਨ-ਡੈਮ (ਮਹਾਰਾਜਾ ਰਣਜੀਤ ਸਿੰਘ ਡੈਮ) ਬਣਨ ਲੱਗਾ ਸੀ ਤਾਂ ਮੇਰੇ ਵਿਧਾਨ ਸਭਾ 'ਚ ਪ੍ਰਸ਼ਨ ਪੁੱਛਣ 'ਤੇ ਲੱਖਾਂ ਟਨ ਸਰੀਆ ਅਤੇ ਸੀਮੈਂਟ ਰਾਵੀ-ਦਰਿਆ 'ਚ ਵਹਾਅ ਦਿੱਤਾ ਗਿਆ ਸੀ। ਕਿਉਂਕਿ ਉਹ ਸਰੀਆ-ਸੀਮੈਂਟ ਠੇਕੇਦਾਰਾਂ ਨੂੰ ਵੇਚਿਆ ਜਾਣ ਵਾਲਾ ਸੀ। ਪਠਾਨਕੋਟ 'ਚ ਥੀਨ-ਡੈਮ ਬਣਨ ਨਾਲ ਕਈ ਭੀਖ ਮੰਗੇ ਅਮੀਰਜ਼ਾਦੇ ਬਣ ਗਏ। ਕਈ ਅਫਸਰ ਮਾਲਾਮਾਲ ਹੋ ਗਏ। ਪੈਸਾ ਤਾਂ ਅਜਿਹੀ ਚੀਜ਼ ਹੈ ਜਿਸ ਪਾਸੇ ਵੀ ਸੁੱਟੋ, ਕਾਮਯਾਬੀ ਉਸ ਦੇ ਪੈਰ ਚੁੰਮੇਗੀ ਪਰ ਧਿਆਨ ਰੱਖੋ ਕਿ ਧਨਵਾਨ ਵਿਅਕਤੀ ਸਦਾ ਟੈਨਸ਼ਨ 'ਚ ਰਹੇਗਾ। ਉਸ ਨੂੰ ਹਰ ਪਲ ਇਹੀ ਚਿੰਤਾ ਰਹਿੰਦੀ ਹੈ ਕਿ ਕਿਤੇ ਮੇਰਾ ਧਨ ਖੋਹਿਆ ਨਾ ਜਾਵੇ। ਪੈਸੇ ਦੇ ਬਲ 'ਤੇ ਚਾਰ-ਚਾਰ, ਪੰਜ-ਪੰਜ ਵਿਆਹ ਹੋ ਰਹੇ ਹਨ। ਧਨ ਨਾਲ ਮਨੁੱਖ ਦੇ ਸਹਿਜ-ਸੁਭਾਅ ਨੂੰ ਨੁਕਸਾਨ ਹੁੰਦਾ ਹੈ।

ਧਨਵਾਨ ਵਿਅਕਤੀ ਆਤਮ ਕ੍ਰੇਂਦਰਿਤ ਹੋ ਜਾਂਦਾ ਹੈ। ਕੁਦਰਤ, ਚੌਗਿਰਦੇ ਅਤੇ ਆਸ-ਪਾਸ ਦੇ ਲੋਕਾਂ ਨਾਲ ਉਸ ਦਾ ਮੋਹ ਨਹੀਂ ਰਹਿੰਦਾ। ਖਿੜੇ ਹੋਏ ਫੁੱਲਾਂ 'ਤੇ ਮੰਡਰਾਅ ਰਹੇ ਭਵਰਿਆਂ ਦੇ ਪ੍ਰਤੀ ਉਨ੍ਹਾਂ ਦੇ ਮਨ 'ਚ ਕੋਈ ਉਤਸ਼ਾਹ ਨਹੀਂ। ਫੁੱਲ, ਪੱਤੇ, ਪੌਦੇ, ਦਰੱਖਤ, ਹਰਿਆਲੀ ਦਾ ਮਨੁੱਖ ਜੀਵਨ 'ਚ ਕੀ ਮਹੱਤਵ ਹੈ। ਇਕ ਧਨਵਾਨ ਨੂੰ ਕੁਝ ਪਤਾ ਨਹੀਂ। ਕਲਕਲ ਕਰਦੀ ਨਦੀਆਂ ਤੋਂ, ਪਹਾੜਾਂ ਤੋਂ ਧਰਾਤਲ 'ਤੇ ਡਿੱਗਦੇ ਹੋਏ 'ਵਾਟਰ ਫਾਲਜ਼' ਤੋਂ ਧਨਵਾਨ ਵਿਅਕਤੀ ਦਾ ਮੋਹ ਟੁੱਟ ਜਾਂਦਾ ਹੈ। ਧਰਮੀ, ਚੰਨ-ਸੂਰਜ, ਖੰਡ-ਬ੍ਰਹਮੰਡ, ਦੇਸ਼-ਦੇਸ਼ਾਂਤਰ, ਦਸ਼ੋ ਦਿਸ਼ਾਵਾਂ, ਧਰਤੀ, ਆਕਾਸ਼ ਪਾਤਾਲ ਦੀ ਖੋਜ ਉਸਦੇ ਵਿਸ਼ੇ ਹੀ ਨਹੀਂ। ਜਿਸ ਪ੍ਰਭੂ ਨੇ ਧਨਵਾਨ ਵਿਅਕਤੀ ਨੂੰ ਸੁੰਦਰ ਸਰੀਰ ਦਿੱਤਾ ਉਸ ਪਰਮ-ਪਿਤਾ ਪ੍ਰਮਾਤਮਾ 'ਚ ਉਸ ਦੀ ਆਸਥਾ ਹੀ ਨਹੀਂ। ਪੈਸਾ ਉਸ ਦਾ ਭਗਵਾਨ ਹੈ ਪਰ ਇਕ ਗੱਲ ਸੱਚ ਹੈ, ਉਸ ਨੂੰ ਆਪਣੇ ਪਾਪਾਂ ਦੀ ਕਮਾਈ ਨੂੰ ਇੱਥੇ ਹੀ ਛੱਡ ਕੇ ਸੱਚੇ ਵਾਹਿਗੁਰੂ ਦੇ ਕੋਲ ਇਕੱਲਿਆਂ ਹੀ ਜਾਣਾ ਪਵੇਗਾ। ਇਥੇ ਉਸ ਦੇ ਕਰਮਾਂ ਦਾ ਭੁਗਤਾਨ ਹੋਵੇਗਾ। ਮਾਇਆ, ਸੰਸਾਰਿਕ ਬੰਧਨਾਂ, ਵਿਸ਼ੇ ਵਿਕਾਰਾਂ ਨੂੰ ਛੱਡ ਕੇ ਪ੍ਰਭੂ ਦੀ ਸ਼ਰਨ 'ਚ ਜਾਓ।

# ਕੇਂਦਰ ਦੀ ਭਾਜਪਾ ਸਰਕਾਰ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਤੇ ਪੰਜਾਬ ਯੂਨੀਵਰਸਟੀ ਚੰਡੀਗੜ੍ਹ ਨੂੰ ਪੰਜਾਬ ਤੋਂ ਖੋਹਣ ਅਤੇ ਉਸ ਦੇ ਭਗਵੇਂਕਰਨ ਦੀ ਚਾਲ ਨੂੰ ਪੰਜਾਬੀ ਕਦੇ ਸਫਲ ਨਹੀਂ ਹੋਣ ਦੇਣਗੇ



ਜਦੋਂ ਦੀ ਭਾਰਤ ਵਿੱਚ ਭਾਜਪਾ ਸਰਕਾਰ ਹੋਂਦ ਵਿੱਚ ਆਈ ਹੈ ਇਸ ਨੇ ਘਟਗਿਣਤੀ ਦੇ ਲੋਕਾਂ ਤੇ ਦਲਿਤ ਨੂੰ ਸਬਕ ਸਿਖਾਉਣ ਲਈ ਸਭ ਤੋਂ ਪਹਿਲਾਂ ਦੇਸ਼ ਦੀਆਂ ਸੁਰਖਿਆ ਫੌਜਾਂ ਨਾਲ ਸਾਲਾਂ ਬੱਧੀ ਘਰਾਂ ਅੰਦਰ ਤਾੜ੍ਹ ਕੇ ਪਹਿਲਾਂ ਮੁਸਲਮਾਨਾਂ ਨੂੰ ਜੰਮੂ ਕਸ਼ਮੀਰ ਵਿੱਚ ਮਿਲੀ ਸਹੂਲਤ ਧਾਰਾ 370 ਤੇ 35 ਏ ਨੂੰ ਖਤਮ ਕੀਤਾ। ਮੁਸਲਮਾਨਾਂ ਦੇ ਪ੍ਰਾਂਤ ਜੰਮੂ ਕਸ਼ਮੀਰ ਨੂੰ ਤੋੜ ਕੇ ਉਸ ਵਿਚੋਂ ਲਦਾਖ ਨੂੰ ਬਾਹਰ ਕੱਢ ਕੇ ਸਾਰੇ ਕਸ਼ਮੀਰ ਨੂੰ ਕੇਂਦਰ ਸ਼ਾਸ਼ਤ ਪ੍ਰਦੇਸ਼ ਬਣਾ ਦਿੱਤਾ। ਕੋਈ ਵੀ ਦੇਸ਼ ਦੀ ਰਾਜਨੀਤਕ ਪਾਰਟੀ ਮੁਸਲਮਾਨਾਂ ਦੇ ਹੱਕ ਵਿੱਚ ਨਾ ਖੜ੍ਹੇ ਹੋਣ ਕਾਰਨ ਭਾਜਪਾ ਦਾ ਮੂੰਹ ਖੁਲ੍ਹ ਗਿਆ ਕਿ ਉਸ ਨੂੰ ਹੁਣ ਕੋਈ ਰੋਕਣ ਟੋਕਣ ਵਾਲਾ ਨਹੀਂ। ਇਸੇ ਸੋਚ ਨਾਲ ਉਸ ਨੇ ਹੁਣ ਪੰਜਾਬ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਹੈ ਕਿਉਂਕਿ ਉਸ ਨੂੰ ਪਤਾ ਹੈ ਕਿ ਪੰਜਾਬ ਇਕ ਅਜਿਹਾ ਜੁਝਾਰੂ ਪ੍ਰਾਂਤ ਹੈ ਜੋ ਦੇਸ਼ ਨੂੰ ਹਿੰਦੂ ਰਾਸ਼ਟਰ ਬਣਾਉਣ ਵਿੱਚ ਵੱਡਾ ਰੋੜਾ ਅਟਕਾ ਸਕਦਾ ਹੈ। ਪੰਜਾਬ ਦੇ ਲੋਕਾਂ ਦੀ ਨਬਜ ਨੂੰ ਟੋਹਣ ਲਈ ਭਾਜਪਾ ਸਰਕਾਰ ਨੇ ਸਭ ਤੋਂ ਪਹਿਲਾਂ ਕਿਸਾਨ ਵਿਰੋਧੀ ਤਿੰਨ ਖੇਤੀਬਾੜੀ ਦੇ ਕਾਲੇ ਕਾਨੂੰਨ ਲਿਆਂਦੇ। ਜਿਸ ਵਿਰੁੱਧ ਪੰਜਾਬ ਦੇ ਕਿਸਾਨਾਂ ਨੇ ਸਾਰੇ ਭਾਰਤ ਦੇ ਕਿਸਾਨਾਂ ਨੂੰ ਲਾਮ ਬੰਦ ਕਰਕੇ ਲਗ ਭਗ ਡੇਢ ਸਾਲ ਦਿੱਲੀ ਦੀਆਂ ਬਰੂਹਾਂ ਤੇ ਸ਼ਾਨਦਾਰ ਲੜਾਈ ਲੜੀ ਜਿਸ ਵਿੱਚ 750 ਤੋਂ ਵਧੇਰੇ ਕਿਰਸਾਨਾਂ ਨੂੰ ਆਪਣੀਆਂ ਕੁਰਬਾਨੀਆਂ ਦੇਣੀਆਂ ਪਈਆਂ। ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਜਿਸ ਬਾਰੇ ਇਹ ਰੱਜ ਕੇ ਪ੍ਰਚਾਰ ਕੀਤਾ ਗਿਆ ਕਿ ਮੋਦੀ ਦੇ ਮੂੰਹੋਂ ਨਿਕਲੇ ਸ਼ਬਦ ਕਦੇ ਵਾਪਸ ਨਹੀਂ ਹੁੰਦੇ ਉਸੇ ਮੋਦੀ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਵਾਲੇ ਦਿਨ ਉਹ ਤਿੰਨੇ ਦੇ ਤਿੰਨੇ ਕਿਸਾਨ ਵਿਰੋਧੀ ਕਾਲੇ ਕਾਨੂੰਨ ਬਿਨਾ ਸ਼ਰਤ ਵਾਪਿਸ ਲੈਣ ਦਾ ਐਲਾਨ ਕਰਨਾ ਪਿਆ। ਸਾਲ 2025 ਵਿੱਚ ਪੰਜਾਬ ਦੇ ਲੋਕਾਂ ਨੂੰ ਮੁੜ੍ਹ ਪਰਖਣ ਲਈ ਪਹਿਲੀ ਨਵੰਬਰ ਜਿਸ ਦਿਨ ਪੰਜਾਬ ਰਾਜ ਦੀ ਸਥਾਪਨਾ ਕੀਤੀ ਗਈ ਕੇਂਦਰ ਦੀ ਭਾਜਪਾ ਸਰਕਾਰ ਨੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਨੂੰ ਕੇਂਦਰ ਅਧੀਨ ਕਰਨ ਦੀ ਨੀਯਤ ਨਾਲ ਉਸ ਦੀ ਸੇਨੇਟ ਤੇ ਸਿੰਡੀਕੇਟ ਨੂੰ ਭੰਗ ਕਰਕੇ ਸਰਕਾਰ ਵਲੋਂ ਨਾਮਜਦਗੀਆਂ ਕੀਤੀਆਂ ਜਾਣਗੀਆਂ ਦਾ ਨੋਟੀਫਿਕੇਸ਼ਨ ਜਾਰੀ ਕਰ ਮਾਰਿਆ ਜਿਸ ਦਾ ਨਤੀਜਾ ਇਹ ਹੋਇਆ ਕਿ ਪੰਜਾਬ ਯੂਨੀਵਰਸਿਟੀ ਦੀਆਂ ਵਿਦਿਆਰਥੀ ਜਥੇਬੰਦੀਆਂ ਨੇ ਯੂਨੀਵਰਸਿਟੀ ਅਧਿਕਾਰੀਆ ਦੇ ਦਫਤਰ ਅਗੇ ਰੋਹ ਭਰੇ ਧਰਨੇ ਮੁਜ਼ਾਹਰੇ ਅਰੰਭ ਦਿੱਤੇ ਹੋਰ ਤਾਂ ਹੋਰ ਵਿਦਿਆਰਥੀਆਂ ਨੇ ਆਪਣੇ ਧਰਨੇ ਵਾਲੀ ਥਾਂ ਤੇ ਖਾਕੀ ਨਿੱਕਰ ਟੰਗ ਦਿੱਤੀ ਤੇ ਇਹ ਭਾਸ਼ਣ ਦੇਣੇ ਅਰੰਭ ਕਰ ਦਿੱਤੇ ਕਿ ਪੰਜਾਬ ਯੂਨੀਵਰਸਿਟੀ ਦਾ ਭਗਵਾਂਕਰਨ ਕਦੇ ਨਹੀਂ ਹੋਣ ਦਿੱਤਾ ਜਾਵੇਗਾ। ਇਸ ਦੇ ਨਾਲ ਉਨ੍ਹਾਂ ਨੇ ਪੰਜਾਬ ਦੀਆਂ ਕਿਸਾਨ ਜਥੇਬੰਦੀਆ ਸਮੇਤ ਸਭ ਨੂੰ 10 ਨਵੰਬਰ ਚੰਡੀਗੜ੍ਹ ਆਉਣ ਦੀ ਅਵਾਜ ਦੇ ਦਿੱਤੀ ਜਿਸ ਦਾ ਨਤੀਜਾ ਇਹ ਹੋਇਆ ਕਿ ਕੇਂਦਰ ਦੀ ਸਰਕਾਰ ਨੇ ਉਤੋਉੜਤੀ ਤਿੰਨ ਨੋਟੀਫਿਕੇਸ਼ਨ ਹੋਰ ਜਾਰੀ ਕਰ ਦਿੱਤੇ। ਦੂਜੇ ਆਰਡੀਨੈਂਸ ਵਿੱਚ ਸਰਕਾਰ ਵਲੋਂ ਇਹ ਕਿਹਾ ਗਿਆ ਕਿ ਉਹ ਜਾਰੀ ਕੀਤੇ ਨੋਟੀਫਿਕੇਸ਼ਨ ਨੂੰ ਵਾਪਿਸ ਲੈਂਦੀ ਹੈ ਉਸ ਤੋਂ ਤੁਰੰਤ ਬਾਅਦ ਤੀਜਾ ਨੋਟੀਫਿਕੇਸ਼ਨ ਜਾਰੀ ਕੀਤਾ ਜਿਸ ਵਿੱਚ ਇਹ ਕਹਿ ਦਿੱਤਾ ਗਿਆ ਕਿ ਇਹ ਨੋਟੀਫੀਕੇਸ਼ਨ ਕਦੋਂ ਲਾਗੂ ਕੀਤਾ ਜਾਵੇਗਾ ਇਸ ਦਾ ਨਿਰਣਾ ਬਾਅਦ ਵਿੱਚ ਲਿਆ ਜਾਵੇਗਾ ਕਿਉਂਕਿ ਵਿਦਿਆਰਥੀਆਂ ਦਾ ਸੰਘਰਸ਼ ਲਗਾਤਾਰ ਤੇਜ ਹੁੰਦਾ ਦੇਖਦਿਆਂ ਇੰਨੀ ਬੌਂਦਲ ਗਈ ਕਿ ਚੌਥਾ ਨੋਟੀਫੀਕੇਸ਼ਨ ਹੋਰ ਜਾਰੀ ਕਰਨ ਲਈ ਮਜਬੂਰ ਹੋਣਾ ਪਿਆ ਕਿ ਕੇਂਦਰ ਸਰਕਾਰ ਪੰਜਾਬ ਯੂਨੀਵਰਸਿਟੀ ਬਾਰੇ ਪਹਿਲੇ ਜਾਰੀ ਨੋਟੀਫਿਕੇਸ਼ਨ ਨੂੰ ਵਾਪਿਸ ਲੈਂਦੀ ਹੈ ਜਿਸ ਦਾ ਭਾਵ ਇਹ ਦਸਿਆ ਗਿਆ ਕਿ ਪੰਜਾਬ ਯੂਨੀਵਰਸਿਟੀ ਦੀ ਕਿਸੇ ਵੀ ਪਹਿਲਾਂ ਤੋਂ ਚਲੀ ਆ ਰਹੀ ਨੀਤੀ ਨੂੰ ਬਦਲਿਆ ਨਹੀਂ ਜਾਵੇਗਾ। ਕੇਂਦਰ ਸਰਕਾਰ ਦੀ ਬਦਨੀਤੀ ਨੂੰ ਭਾਂਪਦਿਆ ਵਿਦਿਆਰਥੀ ਜਥੇਬੰਦੀਆਂ ਨੇ ਧਰਨੇ ਨੂੰ ਬਕਾਇਦਾ ਜਾਰੀ ਰਖਦਿਆਂ ਇਹ ਐਲਾਨ ਕਰ ਦਿੱਤਾ ਕਿ ਜਿਨਾਂ ਚਿਰ ਕੇਂਦਰ ਦੀ ਸਰਕਾਰ ਪੰਜਾਬ ਯੂਨੀਵਰਸਿਟੀ ਦੀਆਂ ਸੈਨੇਟ ਦੀਆ ਚੋਣਾਂ ਦੀ ਤਾਰੀਖ ਨਹੀਂ ਮਿਥਦੀ ਇਹ ਸੰਘਰਸ਼ ਜਾਰੀ ਰਖਿਆ ਜਾਵੇਗਾ। 10 ਨਵੰਬਰ ਨੂੰ ਪੰਜਾਰ ਭਰ ਦੀਆਂ ਜਥੇਬੰਦੀਆਂ ਨੇ ਵਿਦਿਆਰਥੀਆਂ ਨੂੰ ਇਨਾ ਸਹਿਯੋਗ ਦੇ ਦਿੱਤਾ ਕਿ ਕੇਂਦਰ ਦੀ ਸਰਕਾਰ ਘਬਰਾ ਹੀ ਨਹੀਂ ਗਈ ਬਲਕਿ ਸੋਚਣ ਲਈ ਮਜਬੂਰ ਹੋ ਗਈ ਹੈ ਕਿ ਇਹ ਕੀ ਹੋ ਗਿਆ? ਵਿਦਿਆਰਥੀ ਜਿਥੇ ਆਪਣੇ ਸੰਘਰਸ਼ ਨੂੰ ਤੇਜ ਤੇ ਹੋਰ ਤੇਜ ਕਰਦੇ ਆ ਰਹੇ ਹਨ। ਕੇਂਦਰ ਦੀ ਸਰਕਾਰ ਨੇ ਜਿਸ ਦਿਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ 350 ਵਾਂ ਸ਼ਹੀਦੀ ਸਮਾਗਮ ਮਨਾਇਆ ਜਾ ਰਿਹਾ ਹੈ ਉਦੋਂ ਇਹ ਇਕ ਹੋਰ ਐਲਾਨ ਕੱਢ ਮਾਰਿਆ ਹੈ ਕਿ ਉਹ ਸਰਦ ਰੁਤ ਦਾ ਸੈਸ਼ਨ ਜੋ ਦਸੰਬਰ 2025 ਵਿੱਚ ਹੋ ਰਿਹਾ ਉਸ ਦਿਨ ਭਾਰਤੀ ਕਾਨੂੰਨ ਵਿੱਚ ਤਬਦੀਲੀ ਕਰਕੇ ਚੰਡੀਗੜ੍ਹ ਨੂੰ ਹਮੇਸ਼ਾ ਲਈ ਪੰਜਾਬ ਤੋਂ ਖੋਹ ਕੇ ਉਸ ਕੇਂਦਰੀ ਸ਼ਾਸ਼ਤ ਬਣਾ ਕੇ ਗਵਰਨਰ ਦੀ ਥਾਂ ਤੇ ਲੈਫਟੀਨੈਂਟ ਗਵਰਨਰ ਲਗਾ ਕੇ ਚੰਡੀਗੜ੍ਹ ਨੂੰ ਪੰਜਾਬ ਤੋਂ ਸਦਾ ਲਈ ਉਸ ਦਾ ਹੱਕ ਖੋਹ ਲਵੇਗੀ ਕੇਂਦਰ ਦੀ ਭਾਜਪਾ ਸਰਕਾਰ ਦੇ ਇਸ ਐਲਾਨ ਨਾਲ ਸਮੂਹ ਪੰਜਾਬੀਆਂ ਦੇ ਮਨਾ ਅੰਦਰ ਗੁਸੇ ਦੀ ਲਹਿਰ ਇਥੋਂ ਤਕ ਪਰਬਲ ਕਰ ਦਿੱਤੀ ਕਿ ਪੰਜਾਬ ਦੀਆਂ ਸਾਰੀਆਂ ਰਾਜਨੀਤਕ ਪਾਰਟੀਆਂ ਨੂੰ ਕੇਂਦਰ ਸਰਕਾਰ ਦੇ ਵਿਰੁੱਧ ਬਗਾਵਤ ਕਰ ਦਿੱਤੀ ਇਥੋਂ ਤੱਕ ਕਿ ਪੰਜਾਬ ਭਾਜਪਾ ਦੇ ਪ੍ਰਧਾਨ ਸ੍ਰੀ ਸੁਨੀਲ ਜਾਖੜ ਜਿਸ ਨੇ ਹਾਲ ਹੀ ਭਾਜਪਾ ਦੀ ਨੀਤੀ ਤੋਂ ਦੁੱਖੀ ਹੋ ਕੇ ਅਸਤੀਫਾ ਦਿੱਤਾ ਹੈ ਦੀ ਚਰਚਾ ਹੈ ਅਤੇ ਕੇਂਦਰ ਦੇ ਰੇਲਾਂ ਦੇ ਰਾਜ ਮੰਤਰੀ ਸ੍ਰੀ ਰਵਨੀਤ ਬਿੱਟੂ ਜਿਹੜਾਂ ਭਾਜਪਾ ਦੀ ਚਾਪਲੂਸੀ ਕਰਨ ਤੋਂ ਕਦੇ ਵੀ ਪਿਛੇ ਨਹੀਂ ਹਟਦਾ ਉਸ ਨੂੰ ਵੀ ਇਹ ਕਹਿਣਾ ਪਿਆ ਕਿ ਚੰਡੀਗੜ੍ਹ ਪੰਜਾਬ ਦੀ ਰਾਜਧਾਨੀ ਹੈ, ਇਸ ਨੂੰ ਕਦੇ ਵੀ ਕੇਂਦਰ ਦੇ ਹਵਾਲੇ ਨਹੀਂ ਹੋਣ ਦਿਤਾ ਜਾਵੇਗਾ। ਪੰਜਾਬ ਦੀਆਂ ਸਾਰੀਆਂ ਬਾਗੀਆਨਾ ਸੁਰਾਂ ਨੂੰ ਦੇਖਦੇ ਹੋਏ ਕੇਂਦਰ ਦੀ ਸਰਕਾਰ ਨੂੰ ਫਿਰ ਯੂ ਟਰਨ ਲੈਣਾ ਪਿਆ ਉਸ ਨੂੰ ਇਹ ਬਿਆਨ ਦੇਣਾ ਪਿਆ ਹੈ ਕਿ ਉਹ ਇਸ ਸਰਦ ਰੁੱਤ ਵਿੱਚ ਚੰਡੀਗੜ੍ਹ ਸਬੰਧੀ ਕੋਈ ਸੋਧ ਬਿੱਲ ਨਹੀਂ ਲਿਆ ਰਹੀ। ਇਹ ਪੰਜਾਬ ਦੇ ਬਹਾਦਰ ਲੋਕ ਹੀ ਹਨ ਜਿਨਾਂ ਨੇ ਕੇਂਦਰ ਦੀ ਮੋਦੀ ਸਰਕਾਰ ਵਲੋਂ ਜਾਰੀ ਕੀਤੇ ਤਿੰਨ ਹੁਕਮ ਵਾਪਿਸ ਕਰਾਏ ਹਨ। ਪਹਿਲਾਂ ਕਿਸਾਨਾਂ ਦੇ ਤਿੰਨ ਬਿੱਲ, ਦੂਜਾ ਪੰਜਾਬ ਯੂਨੀਵਰਸਿਟੀ ਨੂੰ ਕੇਂਦਰ ਅਧੀਨ ਕਰਨ ਵਾਲਾ ਤੇ ਤੀਜਾ ਹਾਲ ਹੀ ਜਾਰੀ ਕੀਤਾ ਹੁਕਮ ਚੰਡੀਗੜ੍ਹ ਸਬੰਧੀ। ਪੰਜਾਬ ਦੀਆਂ ਵਿਦਿਆਰਥੀ ਜਥੇਬੰਦੀਆਂ, ਰਾਜਨੀਤਕ ਪਾਰਟੀਆਂ ਨੂੰ ਹੁਣ ਪੂਰਾ ਚੌਕਸ


ਜੰਗ ਸਿੰਘ
ਮਰਸਡ (ਕੈਲੀਫੋਰਨੀਆ)
ਅਮਰੀਕਾ
+1 415 603 7380

ਰਹਿਣ ਦੇ ਨਾਲ ਆਪਣੀਆਂ ਸਫਾਂ ਨੂੰ ਤਿਆਰ ਬਰ ਤਿਆਰ ਰਹਿਣ ਲਈ ਕਹਿਣਾ ਪਿਆ ਹੈ ਕਿਉਂ ਕਿ ਕੇਂਦਰ ਦੀ ਨੀਤੀ ਪੰਜਾਬ ਪ੍ਰਤੀ ਬਦਨੀਤੀ ਭਰੀ ਹੋਣ ਦੇ ਨਾਲ ਸਾਫ ਤੇ ਸਪਸ਼ਟ ਨਹੀਂ ਹੈ ਉਹ ਕਿਸੇ ਸਮੇਂ ਵੀ ਪੰਜਾਬ ਵਿਰੁਧ ਕੋਈ ਨਿਰਣਾ ਲੈ ਸਕਦੀ ਹੈ। ਉਹ ਮੁਸਲਮਾਨਾਂ ਵਾਂਗ ਪੰਜਾਬ ਦੇ ਸਮੂਹ ਪੰਜਾਬੀਆਂ ਨੂੰ ਡਰਾ ਧਮਕਾ ਕੇ ਦੇਸ਼ ਨੂੰ ਹਿੰਦੂ ਰਾਸ਼ਟਰ ਬਣਾਉਣਾ ਚਾਹੁੰਦੀ ਹੈ ਕਿਉਂ ਕਿ ਇਸ ਸਮੇਂ ਜੇਕਰ ਦੇਸ਼ ਨੂੰ ਹਿੰਦੂ ਰਾਸ਼ਟਰ ਬਣਾਉਣ ਵਿੱਚ ਕੋਈ ਵੱਡਾ ਅੜਿਕਾ ਹਨ ਤਾਂ ਉਹ ਪੰਜਾਬੀ ਹਨ ਜੇਕਰ ਇਹ ਆਖ ਲਈਏ ਕਿ ਨਰਿੰਦਰ ਮੋਦੀ 21 ਵੀਂ ਸਦੀ ਔਰੰਗਜੇਬ ਹੈ ਤਾਂ ਉਹ ਗਲਤ ਨਹੀਂ ਹੋਵੇਗਾ। ਮੋਦੀ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਔਰੰਗਜੇਬ ਨੇ ਜੋ ਜੁਲਮ ਕੀਤੇ ਸਨ ਤਾਂ ਉਸ ਦਾ ਕੀ ਹਸ਼ਰ ਹੋਇਆ ਸੀ ਕਿ ਥੋਹੜੇ ਜਿਹੇ ਸਮੇਂ ਵਿੱਚ ਮੁਗਲਾਂ ਦਾ ਰਾਜ ਖਤਮ ਹੋਇਆ। ਬਾਬਾ ਬੰਦਾ ਸਿੰਘ ਬਹਾਦਰ ਨੇ ਸਰਹਿੰਦ ਦੀ ਇੱਟ ਨਾਲ ਇੱਟ ਖੜਕਾ ਕੇ ਛੋਟੇ ਸਾਹਿਬ ਜਾਦਿਆ ਦੀ ਸ਼ਹੀਦੀ ਦਾ ਬਦਲਾ ਲਿਆ। ਬਾਅਦ ਵਿੱਚ ਉਹ ਹੀ ਬਾਬਾ ਬੰਦਾ ਸਿੰਘ ਬਹਾਦਰ ਸਿੱਖਾਂ ਦਾ ਪਹਿਲਾ ਬੇਤਾਜ ਬਾਦਸ਼ਾਹ ਬਣਿਆ। ਸ੍ਰੀ ਨਰਿੰਦਰ ਮੋਦੀ ਨੂੰ ਵੀ ਚੰਗੀ ਤਰਾਂ ਸਮਝਣ ਦੇ ਨਾਲ ਜਾਣ ਲੈਣਾ ਚਾਹੀਦਾ ਹੈ ਕਿ ਉਸ ਦੇ ਜੁਲਮੀ ਰਾਜ ਨਾਲ ਵੀ ਇਹੋ ਕੁਝ ਹੋਣ ਤੋਂ ਕੋਈ ਰੋਕ ਨਹੀਂ ਸਕਦਾ। ਭਾਜਪਾ ਤੇ ਰ ਸ ਸ ਸਮਝਦੀ ਹੈ ਕਿ ਉਸ ਨੇ ਮੁਸਲਮਾਨਾਂ ਨੂੰ ਡਰਾ ਲਿਆ ਹੈ ਜਿਹੜੇ ਕਿ 20-25 ਕਰੋੜ ਸਨ ਤੇ ਇਹ ਪੰਜਾਬੀ ਜਿਹੜੇ ਹੈ ਹੀ ਦੋ ਕਰੋੜ ਦੀ ਅਬਾਦੀ ਵਾਲੇ ਉਹ ਉਨਾਂ ਦਾ ਕੀ ਵਿਗਾੜ ਸਕਦੇ ਹਨ? ਇਹ ਭਾਜਪਾ ਦਾ ਵਹਿਮ ਹੈ ਇਹ ਪੰਜਾਬ ਦੇ ਲੋਕ ਹੀ ਸਨ ਜਿਨਾਂ ਨੇ ਦੇਸ਼ ਨੂੰ ਅਜਾਦ ਕਰਾਉਣ ਲਈ 80% ਤੋਂ ਵਧੇਰੇ ਕੁਰਬਾਨੀਆਂ ਦਿੱਤੀਆਂ ਹਨ ਜਦੋਂ ਕਿ ਦੇਸ਼ ਦੀ ਅਜ਼ਾਦੀ ਦੇ ਸੰਗਰਾਮ ਸਮੇਂ ਇਹ ਰ ਸ ਸ ਵਾਲੇ ਜਿਹੜੇ ਇਸ ਸਮੇਂ ਭਾਰਤ ਵਿੱਚ ਰਾਜ ਕਰ ਰਹੇ ਹਨ ਅਜਾਦੀ ਦੀ ਲਹਿਰ ਵਿੱਚ ਅੰਗਰੇਜ਼ਾਂ ਦੀ ਚਾਪਲੂਸੀ ਕਰਦੇ ਹੀ ਨਹੀਂ ਰਹੇ ਬਲਕਿ ਇਨ੍ਹਾਂ ਦੇ ਸਿਰਕੱਢ ਲੀਡਰ ਜਿਨਾਂ ਵਿੱਚ ਇਕ ਕੁਝ ਸਮਾਂ ਦੇਸ਼ ਦਾ ਪ੍ਰਧਾਨ ਮੰਤਰੀ ਵੀ ਬਣਿਆ ਰਿਹਾ ਅੰਗਰੇਜ਼ਾਂ ਕੋਲ ਦੇਸ਼ ਭਗਤਾਂ ਨੂੰ ਫੜਾਉਂਦਾ ਰਿਹਾ ਸੀ ਹੈ, ਇਨ੍ਹਾਂ ਦਾ ਕੋਈ ਰ ਸ ਸ ਜਾਂ ਭਾਜਪਾ ਦਾ ਆਗੂ ਹੈ ਜਿਸ ਨੇ ਦੇਸ਼ ਦੀ ਅਜਾਦੀ ਵਿੱਚ ਕੋਈ ਯੋਗਦਾਨ ਪਾਇਆ ਹੋਵੇ। ਹਾਂ ਇਕ ਨਾਂ ਨੂੰ ਜਰੂਰ ਗੱਜ ਵੱਜ ਕੇ ਪ੍ਰਚਾਰਦੇ ਆ ਰਹੇ ਹਨ "ਵੀਰ ਸਾਵਰਕਰ" ਜਿਸ ਨੂੰ ਭਾਜਪਾ ਸਰਕਾਰ ਭਾਰਤ ਦਾ ਸਰਬ ਉਚ ਪੁਰਸਕਾਰ ਵੀ ਦੇ ਚੁਕੀ ਹੈ ਇਹ ਉਹ ਮਹਾਨ ਲੀਡਰ ਇਨ੍ਹਾਂ ਦਾ "ਵੀਰ ਸਾਵਰਕਰ" ਸੀ। ਇਸ ਯੋਧੇ ਨੇ ਚਾਰ ਵਾਰ ਅੰਗਰੇਜ਼ਾਂ ਤੋਂ ਮੁਆਫੀ ਮੰਗੀ ਸੀ ਤੇ ਫਿਰ ਜੇਲ੍ਹ ਤੋਂ ਰਿਹਾ ਹੋ ਕੇ ਆਇਆ ਸੀ ਤੇ ਬਾਰ ਬਾਰ ਅੰਗਰੇਜ਼ਾਂ ਨੂੰ ਇਹ ਕਹਿੰਦਾ ਰਿਹਾ ਸੀ ਕਿ "ਉਹ ਤਾਂ ਤੁਹਾਡਾ ਭਾਵ ਅੰਗਰੇਜ਼ਾਂ ਦਾ ਭਗਤ ਹੈ, ਉਸ ਦਾ ਦੇਸ਼ ਦੀ ਅਜਾਦੀ ਨਾਲ ਨੇੜੇ ਦਾ ਕੋਈ ਵਾਹ ਵਾਸਤਾ ਨਹੀਂ ਹੈ"। ਭਾਜਪਾ ਦੀ ਇਕੋ ਇਕ ਨੀਤੀ ਹੈ ਕਿ ਹਿੰਦੂਆਂ, ਮੁਸਲਮਾਨਾਂ ਨੂੰ ਲੜਾਓ ਤੇ ਦੇਸ਼ ਤੇ ਰਾਜ ਕਰੋ ਹੁਣ ਇਨ੍ਹਾਂ ਨੇ ਪੰਜਾਬ ਦੇ ਮਸਲੇ ਨੂੰ ਲੈ ਕੇ ਹਿੰਦੂਆਂ, ਸਿੱਖਾਂ ਤੇ ਮੁਸਲਮਾਨਾਂ ਨੂੰ ਆਪਸ ਵਿੱਚ ਲੜਾ ਕੇ ਆਪਣਾ ਉਲੂ ਸਿੱਧਾ ਕਰਨਾ ਚਾਹੁੰਦੀ ਹੈ। ਪਰ ਇਨ੍ਹਾਂ ਭਾਜਪਾਈਆਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਪੰਜਾਬ ਗੁਰੂਆਂ ਪੀਰਾਂ ਦੀ ਧਰਤੀ ਹੈ। ਇਥੇ ਉਹ ਹਿੰਦੂਆਂ, ਸਿੱਖਾਂ ਤੇ ਮੁਸਲਮਾਨਾਂ ਦੀ ਆਪਸੀ ਸਾਂਝ ਨੂੰ ਖਤਮ ਨਹੀਂ ਕਰ ਸਕਦੀ। ਕਿੰਨਾ ਹੀ ਚੰਗਾ ਹੁੰਦਾ ਜੇਕਰ ਦੇਸ਼ ਦੀਆਂ ਸਾਰੀਆਂ ਵਿਰੋਧੀ ਪਾਰਟੀਆਂ ਜਦੋਂ ਮੁਸਲਮਾਨਾਂ ਦੀ ਧਾਰਾ 370 ਤੇ ਧਾਰਾ 35 ਏ ਖਤਮ ਕੀਤੀ ਗਈ ਸੀ ਉਸ ਵੇਲੇ ਮੁਸਲਮਾਨਾਂ ਨਾਲ ਹਿੱਕ ਡਾਹ ਖਲੋਂਦੀਆਂ। ਪਿਛਲੇ 10-11 ਸਾਲ ਦੇ ਸਮੇਂ ਵਿੱਚ ਦੇਸ਼ ਦੇ ਲੋਕਾਂ ਨੇ ਭਾਜਪਾ ਦਾ ਫਿਰਕੂ ਚਿਹਰਾ ਵੇਖ ਲਿਆ ਹੈ। ਹਾਲੇ ਵੀ ਡੁੱਲੇ ਬੇਰਾਂ ਦਾ ਕੁਝ ਨਹੀਂ ਵਿਗੜਿਆ। ਪੰਜਾਬ ਦੇ ਮਸਲੇ ਚਾਹੇ ਕਿਸਾਨਾਂ ਦੇ ਕਾਲੇ ਕਾਨੂੰਨ ਹਨ ਚਾਹੇ ਪੰਜਾਬ ਯੂਨੀਵਰਸਿਟੀ ਦਾ ਮਸਲਾ ਹੈ ਜਾਂ ਫਿਰ ਚੰਡੀਗੜ੍ਹ ਪੰਜਾਬ ਕੋਲੋਂ ਖੋਹਣ ਦਾ ਮਸਲਾ ਹੈ ਇਹ ਇਨ ਬਿਨ ਕਾਇਮ ਹਨ ਭਾਜਪਾ ਦੀ ਮੋਦੀ ਸਰਕਾਰ ਨੇ ਇਨ੍ਹਾਂ ਤੇ ਵਕਤੀ ਤੌਰ 'ਤੇ ਚੁੱਪ ਧਾਰੀ ਹੋਈ ਹੈ ਉਹ ਇਨਾਂ ਨੂੰ ਕਿਸੇ ਸਮੇਂ ਵੀ ਲਾਗੂ ਕਰਕੇ ਪੰਜਾਬ ਨੂੰ ਨੁਕਸਾਨ ਪਹੁੰਚਾ ਸਕਦੀ ਹੈ। ਇਸ ਕਰਕੇ ਸਮੂਹ ਪੰਜਾਬੀਆਂ, ਪੰਜਾਬ ਦੀਆਂ ਸਾਰੀਆਂ ਰਾਜਨੀਤਕ ਪਾਰਟੀਆਂ ਨੂੰ ਆਪਸ ਵਿੱਚ ਇਕੱਠਿਆਂ ਹੋਣਾ ਪੈਣਾ ਹੈ ਤਾਂ ਜੋ ਮੋਦੀ ਵਲੋਂ ਪੰਜਾਬ ਉਤੇ ਢਾਹੇ ਜਾਣ ਵਾਲੇ ਸਾਰੇ ਜੁਲਮਾਂ ਨੂੰ ਠੋਕਵੀਂ ਭਾਂਜ ਦਿੱਤੀ ਜਾ ਸਕੇ।

# ਕੀ ਹਨ ਦੁਰਲੱਭ ਪ੍ਰਿਥਵੀ ਤੱਤ ?



ਕੀਮਤੀ ਦੁਰਲੱਭ ਪ੍ਰਿਥਵੀ ਤੱਤ (ਰੇਅਰ ਅਰਥ ਐਲੀਮੈਂਟਸ) ਆਵਰਤ ਸ਼੍ਰੇਣੀ ਦੇ ਸਮੂਹ 3 ਦੀਆਂ 17 ਧਾਤੂਆਂ ਹਨ। ਇਸ ਵਿਚ ਲੈਂਥੇਨਾਈਡ ਸ਼੍ਰੇਣੀ ਦੇ 15 ਤੱਤਾਂ ਲੈਂਥੇਨਮ, ਸੇਰੀਅਮ, ਪ੍ਰੋਜ਼ੀਡੀਅਮ, ਨਿਓਡੀਅਮ, ਪ੍ਰੋਮੇਥੀਅਮ, ਸੈਮੇਰੀਅਮ, ਯੂਰੋਪੀਅਮ, ਗੈਡੋਲੀਨੀਅਮ, ਟਰਬੀਅਮ, ਡਿਸਪ੍ਰੋਸੀਅਮ, ਹੋਲਿਮੀਅਮ, ਏਰਬੀਅਮ, ਥੂਲੀਅਮ, ਲਿਊਟੇਟੀਅਮ ਤੋਂ ਇਲਾਵਾ ਸਕੈਂਡੀਅਮ ਅਤੇ ਯੇਟ੍ਰਿਅਮ ਸ਼ਾਮਿਲ ਹਨ। ਪ੍ਰਮਾਣੂ ਭਾਰ ਮੁਤਾਬਿਕ ਇਨ੍ਹਾਂ ਨੂੰ ਹਲਕੇ ਅਤੇ ਭਾਰੀ ਦੋ ਵਰਗਾਂ ਵਿਚ ਵੰਡਿਆ ਜਾਂਦਾ ਹੈ। ਇਹ ਤੱਤ ਧਰਤੀ ਵਿਚ ਭਰਪੂਰ ਮਾਤਰਾ ਵਿਚ ਮੌਜੂਦ ਹਨ ਪਰ ਵਿਰਲੇ ਜਾਂ ਦੁਰਲੱਭ ਇਸ ਕਰਕੇ ਕਿਹਾ ਜਾਂਦਾ ਹੈ, ਕਿਉਂਕਿ ਇਨ੍ਹਾਂ ਦਾ ਪਤਾ ਦੇਰ ਬਾਅਦ ਲੱਗਿਆ। ਪਹਿਲਾ ਦੁਰਲੱਭ ਪ੍ਰਿਥਵੀ ਖਣਿਜ ਗੈਡੋਲੀਨੀਅਮ ਸੰਨ 1787 ਵਿਚ ਸਵੀਡਨ 'ਚ ਲੱਭਿਆ ਸੀ।

ਤਾਪ ਪ੍ਰਤੀਰੋਧੀ, ਉੱਚ ਘਣਤਾ, ਉੱਚ ਗਲਣਅੰਕ, ਉੱਚ ਚਾਲਕਤਾ, ਉੱਚ ਤਾਪੀ ਚਾਲਕਤਾ, ਚਾਂਦੀ ਵਰਗੀ ਸਫੈਦ ਦਿੱਖ ਇਨ੍ਹਾਂ ਦੇ ਮੁੱਖ ਗੁਣ ਹਨ। ਇਹ ਤੱਤ ਧਰਤੀ 'ਚੋਂ ਖਣਨ ਕੀਤੇ ਜਾਂਦੇ ਹਨ, ਪ੍ਰੰਤੂ ਖਣਨ ਦੀਆਂ ਇਹ ਵਿਧੀਆਂ ਬਹੁਤ ਖਰਚੇ ਵਾਲੀਆਂ ਹੁੰਦੀਆਂ ਹਨ।

ਚੀਨ ਦੁਨੀਆ ਦਾ ਸਭ ਤੋਂ ਵੱਡਾ ਦੁਰਲੱਭ ਖਣਿਜਾਂ ਦਾ ਉਤਪਾਦਨ ਅਤੇ ਨਿਰਯਾਤ ਕਰਨ ਵਾਲਾ ਦੇਸ਼ ਹੈ। ਦੁਨੀਆ ਦਾ ਲਗਭਗ 60 ਫ਼ੀਸਦੀ ਖਣਨ ਅਤੇ ਲਗਭਗ 90 ਫ਼ੀਸਦੀ ਚੀਨ ਸ਼ੁੱਧੀਕਰਨ ਕਰਦਾ ਹੈ। ਚੀਨ ਵਿਚ ਦੁਰਲੱਭ ਪ੍ਰਿਥਵੀ ਖਣਿਜਾਂ (ਰੇਅਰ ਅਰਥ ਮਿਨਰਲਾਂ) ਦੇ ਸਭ ਤੋਂ ਵੱਧ ਭੰਡਾਰ (ਅੰਦਾਜ਼ਾ 44 ਮਿਲੀਅਨ ਟਨ) ਹਨ। ਦੁਰਲੱਭ ਪ੍ਰਿਥਵੀ ਖਣਿਜਾਂ ਭੰਡਾਰਾਂ ਦੇ ਹਿਸਾਬ ਨਾਲ ਦੂਜੇ ਨੰਬਰ 'ਤੇ ਬ੍ਰਾਜ਼ੀਲ ਅਤੇ ਤੀਜੇ ਨੰਬਰ 'ਤੇ ਭਾਰਤ ਹੈ। ਅਮਰੀਕਾ ਦੁਰਲੱਭ ਪ੍ਰਿਥਵੀ ਖਣਿਜਾਂ ਦਾ ਲਗਭੱਗ 70 ਫ਼ੀਸਦੀ ਹਿੱਸਾ ਚੀਨ ਤੋਂ ਮੰਗਵਾਉਂਦਾ ਹੈ। ਭਵਿੱਖ ਦੀ ਤਕਨਾਲੋਜੀ ਵਿਚ ਦੁਰਲੱਭ ਪ੍ਰਿਥਵੀ ਤੱਤ ਆਟੋਮੋਟਿਵ, ਡਿਫੈਂਸ, ਖਪਤਕਾਰ ਇਲੈਕਟ੍ਰਾਨਿਕਸ, ਫ਼ੋਨਾਂ, ਆਟੋਮੋਬਾਈਲਜ਼, ਮਿਜ਼ਾਈਲਾਂ, ਘਰੇਲੂ ਉਪਕਰਨਾਂ, ਨਵਿਆਉਣਯੋਗ ਸਵੱਛ ਊਰਜਾ, ਸੰਚਾਰ, ਪ੍ਰਮਾਣੂ ਊਰਜਾ, ਸੈਮੀਕੰਡਕਟਰਜ਼ ਚਿੱਪਾਂ, ਡਿਫੈਂਸ, ਏਅਰੋਸਪੇਸ, ਉਦਯੋਗਾਂ, ਇਲੈਕਟ ?ਰੀਕਲ ਅਤੇ ਇਲੈਕਟ ?ਰਾਨਿਕ ਪੁਰਜਿਆਂ, ਲੇਜ਼ਰਾਂ, ਚੁੰਬਕਾਂ, ਗਲਾਸ ਐਲ.ਈ.ਡੀ. ਲਾਈਟਾਂ, ਬੈਟਰੀਆਂ, ਇਲੈਕਟ੍ਰਿਕ ਵਹੀਕਲਾਂ ਦੀਆਂ ਮੋਟਰਾਂ, ਲੜਾਕੂ ਜੈੱਟ ਜਹਾਜ਼ਾਂ, ਮਿਜ਼ਾਈਲਾਂ, ਰਾਡਾਰਾਂ ਅਤੇ ਹੋਰ ਰੱਖਿਆ ਪ੍ਰਣਾਲੀਆਂ, ਰੋਬੋਟਿਕਸ, ਬਿਜਲਈ ਮੋਟਰਾਂ, ਬਰੇਕਿੰਗ ਸਿਸਟਮਾਂ, ਸਮਾਰਟ ਫੋਨਾਂ ਦੇ ਨਿਰਮਾਣ ਵਿਚ ਬਹੁਤ ਮਹੱਤਵਪੂਰਨ ਹਨ। ਇਨ੍ਹਾਂ ਤੱਤਾਂ ਦਾ ਉੱਚ ਤਕਨੀਕ ਵਾਲੇ ਉਤਪਾਦਾਂ ਜਿਵੇਂ ਮੋਬਾਈਲ ਫ਼ੋਨ, ਕੰਪਿਊਟਰ, ਟੈਲੀਵਿਜ਼ਨ, ਇਲੈਕਟ੍ਰਿਕ ਵਾਹਨਾਂ, ਰੱਖਿਆ ਉਪਕਰਨਾਂ, ਡਾਕਟਰੀ ਉਪਕਰਨਾਂ ਅਤੇ ਪੌਣ ਟਰਬਾਈਨਾਂ ਵਿਚ ਉਪਯੋਗ ਹੁੰਦਾ ਹੈ। ਇਲੈਕਟ੍ਰਿਕ ਵਾਹਨਾਂ ਵਿਚ ਬੈਟਰੀ, ਟ੍ਰੈਕਸ਼ਨ ਮੋਟਰ ਅਤੇ ਪੌਣ ਟਰਬਾਈਨਾਂ ਵਿਚ ਸ਼ਕਤੀਸ਼ਾਲੀ ਚੁੰਬਕ ਬਣਾਉਣ ਲਈ ਇਨ੍ਹਾਂ ਦੀ ਵਰਤੋਂ ਹੁੰਦੀ ਹੈ।।

ਉੱਚ-ਕੁਆਲਿਟੀ ਸਥਾਈ ਚੁੰਬਕ ਬਣਾਉਣ ਵਿਚ ਇਨ੍ਹਾਂ ਦੀ ਵਰਤੋਂ ਕੀਤੀ ਜਾਂਦੀ ਹੈ। ਇਨ੍ਹਾਂ ਦੇ ਬਣੇ ਚੁੰਬਕ ਵਧੇਰੇ ਸ਼ਕਤੀਸ਼ਾਲੀ ਹੋਰਾਂ ਨਾਲੋਂ ਲਾਰਜ ਅਤੇ ਹੈਵੀ ਡਿਊਟੀ ਮੋਟਰਾਂ ਵਿਚ ਵਰਤੇ ਜਾਂਦੇ ਹਨ। ਦੁਰਲੱਭ ਪ੍ਰਿਥਵੀ ਚੁੰਬਕ (ਰੇਅਰ ਅਰਥ ਮੈਗਨਟ) ਇਲੈਕਟ੍ਰਿਕ ਵਾਹਨਾਂ (ਈਵੀਜ਼) 'ਚ ਕ੍ਰਾਂਤਿਕ ਹਿੱਸਾ ਹਨ। ਦੁਰਲੱਭ ਪ੍ਰਿਥਵੀ ਚੁੰਬਕ ਵਿਚ ਨਿਓਡੀਮੀਅਮ -ਆਇਰਨ-ਬੋਰੋਨ ਹੁੰਦਾ ਹੈ। ਇਸ ਨੂੰ ਉੱਚ-ਕਾਰਜਕੁਸ਼ਲਤਾ ਵਾਲੀਆਂ ਆਟੋਮੋਟਿਵ ਵਿਚ ਵਰਤਿਆ ਜਾਂਦਾ ਹੈ।

ਭਾਰਤ ਵਿਚ ਦੁਰਲੱਭ ਪ੍ਰਿਥਵੀ ਖਣਿਜਾਂ ਤੇ ਸਵੈ-ਨਿਰਭਰ ਹੋਣ ਲਈ ਨੈਸ਼ਨਲ ਕ੍ਰਿਟੀਕਲ ਮਿਨਰਲ ਮਿਸ਼ਨ ਸ਼ੁਰੂ ਕੀਤਾ ਗਿਆ ਹੈ।

-ਬਲਵਿੰਦਰ ਸਿੰਘ ਦੌਲਤਪੁਰਾ

ਵਿਸ਼ਵ ਏਡਜ਼ ਦਿਵਸ 2025

# ਸਿਹਤਮੰਦ ਸ਼ੁਰੂਆਤ ਨਾਲ ਉਮੀਦਾਂ ਭਰਿਆ ਭਵਿੱਖ

*ਵਿਸ਼ਵ ਏਡਜ਼ ਦਿਵਸ 2025 ਦਾ ਥੀਮ ਹੈ-''ਹੈਲਦੀ ਸ਼ੁਰੂਆਤ, ਉਮੀਦ ਵਾਲਾ ਭਵਿੱਖ'' ਹਰ ਮਿਨਟ ਵਿਸ਼ਵ ਭਰ 'ਚ ਐਚ.ਆਈ.ਵੀ ਰੋਗੀਆਂ ਦਾ ਅੰਕੜਾ ਵੱਧ ਰਿਹਾ ਹੈ। ਅੱਜ ਹਰ ਕੋਸ਼ਿਸ਼ ਨਾਲ ਕੰਟ੍ਰੋਲ ਕਰਨਾ ਜਰੂਰੀ ਹੋ ਗਿਆ ਹੈ- ਡਾ. ਅਨਿਲ ਧੀਰ, ਕਾਲਮਨਿਸਟ, ਪੀਐਫਏ ਕੈਨੇਡੀਅਨ ਰੈੱਡ ਕ੍ਰਾਸ, ਸੋਸ਼ਲ ਐਕਟੀਵਿਸਟ, ਲੇਖਕ'' ਸੈਲਫ-ਕੇਅਰ ਟਿੱਪਸ ਐਨਸਾਈਕਲੋਪੀਡੀਆ''*

ਸਾਲ 2025 ਵਿਸ਼ਵ ਏਡਜ਼ ਦਿਵਸ ਲਈ ਵਿਸ਼ਵ ਸਿਹਤ ਸੰਸਥਾ ਵੱਲੋਂ ਹੈਲਦੀ ਸ਼ੁਰੂਆਤ ਨਾਲ ਉਮੀਦ ਵਾਲੇ ਭਵਿੱਖ ਦੀ ਗੱਲ ਕੀਤੀ ਜਾ ਰਹੀ ਹੈ। ਐਚਆਈਵੀ ਇੱਕ ਵਾਇਰਸ ਹੈ ਜੋ ਰੋਗ-ਪ੍ਰਤੀਰੋਧਕ ਸਿਸਟਮ 'ਤੇ ਹਮਲਾ ਕਰਦਾ ਹੈ, ਜਿਸ ਨਾਲ ਰੋਗਾਂ ਨਾਲ ਲੜਨ ਦੀ ਤਾਕਤ ਘੱਟ ਜਾਂਦੀ ਹੈ। ਜੇ ਸਮੇਂ 'ਤੇ ਇਲਾਜ਼ ਨਾ ਹੋਵੇ ਤਾਂ ਏਡਜ਼ ਦਾ ਕਾਰਣ ਵੀ ਬਣ ਸਕਦਾ ਹੈ। ਸਾਲ 2024 ਦੇ ਅੰਕੜਿਆਂ ਮੁਤਾਬਿਕ, ਵਿਸ਼ ਭਰ 'ਚ ਲਗਭਗ 40.8 ਮਿਲੀਅਨ ਲੋਕ ਘੇਰੇ 'ਚ ਆ ਚੁੱਕੇ ਹਨ। ਜਿਸ 'ਚ ਉਹੀ ਸਾਲ 1.3 ਮਿਲੀਅਨ ਨਵੇਂ ਕੇਸ ਰਿਪੋਰਟ ਕੀਤੇ ਗਏ। ਇਸ ਦੇ ਨਾਲ 2024 'ਚ 630,000 ਲੋਕ ਏਡਜ਼ ਸੰਬੰਧੀ ਰੋਗਾਂ ਨਾਲ ਮੌਤ ਦੇ ਸ਼ਿਕਾਰ ਹੋਏ ਹਨ, ਜੋ ਇੱਕ ਜਾਰੀ ਮਹਾਂਮਾਰੀ ਦਿੱਸ ਰਹੀ ਹੈ।

**ਜਾਗਰੁੱਕ ਹੋਣ ਦੀ ਲੋੜ ਹੈ:**

- ਐਚਆਈਵੀ ਇੱਕ ਵਿਸ਼ਵ ਪੱਧਰੀ ਸਿਹਤ ਸਮੱਸਿਆ ਹੈ, ਜਿਸ ਨਾਲ ਅੰਧੇ ਅੰਦਾਜ਼ੇ ਮੁਤਾਬਿਕ ਅੱਜ ਤੱਕ 44.5 ਮਿਲੀਅਨ ਜ਼ਿੰਦਗੀਆਂ ਖਤਮ ਹੋ ਚੁੱਕੀਆਂ ਹਨ। ਵਿਸ਼ਵ ਭਰ 'ਚ ਫੈਲਾਅ ਤੇਜ਼ੀ ਨਾਲ ਵੱਧ ਰਿਹਾ ਹੈ।
- ਐਚਆਈਵੀ ਇਨਫੈਕਸ਼ਨ ਦਾ ਕੋਈ ਇਲਾਜ਼ ਨਹੀਂ ਹੈ। ਹਾਲਾਂਕਿ, ਪਭਾਵਸ਼ਾਲੀ ਐਚਆਈਵੀ ਰੋਕਥਾਮ, ਡਾਇਗਨੋਜ਼, ਇਲਾਜ਼ ਅਤੇ ਦੇਖਭਾਲ, ਜਿਸ 'ਚ ਮੌਕੇ ਵਾਲੀ ਇਨਫੈਕਸ਼ਣਾਂ ਲਈ ਵੀ ਮਦਦ ਸ਼ਾਮਿਲ ਹੈ, ਦੀ ਪਹੁੰਚ ਨਾਲ ਇੱਕ ਸੰਭਾਲਣ ਯੋਗ ਚਿਰਕਾਲੀ ਸਿਹਤ ਸਥਿਤੀ ਬਣ ਗਿਆ ਹੈ, ਜਿਸ ਨਾਲ ਐਚਆਈਵੀ ਪੀੜਿਤ ਲੋਕ ਲੰਬੇ ਸਮੇਂ ਤੱਕ ਸਿਹਤਮੰਦ ਜੀਵਨ ਬਿਤਾ ਸਕਦੇ ਹਨ।
- ਵਿਸ਼ਵ ਸਿਹਤ ਸੰਸਥਾ, ਗਲੋਬਲ ਫੰਡ ਅਤੇ ਅਨਏਡ ਸਾਰਿਆਂ ਦੀਆਂ ਵਿਸ਼ਵ ਰਣਨੀਤੀਆਂ ਹਨ ਜੋ ਐਸਡੀਜੀ ਲਕਸ਼ 3.3 ਸਾਹਮਣੇ ਹਨ, ਜੋ 2030 ਤੱਕ ਐਚਆਈਵੀ ਮਹਾਂਮਾਰੀ ਖਤਮ ਕਰਨ ਦਾ ਨਿਸ਼ਾਨਾ ਹੈ।
- ਐਚਆਈਵੀ ਦੇ ਲੱਛਣ ਅਤੇ ਚਿੰਨ ਵੱਖ-




ਅਨਿਲ ਧੀਰ
ਕਾਲਮਨਿਸਟ
healthmedia1@hotmail.com


ਵੱਖ ਹੋ ਸਕਦੇ ਹਨ। ਐਚਆਈਵੀ ਸਭ ਤੋਂ ਆਸਾਨੀ ਪਹਿਲੇ ਕੁੱਝ ਮਹੀਨਿਆਂ 'ਚ ਫੈਲਦਾ ਹੈ, ਜਦੋਂ ਕੋਈ ਵਿਅਕਤੀ ਸੰਕ੍ਰਮਿਤ ਹੁੰਦਾ ਹੈ, ਪਰ ਬਹੁਤੇ ਲੋਕ ਆਪਣੀ ਸਥਿਤੀ ਬਾਰੇ ਅਗਲੇ ਸਟੇਜ ਤੱਕ ਅਣਜਾਣ ਰਹਿੰਦੇ ਹਨ। ਇਨਫੈਕਸ਼ਣ ਦੇ ਪਹਿਲੇ ਕੁੱਝ ਹਫਤਿਆਂ 'ਚ ਲੋਕ ਕੋਈ ਲੱਛਣ ਮਹਿਸੂਸ ਨਹੀਂ ਕਰਦੇ। ਦੂਜੇ ਲੋਕਾਂ ਨੂੰ ਇਨਫਲੂਐਂਜਾ ਵਰਗੀ ਬਿਮਾਰੀ ਹੋ ਸਕਦੀ ਹੈ। ਜਿਸ 'ਚ ਆਮ ਲੱਛਣ: ਜੁਕਾਮ, ਸਿਰ-ਪੀੜ, ਚੰਬੜਾਂ, ਗਲੇ ਅੰਦਰ ਦਰਦ, ਹੋ ਸਕਦਾ ਹੈ। ਇਨਫੈਕਸ਼ਨ ਹੌਲੀ-ਹੌਲੀ ਰੋਗਾਂ ਨਾਲ ਲੜਨ ਵਾਲੇ ਸਿਸਟਮ ਨੂੰ ਕਮਜ਼ੋਰ ਕਰਦਾ ਹੈ। ਇਸ ਨਾਲ ਹੋਰ ਲੱਛਣ, ਸੁੱਜੇ ਹੋਏ ਲਿੰਫ ਨੋਡਸ, ਵਜ਼ਨ ਘੱਟ ਹੋਣਾ, ਬੁਖਾਰ, ਦਸਤ, ਖੰਘ, ਸਾਹਮਣੇ ਆ ਸਕਦੇ ਹਨ।

- ਬਿਨਾਂ ਇਲਾਜ਼ ਦੇ, ਐਚਆਈਵੀ ਨਾਲ ਜਿੰਦਗੀ ਜੀਅ ਰਹੇ ਲੋਕਾਂ ਅੰਦਰ ਗੰਭੀਰ ਬਿਮਾਰੀਆਂ, ਟੀਬੀ, ਕ੍ਰਿਪਟੋਕੋਕਲ ਮੈਨਿੰਜੀਟਿਸ, ਗੰਭੀਰ ਬੈਕਟਰੀਅਲ ਸੰਕ੍ਰਮਣ, ਕੈਂਸਰ ਜਿਵੇਂ ਕਿ ਲਿੰਫੋਮਾ ਅਤੇ ਕਾਪੋਸੀ ਦਾ ਸਰਕੋਮਾ ਦੇਖਣ ਨੂੰ ਮਿਲ ਸਕਦੀਆਂ ਹਨ।
- ਐਚਆਈਵੀ ਹੋਰ ਸੰਕ੍ਰਮਣਾਂ ਨੂੰ ਵੀ ਬਿਗਾੜ ਸਕਦਾ ਹੈ, ਜਿਵੇਂ ਕਿ ਹੈਪੇਟਾਈਟਿਸ-ਸੀ, ਹੈਪੇਟਾਈਟਿਸ-ਬੀ, ਅਤੇ ਮਪੌਕਸ।

**ਰੋਗ ਦਾ ਫੈਲਾਅ:**

- ਐਚਆਈਵੀ ਲੋਕਾਂ ਦੇ ਸਰੀਰ ਦੇ ਰਸਾਂ ਦੇ ਬਦਲਾਅ ਰਾਹੀਂ ਫੈਲ ਸਕਦਾ ਹੈ। ਜੋ ਐਚਆਈਵੀ ਨਾਲ ਜੀਅ ਰਹੇ ਹਨ, ਜਿਸ 'ਚ ਖੂਨ, ਦੁੱਧ, ਵੀਂਸ਼, ਅਤੇ ਯੋਨੀ ਸ੍ਰਾਵ ਸ਼ਾਮਲ ਹਨ।
- ਐਚਆਈਵੀ ਪ੍ਰੈਗਨੈਂਸੀ ਅਤੇ ਡਿਲੀਵਰੀ ਦੌਰਾਣ ਬੱਚੇ ਨੂੰ ਵੀ ਸੰਚਾਰਿਤ ਕਰ ਸਕਦਾ ਹੈ।
- ਲੋਕ ਆਮ ਡੇਲੀ ਲਾਈਫ ਦੇ ਸੰਪਰਕ ਜਿਵੇਂ ਕਿ ਚੁੰਬਣ ਲੈਣਾ, ਜੁੜਨਾ, ਹੱਥ ਮਿਲਾਉਣਾ, ਜਾਂ ਨਿਜੀ ਵਸਤਾਂ, ਖਾਣਾ ਜਾਂ ਪਾਣੀ ਸਾਂਝਾ




ਕਰਨ ਨਾਲ ਐਚਆਈਵੀ ਨਾਲ ਸੰਕ੍ਰਮਿਤ ਨਹੀਂ ਹੋ ਸਕਦੇ।

- ਝੋ ਲੋਕ ਐਚਆਈਵੀ ਨਾਲ ਜੀ ਰਹੇ ਹਨ ਅਤੇ ਜਿਨ੍ਹਾਂ ਦਾ ਵਾਇਰਲ ਲੋਡ ਅਣਪਤਾ ਹੈ, ਉਹ ਆਪਣੇ ਯੌਨ ਸਾਥੀਆਂ ਨੂੰ ਐਚਆਈਵੀ ਨਹੀਂ ਦੇਣਗੇ। ਏਆਰਟੀ ਤੱਕ ਜਲਦੀ ਪਹੁੰਚ ਅਤੇ ਇਲਾਜ਼ 'ਤੇ ਬਣੇ ਰਹਿਣ ਲਈ ਮਦ ਦਇਸ ਲਈ ਲਾਜ਼ਮੀ ਹੈ ਨਾ ਸਿਰਫ ਐਚਆਈਵੀ ਨਾਲ ਜੀ ਰਹੇ ਲੋਕਾਂ ਦੀ ਸਿਹਤ ਸੁਧਾਰਨ ਲਈ, ਸਗੋਂ ਐਚਆਈਵੀ ਦੇ ਸੰਚਾਰ ਨੂੰ ਰੋਕਣ ਲਈ ਵੀ ਹੈ।

**ਖਤਰੇ ਦੇ ਕਾਰਕ:**

- ਉਹ ਆਚਰਣ ਅਤੇ ਹਾਲਾਤ ਜੋ ਲੋਕਾਂ ਨੂੰ ਐਚਆਈਵੀ ਨਾਲ ਪੀੜਿਤ ਹੋਣ ਦੇ ਖਤਰੇ ਪਾ ਸਕਦੇ ਹਨ। ਏਧਰ-ਉਧਰ ਕੰਡੋਮ ਤੋਂ ਬਿਨਾਂ ਸੈਕਸ ਕਰਨਾ, ਕਿਸੇ ਹੋਰ ਲੈਂਗਿਕ ਸੰਕ੍ਰਾਮਕ ਬਿਮਾਰੀਦਾ ਹੋਣਾ, ਜਿਵੇਂ ਕਿ ਸਾਈਫਿਲਿਸ, ਹਰਪੀਸ, ਕਲੇਮਡੀਆ, ਗੋਨੋਰੀਆ ਅਤੇ ਬੈਕਟੀਰੀਅਲ ਵੇਜੀਨੋਸਿਸ।
- ਲੈਂਗਿਕ ਆਚਰਣ ਦੇ ਸੰਦਰਭ 'ਚ ਸ਼ਰਾਬ ਜਾਂ ਨਸ਼ੇ ਦੀ ਹਾਨੀਕਾਰਕ ਵਰਤੋਂ; ਸੰਕ੍ਰਮਿਤ ਸੂਈਆਂ, ਸਿਰੰਜਾਂ ਅਤੇ ਹੋਰ ਇੰਜੈਕਟ ਕਰਨ ਵਾਲੇ ਸਾਮਾਨ ਜਾਂ ਨਸ਼ੇ ਦੀਆਂ ਦਵਾਈਆਂ ਨੂੰ ਸਾਂਝਾ ਕਰਨਾ।
- ਅਸੁਰੱਖਿਅਤ ਇੰਜੈਕਸ਼ਨ, ਖੂਨ ਦੇ ਟ੍ਰਾਂਸਫਿਊਜ਼ਨ ਜਾਂ ਟਿਸ਼ੂ ਟ੍ਰਾਂਸਪਲਾਂਟੇਸ਼ਨ; ਅਤੇ ਅਜਿਹੇ ਦਵਾਈ ਪ੍ਰਕਿਰਿਆਵਾਂ ਜੋ ਸਟਰਾਈਲ ਨਾ ਹੋਣ ਵਾਲੇ ਕੱਟਣ ਜਾਂ ਛੇਦਣ ਵਾਲੀਆਂ ਹੁੰਦੀਆਂ ਹਨ; ਜਾਂ ਅਚਾਨਕ ਲੱਗਣ ਵੀ ਸ਼ਾਮਲ ਹਨ।

**ਰੋਕਥਾਮ ਕਿਵੇਂ:**

**ਜਾਗਰੁੱਕ ਹੋ ਕੇ ਐਚਆਈਵੀ ਦੇ ਖਤਰੇ ਨੂੰ ਘਟਾਇਆ ਜਾ ਸਕਦਾ ਹੈ:**

- ਐਚਆਈਵੀ ਅਤੇ ਹੋਰ ਲਿੰਗ ਸੰਚਾਰੀ ਰੋਗਾਂ ਲਈ ਟੈਸਟ ਕਰਵਾਉਣਾ।
- ਹਾਲਾਤ ਮੁਤਾਬਿਕ ਮਰਦ/ਔਰਤਾਂ ਵੱਲੋਂ ਕੰਡੋਮ ਦੀ ਵਰਤੋਂ ਕਰਨਾ।
- ਪ੍ਰੀ-ਐਕਸਪੋਜ਼ਰ ਪ੍ਰੋਫਾਈਲੈਕਸਿਸ ਇੱਕ ਵਾਧੂ ਰੋਕਥਾਮ ਵਿਕਲਪ ਹੈ। ਇੱਕ ਐਂਟੀਰੇਟ੍ਰੋਵਾਇਰਲ ਦਵਾਈ ਹੈਜੋ ਐਚਆਈਵੀ ਨਕਾਰਾਤਮਕ ਲੋਕਾਂ ਦੁਆਰਾ ਐਚਆਈਵੀ ਸੰਕ੍ਰਮਣ ਦੇ ਖਤਰੇ ਨੂੰ ਘਟਾਉਣ ਲਈ ਵਰਤੀ ਜਾਂਦੀ ਹੈ।




**ਵਿਸ਼ਵ ਸਿਹਤ ਸੰਸਥਾ ਅੱਗੇ ਲਿਖੇ ਤਰੀਕੇ ਸੁਝਾਉਂਦੀ ਹੈ:**

- ਮੂੰਹ ਰਾਹੀਂ ਲਈ ਜਾਣ ਵਾਲੀ ਟੇਨੋਫੋਵਿਰ-ਅਧਾਰਤ ਪ੍ਰੇਪ
- ਡਾਪਿਵਿਰਾਈਨ ਯੋਨਿਕਾ ਅੰਗੂਠਾ ਰਿੰਗ
- ਲੰਬੇ ਸਮੇਂ ਕਾਰਜਕਾਰੀ ਇੰਜੈਕਸ਼ਨ ਕਾਬੋਟੈਗ੍ਰਬੀਰ
- ਲੰਬੇ ਸਮੇਂ ਕਾਰਜਕਾਰੀ ਇੰਜੈਕਸ਼ਨ ਲੇਨਾਕਾਪਵੀਰ
- ਮਾਂਵਾਂ ਨੂੰ ਐਚਆਈਵੀ ਆਪਣੇ ਬੱਚਿਆਂ ਨੂੰ ਦੇਣ ਤੋਂ ਰੋਕਣ ਲਈ ਏਆਰਵੀ ਦੀ ਵਰਤੋਂ ਕੀਤੀ ਜਾ ਸਕਦੀ ਹੈ।

ਜੋ ਲੋਕ ਐਂਟੀਰੇਟ੍ਰੋਵਾਇਰਲ ਥੈਰੇਪੀ ਲੈ ਰਹੇ ਹਨ ਅਤੇ ਜਿਨਾਂ ਦੇ ਖੂਨ 'ਚ ਵਾਇਰਸ ਦੇ ਕੋਈ ਸਰੋਤ ਨਹੀਂ ਹਨ, ਉਹ ਆਪਣੇ ਲਿੰਗ ਸਾਥੀਆਂ ਨੂੰ ਐਚਆਈਵੀ ਨਹੀਂ ਦੇਣਗੇ। ਟੈਸਟਿੰਗ ਅਤੇ ਏਆਰਟੀ ਤੱਕ ਪਹੁੰਚ ਐਚਆਈਵੀ ਦੀ ਰੋਕਥਾਮ ਦਾ ਇੱਕ ਮਹੱਤਵਪੂਰਨ ਹਿੱਸਾ ਹੈ।

**ਨੋਟ:** ਇਸ ਖਤਰਨਾਕ ਬਿਮਾਰੀ ਤੋਂ ਬਚਾਅ ਲਈ ਹਰ ਪੱਧਰ 'ਤੇ ਜਾਗਰੁੱਕ ਹੋਣ ਦੀ ਲੋੜ ਹੈ। ਸੈਕਸ ਦੇ ਮਾਮਲੇ 'ਚ ਆਪਣੇ ਜੀਵਨ ਸਾਥੀ ਦੇ ਪ੍ਰਤੀ ਇਮਾਨਦਾਰੀ ਦੀ ਲੋੜ ਹੈ। ਅੱਜ ਸਮਾਜ ਆਪਣੇ ਪਰਿਵਾਰਕ ਰਿਸ਼ਤਿਆਂ ਨੂੰ ਨਾ ਸਮਝਦੇ ਹੋਏ ਚੰਦ ਮਿਨਟਾਂ ਦੇ ਮਜ਼ੇ ਲਈ ਤੇਜ਼ੀ ਨਾਲ ਭਟਕਦਾ ਜਾ ਰਿਹਾ ਹੈ। ਬਿਮਾਰੀ ਦੇ ਅੰਕੜੇ ਨੂੰ ਘੱਟ ਕਰਨ 'ਚ ਹਰ ਆਦਮੀ ਬੜਾ ਯੋਗਦਾਨ ਹੋ ਸਕਦਾ ਹੈ।



# ਬੁਖਾਰ ਵਿਚ ਨਾ ਖਾਓ ਦਹੀਂ

ਸ਼ਾਇਦ ਹੀ ਕੋਈ ਵਿਅਕਤੀ ਹੋਵੇਗਾ, ਜਿਸ ਨੇ ਦਹੀਂ ਨਾ ਖਾਧਾ ਹੋਵੇ। ਦਹੀਂ ਤੋਂ ਬਿਨਾਂ ਕੋਈ ਸ਼ੁੱਭ ਕੰਮ ਪੂਰਾ ਨਹੀਂ ਹੁੰਦਾ।

ਤਿਉਹਾਰ ਜਾਂ ਵਿਆਹ ਮੌਕੇ 'ਤੇ ਦਹੀਂ ਦੀ ਮਹਤੱਤਾ ਦੇਖਦਿਆਂ ਹੀ ਬਣਦੀ ਹੈ। ਭੋਜਨ ਵਿਚ ਜੇਕਰ ਦਹੀਂ ਨਾ ਪਰੋਸਿਆ ਜਾਵੇ ਤਾਂ ਉਹ ਭੋਜਨ ਅਧੂਰਾ ਮੰਨਿਆ ਜਾਂਦਾ ਹੈ।

ਦਹੀਂ ਸਿਹਤਮੰਦ ਅਤੇ ਗੁਣਕਾਰੀ ਹੁੰਦਾ ਹੈ ਪਰ ਹਮੇਸ਼ਾ ਨਹੀਂ। ਦਹੀਂ ਸਿਰਫ ਗਾਂ-ਮੱਝ ਦੇ ਦੁੱਧ ਤੋਂ ਹੀ ਨਹੀਂ ਬਣਦਾ ਸਗੋਂ ਬੱਕਰੀ ਆਦਿ ਦੇ ਦੁੱਧ ਤੋਂ ਵੀ ਬਣਦਾ ਹੈ।

ਇਸ ਵਿਚ ਸ਼ੱਕ ਨਹੀਂ ਕਿ ਗਾਂ ਦੇ ਦੁੱਧ ਦਾ ਦਹੀਂ ਮਿੱਠਾ, ਪੌਸ਼ਟਿਕ, ਵਾਤਨਾਸ਼ੀ ਅਤੇ ਸਿਹਤ ਲਈ ਸਰਬੋਤਮ ਹੁੰਦਾ ਹੈ, ਜਦ ਕਿ ਮੱਝ ਦੇ ਦੁੱਧ ਦਾ ਦਹੀਂ ਕਫ਼ਕਾਰਕ, ਅਤਿ ਚੀਕਣਾ, ਭਾਰੀ ਅਤੇ ਖੂਨ ਨੁਕਸ ਵਾਲਾ ਹੁੰਦਾ ਹੈ। ਬੱਕਰੀ ਦੇ ਦੁੱਧ ਦਾ ਦਹੀਂ ਅਤਿ ਸਿਹਤਮੰਦ ਹੁੰਦਾ ਹੈ। ਇਹ ਸਾਹ, ਖੰਘ, ਬਵਾਸੀਰ, ਕਮਜ਼ੋਰੀ ਅਤੇ ਸਾਰਰੋਗ ਦਾ ਨਾਸ਼ ਕਰਦਾ ਹੈ।

ਦਹੀਂ ਜਮਾਉਣ ਦੇ ਕਈ ਢੰਗ ਹਨ। ਇਸ ਦੇ ਜਮਾਉਣ ਦੇ ਢੰਗ ਦੇ ਆਧਾਰ 'ਤੇ ਵੀ ਇਸ

ਸੰਜੈ ਕੁਮਾਰ ਚਤੁਰਵੇਦੀ

ਤੋਂ ਲਾਭ ਪਾਇਆ ਜਾਂਦਾ ਹੈ। ਦੁੱਧ ਨੂੰ ਚੰਗੀ ਤਰ੍ਹਾਂ ਉਬਾਲ ਕੇ ਦਹੀਂ ਜਮਾਇਆ ਜਾਂਦਾ ਹੈ, ਇਹ ਭੁੱਖ ਨੂੰ ਵਧਾਉਂਦਾ ਹੈ, ਪਰ ਪਿਤਕਾਰਕ ਹੁੰਦਾ ਹੈ। ਦੁੱਧ ਵਿਚ ਸ਼ੱਕਰ ਮਿਲਾ ਕੇ ਜੇ ਦਹੀਂ ਜਮਾਇਆ ਜਾਵੇ ਤਾਂ ਉਹ ਖੂਨ ਨੁਕਸ ਦਾ ਨਾਸ਼ ਕਰਦਾ ਹੈ ਅਤੇ ਪਿਆਸ ਵਧਾਉਂਦਾ ਹੈ।

ਦੁੱਧ ਤੋਂ ਮਲਾਈ ਲਾਹ ਕੇ ਜੋ ਦਹੀਂ ਜਮਾਇਆ ਜਾਂਦਾ ਹੈ, ਉਹ ਦਸਤ ਰੋਕਣ ਵਾਲਾ ਹੁੰਦਾ ਹੈ ਅਤੇ ਸੰਗ੍ਰਹਿਣੀ ਰੋਗ ਵਿਚ ਵੀ ਬਹੁਤ ਫ਼ਾਇਦਾ ਕਰਦਾ ਹੈ। ਮਲਾਈ ਵਾਲੇ ਦਹੀਂ ਨਾਲ ਦਸਤ ਹੋਣ ਦੀ ਸੰਭਾਵਨਾ ਰਹਿੰਦੀ ਹੈ।

ਇਸੇ ਤਰ੍ਹਾਂ ਦਹੀਂ ਦਸਤ, ਕਬਜ਼, ਪੀਲੀਆ, ਦਮਾ, ਤਿੱਲੀ ਰੋਗ, ਗੈਸ ਰੋਗ ਅਤੇ ਬਵਾਸੀਰ ਵਿਚ ਆਰਾਮ ਦਿੰਦਾ ਹੈ, ਪਰ ਜਿਨ੍ਹਾਂ ਵਿਅਕਤੀਆਂ ਨੂੰ ਖੰਘ ਹੋਈ ਹੋਵੇ ਅਤੇ ਰੇਸ਼ਾ ਹੋਵੇ ਤਾਂ ਦਹੀਂ ਖਾਣ ਨਾਲ ਉਹ ਹੋਰ ਵਧਦੀ ਹੈ।

ਦਹੀਂ ਨੂੰ ਰਾਤ ਨੂੰ ਨਹੀਂ ਖਾਣਾ ਚਾਹੀਦਾ, ਹਾਲਾਂਕਿ ਫੰਕਸ਼ਨਾਂ ਆਦਿ ਵਿਚ ਰਾਤ ਨੂੰ ਵੀ ਦਹੀਂ ਖਿਲਾਇਆ ਜਾਂਦਾ ਹੈ। ਇਸ ਤਰ੍ਹਾਂ ਦੀ ਸਥਿਤੀ ਵਿਚ ਦਹੀਂ ਖਾਣ ਦੇ ਨਾਲ ਘਿਓ, ਮੂੰਗੀ ਦੀ ਦਾਲ, ਔਲਾ ਆਦਿ ਖਾਣਾ ਚਾਹੀਦਾ ਹੈ।



ਜਿਨ੍ਹਾਂ ਵਿਅਕਤੀਆਂ ਨੂੰ ਖੂਨ ਸੰਬੰਧੀ ਕੋਈ ਗੜਬੜੀ ਹੋਵੇ ਤਾਂ ਉਨ੍ਹਾਂ ਨੂੰ ਰਾਤ ਨੂੰ ਦਹੀਂ ਖਾਣ ਤੋਂ ਪਰਹੇਜ਼ ਕਰਨਾ ਚਾਹੀਦਾ ਹੈ। ਠੰਢ ਅਤੇ ਬਰਸਾਤ ਵਿਚ ਦਹੀਂ ਖਾਣ ਨਾਲ ਲਾਭ ਘੱਟ, ਹਾਨੀ ਜ਼ਿਆਦਾ ਹੁੰਦੀ ਹੈ।

ਜ਼ਿਆਦਾ ਦਸਤ ਤੇ ਪੇਟ ਦੇ ਦਰਦ ਵਿਚ ਗਾਂ ਦੇ ਦੁੱਧ ਦਾ ਬਣਿਆ ਦਹੀਂ ਜ਼ਿਆਦਾ ਫ਼ਾਇਦਾ ਕਰਦਾ ਹੈ। ਬੁਖਾਰ ਹੋਵੇ ਤਾਂ ਦਹੀਂ ਖਾਣ ਤੋਂ ਪਰਹੇਜ਼ ਕਰਨਾ ਜ਼ਰੂਰੀ ਹੈ।

# ਹਕੀਕਤ ਤੋਂ ਮੂੰਹ ਮੋੜਦੀ ਆਧੁਨਿਕਤਾ



ਡਾ. ਰਿਤੂ ਸਾਰਸਵਤ

ਸੁਪਰੀਮ ਕੋਰਟ ਦੀ ਇਹ ਹਾਲੀਆ ਟਿੱਪਣੀ ਚਰਚਾ ਦਾ ਵਿਸ਼ਾ ਬਣੀ ਕਿ 'ਕਿਸੇ ਸਬੰਧ ਦੇ ਖ਼ਤਮ ਹੋ ਜਾਣ ਜਾਂ ਸਿਰਫ਼ ਨਾਪਸੰਦ ਹੋ ਜਾਣ ਨਾਲ ਉਸ ਨੂੰ ਬਾਅਦ 'ਚ ਜਬਰ ਜਨਾਹ ਦੇ ਰੂਪ 'ਚ ਤਬਦੀਲ ਨਹੀਂ ਕੀਤਾ ਜਾ ਸਕਦਾ। ਵਿਆਹ ਦੇ ਝੂਠੇ ਵਾਅਦੇ 'ਤੇ ਲਗਾਏ ਗਏ ਜਬਰ ਜਨਾਹ ਦੇ ਦੋਸ਼ ਤਦ ਮਨਜ਼ੂਰ ਹੋਣਗੇ, ਜਦ ਉਹ ਸਪੱਸ਼ਟ ਤੇ ਪੁਖ਼ਤਾ ਸਬੂਤ ਸਮੇਤ ਹੋਣਗੇ। ਬਾਲਗਾਂ ਵਿਚਾਲੇ ਸਹਿਮਤੀ ਨਾਲ ਬਣੇ ਸਬੰਧ ਦਾ ਟੁੱਟ ਜਾਣਾ ਮਰਦ ਦੇ ਖ਼?ਲਾਫ਼ ਜਬਰ ਜਨਾਹ ਦੇ ਅਪਰਾਧਕ ਮਾਮਲੇ ਦਾ ਆਧਾਰ ਨਹੀਂ ਬਣ ਸਕਦਾ।'

ਔਰੰਗਾਬਾਦ ਦੇ ਇਕ ਵਕੀਲ 'ਤੇ ਜਬਰ ਜਨਾਹ ਦੇ ਮਾਮਲੇ ਨੂੰ ਰੱਦ ਕਰਦੇ ਹੋਏ ਜਸਟਿਸ ਬੀਵੀ ਨਾਗਰਤਨਾ ਤੇ ਜਸਟਿਸ ਆਰ. ਮਹਾਦੇਵਨ ਦੇ ਬੈਂਚ ਨੇ ਇਹ ਵੀ ਕਿਹਾ, 'ਹਰ ਵਿਗੜੇ ਹੋਏ ਸਬੰਧ ਨੂੰ ਜਬਰ ਜਨਾਹ ਦੇ ਅਪਰਾਧ 'ਚ ਤਬਦੀਲ ਕਰਨਾ ਨਾ ਸਿਰਫ਼ ਅਪਰਾਧ ਦੀ ਗੰਭੀਰਤਾ ਨੂੰ ਘੱਟ ਕਰਦਾ ਹੈ, ਬਲਕਿ ਮੁਲਜ਼ਮ 'ਤੇ ਅਮਿੱਟ ਕਲੰਕ ਤੇ ਗੰਭੀਰ ਬੇਇਨਸਾਫ਼ੀ ਵੀ ਥੋਪਦਾ ਹੈ। ਅਪਰਾਧਕ ਨਿਆ ਪ੍ਰਣਾਲੀ ਦੀ ਅਜਿਹੀ ਦੁਰਵਰਤੋਂ ਬਹੁਤ ਗੰਭੀਰ ਚਿੰਤਾ ਦਾ ਵਿਸ਼ਾ ਹੈ।' ਇਹ ਪਹਿਲਾ ਮੌਕਾ ਨਹੀਂ ਹੈ ਕਿ ਅਦਾਲਤ ਨੇ ਲਿਵ-ਇਨ 'ਚ ਰਹਿ ਰਹੇ ਜੋੜਿਆਂ 'ਤੇ ਅਜਿਹੀ ਤਲਖ਼ ਟਿੱਪਣੀ ਕੀਤੀ ਹੋਵੇ। ਜੂਨ 2025 'ਚ ਸ਼ਾਨੇ ਆਲਮ ਬਨਾਮ ਉੱਤਰ ਪ੍ਰਦੇਸ਼ ਰਾਜ ਮਾਮਲੇ 'ਚ ਇਲਾਹਾਬਾਦ ਹਾਈ ਕੋਰਟ ਨੇ ਕਿਹਾ ਸੀ ਕਿ 'ਲਿਵ-ਇਨ ਸਬੰਧ ਭਾਰਤੀ ਮੱਧ ਵਰਗੀ ਸਮਾਜ ਦੀਆਂ ਕਦਰਾਂ-ਕੀਮਤਾਂ ਦੇ ਉਲਟ ਹੈ ਤੇ ਇਹ ਅਕਸਰ ਕਾਨੂੰਨੀ ਵਿਵਾਦ ਦਾ ਕਾਰਨ ਬਣਦੇ ਹਨ, ਜਿਸ ਦਾ ਔਰਤਾਂ 'ਤੇ ਉਲਟ ਅਸਰ ਪੈਂਦਾ ਹੈ।'

ਅਜੇ ਭਾਰਤੀ ਸਮਾਜਿਕ, ਸੱਭਿਆਚਾਰਕ ਵਿਵਸਥਾ ਅਜਿਹੇ ਇਨਫੈਕਸ਼ਨ ਕਾਲ 'ਚੋਂ ਲੰਘ ਰਹੀ ਹੈ, ਜਿੱਥੇ ਕਥਿਤ ਨਾਰੀਵਾਦੀ ਸਮੂਹ ਇਹ ਸਿੱਧ ਕਰਨ 'ਚ ਲੱਗੇ ਹਨ ਕਿ ਔਰਤ ਦੀ ਅਸਲੀ ਆਜ਼ਾਦੀ ਵਿਆਹ ਤੋਂ ਮੁਕਤੀ 'ਚ ਹੈ। ਇਹੀ ਕਾਰਨ ਹੈ ਕਿ ਦੇਸ਼ 'ਚ ਅਜਿਹੀਆਂ ਲੜਕੀਆਂ ਦੀ ਗਿਣਤੀ 'ਚ ਵਾਧਾ ਹੋ ਰਿਹਾ ਹੈ, ਜੋ ਵਿਆਹ ਨੂੰ ਬੰਧਨ ਤੇ ਰੂੜੀਵਾਦੀ ਧਾਰਨਾ ਮੰਨ ਕੇ ਉਸ ਨੂੰ ਨਕਾਰ ਰਹੀਆਂ ਹਨ ਤੇ ਉਸ ਦੇ ਬਦਲ 'ਚ ਲਿਵ-ਇਨ ਰਿਲੇਸ਼ਨਸ਼ਿਪ ਨੂੰ ਮਹੱਤਵ ਦੇ ਰਹੀਆਂ ਹਨ।

ਅੱਜ ਦੀ ਭਾਰਤੀ ਨੌਜਵਾਨ ਪੀੜ੍ਹੀ ਆਪਣੇ ਆਪ ਨੂੰ ਆਧੁਨਿਕ ਮੰਨਦੇ ਹੋਏ ਰਵਾਇਤੀ ਨਿਯਮਾਂ ਦੀ ਅਣਦੇਖੀ ਕਰ ਕੇ ਲਿਵ-ਇਨ-ਰਿਲੇਸ਼ਨਸ਼ਿਪ ਨੂੰ ਆਜ਼ਾਦ ਸੋਚ ਦਾ ਹਸਤਾਖਰ ਮੰਨ ਕੇ ਆਪਣੇ ਆਪ ਦੀ ਪਿੱਠ ਥਾਪੜਦੀ ਦਿਸਦੀ ਹੈ, ਪਰ ਕੁਝ ਸਮੇਂ ਬਾਅਦ ਉਹ ਆਪਣੇ ਆਪ ਨੂੰ ਅਜਿਹੇ ਚੱਕਰਵਿਊ 'ਚ ਫਸਿਆ ਹੋਇਆ ਦੇਖਦੀ ਹੈ, ਜਿਸ ਤੋਂ ਬਾਹਰ ਨਿਕਲਣਾ ਸੌਖਾ ਨਹੀਂ। ਅਦਨਾਨ ਬਨਾਮ ਉੱਤਰ ਪ੍ਰਦੇਸ਼ ਰਾਜ ਤੇ ਹੋਰ (2023) ਮਾਮਲੇ 'ਚ ਅਦਾਲਤ ਨੇ ਕਿਹਾ ਸੀ, 'ਪਹਿਲੀ ਨਜ਼ਰ 'ਚ ਲਿਵ-ਇਨ-ਰਿਸ਼ਤਾ ਬਹੁਤ ਆਕਰਸ਼ਕ ਲੱਗਦਾ ਹੈ, ਪਰ ਸਮਾਂ ਬੀਤਣ 'ਤੇ ਅਜਿਹੇ ਜੋੜਿਆਂ ਨੂੰ ਅਹਿਸਾਸ ਹੋਣ ਲੱਗਦਾ ਹੈ ਕਿ ਉਨ੍ਹਾਂ ਦੇ ਰਿਸ਼ਤੇ ਨੂੰ ਸਮਾਜਿਕ ਮਨਜ਼ੂਰੀ ਨਹੀਂ ਮਿਲੀ ਹੈ ਤੇ ਉਹ ਜੀਵਨ ਭਰ ਨਹੀਂ ਚੱਲ ਸਕਦਾ।'

ਮਾਨਵ ਵਿਗਿਆਨੀ ਜੇਡੀ ਅਨਵਿਨ ਇਕ ਵਿਸਥਾਰਤ ਤੇ ਡੂੰਘੀ ਖੋਜ ਤੋਂ ਬਾਅਦ ਇਸ ਨਤੀਜੇ 'ਤੇ ਪੁੱਜੇ ਸਨ ਕਿ ਕਿਸੇ ਵੀ ਸਮਾਜ ਦੇ ਸੱਭਿਆਚਾਰਕ ਪਤਨ ਦੇ ਪਿੱਛੇ ਮੁੱਖ ਕਾਰਨ ਜਿਨਸੀ ਪਰੰਪਰਾ 'ਚ ਢਿੱਲ ਹੈ। ਅਨਵਿਨ ਮੁਤਾਬਕ ਸੱਭਿਆਚਾਰ ਦਾ ਸਿਖਰ ਸਭ ਤੋਂ ਸ਼ਕਤੀਸ਼ਾਲੀ ਤਾਲਮੇਲ ਵਿਆਹ ਤੋਂ ਪਹਿਲਾਂ ਸ਼ੁੱਧਤਾ ਦੇ ਨਾਲ 'ਪੂਰੀ ਤਰ੍ਹਾਂ ਵਫ਼ਾਦਾਰੀ' ਸੀ। ਉਹ ਸੱਭਿਆਚਾਰ ਜਿਨ੍ਹਾਂ ਨੇ ਘੱਟੋ-ਘੱਟ ਤਿੰਨ ਪੀੜ੍ਹੀਆਂ ਤੱਕ ਇਸ ਤਾਲਮੇਲ ਨੂੰ ਬਣਾਈ ਰੱਖਿਆ, ਉਹ ਸਾਹਿਤ, ਕਲਾ, ਵਿਗਿਆਨ, ਵਾਸਤੂਕਲਾ ਤੇ ਖੇਤੀ ਸਮੇਤ ਹਰ ਖੇਤਰ 'ਚ ਸਾਰੇ ਤਰ੍ਹਾਂ ਦੇ ਸੱਭਿਆਚਾਰਾਂ ਤੋਂ ਅੱਗੇ ਰਹੇ। ਯਕੀਨੀ ਤੌਰ 'ਤੇ ਉਹ ਨੌਜਵਾਨ ਪੀੜ੍ਹੀ ਜੋ ਨਿੱਜੀ ਆਜ਼ਾਦੀ ਨੂੰ ਹੀ ਵਿਕਾਸ ਤੇ ਆਤਮ-ਸੰਤੁਸ਼ਟੀ ਦਾ ਆਖ਼ਰੀ ਮਾਪਦੰਡ ਮੰਨਦੀ ਹੈ, ਉਸ ਲਈ ਸਮਾਜ, ਸੱਭਿਆਚਾਰ ਤੇ ਸਮੂਹਿਕ ਜ਼ਿੰਮੇਵਾਰੀ ਦਾ ਸਵਾਲ ਅਪ੍ਰਸੰਗਕ ਤੇ ਕਦੀ-ਕਦੀ ਦਮਨਕਾਰੀ ਤੱਕ ਪ੍ਰਤੀਤ ਹੁੰਦਾ ਹੈ।

ਜੇ ਲਿਵ-ਇਨ ਸਬੰਧਾਂ ਨੂੰ ਵਿਆਹ ਦੀ ਤੁਲਨਾ 'ਚ ਵੱਧ ਸੁਰੱਖਿਅਤ, ਆਜ਼ਾਦ ਤੇ ਆਧੁਨਿਕ ਬਦਲ ਮੰਨਿਆ ਜਾਵੇ, ਤਾਂ ਇਹ ਵਿਚਾਰਯੋਗ ਹੈ ਕਿ ਅਜਿਹੇ ਸਬੰਧ ਟੁੱਟਣ ਤੋਂ ਬਾਅਦ ਸਾਰੇ ਨੌਜਵਾਨ ਮੁੰਡੇ-ਕੁੜੀਆਂ ਅਪਰਾਧਕ ਦੋਸ਼ਾਂ, ਭਾਵਨਾਤਮਕ ਵਿਵਾਦਾਂ ਤੇ ਕਾਨੂੰਨੀ ਸੰਘਰਸ਼ਾਂ 'ਚ ਕਿਉਂ ਉਲਝ ਜਾਂਦੇ ਹਨ? ਜੇ ਇਹ ਵਿਵਸਥਾ ਅਸਲ 'ਚ ਉਨ੍ਹਾਂ ਦੇ ਹਿੱਤਾਂ ਦੀ ਰਾਖੀ ਕਰਦੀ, ਤਾਂ ਅਦਾਲਤਾਂ 'ਚ ਅਜਿਹੇ ਮਾਮਲਿਆਂ ਦੀ ਗਿਣਤੀ ਲਗਾਤਾਰ ਨਾ ਵਧਦੀ। ਇਸ ਦਾ ਸਭ ਤੋਂ ਵੱਧ ਵਿਰੋਧ ਤਾਂ ਤਦ ਦਿਸਦਾ ਹੈ, ਜਦ ਲਿਵ-ਇਨ ਨੂੰ 'ਸਸ਼ਕਤੀਕਰਨ' ਤੇ 'ਆਜ਼ਾਦੀ' ਦਾ ਪ੍ਰਤੀਕ ਮੰਨਣ ਵਾਲੀਆਂ ਲੜਕੀਆਂ ਕੁਝ ਸਾਲਾਂ ਦੇ ਸਹਿ-ਜੀਵਨ ਤੋਂ ਬਾਅਦ ਉਸੇ ਸਾਥੀ ਨਾਲ ਵਿਆਹ ਦੀ ਉਮੀਦ ਕਰਨ ਲੱਗਦੀਆਂ ਹਨ। ਆਜ਼ਾਦੀ ਦੇ ਨਾਂ 'ਤੇ ਵਿਆਹ ਜਿਹੀ ਸੰਸਥਾ ਨੂੰ ਪੁਰਾਤਨ ਜਾਂ ਅੜਿੱਕਾ ਦੱਸਣ ਵਾਲੀਆਂ ਔਰਤਾਂ ਆਖ਼ਰ ਇਸੇ ਵਿਆਹ ਸੰਸਥਾ 'ਚ ਸਥਿਰਤਾ, ਸੁਰੱਖਿਆ ਤੇ ਸਮਾਜਿਕ ਮਨਜ਼ੂਰੀ ਲੱਭਣ ਲੱਗਦੀਆਂ ਹਨ। ਇਹ ਦਰਸਾਉਂਦਾ ਹੈ ਕਿ ਲਿਵ-ਇਨ ਦਾ ਆਕਰਸ਼ਣ ਚਾਹੇ ਹੀ ਸ਼ੁਰੂਆਤ 'ਚ ਆਧੁਨਿਕ ਤੇ ਆਸਾਨ ਲੱਗੇ, ਪਰ ਸਮੇਂ ਦੇ ਨਾਲ ਸਮਾਜਿਕ ਹਕੀਕਤਾਂ ਤੇ ਭਾਵਨਾਤਮਕ ਉਮੀਦਾਂ ਉਨ੍ਹਾਂ ਨੂੰ ਮੁੜ ਉਸੇ ਢਾਂਚੇ ਵੱਲ ਮੁੜਨ ਲਈ ਪ੍ਰੇਰਿਤ ਕਰਦੀਆਂ ਹਨ, ਜਿਸ ਨੂੰ ਉਹ ਪਹਿਲਾਂ ਗ਼ੈਰ-ਜ਼ਰੂਰੀ ਬੰਧਨ ਮੰਨ ਕੇ ਨਾਮਨਜ਼ੂਰ ਕਰ ਚੁੱਕੀਆਂ ਹੁੰਦੀਆਂ ਹਨ।

ਅਦਨਾਨ ਬਨਾਮ ਉੱਤਰ ਪ੍ਰਦੇਸ਼ ਰਾਜ ਤੇ ਤਿੰਨ ਹੋਰ ਦੇ ਮਾਮਲੇ 'ਚ ਹੀ ਇਲਾਹਾਬਾਦ ਹਾਈ ਕੋਰਟ ਨੇ ਤਲਖ਼ ਟਿੱਪਣੀ 'ਚ ਕਿਹਾ ਸੀ, 'ਵਿਆਹ ਵਿਅਕਤੀ ਨੂੰ ਜੋ ਸੁਰੱਖਿਆ, ਸਮਾਜਿਕ ਮਨਜ਼ੂਰੀ, ਤਰੱਕੀ ਤੇ ਸਥਿਰਤਾ ਪ੍ਰਦਾਨ ਕਰਦਾ ਹੈ, ਉਹ ਲਿਵ-ਇਨ-ਰਿਲੇਸ਼ਨਸ਼ਿਪ ਕਦੀ ਨਹੀਂ ਦੇ ਸਕਦਾ। ਲਿਵ-ਇਨ ਨੂੰ ਇਸ ਦੇਸ਼ 'ਚ ਵਿਆਹ ਸੰਸਥਾ ਦੇ ਪੁਰਾਣੇ ਹੋ ਜਾਣ ਤੋਂ ਬਾਅਦ ਹੀ ਆਮ ਮੰਨਿਆ ਜਾਵੇਗਾ, ਜਿਵੇਂ ਕਈ ਕਥਿਤ ਤੌਰ 'ਤੇ ਵਿਕਸਿਤ ਦੇਸ਼ਾਂ 'ਚ ਵਿਆਹ ਸੰਸਥਾ ਦੀ ਰਾਖੀ ਕਰਨਾ ਉਨ੍ਹਾਂ ਲਈ ਇਕ ਵੱਡੀ ਮੁਸ਼ਕਲ ਬਣ ਗਈ ਹੈ। ਅਸੀਂ ਭਵਿੱਖ 'ਚ ਆਪਣੇ ਲਈ ਵੱਡੀ ਮੁਸ਼ਕਲ ਪੈਦਾ ਕਰਨ ਜਾ ਰਹੇ ਹਾਂ। ਇਸ ਦੇਸ਼ 'ਚ ਵਿਆਹ ਸੰਸਥਾ ਨੂੰ ਖ਼ਤਮ ਕਰਨ ਤੇ ਸਮਾਜ ਨੂੰ ਅਸਥਿਰ ਕਰਨ ਸਮੇਤ ਦੇਸ਼ ਦੀ ਤਰੱਕੀ 'ਚ ਅੜਿੱਕਾ ਪਾਉਣ ਦੀ ਵਿਵਸਥਿਤ ਯੋਜਨਾ ਹੈ। ਕੁਝ ਫਿਲਮਾਂ ਤੇ ਟੀਵੀ ਸੀਰੀਅਲਾਂ 'ਚ ਵਿਆਹ ਸੰਸਥਾ ਦਾ ਖ਼ਾਤਮਾ ਹੋ ਰਿਹਾ ਹੈ।

ਵਿਆਹੁਤਾ ਰਿਸ਼ਤਿਆਂ 'ਚ ਸਾਥੀ ਦੇ ਨਾਲ ਬੇਵਫ਼ਾਈ ਤੇ ਆਜ਼ਾਦ ਲਿਵ-ਇਨ-ਰਿਲੇਸ਼ਨਸ਼ਿਪ ਨੂੰ ਪ੍ਰਗਤੀਸ਼ੀਲ ਸਮਾਜ ਦੀ ਨਿਸ਼ਾਨੀ ਦੱਸਿਆ ਜਾ ਰਿਹਾ ਹੈ। ਨੌਜਵਾਨ ਪੀੜ੍ਹੀ ਅਜਿਹੇ ਦਰਸ਼ਨ ਵੱਲ ਆਕਰਸ਼ਿਤ ਹੋ ਰਹੀ ਹੈ, ਕਿਉਂਕਿ ਉਨ੍ਹਾਂ ਨੂੰ ਇਸ ਦੇ ਲੰਬੇ ਸਮੇਂ ਦੇ ਨਤੀਜਿਆਂ ਦਾ ਪਤਾ ਨਹੀਂ ਹੈ। ਇਕ ਰਿਸ਼ਤੇ ਤੋਂ ਦੂਜੇ ਰਿਸ਼ਤੇ 'ਚ ਜਾਣਾ ਕਿਸੇ ਵੀ ਤਰ੍ਹਾਂ ਤਸੱਲੀਬਖ਼ਸ਼ ਜੀਵਨ ਨਹੀਂ ਹੈ। ਹਰ ਮੌਸਮ 'ਚ ਸਾਥੀ ਬਦਲਣ ਦੀ ਧਾਰਨਾ ਨੂੰ ਸਥਿਰ ਤੇ ਸਿਹਤਮੰਦ ਸਮਾਜ ਦੀ ਪਛਾਣ ਨਹੀਂ ਮੰਨਿਆ ਜਾ ਸਕਦਾ। ਵਿਆਹ ਸੰਸਥਾ ਵਿਅਕਤੀ ਦੇ ਜਵੀਨ ਨੂੰ ਜੋ ਸੁਰੱਖਿਆ ਤੇ ਸਥਿਰਤਾ ਪ੍ਰਦਾਨ ਕਰਦੀ ਹੈ, ਉਹ ਲਿਵ-ਇਨ-ਰਿਲੇਸ਼ਨਸ਼ਿਪ ਨਾਲ ਸੰਭਵ ਨਹੀਂ। ਅਜਿਹੇ ਰਿਸ਼ਤਿਆਂ ਨਾਲ ਪੈਦਾ ਹੋਣ ਵਾਲੇ ਬੱਚਿਆਂ ਨੂੰ ਕਈ ਤਰ੍ਹਾਂ ਦੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਅਦਾਲਤ ਦੀ ਇਹ ਟਿੱਪਣੀ ਚਿਤਾਵਨੀ ਦਿੰਦੀ ਹੈ ਕਿ ਜੇ ਨੌਜਵਾਨ ਪੀੜ੍ਹੀ ਆਧੁਨਿਕਤਾ ਦੇ ਨਾਂ 'ਤੇ ਹਕੀਕਤ ਤੋਂ ਅੱਖਾਂ ਬੰਦ ਕਰਦੀ ਰਹੀ, ਤਾਂ ਭਵਿੱਖ 'ਚ ਇਸ ਭੁਲੇਖੇ ਦੀ ਕੀਮਤ ਉਸ ਨੂੰ ਭਾਰੀ ਸਮਾਜਿਕ ਤੇ ਨਿੱਜੀ ਮੁਸ਼ਕਲਾਂ ਦੇ ਰੂਪ 'ਚ ਸਹਿਣ ਕਰਨੀ ਪਵੇਗੀ। ਤਦ ਵਾਪਸੀ ਦਾ ਕੋਈ ਰਾਹ ਵੀ ਬਾਕੀ ਨਹੀਂ ਰਹੇਗਾ।






# ਮਹਿਲਾਵਾਂ ਲਈ ਸੁਰੱਖਿਅਤ ਮਾਹੌਲ ਬੇਹੱਦ ਜ਼ਰੂਰੀ




ਸੰਯੁਕਤ ਰਾਸ਼ਟਰ ਵੱਲੋਂ ਪੇਸ਼ ਰਿਪੋਰਟ ਨੇ ਔਰਤਾਂ ਦੀ ਸੁਰੱਖਿਆ ਨੂੰ ਲੈ ਕੇ ਕੀਤੇ ਜਾਂਦੇ ਸਰਕਾਰਾਂ ਦੇ ਦਾਅਵਿਆਂ ’ਤੋਂ ਪਰਦਾ ਚੁੱਕਿਆ ਹੈ। ਇਸ ਰਿਪੋਰਟ ਮੁਤਾਬਕ ਸਾਰੀ ਦੁਨੀਆ ’ਚ ਹਰੇਕ 10 ਮਿੰਟਾਂ ’ਚ ਇਕ ਔਰਤ/ਲੜਕੀ ਦਾ ਕਤਲ ਹੁੰਦਾ ਹੈ। ਇਹ ਚਿੰਤਾ ਅਤੇ ਚਿੰਤਨ ਦਾ ਵਿਸ਼ਾ ਹੈ ਕਿਉਂਕਿ ਇਹ ਕਤਲ ਜ਼ਿਆਦਾਤਰ ਉਨ੍ਹਾਂ ਦੇ ਆਪਣੇ ਸਾਥੀਆਂ ਦੇ ਹੱਥੋਂ ਹੋ ਰਹੇ ਹਨ। ਯੂਐੱਨਓਡੀਸੀ ਦਫ਼ਤਰ ਅਤੇ ਯੂਐੱਨ ਵਿਮੈੱਨ ਆਫਿਸ ਦੀ ਇਸ ਰਿਪੋਰਟ ’ਚ ਕਈ ਗੱਲਾਂ ਗ਼ੌਰ ਕਰਨ ਵਾਲੀਆਂ ਹਨ। ਦੁਨੀਆ ਭਰ ਦੀਆਂ ਹਜ਼ਾਰਾਂ ਔਰਤਾਂ ਘਰੇਲੂ ਝਗੜਿਆਂ ਕਾਰਨ ਕਤਲ ਹੋਈਆਂ ਹਨ।

ਪਿਛਲੇ ਸਾਲ 83 ਹਜ਼ਾਰ ਅਜਿਹੇ ਮਾਮਲੇ ਸਾਹਮਣੇ ਆਏ ਸਨ। ਇਨ੍ਹਾਂ ’ਚੋਂ 60 ਫ਼ੀਸਦ ਮਾਮਲਿਆਂ ’ਚ (50 ਹਜ਼ਾਰ ਔਰਤਾਂ) ਕੁੜੀਆਂ/ਔਰਤਾਂ ਆਪਣੇ ਨੇੜਲੇ ਸਾਥੀਆਂ ਜਾਂ ਪਰਿਵਾਰਕ ਮੈਂਬਰਾਂ ਹੱਥੋਂ ਮਾਰੀਆਂ ਗਈਆਂ। ਹਾਲਾਂਕਿ ਉਸੇ ਸਾਲ ਮਰਦਾਂ ਦੇ ਹੋਏ ਕਤਲਾਂ ’ਚ ਸਿਰਫ਼ 11 ਫ਼ੀਸਦ ਮਾਮਲੇ ਨੇੜਲੇ ਸਕੇ-ਸਬੰਧੀਆਂ ਵੱਲੋਂ ਵਾਪਰੇ ਸਨ। ਘਰਾਂ ’ਚ ਇਸ ਤਰ੍ਹਾਂ ਦੇ ਮਾਮਲੇ ਸਾਹਮਣੇ ਆਉਣ ਨਾਲ ਪਰਿਵਾਰਕ ਸਬੰਧ ਵੀ ਸ਼ੱਕ ਦੇ ਦਾਇਰੇ ’ਚ ਆ ਰਹੇ ਹਨ ਤੇ ਘਰੇਲੂ ਮਾਹੌਲ ਵੀ ਖ਼ਤਰਨਾਕ ਸਾਬਿਤ ਹੋ ਰਿਹਾ ਹੈ। ਪੰਜਾਬ ’ਚ ਵੀ ਘਰੇਲੂ ਹਿੰਸਾ ਕਾਰਨ ਔਰਤਾਂ ਦੀਆਂ ਮੌਤਾਂ ਦੇ ਮਾਮਲੇ ਸਾਹਮਣੇ ਆਏ ਹਨ।

ਸਾਲ 2022 ਦੀ ਇਕ ਰਿਪੋਰਟ ਮੁਤਾਬਕ ਦਾਜ ਖ਼ਾਤਰ ਔਰਤਾਂ ਦੀ ਹੱਤਿਆ ਦੇ 71 ਮਾਮਲੇ ਦਰਜ ਕੀਤੇ ਗਏ। ਦੋ ਮਾਮਲੇ ਅਜਿਹੇ ਸਨ ਜਿਨ੍ਹਾਂ ’ਚ ਤੇਜ਼ਾਬ ਸੁੱਟ ਕੇ ਲੜਕੀਆਂ ਦੀ ਜ਼ਿੰਦਗੀ ਬਰਬਾਦ ਕਰ ਦਿੱਤੀ ਗਈ। ਔਰਤਾਂ ਨਾਲ ਵਧੀਕੀਆਂ ਦੇ ਮਾਮਲਿਆਂ ’ਚ ਜਬਰ-ਜਨਾਹ, ਇਕਤਰਫ਼ਾ ਪਿਆਰ, ਦਾਜ, ਘਰੇਲੂ ਹਿੰਸਾ ਅਤੇ ਪਤੀ ਜਾਂ ਰਿਸ਼ਤੇਦਾਰਾਂ ਵੱਲੋਂ ਕੀਤੇ ਗਏ ਧੱਕੇ ਸ਼ਾਮਲ ਹਨ। ਪ੍ਰੇਮ ਵਿਆਹ ਦੇ ਮਾਮਲਿਆਂ ’ਚ ‘ਇੱਜ਼ਤ-ਅਣਖ’ ਖ਼ਾਤਰ ਕੀਤੇ ਜਾ ਰਹੇ ਕਤਲ ਗੰਭੀਰ ਮੁੱਦਾ ਹਨ। ਪਿਛਲੇ ਦਿਨੀਂ ਹਰਿਆਣਾ ’ਚ ਅਜਿਹੇ ਹੀ ਇਕ ਮਾਮਲੇ ਦਾ ਤਿੰਨ ਸਾਲਾਂ ਬਾਅਦ ਖ਼ੁਲਾਸਾ ਹੋਇਆ ਜਿਸ ’ਚ ਭਰਾ ਨੇ ਆਪਣੀ ਭੈਣ ਦਾ ਕਤਲ ਉਸ ਵੱਲੋਂ ਪ੍ਰੇਮ ਵਿਆਹ ਕਰਨ ਤੋਂ ਬਾਅਦ ਕੀਤਾ ਸੀ।

ਔਰਤਾਂ ਨਾਲ ਅਜਿਹੀਆਂ ਘਟਨਾਵਾਂ ’ਚ ਵਾਧਾ ਹੋਣ ਦਾ ਕਾਰਨ ਇਨ੍ਹਾਂ ਮਾਮਲਿਆਂ ’ਚ ਦੇਰੀ ਨਾਲ ਦਰਜ ਹੋਈਆਂ ਐੱਫਆਈਆਰ ਵੀ ਹਨ। ਕਾਨੂੰਨੀ ਚੋਰ-ਮੋਰੀਆਂ ਲੱਭ ਕੇ ਕਈ ਵਾਰ ਮੁਲਜ਼ਮ ਜੇਲ੍ਹ ਦੀਆਂ ਸਲਾਖਾਂ ਤੋਂ ਬਚੇ ਰਹਿੰਦੇ ਹਨ। ਐੱਨਸੀਆਰਬੀ ਦੀ ਸਾਲ 2020-22 ਦੀ ਰਿਪੋਰਟ ਮੁਤਾਬਕ 2020 ’ਚ 752 ਔਰਤਾਂ ਦੇ ਕਤਲ ਦੇ ਮਾਮਲੇ ਸਾਹਮਣੇ ਆਏ ਸਨ। ਸਾਲ 2021 ’ਚ 723 ਅਤੇ 2022 ’ਚ 670 ਮਾਮਲੇ ਉਜਾਗਰ ਹੋਏ ਸਨ। ਬਹੁਤ ਸਾਰੇ ਮਾਮਲਿਆਂ ’ਚ ਐੱਫਆਈਆਰ ਦੇਰ ਨਾਲ ਦਰਜ ਹੁੰਦੀਆਂ ਹਨ।

ਬਹੁਤੇ ਮਾਮਲੇ ਅਜਿਹੇ ਹਨ ਜਿਨ੍ਹਾਂ ਦਾ ਪਤਾ ਲੰਬੇ ਸਮੇਂ ਬਾਅਦ ਲੱਗਦਾ ਹੈ। ਔਰਤਾਂ ਨੂੰ ਪੁਰਸ਼ਾਂ ਦੇ ਬਰਾਬਰ ਕਰਨ ਦੀਆਂ ਆਵਾਜ਼ਾਂ ਬੁਲੰਦ ਕਰਨ ਤੋਂ ਪਹਿਲਾਂ ਉਹ ਕਾਰਨ ਵੀ ਲੱਭਣੇ ਜ਼ਿਆਦਾ ਜ਼ਰੂਰੀ ਹਨ ਜਿਨ੍ਹਾਂ ਕਾਰਨ ਔਰਤਾਂ ਨੂੰ ਦਬਾਇਆ ਜਾਂਦਾ ਹੈ। ਔਰਤਾਂ ਖ਼ ?ਲਾਫ਼ ਹੋਣ ਵਾਲੇ ਅਪਰਾਧਾਂ ਨੂੰ ਸਖ਼ਤ ਕਾਨੂੰਨਾਂ ਅਤੇ ਤੇਜ਼ੀ ਨਾਲ ਇਨਸਾਫ਼ ਦੇ ਕੇ ਘੱਟ ਕੀਤਾ ਜਾ ਸਕਦਾ ਹੈ। ਉਨ੍ਹਾਂ ਦੇ ਹੱਕਾਂ ਲਈ ਲੜਨ ਵਾਲੀਆਂ ਸੰਸਥਾਵਾਂ ਦੀ ਅਜਿਹੇ ਮਾਹੌਲ ’ਚ ਜ਼ਿੰਮੇਵਾਰੀ ਜ਼ਿਆਦਾ ਬਣਦੀ ਹੈ। ਮਹਿਲਾਵਾਂ ਨੂੰ ਖ਼ੁਦ ਵੀ ਆਪਣੇ ਹੱਕਾਂ ਤੇ ਕਾਨੂੰਨੀ ਲਾਹਿਆਂ ਪ੍ਰਤੀ ਸੁਚੇਤ ਹੋਣਾ ਚਾਹੀਦਾ ਹੈ। ਸਮਾਜ ’ਚ ਔਰਤਾਂ ਨੂੰ ਬਰਾਬਰੀ ਦੇ ਹੱਕ ਦੇਣ ਲਈ ਉਨ੍ਹਾਂ ਨੂੰ ਸੁਰੱਖਿਅਤ ਕੰਮਕਾਜੀ ਮਾਹੌਲ ਤੇ ਹੁਨਰ ਨੂੰ ਹੱਲਾਸ਼ੇਰੀ ਦੇਣ ਦੇ ਪ੍ਰਬੰਧ ਹੋਣੇ ਚਾਹੀਦੇ ਹਨ।

# ਆਪਣੇ ਵਾਸਤੇ ਹੱਦਬੰਦੀਆਂ ਤੈਅ ਕਰਨਾ



**ਅਮਨ ਸਿੰਘ ਗੌੜ**

ਜਟਿਲਤਾਵਾਂ ਨਾਲ ਭਰੇ ਜੀਵਨ ਵਿਚ ਇਕ ਮਹੱਤਵਪੂਰਨ ਪਹਿਲੂ ਹੈ ਆਪਣੀਆਂ ਹੱਦਾਂ ਨੂੰ ਨਿਰਧਾਰਤ ਕਰਨਾ। ਇਹ ਉਹ ਸਮਝਦਾਰੀ ਹੈ ਜੋ ਵਿਅਕਤੀ ਨੂੰ ਆਪਣੀ ਊਰਜਾ, ਸਮੇਂ ਅਤੇ ਭਾਵਨਾਵਾਂ ਦੀ ਰੱਖਿਆ ਕਰਨਾ ਸਿਖਾਉਂਦੀ ਹੈ। ਮਨੁੱਖ ਦੀ ਸਭ ਤੋਂ ਵੱਡੀ ਥਕਾਵਟ ਹਾਲਾਤ ਤੋਂ ਨਹੀਂ ਸਗੋਂ ਉਨ੍ਹਾਂ ਬੇਕਾਬੂ ਉਮੀਦਾਂ ਤੋਂ ਉਪਜਦੀ ਹੈ ਜਿਨ੍ਹਾਂ ਨੂੰ ਉਹ ਨਾਂਹ ਕਹਿਣ ਦੇ ਹੌਸਲੇ ਦੀ ਕਮੀ ਕਾਰਨ ਲਗਾਤਾਰ ਢੋਅ ਰਿਹਾ ਹੁੰਦਾ ਹੈ। ਹੱਦਾਂ ਸਿਰਫ਼ ਦੂਰੀ ਨਹੀਂ ਬਣਾਉਂਦੀਆਂ ਸਗੋਂ ਵਿਅਕਤੀ ਨੂੰ ਆਪਣੇ ਅੰਦਰ ਸਥਿਰ ਤੇ ਸੰਤੁਲਿਤ ਰਹਿਣ ਦਾ ਰਾਹ ਉਪਲਬਧ ਕਰਦੀਆਂ ਹਨ। ਵਿਵਹਾਰਕ ਜੀਵਨ ’ਚ ਜਦੋਂ ਕੋਈ ਵਿਅਕਤੀ ਹਰ ਬੇਨਤੀ, ਹਰ ਉਮੀਦ ਅਤੇ ਹਰ ਦਬਾਅ ਨੂੰ ਸਵੀਕਾਰ ਕਰਦਾ ਜਾਂਦਾ ਹੈ ਤਾਂ ਉਸ ਦੀਆਂ ਤਰਜੀਹਾਂ ਹੌਲੀ-ਹੌਲੀ ਧੁੰਦਲੀਆਂ ਹੋਣ ਲੱਗਦੀਆਂ ਹਨ।

ਹੱਦਾਂ ਨਿਰਧਾਰਤ ਕਰਨਾ ਅਸਲ ਵਿਚ ਆਪਣੀਆਂ ਕਦਰਾਂ-ਕੀਮਤਾਂ, ਆਪਣੀ ਸਮਰੱਥਾ ਤੇ ਆਪਣੀਆਂ ਹੱਦਾਂ ਦੀ ਨਿਸ਼ਾਨਦੇਹੀ ਕਰਨ ਦੀ ਪ੍ਰਕਿਰਿਆ ਹੀ ਹੈ। ਇਹ ਕੋਈ ਬੇਨਤੀ ਨਹੀਂ ਬਲਕਿ ਆਪਣੀ ਸਮਝ ਦਾ ਪ੍ਰਪੱਕ ਅਤੇ ਸੁਧਰਿਆ ਹੋਇਆ ਰੂਪ ਹੈ। ਹਾਲਾਤ ਕਦੋਂ, ਕਿੰਨਾ ਅਤੇ ਕਿਵੇਂ ਪ੍ਰਭਾਵਿਤ ਕਰਨਗੇ, ਇਹ ਫ਼ੈਸਲਾ ਤਦ ਹੀ ਸੰਭਵ ਹੈ ਜਦੋਂ ਵਿਅਕਤੀ ਖ਼ੁਦ ਲਈ ਇਹ ਰੇਖਾ ਸਪਸ਼ਟ ਕਰਦਾ ਹੈ ਕਿ ਉਹ ਕਿਹੜੀਆਂ ਗੱਲਾਂ ਨੂੰ ਸਵੀਕਾਰ ਕਰੇਗਾ ਤੇ ਕਿਹੜੀਆਂ ਤੋਂ ਦੂਰ ਰਹੇਗਾ। ਅਕਸਰ ਕਿਹਾ ਜਾਂਦਾ ਹੈ ਕਿ ਰਿਸ਼ਤੇ ਤਿਆਗ ‘ਤੇ ਟਿਕੇ ਹੁੰਦੇ ਹਨ ਪਰ ਸੱਚ ਇਹ ਹੈ ਕਿ ਸਿਹਤਮੰਦ ਰਿਸ਼ਤੇ ਆਪਸੀ ਆਦਰ-ਸਤਿਕਾਰ ’ਤੇ ਆਧਾਰਤ ਹੁੰਦੇ ਹਨ। ਆਦਰ ਓਥੇ ਹੀ ਜਨਮ ਲੈਂਦਾ ਹੈ ਜਿੱਥੇ ਆਪਣੀਆਂ ਭਾਵਨਾਵਾਂ ਦੀ ਸੁਰੱਖਿਆ ਦਾ ਅਧਿਕਾਰ ਸਪਸ਼ਟ ਹੋਵੇ। ਜੋ ਵਿਅਕਤੀ ਸੀਮਾਵਾਂ ਨਿਰਧਾਰਤ ਕਰਦਾ ਹੈ, ਉਹ ਸਿਰਫ਼ ਆਪਣੇ ਅੰਦਰ ਦੀ ਸਪਸ਼ਟਤਾ ਨੂੰ ਮਜ਼ਬੂਤ ਕਰਦਾ ਹੈ। ਇਹ ਸਪਸ਼ਟਤਾ ਅੱਗੇ ਚੱਲ ਕੇ ਉਸ ਦੇ ਫ਼ੈਸਲਿਆਂ ਨੂੰ ਸਥਿਰ ਅਤੇ ਉਸ ਦੇ ਜੀਵਨ ਨੂੰ ਸੁਚਾਰੂ ਬਣਾਉਂਦੀ ਹੈ। ਜੀਵਨ ਵਿਚ ਸੰਤੁਲਨ, ਸ਼ਾਂਤੀ ਅਤੇ ਮਾਨਸਿਕ ਸਵੱਛਤਾ ਤਦ ਹੀ ਸੰਭਵ ਹੈ ਜਦੋਂ ਮਨੁੱਖ ਇਹ ਸਮਝ ਲੈਂਦਾ ਹੈ ਕਿ ਹਰ ਉਮੀਦ ਪੂਰੀ ਕਰਨਾ ਉਸ ਦਾ ਫ਼ਰਜ਼ ਨਹੀਂ ਅਤੇ ਹਰ ਬੇਨਤੀ ਸਵੀਕਾਰ ਕਰਨਾ ਉਦਾਰਤਾ ਨਹੀਂ। ਹੱਦਾਂ ਨਿਰਧਾਰਤ ਕਰਨਾ ਸਵੈ-ਰੱਖਿਆ ਦਾ ਇਕ ਸਾਧਨ ਹੈ। ਜੋ ਵਿਅਕਤੀ ਇਸ ਦਾ ਅਭਿਆਸ ਕਰ ਲੈਂਦਾ ਹੈ, ਉਹੀ ਆਪਣੇ ਸਮੇਂ, ਮਨ ਅਤੇ ਰਿਸ਼ਤਿਆਂ ਦਾ ਅਸਲ ਰਾਖਾ ਬਣ ਪਾਉਂਦਾ ਹੈ।









## ਮੈਂ ਪੰਜਾਬੀ ਬੋਲੀ

ਮੈਂ ਹਾਂ ਗੁਰੂਆਂ ਦੀ ਪਾਕ ਤੇ ਪਵਿੱਤਰ ਬੋਲੀ
ਅੱਖਰਾਂ ਤੇ ਮਾਤਰਾਵਾਂ ਨਾਲ ਮੇਰੀ ਭਰੀ ਝੋਲੀ।

ਦੇਸ਼ਾਂ ਵਿਦੇਸ਼ਾਂ ਵਿੱਚ ਬੋਲੀ ਮੇਰੀ ਦੇ ਝੂਲਣ ਨਿਸ਼ਾਨ
ਸੰਸਾਰੀ ਬੋਲੀਆਂ ਅਣਗਿਣਤ ਮੇਰੀ ਵਿਲੱਖਣ ਪਹਿਚਾਣ।

ਅੱਖਰਾਂ ਸੰਗ ਹੀ ਹੁੰਦੇ ਹਨ ਬੋਲੀ ਦੇ ਜਜ਼ਬਾਤ
ਬੋਲੀ ਸੰਗ ਗੁਲਜ਼ਾਰ ਬਿਨੁ ਬੋਲੀ ਸਾਹਿਤ ਕਾਲੀ ਰਾਤ।

ਅਕਲਾਂ ਵਾਲਿਓ! ਕਲਮਾਂ ਵਾਲਿਓ! ਸੁਣੋ ਮੇਰੀ ਪੁਕਾਰ
ਮੇਰਾ ਅਮੀਰ ਵਿਰਸਾ ਨਾ ਭੁੱਲ ਜਾਇਓ, ਕਰੋ ਸਤਿਕਾਰ।

ਗੁਰੂ ਸਾਹਿਬ ਨੇ ਮੈਨੂੰ ਆਪਣੇ ਹੱਥੀ ਮੁੱਢੋਂ ਰੁਸ਼ਨਾਇਆ
ਪੀਰਾਂ ਪੈਗੰਬਰਾਂ ਤੇ ਸੰਤਾਂ ਰੱਚ ਬਾਣੀ ਗਲ ਲਾਇਆ।

ਪੈਂਤੀ ਅੱਖਰਾਂ ਸੰਗ ਸੋਹੰਦਾ ਮੇਰੀ ਵਰਨਮਾਲਾ ਦਾ ਪਰਿਵਾਰ
ਅੱਖਰਾਂ ਰਲ ਜੋੜੇ ਮੁਕਤਾ ਅੱਖਰ ਮਾਤਰਾਵਾਂ ਉਪਜੇ ਸ਼ਬਦੀਂ ਭੰਡਾਰ।

ਮੁਕਤੇ, ਕੰਨੇ, ਸਿਹਾਰੀਆਂ ਅਤੇ ਬਿਹਾਰੀਆਂ
ਅੱਖਰਾਂ ਸੰਗ ਫੱਬਣ ਮੇਰੀਆਂ ਸ਼ਬਦ ਕਿਆਰੀਆਂ।

ਔਂਕੜ ਸਮੇਤ ਦੁਲੈਂਕੜ, ਲਾਵਾਂ ਅਤੇ ਦੁਲਾਵਾਂ
ਸ਼ਬਦੀ ਬਣਤਰ ਵਿੱਚ ਕਿਸ ਕਿਸ ਦਾ ਯੋਗਦਾਨ ਭੁਲਾਵਾਂ।

ਹੋੜੇ ਦੇ ਨਾਲ ਕਨੌੜੇ ਸਮੇਤ ਅੱਧਕ ਅਤੇ ਟਿੱਪੀਆਂ
ਸਾਹਿਤਿਕ ਫੁਲਕਾਰੀ ਦੀਆਂ ਸਭ ਨੇ ਅਨਮੋਲ ਸਿੱਪੀਆਂ।

ਬੋਲ ਨੂੰ ਲਿਖਤ ਵਿੱਚ ਢਾਲਣ ਲਈ ਵਰਤੇ ਜਾਂਦੇ ਚਿੰਨ੍ਹ
ਕਹਿੰਦੇ ਇਹਨੂੰ ਲਿਪੀ ਤੇ ਹਰ ਭਾਸ਼ਾ ਦੇ ਹੁੰਦੇ ਭਿੰਨ।

ਲਿਪੀ ਹੀ ਹੁੰਦੀ ਹੈ ਹਰ ਬੋਲੀ ਦਾ ਹਾਰ-ਸ਼ਿੰਗਾਰ
ਲਿਪੀ ਬਖਸ਼ੇ ਪਿਆਰ ਤੇ ਮਨੁੱਖੀ ਭਾਵਾਂ ਨੂੰ ਦਿੰਦੀ ਨਿਖਾਰ।

ਸ਼ਾਰਦਾ ਤੇ ਟਾਕਰੀ ਲਿਪੀ ਹਨ ਮੇਰੇ ਪੁਰਖੇ ਲਾਣੇ
ਪੁਰਾਤਨ ਇਤਿਹਾਸ 'ਚ ਦਰਜ ਲੰਡੇ ਆਖ ਵਰਤਦੇ ਸੀ ਸਿਆਣੇ।

ਗੁਰੂ ਨਾਨਕ ਸਾਹਿਬ ਨੇ ਪੱਟੀ ਬਾਣੀ ਵਿੱਚ ਅੱਖਰ ਉਚਾਰੇ
ਗੁਰੂ ਅੰਗਦ ਦੇਵ ਜੀ ਨੇ ਮੇਰੇ ਅੱਖਰ ਸਭ ਸਵਾਰੇ।

ਸਵਰ ਤੇ ਵਿਅੰਜਨਾਂ ਵਿੱਚ ਵੰਡਿਆ ਅੱਖਰੀ ਪਰਿਵਾਰ
ਵਿਗਿਆਨਕ ਭਾਸ਼ਾ ਆਖ ਪੰਜਾਬੀ ਨੂੰ ਮਿਲਿਆ ਸਤਿਕਾਰ।

ਪੰਜਾਬ, ਪੰਜਾਬੀ ਤੇ ਪੰਜਾਬੀਅਤ ਲਈ ਸੁਰਿੰਦਰ ਜਾਨ ਵਾਰਦਾ
ਮਾਂ ਬੋਲੀ ਦੇ ਪੁੱਤ, ਲੇਖੇ ਲਾਇਆ ਜੀਵਨ, ਵੇਖੋ ਮੁੱਲ ਤਾਰਦਾ।

**ਸੁਰਿੰਦਰਪਾਲ ਸਿੰਘ**
**ਸ੍ਰੀ ਅੰਮ੍ਰਿਤਸਰ ਸਾਹਿਬ।**

## ਹੜਤਾਲ

ਕਰਕੇ ਸਭ ਹੜਤਾਲ ਬੈਠਗੀ
ਕੁੱਲ ਸੂਬੇ ਦੀ ਅਫਸਰ ਸਾਹੀ

ਮੋਟੀਆਂ ਕਈ ਲੈਣ ਤਨਖਾਹਾਂ
ਪਰ ਉੱਤੋਂ ਵੀ ਰਿਸ਼ਵਤ ਸਾਹੀ

ਡਿਊਟੀ ਦਾ ਟਾਇਮ ਕੋਈ ਨਾ
ਓ ਹੁਕਮਾਂ ਦੀ ਕਰਨ ਮਨਾਹੀ

ਸਾਹੀ ਸਾਰਾ ਠਾਠ ਬਾਠ ਐ
ਹੁੰਦਾ ਜਿਉਂ ਹੁਕਮ ਇਲਾਹੀ

ਕਰਦੇ ਨੇ ਸਭ ਮਨਮਰਜੀ
ਬੱਸ ਕੀ ਪੈਸੇ ਦੀ ਵਾਹੋਦਾਹੀ

ਫਸ ਜਾਂਦਾ ਆਮ ਆਦਮੀ
ਮੋਟੀ ਲੈਣ ਰਿਸਵਤ ਆਹੀ

ਦੁੱਖੜੇ ਇਥੇ ਕੌਣ ਏ ਸੁਣਦਾ
ਹਰ ਦਫਤਰ 'ਚ ਬੇਵਿਸਾਹੀ

ਦਸਖਤ ਵੀ ਮੁੱਲ ਕਰਦੇ ਜੋ
ਪੈਂਦੀ ਨਈਂ ਗਲ ਨੂੰ ਫਾਹੀ

ਤੇਲ ਤੇ ਸਰਕਾਰੀ ਗੱਡੀਆਂ
ਦੱਸ ਰਾਣੀ ਨੂੰ ਕਦੋਂ ਮਨਾਹੀ

ਜੁੱਗਾਂ ਤੋਂ ਹੀ ਲੁੱਟਦੇ ਆਉਂਦੇ
ਓ ਰਾਜਿਆਂ ਦੀ ਰਾਜਾਸਾਹੀ

'ਜੀਤ' ਹੱਥ ਝੰਡਾ ਚੱਕ ਲਓ
ਹੁਣ ਹੱਕਾਂ ਦੀ ਭਰੋ ਗਵਾਹੀ



**ਸਰਬਜੀਤ ਸਿੰਘ ਨਮੋਲ**
9877358044

## ਇੱਕ ਸੀ ਚੰਡੀਗੜ੍ਹ

ਕਰਕੇ ਵਾਅਦਾ ਖ਼ਿਲਾਫ਼ੀ, ਕੀਤਾ ਸੀ ਖਾਨਾ ਖ਼ਰਾਬ,
ਲਾ ਕੇ ਮੋਰਚੇ ਪੰਜਾਬੀਓ, ਲਿਆ ਸੀ ਸੂਬਾ ਪੰਜਾਬ।

ਗੱਡਕੇ ਸੇਹ ਦਾ ਤੱਕਲਾ, ਚੰਡੀਗੜ੍ਹ ਸਾਂਝਾ ਰੱਖਿਆ,
ਦੇਖੋ ਉਣਾਹਟ ਸਾਲਾਂ ਤੋਂ, ਕਿੱਦਾਂ ਦਾ ਮਜ਼ਾ ਚੱਖਿਆ?

ਲਾਇਆ ਹੈ ਬਥੇਰਾ ਜ਼ੋਰ ਤੁਸੀਂ ਪਹਿਲੇ ਕਿੱਲ੍ਹ ਕਿੱਲ੍ਹ,
ਉਹ ਨੇ ਦੇਖ ਰਹੇ ਤਮਾਸ਼ਾ, ਦੂਰੋਂ ਹੱਸਦੇ ਖਿਲ ਖਿਲ।

ਆਸ ਨ ਕੋਈ ਦਿਸ ਰਹੀ, ਸੱਧਰਾਂ ਨੂੰ ਪਊਗਾ ਬੂਰ,
ਰਾਜਧਾਨੀ ਕੀ ਮਿਲਣੀ, ਖੋਹਣਗੇ ਬਿਜਲੀ ਦਾ ਨੂਰ।

ਉਨ੍ਹਾਂ ਤਿਆਰੀ ਕੱਸ ਲਈ, ਲਾ ਚੰਡੀਗੜ੍ਹ ਦੀ ਸੇਲ,
ਹੱਕ ਪੰਜਾਬ ਦੇ ਵੇਚ ਕੇ, ਕਰਨਾ ਹੈ ਸਿਆਸੀ ਖੇਲ੍ਹ।

ਅਠੱਤਰ ਸਾਲ ਲਾਰਿਆਂ, ਵਿੱਚ ਰੱਖੇ ਸਾਡੇ ਲੀਡਰ,
ਬਿਜਲੀ ਦੇ ਮਹਿਕਮੇ ਦੇ, ਵੇਚ ਦਿੱਤੇ ਸਾਰੇ ਫੀਡਰ।

ਖਰੀਦਿਆ ਪੂੰਜੀਪਤੀਆਂ ਨੇ, ਕਰਕੇ ਇੱਕ ਇਕਰਾਰ,
ਚੂੰਡਿਆ ਦਿਲ ਪੰਜਾਬ ਦਾ, ਨੇਤਾਵਾਂ ਦੇ ਭ੍ਰਿਸ਼ਟਾਚਾਰ।

ਦਗਾ ਕਮਾਉਂਦੇ ਆਪਣੇ, ਰਲ਼ ਜਾਂਦੇ ਨੇ ਸੰਗ ਚੋਰ,
ਗ਼ਦਾਰੀ ਦਾ ਮੁੱਲ ਵੱਟਦੇ, ਪਾ ਜੱਫੀਆਂ ਰਿਸ਼ਵਤਖ਼ੋਰ।

ਯੂਨੀਵਰਸਿਟੀ ਨੂੰ ਹੱਥ ਪਾਇਆ, ਪਹਿਲੇ ਖੋਹੇ ਡੈਮ,
ਚਾਹੁੰਦੈ ਬਚਾਉਣੀ ਹੋਂਦ ਜੇ, ਸੰਘਰਸ਼ ਨੂੰ ਹੋ ਕਾਇਮ।

ਖ਼ਾਲੀ ਠੂਠਾ ਹੱਥ ਰਹੇਗਾ, ਸੁਣ ਸੋਹਣੇ ਦੇਸ ਪੰਜਾਬ,
ਚੰਡੀਗੜ੍ਹ ਦੀ ਆਸ ਕਦੇ, ਨਾ ਰੱਖ ਸੁਫ਼ਨੇ 'ਚ ਜਨਾਬ।

**ਸੇਵਾ ਸਿੰਘ "ਨੂਰਪੁਰੀ"**

## ਰਹਿਬਰੋ ! ਹੋਸ਼ ਕਰੋ

ਨਾਲ ਕੁਰਬਾਨੀਆਂ ਦੇ ਭਰੇ
ਇਤਿਹਾਸ ਸਾਡੇ,
ਰੰਬੀਆਂ, ਆਰੀਆਂ ਦੇ ਮੂੰਹ
ਅਸੀਂ ਮੋੜ ਦਿੱਤੇ।

ਚੜ੍ਹ ਚਰਖੜੀਆਂ ਤੇ ਤੂੰਬਾ
ਤੂੰਬਾ ਹੋ ਉੱਡੇ,
ਜ਼ਾਲਮਾਂ ਖੜਿਆਂ ਦੇ ਦੰਦ
ਅਸੀਂ ਜੋੜ ਦਿੱਤੇ।

ਵਾਹੀਆਂ ਤੇਗਾਂ ਵੈਰੀ ਨੂੰ ਯਾਦ
ਅੱਜ ਵੀ,
ਵਾਂਗ ਖਰਬੂਜਿਆ ਸਿਰ ਸੀ
ਅਸੀਂ ਰੋੜ੍ਹ ਦਿੱਤੇ।

ਰੁਲੀਆਂ ਲੋਥਾਂ ਵੈਰੀ ਦੀਆਂ
ਮੈਦਾਨ ਅੰਦਰ,
ਵਾਂਗ ਨਿੰਬੂਆਂ ਦੇ ਲਹੂ
ਅਸੀਂ ਨਿਚੋੜ ਦਿੱਤੇ।

ਭੁੱਲ ਨਾ ਜਾਈਂ ਹਾਕਮਾਂ
ਇਤਿਹਾਸ ਸਾਡਾ,
ਜੁੱਤੀ ਦੀ ਨੋਕ ਤੇ ਤਖ਼ਤ
ਅਸੀਂ ਛੋੜ ਦਿੱਤੇ।

ਲਿਖਾਂ ਕੀ ਕੀ ਸਿਆਹੀ
ਮੁੱਕ ਚੱਲੀ,
ਵਰਕੇ ਪਤਾ ਨਹੀਂ ਕਿੰਨੇ ਕੁ
ਅਸੀਂ ਘਰੋੜ ਦਿੱਤੇ।

ਲਿਖੇ ਕੀ ਕਲਮ 'ਪੱਤੋ' ਦੀ
ਕੰਬਦੀ ਏ,
ਅਹਿਸਾਨ ਸਾਡੇ ਤੇ ਕਰ
ਲੱਖ ਕਰੋੜ ਦਿੱਤੇ।

ਅੱਜ ਮੁੱਲ ਵੱਟਣ ਲੀਡਰ
ਕੁਰਬਾਨੀਆਂ ਦੇ,
ਨਿਯਮ ਸਾਰੇ ਉਹਨਾਂ ਦੇ
ਤੋੜ ਦਿੱਤੇ।

**ਹਰਪ੍ਰੀਤ ਪੱਤੋ**
94658-21417

## ਜ਼ਰਾ ਸੁਣ ਤਾਂ ਸਈ

ਇਨ੍ਹਾਂ ਰੁੱਤਾਂ ਲੱਦੇ ਰਾਹਾਂ 'ਤੇ
ਕਿਉਂ ਖਿਜਾਂ ਛਾ ਰਹੀ ਸਾਹਾਂ 'ਤੇ
ਜਰਾ ਦਾਮਨ ਤਾਂ ਖੋਹਲ
ਲਿਆ ਇਸ ਨੂੰ ਮੈਂ
ਫੁੱਲਾਂ ਨਾਲ ਭਰ ਦਿਆਂ
ਤੂੰ ਕਦੇ ਮੈਨੂੰ ਆਪਣਾ ਤਾਂ ਆਖ
ਵੇਖ ਤੇਰੇ ਨਾਮ
ਫਿਰ ਮੈਂ ਸਾਰੀ ਦੀ ਸਾਰੀ
ਜ਼ਿੰਦਗੀ ਕਿਉਂ ਨਾ ਕਰ ਦਿਆਂ।

ਕਿਨਾਰਾਕਸੀ ਕਰਨ ਨਾਲ
ਰਿਸਤੇ ਖਤਮ ਨਹੀਂ ਹੁੰਦੇ
ਸ਼ਿਕਵੇ ਤੇ ਉਲਾਂਭਿਆਂ ਨੂੰ
ਦਰਿਆ 'ਚ ਨਹੀਂ ਰੋੜ੍ਹੀਦਾ।
ਕੋਈ ਤਾਂ ਦੂਰੀ ਤੇ ਮਜਬੂਰੀ
ਤੇਰੀ ਵੀ ਹੋਣੀ ਐਂ
ਐਵੇਂ ਨਹੀਂ ਆਪਣਿਆਂ ਦੇ ਸਿਰ
ਗੈਰਾਂ ਵਾਂਗ ਦੁਸਮਣੀ ਦਾ
ਭਾਂਡਾ ਤੋੜੀਦਾ।

ਇਸ ਬਸਤੀ 'ਚ
ਬੰਦਸ਼ਾਂ ਜੜੇ ਬੇਜੋੜ ਰਿਸਤੇ
ਮਨੁੱਖ ਖੁਦ ਨਹੀਂ
ਸਗੋਂ ਕੋਈ ਹੋਰ ਕਰਦਾ ਹੈ ਵੇਖ
ਨਵੀਂ ਪੀੜ੍ਹੀ ਦਾ ਹਰ ਸਖਸ
ਸੁਘੜ ਸਾਊ ਤੇ ਸਿਆਣਾ ਅਖਵਾਉਣ ਲਈ
ਮੋਈਆਂ ਕਬਰਾਂ ਦੀਆਂ ਬੇਸੁਮਾਰ ਕਬਰਾਂ
ਕਿੰਝ ਸੀਨੇ 'ਚ ਦਫਨ ਕਰਦਾ ਹੈ
ਤੇ ਖੰਡਰ ਤੇ ਖੰਡਤ ਹੋਈ ਜ਼ਿੰਦਗੀ ਦੀ ਲਾਸ ਚੁੱਕ
ਜਸਨਾਂ ਦੀ ਮੰਡੀ 'ਚ
ਬੁੱਲਾਂ ਤੇ ਝੂਠੀ ਮੁਸਕਾਨ ਲੈ
ਵਕਤ ਦੀ ਸੂਲੀ ਤੇ ਜਾ ਚੜ੍ਹਦਾ ਹੈ,
ਜ਼ਿੰਦਗੀ ਤੇ ਮੌਤ ਵਿੱਚਲੀ ਖੇਡ 'ਚ
ਇੱਕ ਬੜਾ ਹੀ ਅਜੀਬ ਪਰਦਾ ਹੈ।

ਮਾਨਤਾਵਾਂ ਤੇ ਮਨਾਹੀਆਂ ਦੇ ਕਾਲੇ ਸਾਗਰ
ਪਤਾ ਨਹੀਂ ਕਿੰਨਿਆਂ ਨੂੰ ਖਪਾ ਗਏ
ਪਰ ਤੇਰੇ ਸੰਗ
ਚੰਨ ਦੀ ਚਾਨਣੀ 'ਚ ਬਿਤਾਏ ਉਹ ਪਲ
ਕਿੰਨੇ ਨਿੱਘੇ ਤੇ ਸੁਹਾਵਣੇ ਸਨ
ਪਤਾ ਨਹੀਂ ਕਦੋਂ
ਇਹ ਚਲਦੇ ਚਲਦੇ ਕਦਮ
ਆਪਣੇ ਪੈਰਾਂ ਹੇਠੋਂ ਜਮੀਨ ਵਾਂਗ
ਹਨੇਰਿਆਂ ਨੇ ਚੁਰਾ ਲਏ।
ਆਪਣੇ ਵਾਜੂਦ ਤੋਂ
ਆਪਣੀ ਹੀ ਗੈਰਹਾਜਰੀ ਭਲਾਂ ਕੋਈ
ਕਿੱਦਾਂ ਜਰ ਸਕਦਾ ਹੈ।
ਜੁਗਨੂੰਆਂ ਦੇ ਖੰਭਾਂ ਦੀ ਰੌਸਨੀ ਦੇ ਸਹਾਰੇ
ਗਵਾਚੇ ਰਾਹਾਂ ਦਾ ਪੱਲਾ
ਕਿਵੇਂ ਕੋਈ ਫੜ ਸਕਦਾ ਹੈ?
ਅੱਖਾਂ ਦੀ ਜਗਦੀ ਜੋਤ ਤੋਂ
ਚਾਨਣ ਦਾ ਮਨਫੀ ਹੋਣਾਂ
ਮਨੁੱਖ ਨੂੰ ਤਬਾਹੀ ਦੇ ਕੰਢੇ ਤੇ
ਲਿਆ ਧਰਦਾ ਹੈ।
ਹੱਥੋਂ ਕਿਰ ਰਹੇ ਵਕਤ ਨੂੰ
ਭਾਵੇਂ-
ਕੁੱਝ ਪਲ ਲਈ ਹੀ ਸਈ
ਲਿਆ ਤੇਰੀ ਤਲੀ 'ਤੇ ਧਰ ਦਿਆਂ
ਤੂੰ ਕਦੇ ਮੈਨੂੰ ਆਪਣਾ ਤਾਂ ਆਖ
ਵੇਖ ਤੇਰੇ ਨਾਮ
ਫਿਰ ਮੈਂ ਸਾਰੀ ਦੀ ਸਾਰੀ ਜ਼ਿੰਦਗੀ
ਕਿਉਂ ਨਾ ਕਰ ਦਿਆਂ।



**-ਡਾ ਮੇਹਰ ਮਾਣਕ**

## ਮਾਂ ਬੋਲੀ ਪੰਜਾਬੀ

ਇਹ ਹੈ ਮੇਰੀ ਮਾਂ ਬੋਲੀ..
ਬੜੀ ਅਨਮੋਲ ਇਸ ਦੀ ਝੋਲੀ..

ਪੰਜ ਦਰਿਆਵਾਂ ਦੇ ਆਬ ਜਿਹੀ ਮਿੱਠੀ..
ਜਿਵੇਂ ਭੈਣ ਦੀ ਭਰਾ ਨੂੰ ਚਿੱਠੀ..

ਗੁਰੂਆਂ ਭਗਤਾਂ ਦੇ ਮੂੰਹੋਂ ਨਿਕਲੀ..
ਖ਼ੁਸਬੂ ਆਵੇ ਜਿਵੇਂ ਵਤਨਾਂ ਦੀ ਮਿੱਟੀ..

ਅੱਖਰ ਇਸ ਦੇ ਗੁਲਾਬ ਤੋਂ ਸੋਹਣੇ..
ਸਭਨਾਂ ਨੂੰ ਨੇ ਭਾਉਂਦੇ..
ਬੱਚੇ ਇਸ ਦੇ ਅਸੀਂ ਪੰਜਾਬੀ..
ਮੂੰਹੋਂ ਬੋਲ ਕੇ ਖੁਸੀ ਮਨਾਉਂਦੇ..

ਪੈਰਾਂ ਦੇ ਵਿੱਚ ਲੱਗਦੀ ਬਿੰਦੀ..
ਵਿੱਚ ਇਸ ਦੇ ਗਹਿਰਾਈ..
ਲੈ ਕੇ ਸਿੱਖਿਆ ਪੰਜਾਬੀ ਦੇ ਵਿੱਚ..
ਨਿੰਮੇ ਕਲਮ ਚਲਾਈ..



**ਨਿਰਮਲ ਸਿੰਘ ਨਿੰਮਾ**

## ਸਤਾਈ ਦੀਆਂ ਤਿਆਰੀਆਂ

ਕਬਰਾਂ 'ਤੇ ਮੇਲੇ ਚਾਹੇ ਚੱਲਣ ਕਬੱਡੀ ਮੈਚ
ਦਿੰਦੇ ਨੇ ਸਪੀਚਾਂ ਉੱਥੇ ਜਾ ਕੇ ਨਿਆਰੀਆਂ।
ਕੱਟਾ-ਵੱਛੀ ਮਰੇ ਤਾਂ ਕਰਨ 'ਅਫਸੋਸ' ਜਾਂਦੇ
ਵੋਟਾਂ ਲਈ ਦਾਅ ਬਹੁਤੇ ਖੇਡਣੇ ਜੁਹਾਰੀਆਂ।
ਵਿਆਹ ਭੋਗਾਂ ਉੱਤੇ ਜਾ ਕੇ ਬੀਅ ਜਾਣੋ ਬੀਜਦੇ
ਵੋਟ-ਫੁੱਲਾਂ ਵਾਸਤੇ ਨੇ ਇਨਾਂ ਲਈ ਕਿਆਰੀਆਂ।
ਆ ਗਿਆ ਉਬਾਲਾ ਬੇਹੀ ਕੜ੍ਹੀ ਵਿਚ ਫੇਰ ਯਾਰੋ
ਪਿੰਡ ਸ਼ਹਿਰ ਪਹੁੰਚ ਹੋਣ ਲੱਗੀਆਂ ਮੱਕਾਰੀਆਂ।
ਹੱਸ ਹੱਸ ਸਭ ਨੂੰ ਹੀ 'ਹਾਂਜੀ ਹਾਂਜੀ' ਕਹੀ ਜਾਂਦੇ
ਜਾਗਦੇ ਨੇ ਲੋਕ ਹੁਣ ਆਈਆਂ ਹੁਸ਼ਿਆਰੀਆਂ।
'ਸੇਵਾਦਾਰ' ਬਣ ਬਣ ਫਿਰਦੇ ਐ ਲੋਕਾਂ ਮੂਹਰੇ
ਕੱਸੀਆਂ ਅਸਲ 'ਚ ਸਤਾਈ ਲਈ ਤਿਆਰੀਆਂ!



**-ਤਰਲੋਚਨ ਸਿੰਘ ਦੁਪਾਲਪੁਰ**
001-408-905-5517

## ਇੱਕ ਗੱਲ ਆਖਾਂ....

ਇੱਕ ਗੱਲ ਆਖਾਂ ਸੱਜਣਾਂ
ਲੜਿਆ ਨਾ ਕਰ।
ਹੋਰਾਂ ਵਾਲੇ ਪਾਸੇ ਜਾ ਕੇ,
ਖੜਿਆ ਨਾ ਕਰ।
ਸਾਨੂੰ ਚਾਨਣੀ ਦਾ ਪਾ ਭੁਲੇਖਾ,
ਨੇਰ੍ਹ ਘੜਿਆ ਨਾ ਕਰ।
ਗੈਰਾਂ ਦੇ ਕੋਠੇ ਤੇ ਚੰਨ ਬਣ,
ਚੜ੍ਹਿਆ ਨਾ ਕਰ।
ਬਿਨਾਂ ਸਿਰ ਪੈਰ ਦੀ ਗੱਲ ਤੇ,
ਅੜਿਆ ਨਾ ਕਰ।
ਬੂਹਾ ਭੇੜ ਕੇ ਅੰਦਰ ਵੀ,
ਵੜਿਆ ਨਾ ਕਰ।
ਸੂਰਜ ਦੇ ਸੇਕ ਨੂੰ ਮਾਣ ਲੈ,
ਪਰ ਸੜਿਆ ਨਾ ਕਰ।
ਆਪਣੀ ਕਰਨੀ ਦਾ ਇਲਜਾਮ,
ਸਾਡੇ 'ਤੇ ਮੜਿਆ ਨਾ ਕਰ।
ਬੈਠ ਕੇ ਕਿਤਾਬ ਵਾਂਗਰਾਂ,
ਚਿਹਰੇ ਪੜ੍ਹਿਆ ਨਾ ਕਰ।
ਉੱਡਦੇ ਪੰਤਗਿਆਂ ਨੂੰ 'ਮਨਜੀਤ',
ਫੜਿਆ ਨਾ ਕਰ।
ਐਵੇਂ ਫੜਿਆ ਨਾ ਕਰ।



**ਮਨਜੀਤ ਕੌਰ ਧੀਮਾਨ**

## ਨਿਰੰਤਰਤਾ

ਭਾਵੇਂ ਤੇਰਾ ਪੰਧ ਲੰਮੇਰਾ।
ਵਧਦਾ ਜਾਹ ਤੂੰ ਰੱਖ ਕੇ ਜੇਰਾ।

ਧੁੰਦ-ਗੁੱਬਾਰ ਨੇ ਛਟ ਜਾਣਾ ਹੈ,
ਰੋਕਾਂ ਆਪੇ ਹਟ ਜਾਣਾ ਹੈ,
ਕੱਲ੍ਹ ਦਾ ਸੂਰਜ ਹੋਏਗਾ ਤੇਰਾ।

'ਕੱਲਿਆਂ ਵੀ ਤੂੰ ਨਾ ਘਬਰਾਵੀਂ,
ਚਿਤ ਵਿੱਚ 'ਓਸ' ਦਾ ਨਾਮ ਧਿਆਵੀਂ,
ਮਿਟ ਜਾਣਾ ਸਭ ਕੂੜ-ਹਨੇਰਾ।

ਜਿਸ ਰਾਹ ਤੇ ਤੂੰ ਤੁਰਿਐਂ 'ਕੱਲਾ,
ਸੱਚ ਦਾ ਕੱਸ ਕੇ ਪਕੜੀਂ ਪੱਲਾ,
ਇਹਨੇ ਬਣਨੈ ਸੋਨ-ਸਵੇਰਾ।

ਜੀਵਨ ਵਿੱਚ ਨਹੀਂ ਅੱਕਣਾ ਥੱਕਣਾ,
ਚਲਦੇ ਰਹਿਣਾ ਕਿਤੇ ਨਹੀਂ ਰੁਕਣਾ,
ਦੂਰ ਕਿਤੇ ਜਗ ਰਿਹੈ ਬਨੇਰਾ।

ਮੰਜ਼ਿਲ ਬੱਸ ਅਸਾਂ ਪਾ ਲੈਣੀ,
ਕਿਸੇ ਦੀ ਆਕੜ ਧੌਂਸ ਨ੍ਹੀਂ ਸਹਿਣੀ,
ਢੇਰੀ ਨਹੀਂ ਹੁਣ ਢਾਹੁਣੀ ਸੇਰਾ!



**-ਪ੍ਰੋ. ਨਵ ਸੰਗੀਤ ਸਿੰਘ**

## ਕਲਮ

ਕਲਮ ਸਾਡੀ ਨਿਰਪੱਖ
ਚਲਦੀ ਜੱਗ ਤੋਂ ਵੱਖ

ਦੌਲਤ ਦੀ ਕੀਮਤ ਹੈ
ਇਸ ਦੇ ਅੱਗੇ ਕੱਖ

ਹੱਕ ਦਾ ਦੇਂਦੀ ਪਹਿਰਾ
ਪੂਰਦੀ ਸੱਚ ਦਾ ਪੱਖ

ਧਰਮ ਜਾਤ ਨਾ ਮੰਨਦੀ
ਸਮਝਾਵੀ ਤੂੰ ਲੱਖ

ਬਿੰਦਰਾ ਸਮਝੇ ਇਸ ਨੂੰ
ਜਾਗਦੀ ਜਿਸਦੀ ਅੱਖ



**ਬਿੰਦਰ ਸਾਹਿਤ**

# ਖੇਡਾਂ ਵਿੱਚ ਭਾਰਤੀ ਧੀਆਂ ਦਾ ਖ਼ੁਸ਼ਹਾਲ ਯੁੱਗ: ਜਦੋਂ ਧੀਆਂ ਦੇਸ਼ ਦਾ ਮਾਣ ਬਣੀਆਂ

ਭਾਰਤੀ ਖੇਡ ਦ੍ਰਿਸ਼ਟੀਕੋਣ ਵਿੱਚ ਹਾਲ ਹੀ ਦੇ ਸਾਲਾਂ ਵਿੱਚ ਇੱਕ ਕ੍ਰਾਂਤੀਕਾਰੀ ਤਬਦੀਲੀ ਆਈ ਹੈ ਅਤੇ ਇਸ ਤਬਦੀਲੀ ਦੀਆਂ ਮੁੱਖ ਪਾਤਰ ਭਾਰਤ ਦੀਆਂ ਧੀਆਂ ਹਨ। ਅੱਜ, ਹਰਮਨਪ੍ਰੀਤ ਕੌਰ ਅਤੇ ਸ਼ੈਫਾਲੀ ਵਰਮਾ ਤੋਂ ਲੈ ਕੇ ਪੀਵੀ ਸਿੰਧੂ, ਮੀਰਾਬਾਈ ਚਾਨੂ ਅਤੇ ਲਵਲੀਨਾ ਬੋਰਗੋਹੇਨ ਤੱਕ, ਮਹਿਲਾ ਐਥਲੀਟਾਂ ਨੇ ਨਾ ਸਿਰਫ਼ ਅੰਤਰਰਾਸ਼ਟਰੀ ਪੱਧਰ 'ਤੇ ਭਾਰਤ ਦਾ ਮਾਣ ਵਧਾਇਆ ਹੈ, ਸਗੋਂ ਲੱਖਾਂ ਨੌਜਵਾਨ ਕੁੜੀਆਂ ਲਈ ਪ੍ਰੇਰਨਾ ਦਾ ਸਰੋਤ ਵੀ ਬਣੀਆਂ ਹਨ। ਇਹ ਕਹਿਣਾ ਅਤਿਕਥਨੀ ਨਹੀਂ ਹੋਵੇਗੀ ਕਿ ਭਾਰਤੀ ਖੇਡਾਂ ਇੱਕ 'ਚਮਕਦਾਰ ਦੌਰ' ਵਿੱਚੋਂ ਗੁਜ਼ਰ ਰਹੀਆਂ ਹਨ, ਜਿਸ ਵਿੱਚ ਮਹਿਲਾ ਐਥਲੀਟਾਂ ਦੀ ਬੇਮਿਸਾਲ ਸਫਲਤਾ ਨੇ ਹੋਰ ਵੀ ਵਾਧਾ ਕੀਤਾ ਹੈ। ਪ੍ਰਾਪਤੀਆਂ ਦਾ ਇੱਕ ਨਵਾਂ ਅਧਿਆਇ ਭਾਰਤੀ ਧੀਆਂ ਨੇ ਲਗਭਗ ਹਰ ਖੇਡ ਵਿੱਚ ਆਪਣੀ ਮੌਜੂਦਗੀ ਦਰਜ ਕਰਵਾਈ ਹੈ:

**ਕ੍ਰਿਕਟ:** ਭਾਰਤੀ ਮਹਿਲਾ ਕ੍ਰਿਕਟ ਟੀਮ ਦੀ ਹਾਲੀਆ ਸਫਲਤਾ, ਜਿਸ ਵਿੱਚ ਵੱਡੇ ਵਿਸ਼ਵ ਕੱਪ ਖਿਤਾਬ (ਜਿਵੇਂ ਕਿ 2025 ਵਿੱਚ ਇੱਕ ਰੋਜ਼ਾ ਅਤੇ ਟੀ-20 ਵਿਸ਼ਵ ਕੱਪ ਜਿੱਤਣਾ) ਸ਼ਾਮਲ ਹਨ, ਨੇ ਮਹਿਲਾ ਕ੍ਰਿਕਟ ਨੂੰ ਨਵੀਆਂ ਉਚਾਈਆਂ 'ਤੇ ਪਹੁੰਚਾਇਆ ਹੈ। ਇਨ੍ਹਾਂ ਜਿੱਤਾਂ ਨੇ ਦੇਸ਼ ਵਿੱਚ ਮਹਿਲਾ ਕ੍ਰਿਕਟ ਲਈ ਇੱਕ ਨਵਾਂ ਜਨੂੰਨ ਪੈਦਾ ਕੀਤਾ ਹੈ।

**ਓਲੰਪਿਕ ਅਤੇ ਗਲੋਬਲ ਸਟੇਜ:** ਸਿਡਨੀ 2000 ਓਲੰਪਿਕ ਵਿੱਚ ਕਰਨਮ ਮੱਲੇਸ਼ਵਰੀ ਦੇ ਕਾਂਸੀ ਦੇ ਤਗਮੇ ਨਾਲ ਜੋ ਸ਼ੁਰੂ ਹੋਇਆ ਸੀ ਉਹ ਹੁਣ ਇੱਕ ਤੇਜ਼ ਧਾਰਾ ਬਣ ਗਿਆ ਹੈ। ਪੀਵੀ ਸਿੰਧੂ (ਬੈਡਮਿੰਟਨ), ਮੈਰੀ ਕੌਮ (ਮੁੱਕੇਬਾਜ਼ੀ), ਸਾਕਸ਼ੀ ਮਲਿਕ (ਕੁਸ਼ਤੀ) ਅਤੇ ਮੀਰਾਬਾਈ ਚਾਨੂ (ਵੇਟਲਿਫਟਿੰਗ) ਨੇ ਓਲੰਪਿਕ ਅਤੇ ਵਿਸ਼ਵ ਚੈਂਪੀਅਨਸ਼ਿਪ ਵਿੱਚ ਲਗਾਤਾਰ ਤਗਮੇ ਜਿੱਤੇ ਹਨ, ਇਹ ਸਾਬਤ ਕਰਦੇ ਹੋਏ ਕਿ ਭਾਰਤੀ ਔਰਤਾਂ ਵਿਸ਼ਵਵਿਆਪੀ ਮੁਕਾਬਲੇ ਲਈ ਪੂਰੀ ਤਰ੍ਹਾਂ ਤਿਆਰ ਹਨ।

**ਹੋਰ ਖੇਡਾਂ:** ਕਬੱਡੀ, ਹਾਕੀ, ਸ਼ੂਟਿੰਗ ਅਤੇ ਅਥਲੈਟਿਕਸ ਵਰਗੀਆਂ ਖੇਡਾਂ ਵਿੱਚ, ਮਹਿਲਾ ਟੀਮਾਂ ਅਤੇ ਵਿਅਕਤੀਗਤ ਖਿਡਾਰੀਆਂ (ਜਿਵੇਂ ਕਿ ਰਾਣੀ ਰਾਮਪਾਲ ਜਾਂ ਹਿਮਾ ਦਾਸ ਦੀ ਕਪਤਾਨੀ ਹੇਠ ਹਾਕੀ ਟੀਮ) ਦਾ ਪ੍ਰਦਰਸ਼ਨ ਵੀ ਸ਼ਲਾਘਾਯੋਗ ਰਿਹਾ ਹੈ। ਚੁਣੌਤੀਆਂ ਤੋਂ ਤਾਕਤ ਇਹ ਗੁਲਾਬੀ ਯੁੱਗ ਆਪਣੇ ਆਪ ਨਹੀਂ ਹੋਇਆ। ਇਨ੍ਹਾਂ ਵਿੱਚੋਂ ਜ਼ਿਆਦਾਤਰ ਮਹਿਲਾ ਐਥਲੀਟਾਂ ਨੇ ਗਰੀਬੀ, ਸਮਾਜਿਕ ਰੂੜ੍ਹੀਵਾਦੀ ਧਾਰਨਾਵਾਂ ਅਤੇ ਲਿੰਗ ਭੇਦਭਾਵ ਵਰਗੀਆਂ ਗੰਭੀਰ ਚੁਣੌਤੀਆਂ ਦਾ ਸਾਹਮਣਾ ਕੀਤਾ ਹੈ। ਛੋਟੇ ਕਸਬਿਆਂ ਅਤੇ ਪੇਂਡੂ ਪਿਛੋਕੜ ਤੋਂ ਆਉਣਾ, ਜਿੱਥੇ ਖੇਡਾਂ ਨੂੰ ਅਕਸਰ ਕੁੜੀਆਂ ਲਈ ਅਣਉਚਿਤ ਮੰਨਿਆ ਜਾਂਦਾ ਸੀ, ਉਨ੍ਹਾਂ ਦਾ ਸਿਖਰ 'ਤੇ ਪਹੁੰਚਣਾ ਉਨ੍ਹਾਂ ਦੇ ਅਟੁੱਟ ਦ੍ਰਿੜ ਇਰਾਦੇ, ਇੱਛਾ ਸ਼ਕਤੀ ਅਤੇ ਸਖ਼ਤ ਮਿਹਨਤ ਦਾ ਨਤੀਜਾ ਹੈ।

**ਪ੍ਰੇਰਨਾਦਾਇਕ ਕਹਾਣੀਆਂ:** ਮੈਰੀਕਾਮ ਦਾ ਮੁੱਕੇਬਾਜ਼ੀ ਵਿੱਚ ਪੈਰ ਜਮਾਉਣ ਲਈ ਸੰਘਰਸ਼, ਹਿਮਾ ਦਾਸ ਦਾ ਝੋਨੇ ਦੇ ਖੇਤਾਂ ਤੋਂ ਟਰੈਕ 'ਤੇ ਆਪਣੇ ਸ਼ਾਨਦਾਰ ਡੈਬਿਊ ਤੱਕ ਦਾ ਵਾਧਾ, ਅਤੇ ਹੋਰ ਬਹੁਤ ਸਾਰੇ ਐਥਲੀਟਾਂ ਦੀਆਂ ਕਹਾਣੀਆਂ ਦਰਸਾਉਂਦੀਆਂ ਹਨ ਕਿ ਸਹੂਲਤਾਂ ਸਫਲਤਾ ਦੀ ਗਰੰਟੀ ਨਹੀਂ ਦਿੰਦੀਆਂ; ਇਹ ਇੱਛਾ ਸ਼ਕਤੀ, ਸਖ਼ਤ ਮਿਹਨਤ ਅਤੇ ਲਗਨ ਹਨ ਜੋ ਚੈਂਪੀਅਨ ਬਣਾਉਂਦੀਆਂ ਹਨ। ਸਰਕਾਰੀ ਸਹਾਇਤਾ ਅਤੇ ਪ੍ਰੋਤਸਾਹਨ



ਇਸ ਖੁਸ਼ੀ ਦੇ ਸਮੇਂ ਵਿੱਚ ਸਰਕਾਰ ਅਤੇ ਖੇਡ ਸੰਗਠਨਾਂ ਦਾ ਸਮਰਥਨ ਵੀ ਇੱਕ ਮਹੱਤਵਪੂਰਨ ਕਾਰਕ ਰਿਹਾ ਹੈ: 'ਖੇਲੋ ਇੰਡੀਆ' ਵਰਗੀਆਂ ਪਹਿਲਕਦਮੀਆਂ ਨੇ ਜ਼ਮੀਨੀ ਪੱਧਰ 'ਤੇ ਪ੍ਰਤਿਭਾ ਦੀ ਪਛਾਣ ਕਰਨ ਅਤੇ ਸਿਖਲਾਈ ਦੇਣ ਵਿੱਚ ਮਦਦ ਕੀਤੀ ਹੈ। ਹਾਕੀ ਇੰਡੀਆ ਵਰਗੀਆਂ ਸੰਸਥਾਵਾਂ ਹੁਣ ਖਿਡਾਰੀਆਂ ਨੂੰ ਬਿਹਤਰ ਉਪਕਰਣ ਅਤੇ ਸਹੂਲਤਾਂ ਪ੍ਰਦਾਨ ਕਰ ਰਹੀਆਂ ਹਨ, ਜਿਸ ਨਾਲ ਸਿਖਲਾਈ ਦੇ ਪੱਧਰ ਵਿੱਚ ਸੁਧਾਰ ਹੋਇਆ ਹੈ। ਇਨਾਮੀ ਰਾਸ਼ੀ ਅਤੇ ਮਾਨਤਾ ਵਿੱਚ ਵਾਧੇ ਨੇ ਮਹਿਲਾ ਐਥਲੀਟਾਂ ਨੂੰ ਖੇਡਾਂ ਵਿੱਚ ਕਰੀਅਰ ਬਣਾਉਣ ਲਈ ਉਤਸ਼ਾਹਿਤ ਕੀਤਾ ਹੈ।



ਵਿਜੈ ਗਰਗ
ਸਾਬਕਾ ਪੀ.ਈ..ਐਸ. - 1
ਸੇਵਾਮੁਕਤ ਪ੍ਰਿੰਸਪਲ
9465682110

### ਇੱਕ ਨਵੇਂ ਯੁੱਗ ਦੀ ਸ਼ੁਰੂਆਤ

ਉਹ ਸਮਾਂ ਬਹੁਤ ਪਹਿਲਾਂ ਚਲਾ ਗਿਆ ਹੈ ਜਦੋਂ ਕੁੜੀਆਂ ਲਈ ਖੇਡਾਂ ਨੂੰ 'ਦੂਜੀ ਤਰਜੀਹ' ਮੰਨਿਆ ਜਾਂਦਾ ਸੀ। ਅੱਜ, ਉਹ ਖੇਡਾਂ ਵਿੱਚ ਕਰੀਅਰ ਚੁਣਨ ਤੋਂ ਪਹਿਲਾਂ ਝਿਜਕਦੀਆਂ ਨਹੀਂ ਹਨ, ਸਗੋਂ ਦ੍ਰਿੜਤਾ ਨਾਲ ਅੱਗੇ ਵਧਦੀਆਂ ਹਨ। ਇਹ ਬਦਲਾਅ ਮਾਪਿਆਂ ਦੇ ਰਵੱਈਏ, ਸਰਕਾਰੀ ਨੀਤੀਆਂ ਅਤੇ ਖਿਡਾਰੀਆਂ ਦੇ ਦ੍ਰਿੜ ਇਰਾਦੇ ਦੇ ਸਾਂਝੇ ਯਤਨਾਂ ਦਾ ਨਤੀਜਾ ਹੈ।

### ਵਿਸ਼ਵ ਮੰਚ 'ਤੇ ਸੁਨਹਿਰੀ ਸਫਲਤਾਵਾਂ

ਭਾਰਤੀ ਧੀਆਂ ਨੇ ਲਗਭਗ ਹਰ ਖੇਡ ਵਿੱਚ ਆਪਣੀ ਛਾਪ ਛੱਡੀ ਹੈ।

ਮੁੱਕੇਬਾਜ਼ੀ ਵਿੱਚ ਨਿਖਤ ਜ਼ਰੀਨ ਅਤੇ ਲਵਲੀਨਾ ਬੋਰਗੋਹੇਨ,
ਬੈਡਮਿੰਟਨ ਵਿੱਚ ਪੀਵੀ ਸਿੰਧੂ ਅਤੇ ਸਾਇਨਾ ਨੇਹਵਾਲ
ਵੇਟਲਿਫਟਿੰਗ ਵਿੱਚ ਮੀਰਾਬਾਈ ਚਾਨੂ
ਕੁਸ਼ਤੀ ਵਿੱਚ ਵਿਨੇਸ਼ ਫੋਗਾਟ ਅਤੇ ਸਾਕਸ਼ੀ ਮਲਿਕ
ਐਥਲੈਟਿਕਸ ਵਿੱਚ ਹਿਮਾ ਦਾਸ ਅਤੇ ਜੋਤੀ ਯਾਰਾਜੀ,
ਹਾਕੀ ਅਤੇ ਕ੍ਰਿਕਟ ਟੀਮਾਂ ਦੇ ਨੌਜਵਾਨ ਖਿਡਾਰੀ, ਇਨ੍ਹਾਂ ਸਾਰਿਆਂ ਨੇ ਆਪਣੇ ਤਗਮਿਆਂ ਅਤੇ ਪ੍ਰਦਰਸ਼ਨਾਂ ਰਾਹੀਂ ਸਾਬਤ ਕਰ ਦਿੱਤਾ ਹੈ ਕਿ ਪ੍ਰਤਿਭਾ ਲਿੰਗ 'ਤੇ ਨਿਰਭਰ ਨਹੀਂ ਕਰਦੀ।

### ਚੁਣੌਤੀਆਂ ਦੀ ਲੜਾਈ ਜਿੱਤਣ ਵਾਲੀਆਂ ਧੀਆਂ

ਇਹ ਪ੍ਰਾਪਤੀਆਂ ਆਸਾਨ ਨਹੀਂ ਸਨ। ਸਮਾਜਿਕ ਦਬਾਅ, ਸਰੋਤਾਂ ਦੀ ਘਾਟ, ਪਰਿਵਾਰਕ ਵਿੱਤੀ ਚੁਣੌਤੀਆਂ, ਅਤੇ ਖੇਡ ਸਹੂਲਤਾਂ ਤੱਕ ਪਹੁੰਚ ਦੇ ਬਾਵਜੂਦ - ਧੀਆਂ ਨੇ ਆਪਣੇ ਸੁਪਨਿਆਂ ਨੂੰ ਜ਼ਿੰਦਾ ਰੱਖਿਆ। ਤੰਦਰੁਸਤੀ, ਸਖ਼ਤ ਸਿਖਲਾਈ ਅਤੇ ਮਾਨਸਿਕ ਦ੍ਰਿੜਤਾ ਦੁਆਰਾ, ਉਨ੍ਹਾਂ ਨੇ ਉਨ੍ਹਾਂ ਰੁਕਾਵਟਾਂ ਨੂੰ ਤੋੜ ਦਿੱਤਾ ਜੋ ਇੱਕ ਸਮੇਂ ਅਸੰਭਵ ਸਮਝੀਆਂ ਜਾਂਦੀਆਂ ਸਨ।

### ਮੈਦਾਨ 'ਤੇ ਬਦਲੀ ਮਾਨਸਿਕਤਾ

ਅੱਜ, ਕੁੜੀਆਂ ਸਿਰਫ਼ ਖੇਡ ਹੀ ਨਹੀਂ ਰਹੀਆਂ, ਉਹ ਖੇਡਾਂ ਦੀ ਭਾਸ਼ਾ ਬਦਲ ਰਹੀਆਂ ਹਨ। ਉਹ ਆਤਮਵਿਸ਼ਵਾਸ, ਅਨੁਸ਼ਾਸਨ ਅਤੇ ਪੇਸ਼ੇਵਰਤਾ ਲਈ ਨਵੇਂ ਮਾਪਦੰਡ ਸਥਾਪਤ ਕਰ ਰਹੀਆਂ ਹਨ। ਮੈਦਾਨ 'ਤੇ ਉਨ੍ਹਾਂ ਦਾ ਹਮਲਾਵਰ ਅਤੇ ਨਿਡਰ ਖੇਡ ਇਹ ਸੁਨੇਹਾ ਦਿੰਦਾ ਹੈ ਕਿ ਭਾਰਤੀ ਔਰਤਾਂ ਨੂੰ ਹੁਣ ਪਿੱਛੇ ਹਟਣਾ ਆਸਾਨ ਨਹੀਂ ਹੈ।

ਨੀਤੀ, ਪ੍ਰੋਤਸਾਹਨ ਅਤੇ ਨਵੀਆਂ ਪਹਿਲਕਦਮੀਆਂ
ਸਰਕਾਰੀ ਯੋਜਨਾਵਾਂ ਜਿਵੇਂ-
ਭਾਰਤ ਖੇਡੋ,
ਟਾਰਗੇਟ ਓਲੰਪਿਕ ਪੋਡੀਅਮ ਸਕੀਮ),
ਬੇਟੀ ਬਚਾਓ-ਬੇਟੀ ਪੜ੍ਹਾਓ ਦਾ ਵਿਆਪਕ ਸਮਾਜਿਕ ਪ੍ਰਭਾਵ ਇਨ੍ਹਾਂ ਨੇ ਕੁੜੀਆਂ ਨੂੰ ਬਿਹਤਰ ਸਿਖਲਾਈ, ਪੋਸ਼ਣ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਪਹੁੰਚ ਪ੍ਰਦਾਨ ਕੀਤੀ ਹੈ। ਨਿੱਜੀ ਸਪਾਂਸਰਸ਼ਿਪ ਅਤੇ ਲੀਗ-ਅਧਾਰਤ ਖੇਡਾਂ ਨੇ ਵੀ ਉਨ੍ਹਾਂ ਲਈ ਨਵੇਂ ਰਸਤੇ ਖੋਲ੍ਹੇ ਹਨ।

ਖਿਡਾਰੀ ਰੋਲ ਮਾਡਲ ਬਣਦੇ ਹਨ

ਅੱਜ, ਭਾਰਤੀ ਧੀਆਂ ਨਾ ਸਿਰਫ਼ ਤਗਮੇ ਜਿੱਤ ਰਹੀਆਂ ਹਨ, ਸਗੋਂ ਅਗਲੀ ਪੀੜ੍ਹੀ ਲਈ ਪ੍ਰੇਰਨਾ ਵੀ ਬਣੀਆਂ ਹਨ। ਜਦੋਂ ਛੋਟੇ ਕਸਬਿਆਂ ਅਤੇ ਪੇਂਡੂ ਪਿਛੋਕੜ ਵਾਲੀਆਂ ਕੁੜੀਆਂ ਵਿਸ਼ਵ ਚੈਂਪੀਅਨ ਬਣ ਜਾਂਦੀਆਂ ਹਨ, ਤਾਂ ਇਹ ਸੁਨੇਹਾ ਹਰ ਘਰ ਤੱਕ ਪਹੁੰਚਦਾ ਹੈ - 'ਹਰ ਕਿਸੇ ਨੂੰ ਸੁਪਨੇ ਦੇਖਣ ਦਾ ਅਧਿਕਾਰ ਹੈ।'

### ਭਵਿੱਖ ਦਾ ਸੁਨਹਿਰੀ ਦੂਰੀ

ਭਾਰਤ ਲਈ ਇਹ ਸੁਨਹਿਰੀ ਭਵਿੱਖ ਹੁਣੇ ਹੀ ਸ਼ੁਰੂ ਹੋਇਆ ਹੈ। ਬਿਹਤਰ ਸਹੂਲਤਾਂ, ਵਿਗਿਆਨਕ ਸਿਖਲਾਈ, ਮਾਨਸਿਕ ਸਿਹਤ 'ਤੇ ਧਿਆਨ, ਅਤੇ ਇੱਕ ਮਜ਼ਬੂਤ ਜ਼ਮੀਨੀ ਪੱਧਰ 'ਤੇ ਪ੍ਰਤਿਭਾ ਸਕਾਊਟਿੰਗ ਪ੍ਰਣਾਲੀ ਆਉਣ ਵਾਲੇ ਸਾਲਾਂ ਵਿੱਚ ਭਾਰਤ ਨੂੰ ਮਹਿਲਾ ਖੇਡਾਂ ਵਿੱਚ ਇੱਕ ਪਾਵਰਹਾਊਸ ਬਣਾ ਸਕਦੀ ਹੈ।

ਭਵਿੱਖ ਦਾ ਰਸਤਾ ਭਾਰਤੀ ਧੀਆਂ ਦੀ ਸਫਲਤਾ ਸਮਾਜ ਵਿੱਚ ਮਹਿਲਾ ਸਸ਼ਕਤੀਕਰਨ ਦੀ ਇੱਕ ਵੱਡੀ ਲਹਿਰ ਦਾ ਪ੍ਰਤੀਕ ਹੈ। ਜਦੋਂ ਇੱਕ ਧੀ ਖੇਡ ਦੇ ਮੈਦਾਨ ਵਿੱਚ ਤਿਰੰਗਾ ਲਹਿਰਾਉਂਦੀ ਹੈ, ਤਾਂ ਉਹ ਪੂਰੇ ਦੇਸ਼ ਨੂੰ, ਖਾਸ ਕਰਕੇ ਦੂਜੀਆਂ ਕੁੜੀਆਂ ਨੂੰ, ਇੱਕ ਸੰਦੇਸ਼ ਦਿੰਦੀ ਹੈ ਕਿ ਸੁਪਨੇ ਦੇਖਣਾ ਅਤੇ ਉਨ੍ਹਾਂ ਨੂੰ ਪ੍ਰਾਪਤ ਕਰਨਾ ਸੰਭਵ ਹੈ। ਇਹ ਯੁੱਗ ਸਿਰਫ਼ ਤਗਮਿਆਂ ਦੀ ਗਿਣਤੀ ਦਾ ਨਹੀਂ ਹੈ, ਸਗੋਂ ਮਾਨਸਿਕਤਾ ਵਿੱਚ ਤਬਦੀਲੀ ਦਾ ਹੈ। ਮਾਪੇ ਹੁਣ ਆਪਣੀਆਂ ਧੀਆਂ ਨੂੰ ਖੇਡਾਂ ਵਿੱਚ ਅੱਗੇ ਵਧਣ ਲਈ ਉਤਸ਼ਾਹਿਤ ਕਰ ਰਹੇ ਹਨ। ਭਾਰਤੀ ਕੁੜੀਆਂ ਨੇ ਸਾਬਤ ਕਰ ਦਿੱਤਾ ਹੈ ਕਿ, ਬਰਾਬਰ ਮੌਕੇ ਅਤੇ ਸਮਰਥਨ ਮਿਲਣ 'ਤੇ, ਉਹ ਕਿਸੇ ਵੀ ਖੇਤਰ ਵਿੱਚ ਉੱਤਮਤਾ ਪ੍ਰਾਪਤ ਕਰ ਸਕਦੀਆਂ ਹਨ। ਇਹ ਖੁਸ਼ੀ ਦਾ ਦੌਰ ਭਾਰਤ ਲਈ ਸਿਰਫ਼ ਸ਼ੁਰੂਆਤ ਹੈ, ਅਤੇ ਉਮੀਦ ਹੈ ਕਿ ਆਉਣ ਵਾਲੇ ਸਮੇਂ ਵਿੱਚ ਸਾਡੀਆਂ ਧੀਆਂ ਖੇਡਾਂ ਦੇ ਹਰ ਖੇਤਰ ਵਿੱਚ ਵਿਲੱਖਣ ਰਿਕਾਰਡ ਕਾਇਮ ਕਰਦੀਆਂ ਰਹਿਣਗੀਆਂ ਅਤੇ ਦੇਸ਼ ਦਾ ਮਾਣ ਵਧਾਉਂਦੀਆਂ ਰਹਿਣਗੀਆਂ।

# ਪਹਿਲਾ ਵਿਮੈਨ ਬਲਾਈਂਡ ਟੀ-20 ਵਿਸ਼ਵ ਕੱਪ ਭਾਰਤ ਦੀਆਂ ਧੀਆਂ ਬਣੀਆਂ ਚੈਂਪੀਅਨ

ਸ੍ਰੀਲੰਕਾ ਦੀ ਰਾਜਧਾਨੀ ਕੋਲੰਬੋ ਦੇ ਪੀ. ਸਾਰਾ ਓਵਲ ਸਟੇਡੀਅਮ 'ਚ ਉਹ ਇਤਿਹਾਸਕ ਪਲ ਆਇਆ, ਜਿਸ ਨੂੰ ਸਿਰਫ਼ ਭਾਰਤ ਹੀ ਨਹੀਂ, ਸਗੋਂ ਮਹਿਲਾ ਨੇਤਰਹੀਣ ਕ੍ਰਿਕਟ ਜਗਤ ਹਮੇਸ਼ਾ ਲਈ ਯਾਦ ਰੱਖੇਗਾ। ਇਹ ਜਿੱਤ ਸਿਰਫ਼ ਇਕ ਟਰਾਫ਼ੀ ਨਹੀਂ, ਸਗੋਂ ਵਿਕਲਾਂਗ ਮਹਿਲਾ ਖਿਡਾਰੀਆਂ ਦੀ ਹਿੰਮਤ, ਹੁਨਰ ਤੇ ਸੁਪਨਿਆਂ ਦੀ ਸਜੀ ਹੋਈ ਇਕ ਯਾਦਗਾਰੀ ਉਡਾਣ ਬਣ ਗਈ। ਇਹ ਪਹਿਲੀ ਵਾਰ ਨੇਤਰਹੀਣ ਮਹਿਲਾ ਟੀ-20 ਵਿਸ਼ਵ ਕੱਪ (ਬਲਾਈਂਡ ਵਿਮੈਨਜ਼ ਟੀ-20 ਵਿਸ਼ਵ ਕੱਪ) ਕਰਵਾਇਆ ਗਿਆ ਸੀ, ਜਿਸ ਵਿਚ ਭਾਰਤੀ ਮਹਿਲਾ ਕ੍ਰਿਕਟ ਟੀਮ ਨੇ ਚੈਂਪੀਅਨ ਬਣਨ ਦਾ ਮਾਣ ਹਾਸਲ ਕੀਤਾ ਹੈ। ਇਸ ਟੂਰਨਾਮੈਂਟ 'ਚ ਭਾਰਤੀ ਟੀਮ ਦੀ ਕਪਤਾਨੀ ਟੀ.ਸੀ. ਦੀਪਕਾ ਨੇ ਕੀਤੀ ਤੇ ਫਾਈਨਲ ਮੁਕਾਬਲੇ 'ਚ ਕੋਲੰਬੋ ਦੇ ਪੀ. ਸਾਰਾ ਓਵਲ ਸਟੇਡੀਅਮ 'ਚ ਨਿਪਾਲ ਨੂੰ 7 ਵਿਕਟਾਂ ਨਾਲ ਹਰਾ ਕੇ ਚੈਂਪੀਅਨਸ਼ਿਪ ਦੇ ਖ਼ਿਤਾਬ 'ਤੇ ਕਬਜ਼ਾ ਕਰਕੇ ਨਵਾਂ ਇਤਿਹਾਸ ਕਾਇਮ ਕੀਤਾ ਹੈ।

ਨਿਪਾਲ ਨੇ ਪਹਿਲਾਂ ਬੱਲੇਬਾਜ਼ੀ ਕਰਦਿਆਂ ਭਾਰਤ ਨੂੰ ਜਿੱਤ ਲਈ 115 ਦੌੜਾਂ ਦਾ ਟੀਚਾ ਦਿੱਤਾ ਸੀ, ਜਿਸ ਨੂੰ ਭਾਰਤੀ ਟੀਮ ਨੇ 12.1 ਓਵਰਾਂ 'ਚ ਹੀ ਪੂਰਾ ਕਰ ਲਿਆ। ਇਸ ਪੂਰੇ ਟੂਰਨਮੈਂਟ 'ਚ ਭਾਰਤੀ ਮਹਿਲਾ ਟੀਮ ਨੇ ਇਕ ਵੀ ਮੈਚ 'ਚ ਨਹੀਂ ਹਾਰਿਆ। ਇਹ ਜਿੱਤ ਇਸ ਲਈ ਵੀ ਖ਼ਾਸ ਹੈ ਕਿਉਂਕਿ ਤਿੰਨ ਹਫ਼ਤੇ ਪਹਿਲਾਂ ਸੀਨੀਅਰ ਭਾਰਤੀ ਮਹਿਲਾ ਕ੍ਰਿਕਟ ਟੀਮ ਨੇ ਵੀ ਵਿਸ਼ਵ ਕੱਪ ਭਾਰਤ ਦੀ ਝੋਲੀ ਪਾਇਆ ਸੀ। ਇਸ ਖ਼ਿਤਾਬੀ ਮੁਕਾਬਲੇ 'ਚ ਭਾਰਤੀ ਟੀਮ ਦੀ ਕਪਤਾਨ ਦੀਪਿਕਾ ਨੇ ਟਾਸ ਜਿੱਤ ਕੇ ਪਹਿਲਾਂ ਗੇਂਦਬਾਜ਼ੀ ਕਰਨ ਦਾ ਫ਼ੈਸਲਾ ਕੀਤਾ। ਭਾਰਤੀ ਗੇਂਦਬਾਜ਼ਾਂ ਦੀ ਸ਼ਾਨਦਾਰ ਗੇਂਦਬਾਜ਼ੀ ਸਦਕਾ ਨਿਪਾਲ ਟੀਮ 20 ਓਵਰਾਂ 'ਚ 5 ਵਿਕਟਾਂ ਦੇ ਨੁਕਸਾਨ 'ਤੇ 114 ਦੌੜਾਂ ਹੀ ਬਣਾ ਸਕੀ। ਇਸ ਟੀਚੇ ਦਾ ਪਿੱਛਾ ਕਰਦਿਆਂ ਭਾਰਤੀ ਮਹਿਲਾ ਨੇ ਬੱਲੇਬਾਜ਼ਾਂ ਨੇ 10 ਓਵਰਾਂ 'ਚ 100 ਦੌੜਾਂ ਪੂਰੀਆਂ ਕਰਕੇ ਜਿੱਤ ਨੂੰ ਨਿਸਚਿਤ ਕੀਤਾ। ਸਲਾਮੀ ਬੱਲੇਬਾਜ਼ ਫੂਲਾ ਸਰੇਨ ਨੇ ਮੈਚ ਜੇਤੂ ਪਾਰੀ ਖੇਡਦਿਆਂ 27 ਗੇਂਦਾਂ 'ਤੇ 4 ਚੌਕੇ ਲਾ ਕੇ 44 ਦੌੜਾਂ ਬਣਾਈਆਂ। ਉਸ ਦੀ ਪਾਰੀ ਦੀ ਬਦੌਲਤ ਭਾਰਤ ਨੇ 13ਵੇਂ ਓਵਰ 'ਚ ਟੀਚੇ ਨੂੰ ਹਾਸਲ ਕਰਕੇ ਚੈਂਪੀਅਨ ਬਣਨ ਦਾ ਖ਼ਿਤਾਬ ਆਪਣੇ ਨਾਂਅ ਕਰਦਿਆਂ ਨਵਾਂ ਕੀਰਤੀਮਾਨ ਸਥਾਪਤ ਕਰ ਦਿੱਤਾ। ਇਸ ਤੋਂ ਇਲਾਵਾ ਕਰੁਣਾ ਨੇ ਵੀ 27 ਗੇਂਦਾਂ 'ਤੇ 42 ਦੌੜਾਂ ਬਣਾਈਆਂ। ਸਰੇਨ ਨੂੰ ਸ਼ਾਨਦਾਰ ਪ੍ਰਦਰਸ਼ਨ ਕਰਨ 'ਤੇ 'ਪਲੇਅਰ ਆਫ ਦੀ ਟੂਰਨਾਮੈਂਟ' ਐਲਾਨਿਆ ਗਿਆ। ਕਪਤਾਨ ਦੀਪਿਕਾ ਨੇ ਕਿਹਾ ਕਿ ਇਸ ਜਿੱਤ 'ਤੇ ਸਾਨੂੰ ਮਾਣ ਹੈ ਤੇ ਪੂਰੀ ਟੀਮ ਨੇ ਇਸ ਜਿੱਤ 'ਚ ਅਹਿਮ ਯੋਗਦਾਨ ਪਾਇਆ ਹੈ। ਟੂਰਨਾਮੈਂਟ ਦੇ ਸੈਮੀਫਾਈਨਲ ਮੈਚ ਵਿਚ ਭਾਰਤ ਨੇ ਆਸਟ ?ਰੇਲੀਆ ਨੂੰ 9 ਵਿਕਟਾਂ ਨਾਲ ਹਰਾਇਆ ਸੀ ਤੇ ਦੂਜੇ ਸੈਮੀਫਾਈਨਲ 'ਚ ਨਿਪਾਲ ਨੇ ਪਾਕਿਸਤਾਨ ਨੂੰ ਹਰਾ ਕੇ ਫਾਈਨਲ 'ਚ ਥਾਂ ਪੱਕੀ ਕੀਤੀ ਸੀ।



ਇਸ ਪਹਿਲੇ ਵਿਮੈਨ ਟੀ-20 ਬਲਾਈਂਡ ਕ੍ਰਿਕਟ ਵਿਸ਼ਵ ਕੱਪ-2025 ਵਿਚ ਕੁੱਲ 6 ਦੇਸ਼ਾਂ ਦੀਆਂ ਟੀਮਾਂ ਭਾਰਤ, ਪਾਕਿਸਤਾਨ, ਨਿਪਾਲ, ਸ੍ਰੀਲੰਕਾ, ਆਸਟ ?ਰੇਲੀਆ ਤੇ ਸੰਯੁਕਤ ਰਾਜ ਅਮਰੀਕਾ ਨੇ ਹਿੱਸਾ ਲਿਆ। ਇਸ ਵਿਸ਼ਵ ਕੱਪ ਦੀ ਸ਼ੁਰੂਆਤ 11 ਨਵੰਬਰ ਨੂੰ ਨਵੀਂ ਦਿੱਲੀ ਤੋਂ ਹੋਈ ਸੀ। ਫਿਰ ਕੁਝ ਮੈਚ ਬੈਂਗਲੁਰੂ ਵਿਖੇ ਖੇਡੇ ਗਏ ਤੇ ਇਸ ਤੋਂ ਬਾਅਦ ਨਾਕਆਊਟ ਮੁਕਾਬਲੇ ਸ੍ਰੀਲੰਕਾ ਦੀ ਰਾਜਧਾਨੀ ਕੋਲੰਬੋ ਵਿਖੇ ਖੇਡੇ ਗਏ ਸਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਜੇਤੂ ਟੀਮ ਨੂੰ ਵਧਾਈ ਦਿੱਤੀ। ਇੱਥੇ ਸਵਾਲ ਇਹ ਪੈਦਾ ਹੁੰਦਾ ਹੈ ਕਿ ਅੰਤਰਰਾਸ਼ਟਰੀ ਕ੍ਰਿਕਟ ਕੱਪ ਜੇਤੂਆਂ ਨੂੰ ਕਰੋੜਾਂ ਰੁਪਏ ਦੀ ਇਨਾਮੀ ਰਾਸ਼ੀ ਦਿੱਤੀ ਜਾਂਦੀ ਹੈ, ਜਦਕਿ ਅਜੇ ਤੱਕ ਇਨ੍ਹਾਂ ਭਾਰਤੀ ਖਿਡਾਰਨਾਂ ਨੂੰ ਬਹੁਤ ਹੀ ਨਗੂਣੀ ਜਿਹੀ ਇਨਾਮੀ ਰਾਸ਼ੀ ਦਾ ਐਲਾਨ ਕੀਤਾ ਗਿਆ ਹੈ। - **ਡਾ. ਜਤਿੰਦਰ ਸਾਬੀ**

# Dosanjh Family AUTO GROUP

Cadillac | CHEVROLET | INFINITI | KIA | NISSAN | BUICK

GMC | LIVERMORE TOYOTA | HYUNDAI Fremont Hyundai | TOYOTA | Ford | ACURA

**DUBLIN CHEVOLET**

**DUBLIN CADILLAC**

**DUBLIN BUICK GMC**

**DUBLIN KIA**

**DUBLIN NISSAN**

**DUBLIN INFINITI**

**FREMONT CHEVROLET**

**FREMONT CADILLAC**

**FREMONT BUICK GMC**

**STEVENS CREEK CHEVROLET**

**STEVENS CREEK CADILLAC**

**FREMONT HYUNDAI**

**CONCORD CHEVROLET**

**ACURA OF CONCORD**

**CONCORD NISSAN**

**LIVERMORE TOYOTA**

**FREMONT FORD**